

ਪੇਰੀਆਰ ਤੇ ਆਤਮ ਸਨਮਾਨ ਅੰਦੋਲਨ
ਆਖਰੀ ਸਫ਼ੇ 'ਤੇ


# ਨਵਾਂ ਜ਼ਮਾਨਾ ਐਤਵਾਰਤਾ


*ਨੈਣ ਨਕਸ਼ ਪਤਾਸੜੇ ਸੋ ਪੀਵਣ*
*ਸੰਗ ਟੁਰਨੇ ਨੇ ਜਿਨ੍ਹਾ ਦੇ ਹੋ ਪਾਣੀ*
*ਸੁੱਕੇ ਦਿਲ ਦਰਿਆ ਜਿਨ੍ਹਾ ਤਾਰਨੇ ਨੇ।*
*ਕਾਂਗਾ ਸੁੱਤੀਆਂ ਨੇ ਹੇਠ ਰੇਤੜਾਂ ਦੇ*
*'ਵਾਜ਼ ਖ਼ਾਬਾਂ ਦੇ ਬੇਲੀਓਂ ਸ਼ਕਦੀ ਏ*
*ਆਹ ਜੋ ਆਰ ਬੈਠੇ ਸੋਈ ਪਾਰ ਨੇ।*
**- ਨਜਮ ਹੁਸੈਨ ਸਈਅਦ**


Regd. No : Pb/JL-123/2021-2023, (R.N.I.)-00068/57 | ਜਲੰਧਰ : ਐਤਵਾਰ, 20 ਨਵੰਬਰ 2022 | www.nawanzamana.in | ਕੀਮਤ 5.00 ਰੁਪਏ


ਸਮਕਾਲੀ ਚਿੰਤਨ


**ਕਾਮਰੇਡ ਜਗਰੂਪ**


# ਕੁਦਰਤ ਅਤੇ ਸਮਾਜਕ ਦਵੰਦਵਾਦ ਦੇ ਨੇਮ ਤੇ ਸੱਤਾ -9

ਕੁਦਰਤ ਅਤੇ ਸਮਾਜਿਕ ਦਵੰਦਵਾਦ ਦੇ ਨੇਮ ਤੇ ਸੱਤਾ!
ਲੜੀ-10 (ਭਾਗ-6/6)

ਮਾਰਕਸਵਾਦ ਬਾਰੇ ਤੱਤ-ਨਿਚੋੜ ਵਜੋਂ ਆਮ ਕਥਨ ਹੈ ਕਿ ਇਹ "ਅਮਲ ਦਾ ਰਾਹ ਦਸੇਰਾ" (guide to action) ਹੈ। ਅਤੇ "ਪਦਾਰਥਵਾਦੀ ਵਿਰੋਧ ਵਿਕਾਸ" ਨਿਰਜਿੰਦ ਮੱਤ ਨਹੀਂ, ਸਗੋਂ ਅਮਲ ਦਾ ਜੀਵਤ ਰਾਹ-ਦਸੇਰਾ ਹੈ"। (Materialist dialectics...not a lifeless dogma...but a living guide to actionU.-Lenin)

ਲੈਨਿਨ ਨੇ "ਅਮਲ ਦਾ ਜੀਵਤ ਰਾਹ ਦਸੇਰਾ" (Living guide to action) ਕਿਉਂ ਕਿਹਾ ਹੈ?

ਇਹ (ਭਾਵ ਪਦਾਰਥਵਾਦੀ ਵਿਰੋਧ ਵਿਕਾਸ) ਅਮਲ ਕਰਨ ਲਈ 'ਰਾਹ ਦਸੇਰਾ' ਹੈ। ਇਸ ਦੀ ਅਣਦੇਖੀ ਅਮਲ ਦਾ ਰਾਹ ਗਵਾ ਦਿੰਦੀ ਹੈ। ਇਹ ਕਥਨ, "ਪਦਾਰਥਵਾਦ-ਵਿਰੋਧ ਵਿਕਾਸੀ" (ਦਰਸ਼ਨ) ਦੀ ਮਹੱਤਤਾ ਉੱਪਰ ਜ਼ੋਰ ਦਿੰਦਾ ਹੈ। ਇਹ "ਚੇਤਨ ਵਿਰੋਧ ਵਿਕਾਸ" (conscious dialectics) ਹੈ। ਇਹ, ਇਸ ਦੇ ਨੇਮ : "ਵਿਸ਼ਲੇਸ਼ਣ ਤੇ ਸੰਸਲੇਸ਼ਣ ਦੀ ਏਕਤਾ" ਨੂੰ ਅਣਡਿੱਠ ਕਰਨੋਂ ਰੋਕਦਾ ਹੈ ਅਤੇ ਅਮਲ ਦੀ ਸਹੀ ਸੇਧ ਰੱਖਣ ਵਾਸਤੇ ਪਰਖ-ਪੜਤਾਲ ਅਤੇ ਪੁਸ਼ਟੀ ਦਾ ਜੀਵਤ ਆਧਾਰ ਦਿੰਦਾ ਹੈ। ਇਸ ਦੀ ਸੇਧ ਨਾਲ ਅਸੀਂ ਆਪਣੇ ਅਮਲ ਦੇ ਨਾਹਰਿਆਂ ਦੀ ਪਰਖ-ਪੜਤਾਲ ਕਰ ਸਕਦੇ ਹਾਂ, ਭਟਕਾਅ ਨੂੰ ਸਮਾਂ ਰਹਿੰਦੇ (ਜੇ ਲਹਿਰ ਪ੍ਰਤੀ ਇਮਾਨਦਾਰ ਹੋਈਏ) ਰੋਕ ਸਕਦੇ ਅਤੇ ਸਹੀ ਰਾਹ 'ਤੇ ਮੁੜ ਸਕਦੇ ਹਾਂ। ਨਿਰਾਸ਼ਾ ਦੀ ਥਾਂ ਨਤੀਜੇ ਹਾਸਲ ਕਰ ਸਕਦੇ ਹਾਂ।

ਮਾਰਕਸਵਾਦ ਦੇ "ਤਿੰਨ ਸਰੋਤਾਂ ਅਤੇ ਅਟੁੱਟ ਅੰਗਾਂ"

(ਦਰਸ਼ਨ, ਰਾਜਨੀਤਕ ਆਰਥਿਕਤਾ ਅਤੇ ਵਿਗਿਆਨਕ ਸਾਂਝੀਵਾਲਤਾ) ਬਾਰੇ ਉੱਪਰ ਚਰਚਾ ਕੀਤੀ ਹੈ : "ਮਾਰਕਸਵਾਦ ਸਰਬ-ਸਮਰੱਥ ਹੈ, ਕਿਉਂਕਿ ਇਹ ਸੱਚ ਹੈ", ਇਹ ਕਠਮੁੱਲਾ ਨਹੀਂ, ਗਤੀਮਾਨ ਹੈ, ਪਦਾਰਥਕ-ਗਤੀ ਹੈ। ਇਸ ਨੂੰ ਸਮਝਣ, ਅਪਣਾਉਣ ਦੀ ਲੋੜ ਹੈ।

ਅਗਿਆਨਤਾ ਵੱਸ ਕੋਈ ਕੁਝ ਕਹੇ (ਉਸ ਦਾ ਕੋਈ ਗੁੱਸਾ ਨਹੀਂ), ਪਰ ਵਿਰੋਧੀਆਂ ਦਾ ਕੰਮ ਹੈ ਵਿਰੋਧ ਕਰਨਾ, ਭੰਡੀ ਪ੍ਰਚਾਰ ਕਰਨਾ, ਉਹ ਮੂੰਹ ਦੀ ਖਾਂਦੇ ਆਏ ਐ ਅਤੇ ਖਾਂਦੇ ਰਹਿਣਗੇ, ਪਰ ਮਾਰਕਸਵਾਦ ਦਾ ਹਰ ਗਿਆਤਾ ਜਾਣਦਾ ਹੈ ਕਿ ਇਸ ਦਾ ਕੋਈ ਬਦਲ ਨਹੀਂ ਹੈ। ਇਹ ਕੁਦਰਤ ਵਿਰੋਧੀ ਨਹੀਂ, ਕੁਦਰਤ ਅਨੁਸਾਰੀ ਹੈ। ਪਦਾਰਥਵਾਦੀ : ਪਦਾਰਥਕ-ਗਤੀ (ਕੁਦਰਤ ਅਤੇ ਜ਼ਿੰਦਾ-ਕੁਦਰਤ-ਸਮਾਜ) ਨੂੰ ਸਵੀਕਾਰ ਕਰਦਾ ਹੈ, ਕੁਦਰਤ ਅਤੇ ਸਮਾਜ ਉੱਪਰ ਉਹ ਆਪਣੇ ਨਵੇਂ ਨੇਮ ਨਹੀਂ ਥੋਪਦਾ, ਸਗੋਂ ਉਸ ਦੇ ਨੇਮਾਂ ਅਨੁਸਾਰ ਨਵੇਂ ਨੇਮ ਘੜਦਾ ਹੈ।

ਉਹ ਸਮਾਜ ਵਿੱਚ ਗੈਰ-ਕੁਦਰਤੀ (ਬੁਰਜੂਆ ਰੋਕਾਂ) ਨੂੰ ਰੱਦ ਕਰਨ ਦਾ ਸੱਦਾ ਦਿੰਦਾ ਹੈ। ਬੁਰਜੂਆਜੀ, (ਸ਼ੁਰੂ ਦੇ ਇਨਕਲਾਬੀ ਦੌਰ ਨੂੰ ਛੱਡ ਕੇ) ਸਮਾਜਿਕ ਵਿਕਾਸ ਵਿੱਚ ਰੋਕ ਬਣਦੀ ਹੈ, ਇਸ ਲਈ ਉਹ ਉਸ ਦੀਆਂ ਰੋਕਾਂ ਨੂੰ ਇਨਕਲਾਬੀ ਢੰਗ ਨਾਲ ਬਦਲ ਦੇਣ ਦਾ ਸੱਦਾ ਦਿੰਦਾ ਹੈ ਕਿ 'ਪਰੋਲੇਤਾਰੀ ਕੋਲ ਗਵਾਉਣ ਲਈ ਹੱਥਾਂ ਦੀਆਂ ਕੜੀਆਂ ਤੋਂ ਸਿਵਾਏ ਹੋਰ ਕੁਝ ਨਹੀਂ ਜਿੱਤਣ ਲਈ ਸਾਰਾ ਸੰਸਾਰ ਹੈ'।

"ਦੁਨੀਆ ਭਰ ਦੇ ਪਰੋਲੇਤਾਰੀਓ ਇਕ ਹੋ ਜਾਓ !"

ਜੀ ਹਾਂ, ਮਾਰਕਸ ਨੇ "ਪਰੋਲੇਤਾਰੀਓ" ਸ਼ਬਦ ਹੀ ਵਰਤਿਆ ਹੈ, ਤਰਜਮਿਆਂ ਵਿੱਚ ਬਦਲਦਾ-ਬਦਲਦਾ "ਮਿਹਨਤ-ਕਸ਼ੋ", "ਮਜ਼ਦੂਰੋ" ਬਣਿਆ ਹੈ। ਨਾਮ ਨੂੰ ਨਾਮ ਦੇ ਤੌਰ 'ਤੇ ਅਪਣਾਉਣਾ ਹੀ ਠੀਕ ਹੁੰਦਾ ਹੈ। ਪਰੋਲੇਤਾਰੀ, ਪਰੋਲੇਤਾਰੀ ਹੈ, ਇਸ ਨੂੰ ਅਰਥਾਉਣਾ ("ਸਰਵਹਾਰਾ" ਕਹਿਣਾ) ਗਲਤ ਦਿਸ਼ਾ ਦਿੰਦਾ ਹੈ। ਉਸ ਦੀ ਨਵੇਂ ਸਾਂਝੀਵਾਲ ਸਮਾਜ ਉਸਰੱਈਏ ਦੀ ਭੂਮਿਕਾ ਨੂੰ ਵੱਟਾ ਲੱਗਦਾ ਹੈ ਅਤੇ ਉਹ ਸਭ ਕੁਝ ਹਾਰਿਆ (ਨਿਖਿੱਧ) ਪ੍ਰਚਾਰਿਆ ਜਾਂਦਾ ਹੈ।

ਕੋਈ ਕਹਿ ਸਕਦਾ ਹੈ ਮਜ਼ਦੂਰ ਤੇ ਪਰੋਲੇਤਾਰੀ, ਇਹ ਇੱਕੋ-ਗੱਲ ਹੈ, ਪਰ ਵਖਰੇਵੇਂ ਲਈ ਥਾਂ ਬਣ ਜਾਂਦੀ ਹੈ। ਕਿਸਾਨ ਆਪਣੇ-ਆਪ ਨੂੰ ਮਜ਼ਦੂਰ ਨਹੀਂ ਪ੍ਰਵਾਨ ਕਰਦਾ (ਮਜ਼ਦੂਰ, ਉਜਰਤੀ-ਕਿਰਤ ਵਾਲਾ ਹੈ)। ਅਤੇ ਮਿਹਨਤ-ਕਸ਼ ਉਹੀ ਹੈ, ਜੋ ਕੰਮ ਲੱਗਿਆ ਹੈ, ਮਿਹਨਤ ਕਰਦਾ ਹੈ, ਪਰ ਜੋ ਕਿਰਤ ਸ਼ਕਤੀ ਸਰਮਾਏ ਦੀਆਂ ਲੋੜਾਂ ਤੋਂ ਫਾਲਤੂ, ਬੇਕਾਰ ਹੈ (ਮਾਰਕਸ ਦਾ ਪਰੋਲੇਤਾਰੀ) ਉਹ ਬਾਹਰ ਰਹਿ ਜਾਂਦਾ ਹੈ।

ਨਾਹਰਿਆਂ ਦਾ ਮਹੱਤਵ ਹੁੰਦਾ ਹੈ। ਸ਼ਬਦ ਬਦਲਣ ਨਾਲ ਅਰਥ ਬਦਲ ਜਾਂਦੇ ਹਨ, ਨਤੀਜੇ ਬਦਲ ਜਾਂਦੇ ਹਨ।

ਇਕ ਬਿੰਦੂ ਉਤੇ, ਕੋਨ-ਭੁਜਾਵਾਂ ਨੇੜੇ ਹੁੰਦੀਆਂ ਹਨ, ਅੱਗੇ ਵਧਣ 'ਤੇ ਦੂਰੀਆਂ ਵੀ ਵਧ ਜਾਂਦੀਆਂ ਹਨ। ਇਸ ਦਾ ਇਹ ਮਤਲਬ ਹਰਗਿਜ਼ ਨਹੀਂ ਹੈ ਕਿ ਕੇਵਲ ਇਕ ਹੀ ਨਾਹਰਾ ਹੈ। ਨਾਹਰੇ ਹਾਲਤਾਂ ਦੀ ਲੋੜ ਵਿੱਚੋਂ ਬਦਲਦੇ ਹਨ।

ਹਰ ਜਮਾਤ ਦੇ ਆਪਣੇ-ਆਪਣੇ ਨਾਹਰੇ ਹੁੰਦੇ ਹਨ। ਜਿਹੜੀਆਂ ਜਮਾਤਾਂ ਨੂੰ ਇਕੱਠੇ ਕਰਨਾ ਹੈ, ਉਹਨਾਂ ਦੇ ਵੀ ਸਾਂਝੇ ਨਾਹਰੇ ਹੁੰਦੇ ਹਨ। ਪਰਖ-ਪੜਤਾਲ ਲਈ ਕੁਝ ਹੋਰ ਸਬੂਤ ਲੈਂਦੇ ਹਾਂ।

ਸਮਾਜ ਵਿੱਚ ਕਿਸੇ ਵਰਗ ਵਿਸ਼ੇਸ਼ ਨਾਲ ਬੀਤੇ ਵਿੱਚ ਹੋਈ ਬੇ-ਇਨਸਾਫੀ ਦੂਰ ਕਰਨ ਲਈ ਵਿਸ਼ੇਸ਼ ਉਪਰਾਲੇ ਕਰਨੇ ਜ਼ਰੂਰੀ ਬਣ ਜਾਂਦੇ ਹਨ। ਜਿਸ ਨੂੰ "ਸਮਾਜਿਕ ਨਿਆਂ" (ਨਾਹਰਾ) ਦੇਣਾ ਵੀ ਕਹਿ ਸਕਦੇ ਹਾਂ।

ਜੇ "ਸਮਾਜਿਕ ਨਿਆਂ" ਹੀ "ਅਨਿਆਂ" ਬਣ ਜਾਵੇ, ਸਹੀ ਨਤੀਜੇ ਨਾ ਦੇਵੇ ਤਾਂ ਸੋਚਣਾ ਬਣਦਾ ਹੈ। ਜੇ "ਵਿਸ਼ਲੇਸ਼ਣ ਤੇ ਸੰਸਲੇਸ਼ਣ ਦੀ ਏਕਤਾ" ਟੁੱਟ ਗਈ ਹੈ, ਤਾਂ ਕਿਤੇ ਨਿਰਨਾ ਗਲਤ ਲੈ ਹੋ ਗਿਆ ਹੈ, ਜਿਸ ਨੇ ਵਿਗਾੜ ਨੂੰ ਜਨਮ ਦਿੱਤਾ ਹੈ। ਮਕਸਦ ਅਨੁਸਾਰ ਨਾਹਰਾ ਅਤੇ ਅਮਲ ਠੀਕ ਕਰਨ ਦੀ ਲੋੜ ਹੈ।

ਨਾਜ਼ੁਕ ਮਾਮਲੇ ਨਾਜ਼ੁਕ ਢੰਗ ਨਾਲ ਵਿਚਾਰੇ ਜਾਣੇ ਹੁੰਦੇ ਹਨ। "ਸਮਾਜਿਕ ਨਿਆਂ" ਵਜੋਂ ਰਾਖਵਾਂਕਰਨ ਨੀਤੀ ਲਾਗੂ ਕ ਰ ਨ ੀ

> ਇੰਜ ਰਾਖਵਾਂਕਰਨ ਰਾਹੀਂ "ਸਮਾਜਕ ਨਿਆਂ" ਦੇ "ਵਿਸ਼ਲੇਸ਼ਣ ਅਤੇ ਸੰਸਲੇਸ਼ਣ ਦੀ ਏਕਤਾ" ਨਹੀਂ ਬਣ ਪਾ ਰਹੀ, ਸਗੋਂ ਦੋ ਕੈਂਪ, "ਰਿਜ਼ਰਵੇਸ਼ਨ ਪੱਖੀ" ਅਤੇ "ਰਿਜ਼ਰਵੇਸ਼ਨ ਵਿਰੋਧੀ" ਹੋਂਦ ਵਿੱਚ ਆ ਗਏ ਹਨ। ਕੀ ਇਹਨਾਂ ਦੀ ਵਰਤਮਾਨ ਵਿਰੋਧਤਾਈ ਵਾਲੀ ਪਹੁੰਚ ਮਸਲਾ ਹੱਲ ਕਰਦੀ ਹੈ?

ਵਾਜਬ ਸੀ।

ਦਸ ਸਾਲ ਲਈ ਸੀ।

ਮੁੜ-ਮੁੜ ਵਾਧਾ ਕੀਤਾ ਜਾ ਰਿਹਾ ਹੈ।

ਕੀ "ਸਮਾਜਿਕ ਨਿਆਂ" ਮਿਲਿਆ ਹੈ? ਨਹੀਂ ਮਿਲਿਆ!

ਕੋਈ ਬਿਨਾਂ ਸ਼ੱਕ ਕਹਿ ਸਕਦਾ ਹੈ ਕਿ ਅੰਸ਼ਕ ਰੂਪ ਵਿੱਚ ਮਿਲਿਆ ਹੈ। ਇਹ ਠੀਕ ਹੈ! ਪਰ ਸਫਲਤਾ ਨਹੀਂ ਮਿਲੀ। ਨਾਲ ਦੋ ਵਿਰੋਧਤਾਈਆਂ ਉੱਭਰ ਆਈਆਂ ਹਨ।

ਇਕ) 'ਰਾਖਵਾਂਕਰਨ ਵਿੱਚੋਂ ਰਾਖਵਾਂਕਰਨ ਕਰੋ', ਦੇ ਨਾਹਰੇ ਉੱਠ ਰਹੇ ਹਨ, ਕਿਉਂਕਿ ਇਹ "ਜਾਤ" ਆਧਾਰਤ (ਐੱਸ ਸੀ/ਬੀ ਸੀ ਲਈ) ਹੈ, ਇਕ ਜਾਤੀ ਕਹਿੰਦੀ ਹੈ ਸਾਡੀ ਗਿਣਤੀ ਵੱਧ ਹੈ, ਸਾਨੂੰ ਹਿੱਸਾ ਘੱਟ ਮਿਲਿਆ ਹੈ। ਸਾਡੇ ਹਿੱਸੇ ਦਾ ਲਾਭ ਕੋਈ ਹੋਰ ਲੈ ਰਿਹਾ ਹੈ, ਉਹ ਤੱਥ ਪੇਸ਼ ਕਰਕੇ ਦਾਅਵਾ ਕਰਦੇ ਹਨ, "ਸਾਨੂੰ ਸਾਡਾ ਹੱਕ ਦਿਓ", "ਨਿਆਂ ਦਿਓ"!

ਦੂਜੀ) ਸਵਾਲ ਉੱਠਦੇ ਹਨ ਕਿ 'ਰਾਖਵਾਂਕਰਨ ਨਾਲ ਵਾਰ-ਵਾਰ ਇਕ ਸਾਧਨ ਸੰਪੰਨ ਬਣਿਆ ਜਾਤੀ-ਵਰਗ ਹੀ ਲਾਭ ਉਠਾ ਰਿਹਾ ਹੈ', ਬਹੁਤ ਵੱਡਾ ਹਿੱਸਾ ਇਸ ਲਾਭ ਦੇ ਘੇਰੇ ਤੋਂ ਅੱਜ ਹੀ ਬਾਹਰ ਹੈ, ਉਸ ਦੀ ਵਾਰੀ ਇਕ ਵਾਰ ਵੀ ਨਹੀਂ ਆਈ। ਇਸ ਦਾ ਆਧਾਰ ਜਾਤੀ ਦੇ ਨਾਲ ਆਰਥਿਕ ਵੀ ਕੀਤਾ ਜਾਵੇ, ਤਾਂ ਕਿ ਕਮਜ਼ੋਰ ਦੀ ਵਾਰੀ ਵੀ ਆਵੇ।

ਇੰਜ ਰਾਖਵਾਂਕਰਨ ਰਾਹੀਂ "ਸਮਾਜਿਕ ਨਿਆਂ" ਦੇ "ਵਿਸ਼ਲੇਸ਼ਣ ਅਤੇ ਸੰਸਲੇਸ਼ਣ ਦੀ ਏਕਤਾ" ਨਹੀਂ ਬਣ ਪਾ ਰਹੀ, ਸਗੋਂ ਦੋ ਕੈਂਪ, "ਰਿਜ਼ਰਵੇਸ਼ਨ ਪੱਖੀ" ਅਤੇ "ਰਿਜ਼ਰਵੇਸ਼ਨ ਵਿਰੋਧੀ" ਹੋਂਦ ਵਿੱਚ ਆ ਗਏ ਹਨ। ਕੀ ਇਹਨਾਂ ਦੀ ਵਰਤਮਾਨ ਵਿਰੋਧਤਾਈ ਵਾਲੀ ਪਹੁੰਚ ਮਸਲਾ ਹੱਲ ਕਰਦੀ ਹੈ? ਸਪੱਸ਼ਟ ਹੈ, ਨਹੀਂ ਕਰਦੀ!

ਕੀ ਇਹਨਾਂ ਦੀ ਲੜਾਈ ਕਰਵਾਈ ਰੱਖਣਾ ਬੁਰਜੂਆ ਹਕੂਮਤ ਨੂੰ ਰਾਸ ਆਉਂਦਾ ਹੈ? ਬਿਲਕੁਲ ਆਉਂਦਾ ਹੈ।

ਕੀ ਇਹ ਲੜਾਈ ਬਣਾਈ ਰੱਖਣ, ਤੇਜ਼ ਕਰਨ ਦੇ ਨਾਹਰੇ ਖੁਦ ਅਨੁਸੂਚਿਤ ਜਾਤੀਆਂ ਅਤੇ ਸਮੁੱਚੀ ਕਿਰਤੀ ਏਕਤਾ ਦੇ ਵਿਰੁੱਧ ਨਹੀਂ ਭੁਗਤਦੇ? ਭੁਗਤਦੇ ਹਨ!

ਇਹ ਏਕਤਾ ਤੋੜਦੇ ਹਨ ਅਤੇ ਮਸਲਾ ਵੀ ਹੱਲ ਨਹੀਂ ਹੁੰਦਾ।

-[ ] ਹੁਣ ਜਦੋਂ ਉਤਪਾਦਕ ਸ਼ਕਤੀਆਂ ਵਧ ਕੇ ਕਿਰਤੀ ਨੂੰ ਕੰਮ ਤੋਂ ਬਾਹਰ ਕਰ ਰਹੀਆਂ ਹਨ ਤਾਂ ਰਾਖਵਾਂਕਰਨ ਕਿੱਥੇ ਕੀਤਾ ਜਾਵੇ? ਹੁਣ ਤੇ ਬਨਾਵਟੀ-ਬੌਧਿਕਤਾ ਨੇ ਨਵੀਂਆਂ ਚੁਣੌਤੀਆਂ ਸਿਰਜ ਦਿੱਤੀਆਂ ਹਨ। ਸਮਾਜਿਕ ਨਿਆਂ ਦੀ ਧਾਰਨਾ ਕੋਲ ਕੋਈ ਜਵਾਬ ਨਹੀਂ ਹੈ। ਹੁਣ "ਸਮਾਜਿਕ ਨਿਆਂ" ਦੀ ਨਵੀਂ ਧਾਰਨਾ ਦੀ ਲੋੜ ਹੈ। ਸੋ ਹੁਣ "ਸਭ ਲਈ ਕੰਮ ਦਾ ਕਾਨੂੰਨੀ ਹੱਕ" ਦਾ ਨਾਹਰਾ, 'ਸਮਾਜਿਕ ਨਿਆਂ' ਲਈ ਏਕਤਾ ਦਾ ਆਧਾਰ ਬਣ ਜਾਂਦਾ ਹੈ। ਇਸ ਨਾਲ "ਰਾਖਵਾਂਕਰਨ ਦੇ ਹਮਾਇਤੀ ਅਤੇ ਵਿਰੋਧੀ" ਦੋਵੇਂ ਜਿੱਤਦੇ ਹਨ। ਇਹ ਲੜਾਉਣ ਵਾਲਿਆਂ (ਬੁਰਜੂਆ) ਵਿਰੁੱਧ ਲੜਨ ਦਾ ਰਾਹ ਬਣ ਜਾਂਦਾ ਹੈ। ਇਹ "ਸਮਾਜਿਕ ਨਿਆਂ" ਦਾ ਨਵਾਂ ਮੁੱਢ ਬੰਨ੍ਹ ਦਿੰਦਾ ਹੈ। ਇਸ ਨਾਲ "ਵਿਸ਼ਲੇਸ਼ਣ ਤੇ ਸੰਸਲੇਸ਼ਣ ਦੀ ਏਕਤਾ" ਬਣ ਜਾਂਦੀ ਹੈ। ਇੰਝ ਆਰਜ਼ੀ ਵਿਰੋਧਤਾਈਆਂ ਹੱਲ ਹੁੰਦੀਆਂ ਹਨ ਅਤੇ ਨਾਹਰਿਆਂ ਦੀ ਦਰੁਸਤੀ ਦੀ ਪੁਸ਼ਟੀ ਵੀ ਹੁੰਦੀ ਹੈ। ਫਿਰ ਦਰੁਸਤ ਨਾਹਰੇ ਨਤੀਜੇ ਵੀ ਦਿੰਦੇ ਹਨ।

ਸਮਾਜਿਕ ਜਮਾਤਾਂ ਇਕ-ਦੂਜੇ ਨਾਲ ਜੁੜੀਆਂ ਹਨ। ਇਹਨਾਂ ਨੂੰ ਅਨਿੱਖੜ ਰੂਪ ਵਿੱਚ ਹੀ ਲੈਣਾ ਹੋਵੇਗਾ। ਭਾਵੇਂ ਦੋ ਕੈਂਪ; "ਬੁਰਜੂਆ" ਅਤੇ "ਪਰੋਲੇਤਾਰੀ" ਮੁੱਖ ਹਨ, ਪਰ ਉਤਪਾਦਨ ਅਤੇ ਵੰਡ-ਖਪਤ ਦੇ ਪੱਖ ਤੋਂ ਕਿੰਨੇ ਸਾਰੇ ਵਰਗ; ਮਜ਼ਦੂਰ, ਕਿਸਾਨ, ਮੱਧਵਰਗ, ਵਪਾਰੀ, ਨੀਮ-ਬੁਰਜੂਆ, ਬੁਰਜੂਆ ਆਦਿ ਹਨ।

ਗਿਣਤੀ ਦੇ ਹਿਸਾਬ ਨਾਲ ਦੇਖਾਂਗੇ ਤਾਂ ਸਰਮਾਏਦਾਰੀ ਵਿਕਾਸ ਨਾਲ ਜਾਇਦਾਦ ਮਾਲਕ ਜਮਾਤਾਂ ਦੀ ਗਿਣਤੀ ਘਟਦੀ ਜਾਂਦੀ ਹੈ ਅਤੇ ਜਾਇਦਾਦ-ਹੀਣ ਜਮਾਤਾਂ ਦੀ ਗਿਣਤੀ ਵਧਦੀ ਜਾਂਦੀ ਹੈ। ਇਹ ਆਪਾਂ ਜਾਣ ਚੁੱਕੇ ਹਾਂ ਕਿ ਬੁਰਜੂਆ ਵਿਕਾਸ ਕਾਰਨ ਸਭ ਵਰਗਾਂ ਵਿੱਚੋਂ ਪਰੋਲੇਤਾਰੀ ਭਰਤੀ ਹੁੰਦੀ ਹੈ, ਇਹ ਵਧਦੀ ਗਿਣਤੀ ਦਾ ਵਰਗ, ਨਵੀਨ-ਕਿਰਤੀ, ਪਰੋਲੇਤਾਰੀ ਵਰਗ ਹੈ।

ਜੇ ਸਮਾਜਿਕ ਮਸਲੇ (ਮੁਸ਼ਕਲਾਂ) ਕਿਸੇ ਵਿਚਲੇ ਵਰਗ ਦੇ ਪੱਖ (ਹਿੱਤ) ਤੋਂ ਹੱਲ ਕਰਨ ਦੀ ਕੋਸ਼ਿਸ਼ ਹੋਵੇਗੀ ਤਾਂ ਉਸ ਤੋਂ ਹੇਠਲੇ ਵਰਗ ਹੋਰ ਖੁਸੜ ਬਣ ਜਾਣਗੇ। ਏਕਤਾ ਨਹੀਂ ਬਣ ਪਾਏਗੀ, ਮੱਧ-ਵਰਗ ਵੀ ਸੁੰਗੜੇਗਾ ਅਤੇ ਵੱਡੇ, ਜਾਇਦਾਦ ਮਾਲਕ ਹੋਰ ਵੱਡੇ ਹੋਣਗੇ।

ਇਸੇ ਲਈ ਮੁਕਤੀ ਦਾ ਮਾਰਗ (ਦਾਰਸ਼ਨਿਕ ਪੱਖ ਤੋਂ) ਪਰੋਲੇਤਾਰੀ ਤੋਂ ਅਰੰਭ ਹੁੰਦਾ ਹੈ। "ਦਾਰਸ਼ਨਿਕ ਪਰਵਰਗ" ਦੀ ਸਮਝਦਾਰੀ ਬਗੈਰ, ਕੋਈ ਵੀ ਪਰੋਲੇਤਾਰੀ ਦੀ ਮਹੱਤਤਾ ਨਹੀਂ ਸਮਝ ਸਕਦਾ। ਇਹ ਘਿਰਣਤ ਨਹੀਂ, (ਜਿਵੇਂ ਇਸ ਨੂੰ ਪ੍ਰਚਾਰ, ਵਿਸਾਰ ਦਿੱਤਾ ਗਿਆ ਹੈ) ਇਹ ਸਮਾਜ ਵਿੱਚ ਰੌਸ਼ਨ ਭਵਿੱਖ ਦਾ ਮਨਮੋਹਕ ਗੁਲਦਸਤਾ ਹੈ। ਪਰੋਲੇਤਾਰੀ-ਨਵੀਨ ਕਿਰਤੀ ਵਰਗ, ਨਵੇਂ ਸਾਂਝੀਵਾਲ ਸਮਾਜ ਦਾ ਉਸਰੱਈਆ ਹੈ। ਇਹ ਸਮਾਜਿਕ ਖੁਸ਼ੀਆਂ ਅਤੇ ਸੁਗੰਧੀਆਂ ਬਿਖੇਰਨ ਦਾ ਇਕਲੌਤਾ ਸਰੋਤ ਹੈ। "ਸੂਝ ਦੀ ਸਿਖਰ" (ਦਰਸ਼ਨ) ਸਾਡੇ ਤੋਂ ਇਹ ਮੰਗ ਕਰਦਾ ਹੈ ਕਿ ਬਿਨਾਂ ਸਮਾਂ ਗਵਾਏ ਅਸੀਂ ਇਸ ਦੀ ਭਵਿੱਖੀ ਮਹਿਕ, ਤਾਜ਼ੀ ਅਤੇ ਸਮਾਜਿਕ ਮਹੱਤਤਾ ਸਮਝੀਏ ਅਤੇ ਅੱਗੇ ਤੁਰੀਏ।

*"ਮਨੁੱਖੀ ਮਨਾਂ 'ਚ ਪਿਓਂਦ ਹੁੰਦੀ ਹੈ ਕਲਮ ਵਿਚਾਰਾਂ ਦੀ*
*ਆਓ ਆਪਣਾ ਮਨ ਅਰਪਣ ਕਰੀਏ ਨਵੇਂ ਵਿਚਾਰਾਂ ਨੂੰ"*

(ਚਲਦਾ)

---

ਸ਼ਹਿਰਨਾਮਾ


**ਅਮਰਬੀਰ ਸਿੰਘ ਚੀਮਾ**


# ਮਕਬਰੇ ਸਰਹਿੰਦ ਦੇ

***ਸ਼ਹੀਦਾਂ ਦੀ ਧਰਤੀ ਸ੍ਰੀ ਫਤਿਹਗੜ੍ਹ ਸਾਹਿਬ ਦੇ ਆਲੇ-ਦੁਆਲੇ, ਖਾਸ ਕਰ ਕੇ ਸਰਹਿੰਦ ਸ਼ਹਿਰ ਨੇੜਲੀਆਂ ਜ਼ਮੀਨਾਂ ਦੇ ਖੇਤਾਂ 'ਚ ਮੁਗਲਾਂ ਸਮੇਂ ਦੇ ਕਈ ਵਿਰਾਸਤੀ ਸਮਾਰਕ ਬਣੇ ਹੋਏ ਹਨ। ਆਪਣੀ ਵਿਲੱਖਣਤਾ ਤੇ ਕਾਰੀਗਰੀ ਲਈ ਮਸ਼ਹੂਰ ਇਹ ਮਕਬਰੇ ਦਿਨੋ-ਦਿਨ ਖੰਡਰਾਂ ਦਾ ਰੂਪ ਧਾਰਨ ਕਰ ਰਹੇ ਹਨ। ਕਰੀਬ ਚਾਰ-ਪੰਜ ਸੌ ਸਾਲ ਪਹਿਲਾਂ ਬਣੀਆਂ ਇਹ ਇਤਿਹਾਸਕ ਇਮਾਰਤਾਂ ਸਾਂਭਣ ਤੇ ਦੇਖਣਯੋਗ ਹਨ।***

**ਭਗਤ ਸਦਨੇ ਦੀ ਮਸੀਤ**

ਭਾਰਤ ਦੀਆਂ ਪੁਰਾਣੀਆਂ ਮਸੀਤਾਂ 'ਚੋਂ ਇੱਕ ਸਦਨੇ ਕਸਾਈ ਦੀ ਮਸੀਤ ਸਰਹਿੰਦ-ਰੋਪੜ ਰੇਲਵੇ ਲਾਈਨ ਦੇ ਬਿਲਕੁਲ ਨਜ਼ਦੀਕ ਸਰਹਿੰਦ ਸ਼ਹਿਰ ਤੋਂ ਡੇਰਾ ਮੀਰਾਂ ਮੀਰ ਵਾਲੇ ਫਾਟਕ ਦੇ ਕੋਲ ਸੜਕ ਦੇ ਖੱਬੇ ਪਾਸੇ ਸਥਿਤ ਹੈ, ਜੋ ਕਿ ਪੁਰਾਤਤਵ ਵਿਭਾਗ ਦੇ ਅਧੀਨ ਹੈ। ਇਹ ਮਸੀਤ ਦਾ ਸੰਬੰਧ ਸਦਨੇ ਭਗਤ (ਜੋ ਕਿ ਪਹਿਲਾਂ ਕਸਾਈ ਸੀ) ਨਾਲ ਹੈ। ਸਦਨਾ ਭਗਤ ਆਪਣੇ ਸਮੇਂ ਦਾ ਇੱਕ ਮਸ਼ਹੂਰ ਮੁਸਲਿਮ ਕਵੀ ਅਤੇ ਸੂਫੀ ਸੰਤ ਸੀ। ਇਸ ਮਸੀਤ ਦੀ ਇਮਾਰਤ ਸਰਹਿੰਦੀ ਇੱਟਾਂ ਨਾਲ ਬਣੀ ਹੋਈ ਹੈ, ਜਿਹੜੀ ਕਿ ਮੁਗਲਾਂ ਦੇ ਸਮੇਂ ਦਾ ਬਿਹਤਰੀਨ ਆਰਕੀਟੈਕਟ ਦਾ ਨਮੂਨਾ ਹੈ। ਪੁਰਾਣੇ ਸਮੇਂ ਦੇ ਮੁਗਲ ਕਾਰੀਗਰਾਂ ਵੱਲੋਂ ਬਣਾਈਆਂ ਪੇਂਟਿੰਗਜ਼ ਅੱਜ ਵੀ ਉਨ੍ਹਾਂ ਦੀ ਕਾਰੀਗਰੀ ਦਾ ਲੋਹਾ ਮੰਨਵਾ ਰਹੀਆਂ ਹਨ। ਦੱਸਣਯੋਗ ਹੈ ਕਿ ਸਦਨੇ ਭਗਤ ਦਾ ਲਿਖਿਆ ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਦਰਜ ਹੈ।

**ਜਹਾਜ਼ ਹਵੇਲੀ**


ਸਦਨੇ ਕਸਾਈ ਦੀ ਮਸੀਤ ਤੋਂ ਅੱਗੇ ਫਾਟਕ ਟੱਪ ਕੇ ਨਾਲ ਹੀ ਸੱਜੇ ਹੱਥ ਮੁੜਨ ਉਪਰੰਤ ਦੀਵਾਨ ਟੋਡਰ ਮੱਲ ਦੀ ਜਹਾਜ਼ ਹਵੇਲੀ ਆਉਂਦੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੇਵਕ ਦੀਵਾਨ ਟੋਡਰ ਮੱਲ ਨੇ ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੇ ਸਸਕਾਰ ਲਈ ਸੋਨੇ ਦੀਆਂ ਮੋਹਰਾਂ ਖੜੀਆਂ ਕਰਕੇ ਜਗ੍ਹਾ ਖਰੀਦੀ ਅਤੇ ਇਸ ਹਵੇਲੀ ਤੋਂ ਖੁਰਜ਼ੀਆਂ ਭਰਵਾ ਕੇ ਖੱਚਰਾਂ 'ਤੇ ਲੱਦ ਕੇ ਰਵਾਨਾ ਹੋਏ। ਉਨ੍ਹਾ ਸਿੱਖੀ ਦੀ ਆਨ ਤੇ ਸ਼ਾਨ 'ਤੇ ਪਹਿਰਾ ਦੇ ਕੇ ਸੁਨਹਿਰੀ ਅੱਖਰਾਂ ਵਿੱਚ ਸੇਵਾ ਦਾ ਇਤਿਹਾਸ ਸਿਰਜਿਆ। ਇਸ ਇਤਿਹਾਸਕ ਹਵੇਲੀ ਦੀ ਸੇਵਾ-ਸੰਭਾਲ ਦਾ ਕੰਮ ਕਈ ਵਾਰੀ ਸ਼ੁਰੂ ਵੀ ਹੋਇਆ, ਪਰ ਕਿਸੇ ਨਾ ਕਿਸੇ ਅੜਿੱਕੇ ਕਾਰਨ ਕੰਮ ਸਿਰੇ ਨਹੀਂ ਚੜ੍ਹ ਸਕਿਆ। ਜਹਾਜ਼ ਹਵੇਲੀ ਤੋਂ ਅੱਗੇ ਖੇਤਾਂ 'ਚੋਂ ਹੁੰਦੇ ਹੋਏ ਪਹੇ ਦੇ ਖੱਬੇ ਹੱਥ ਅੱਗੇ ਇੱਕ ਹੋਰ ਖੰਡਰ-ਨੁਮਾ ਇਮਾਰਤ ਆਉਂਦੀ ਹੈ, ਜਿਸ ਦੀ ਮੁਰੰਮਤ ਦਾ ਕੰਮ ਤਾਂ ਕਰਵਾਇਆ ਹੋਇਆ ਹੈ, ਪਰ ਇਥੇ ਇਸ ਇਮਾਰਤ ਸੰਬੰਧੀ ਕੋਈ ਜਾਣਕਾਰੀ ਬੋਰਡ ਨਹੀਂ ਲੱਗਿਆ ਹੋਇਆ ਤੇ ਨਾ ਹੀ ਕੋਈ ਮੁਲਾਜ਼ਮ ਹੀ ਤਾਇਨਾਤ ਕੀਤਾ ਹੋਇਆ ਹੈ।



ਜਹਾਜ਼ ਹਵੇਲੀ

**ਉਸਤਾਦ ਤੇ ਸ਼ਾਗਿਰਦ ਦੇ ਮਕਬਰੇ**

ਸ਼ਹੀਦਾਂ ਦੀ ਧਰਤੀ ਸ੍ਰੀ ਫਤਿਹਗੜ੍ਹ ਸਾਹਿਬ ਦੇ ਪਿੰਡ ਤਲਾਣੀਆਂ ਅਤੇ ਸਰਹਿੰਦ ਸ਼ਹਿਰ ਦੇ ਖੇਤਾਂ 'ਚ ਪੁਰਾਣੇ ਮਕਬਰੇ ਬਣੇ ਹੋਏ ਹਨ, ਜਿਹੜੇ ਕਿ ਇਥੋਂ ਦੀ ਧਰਤੀ ਦੇ ਇਤਿਹਾਸਕ ਹੋਣ ਦੀ ਗਵਾਹੀ ਭਰਦੇ ਹਨ। ਉਸਤਾਦ ਅਤੇ ਸ਼ਾਗਿਰਦ ਦੇ ਨਾਂਅ ਨਾਲ ਮਸ਼ਹੂਰ ਇਨ੍ਹਾਂ ਮਕਬਰਿਆਂ ਨੂੰ ਮੁਗਲਾਂ ਸਮੇਂ ਦੇ ਬਿਹਰਤਰੀਨ ਆਰਟੀਟੈਕਟਾਂ ਉਸਤਾਦ ਸਈਅਦ ਖਾਨ ਅਤੇ ਉਨ੍ਹਾ ਦੇ ਸ਼ਾਗਿਰਦ ਖਵਾਜ਼ਾ ਖਾਨ ਨੇ ਕਰੀਬ 450 ਸਾਲ ਪਹਿਲਾਂ ਬਣਾਇਆ ਸੀ। ਇਨ੍ਹਾਂ ਮਕਬਰਿਆਂ ਦੀ ਖਾਸੀਅਤ ਇਹ ਹੈ ਕਿ ਇਹ ਉਸਤਾਦ ਅਤੇ ਸ਼ਾਗਿਰਦ ਵਿਚਾਲੇ ਲੱਗੀ ਸ਼ਰਤ ਕਾਰਨ ਇੱਕੋ ਰਾਤ 'ਚ ਬਣਾਏ ਗਏ ਸਨ। ਕਹਿੰਦੇ ਹਨ ਕਿ ਸ਼ਾਗਿਰਦ ਖਵਾਜ਼ਾ ਖਾਨ ਨੂੰ ਆਪਣੇ ਉਸਤਾਦ ਸਈਅਦ ਖਾਨ ਤੋਂ ਕੰਮ ਸਿੱਖਣ ਉਪਰੰਤ ਹੰਕਾਰ ਹੋ ਗਿਆ ਅਤੇ ਉਹ ਆਪਣੇ ਆਪ ਨੂੰ ਆਪਣੇ ਉਸਤਾਦ ਤੋਂ ਵੀ ਵੱਡਾ ਕਾਰੀਗਰ ਸਮਝਣ ਲੱਗਿਆ। ਇਸੇ ਹੰਕਾਰ ਨੂੰ ਤੋੜਨ ਲਈ ਉਨ੍ਹਾਂ ਦੋਵਾਂ ਵਿਚਾਲੇ ਸ਼ਰਤ ਲੱਗ ਗਈ ਕਿ ਦੋਵੇਂ ਜਣੇ ਇੱਕੋ ਦਿਨ ਇੱਕ-ਇੱਕ ਵੱਖ-ਵੱਖ ਮਕਬਰਾ ਬਣਾਉਣਗੇ ਤੇ ਬਾਅਦ 'ਚ ਮਕਬਰਾ ਬਣਾਉਣ ਵਾਲੇ ਦਾ ਸਿਰ ਕਲਮ ਕਰ ਦਿੱਤਾ ਜਾਵੇਗਾ। ਮਿੱਥੇ ਸਮੇਂ ਤੱਕ ਉਸਤਾਦ ਨੇ ਤਾਂ ਆਪਣਾ ਮਕਬਰਾ ਪੂਰਾ ਕਰ ਲਿਆ, ਪਰ ਸ਼ਾਗਿਰਦ ਵਾਲੇ ਮਕਬਰੇ ਦੀ ਸਿਖਰਲੀ ਬੋਦੀ (ਗੁੰਬਦ) ਬਣਨ ਤੋਂ ਰਹਿ ਗਈ, ਜਿਸ ਕਾਰਨ ਉਹ ਸ਼ਰਤ ਹਾਰ ਗਿਆ। ਸ਼ਰਤ ਹਾਰਨ ਉਪਰੰਤ ਖਵਾਜ਼ਾ ਖਾਨ ਆਪਣਾ ਸਿਰ ਪੇਸ਼ ਕਰਨ ਲਈ ਆਪਣੇ ਉਸਤਾਦ ਕੋਲ ਗਿਆ, ਪਰ ਉਸਤਾਦ ਨੇ ਕਿਹਾ ਕਿ ਤੇਰਾ ਨਹੀਂ, ਬਲਕਿ ਤੇਰੇ ਅੰਦਰ ਆਏ ਹੰਕਾਰ ਦਾ ਸਿਰ ਕਲਮ ਕਰਨਾ ਹੈ। ਇਸ ਤਰ੍ਹਾਂ ਉਸਤਾਦ ਨੇ ਆਪਣੇ ਸ਼ਾਗਿਰਦ ਦਾ ਹੰਕਾਰ ਤੋੜਿਆ, ਜਿਸ ਕਾਰਨ ਇਨ੍ਹਾਂ ਮਕਬਰਿਆਂ ਨੂੰ ਹੰਕਾਰ ਤੋੜਨ ਦਾ ਪ੍ਰਤੀਕ ਵੀ ਮੰਨਿਆ ਜਾਂਦਾ ਹੈ ਅਤੇ ਇਹ ਵੀ ਸਿੱਧ ਹੁੰਦਾ ਹੈ ਕਿ ਉਸਤਾਦ ਹਮੇਸ਼ਾ ਉਸਤਾਦ ਹੀ ਰਹਿੰਦਾ ਹੈ। ਅੱਜ ਵੀ ਸ਼ਾਗਿਰਦ ਖਵਾਜ਼ਾ ਖਾਨ ਵੱਲੋਂ ਬਣਾਇਆ ਮਕਬਰਾ ਸਿਖਰਲੀ ਬੋਦੀ ਤੋਂ ਸੱਖਣਾ ਹੈ, ਜਦਕਿ ਉਸਤਾਦ ਵੱਲੋਂ ਬਣਾਏ ਮਕਬਰੇ ਦੇ ਸਾਰੇ ਗੁੰਬਦ ਬਣੇ ਹੋਏ ਹਨ। ਇਨ੍ਹਾਂ ਮਕਬਰਿਆਂ 'ਤੇ ਭਾਰਤ ਸਰਕਾਰ ਦੇ ਪ੍ਰਾਚੀਨ ਤੇ ਇਤਿਹਾਸਕ ਵਿਭਾਗ ਵੱਲੋਂ ਇਮਾਰਤਾਂ ਨੂੰ ਨੁਕਸਾਨ ਨਾ ਪਹੁੰਚਾਉਣ ਸੰਬੰਧੀ ਤਾਂ ਬੋਰਡ ਲਗਾਇਆ ਹੋਇਆ ਹੈ, ਪਰ ਇਸ ਸਮਾਰਕ ਦੀ ਜਾਣਕਾਰੀ ਜਾਂ ਇਤਿਹਾਸ ਸੰਬੰਧੀ ਕੋਈ ਬੋਰਡ ਨਹੀਂ।




ਭਗਤ ਸਦਨੇ ਦੀ ਮਸੀਤ

**ਫਲੋਟਿੰਗ ਰੈਸਟੋਰੈਂਟ**

ਸਰਹਿੰਦ ਤੋਂ ਮੰਡੀ ਗੋਬਿੰਦਗੜ੍ਹ ਵੱਲ ਜਾਂਦਿਆਂ 5 ਕਿਲੋਮੀਟਰ ਦੂਰ ਦਿੱਲੀ-ਅੰਮ੍ਰਿਤਸਰ ਜਰਨੈਲੀ ਸੜਕ 'ਤੇ ਮੇਨ ਭਾਖੜਾ ਨਹਿਰ ਦੇ ਅੰਦਰ ਬਣਿਆ ਭਾਰਤ ਵਿਚਲਾ ਇੱਕੋ-ਇੱਕ ਹੋਟਲ ਵੀ ਕੁਝ ਮਹੀਨੇ ਪਹਿਲਾਂ ਮੁਰੰਮਤ ਦੇ ਨਾਂਅ 'ਤੇ ਬੰਦ ਕਰ ਦਿੱਤਾ ਗਿਆ ਹੈ। 'ਪੰਜਾਬ ਟੂਰਿਜ਼ਮ ਡਿਵੈੱਲਪਮੈਂਟ ਕਾਰਪੋਰੇਸ਼ਨ' ਵਿਭਾਗ ਦੇ ਪ੍ਰਬੰਧਾਂ ਹੇਠ 70ਵਿਆਂ 'ਚ ਸ਼ੀਸ਼ਿਆਂ ਦਾ ਬਣਿਆ ਇਹ ਰੈਸਟੋਰੈਂਟ 5 ਵੱਡੇ-ਵੱਡੇ ਗੈਸ ਸਿਲੰਡਰਾਂ ਦੇ ਸਹਾਰੇ ਭਾਖੜਾ ਨਹਿਰ 'ਚ ਤੈਰਦਾ ਹੈ, ਜਿਸ ਨੂੰ ਚਾਰੇ ਪਾਸਿਆਂ ਤੋਂ ਮੋਟੇ ਸੰਗਲਾਂ ਨਾਲ ਬੰਨ੍ਹਿਆ ਹੋਇਆ ਹੈ, ਜਿਸ ਕਾਰਨ ਇਸ ਦਾ ਨਾਂਅ ਫਲੋਟਿੰਗ ਰੈਸਟੋਰੈਂਟ ਰੱਖਿਆ ਗਿਆ। ਬਾਅਦ 'ਚ ਇਸ ਦਾ ਪ੍ਰਬੰਧ ਨਵੇਂ ਬਣੇ 'ਪੰਜਾਬ ਹੈਰੀਟੇਜ ਟੂਰਿਜ਼ਮ ਪ੍ਰਮੋਸ਼ਨ ਬੋਰਡ' ਨੂੰ ਸੌਂਪ ਦਿੱਤਾ ਗਿਆ। ਭਾਰਤ ਤੇ ਪਾਕਿਸਤਾਨ ਦੇ ਸੁਖਾਵੇਂ ਸਮੇਂ ਦਿੱਲੀ ਤੋਂ ਲਾਹੌਰ ਚੱਲਣ ਵਾਲੀ ਬੱਸ ਦੀ ਇਥੇ ਠਹਿਰ ਹੁੰਦੀ ਸੀ। ਇਸ ਦਾ ਨਾਂਅ 'ਲਿਮਕਾ ਬੁੱਕ ਆਫ ਰਿਕਾਰਡਜ਼' 'ਚ ਵੀ ਦਰਜ ਹੈ। ਪੰਜਾਬ ਦੇ ਆਰਕੀਟੈਕਟ ਵਿਭਾਗ ਦੇ ਆਰਕੀਟੈਕਟ ਜੀਤ ਮਲਹੋਤਰਾ ਅਤੇ ਅਮਰ ਰਜਿੰਦਰ ਸਿੰਘ ਨੇ ਇਸ ਦਾ ਡਿਜ਼ਾਈਨ ਤਿਆਰ ਕੀਤਾ ਸੀ। ਇਸ ਦੇ ਲੱਕੜ ਵਾਲੀ ਡੈੱਕ ਨੂੰ ਹਟਾ ਕੇ ਸ਼ੀਸ਼ੇ ਲਗਾਏ ਹੋਏ ਹਨ, ਤਾਂ ਜੋ ਸੈਲਾਨੀਆਂ ਨੂੰ ਹੇਠਾਂ ਭਾਖੜਾ ਨਹਿਰ ਦਾ ਚਲਦਾ ਨੀਲੇ ਰੰਗ ਦਾ ਪਾਣੀ ਸਾਫ ਨਜ਼ਰ ਆਵੇ। ਜੁਲਾਈ 1976 ਨੂੰ ਉਸ ਸਮੇਂ ਦੇ ਪੰਜਾਬ ਦੇ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਨੇ ਫਲੋਟਿੰਗ ਰੈਸਟੋਰੈਂਟ ਦਾ ਨੀਂਹ ਪੱਥਰ ਰੱਖਿਆ ਸੀ। ਇਥੇ ਦੂਰੋਂ ਆਉਣ ਵਾਲੇ ਸੈਲਾਨੀਆਂ ਦੇ ਠਹਿਰਨ ਲਈ 8 ਕਮਰੇ ਵੀ ਬਣੇ ਹੋਏ ਹਨ। ਫਲੋਟਿੰਗ ਰੈਸਟੋਰੈਂਟ ਦੇ ਨਾਲ ਲੰਘਦੀ ਜਰਨੈਲੀ ਸੜਕ ਦੇ ਦੋਵੀਂ ਪਾਸੇ ਉੱਚੇ ਫਲਾਈ ਓਵਰ ਬਣ ਜਾਣ ਕਾਰਨ ਹੁਣ ਇਹ ਸੜਕ ਤੋਂ ਲੰਘਣ ਵਾਲੇ ਯਾਤਰੀਆਂ ਨੂੰ ਨਜ਼ਰੀਂ ਪੈਣ ਤੋਂ ਹਟ ਗਿਆ ਹੈ।

**ਆਮ ਖਾਸ ਬਾਗ ਸਰਹਿੰਦ**

ਉੱਤਰੀ ਭਾਰਤ ਦੇ ਸਭ ਤੋਂ ਅਲੰਕਾਰ ਬਾਗਾਂ 'ਚੋਂ ਇੱਕ ਆਮ ਖਾਸ ਬਾਗ ਦੀ ਸ਼ੁਰੂ 'ਚ ਉਸਾਰੀ ਬਾਬਰ ਵੱਲੋਂ ਕਰਵਾਈ ਗਈ ਸੀ, ਉਪਰੰਤ ਸ਼ਾਹਜਹਾਂ ਨੇ ਇਸ ਨੂੰ ਦੁਬਾਰਾ ਤਿਆਰ ਕਰਵਾਇਆ ਸੀ, ਤਾਂ ਜੋ ਆਮ ਖਾਸ ਬਾਗ ਨੂੰ ਮੁਗਲ ਸਮਰਾਟਾਂ ਵੱਲੋਂ ਲਾਹੌਰ ਤੋਂ ਆਉਂਦੇ-ਜਾਂਦੇ ਸਮੇਂ ਠਹਿਰਾਓ ਲਈ ਵਰਤਿਆ ਜਾ ਸਕੇ। ਇਸ ਨੂੰ 2 ਹਿੱਸਿਆਂ 'ਚ ਵੰਡਿਆ ਗਿਆ ਸੀ, ਇੱਕ ਆਮ ਲੋਕਾਂ ਲਈ ਤੇ ਦੂਜਾ ਰਾਜਿਆਂ ਲਈ ਰਾਖਵਾਂ ਸੀ। ਇਸ ਲਈ ਇਸ ਦਾ ਨਾਂਅ ਆਮ ਖਾਸ ਬਾਗ ਰੱਖਿਆ ਗਿਆ। ਇਸ ਵਿੱਚ ਸਰਦਖਾਨਾ, ਸ਼ੀਸ਼ ਮਹਿਲ, ਸ਼ਾਹੀ ਹਮਾਮ ਅਤੇ ਦੌਲਤ-ਖਾਨਾ-ਏ-ਖਾਸ ਨਾਂਅ ਦੀਆਂ ਵਿਲੱਖਣ ਇਮਾਰਤਾਂ ਦੀ ਉਸਾਰੀ ਕੀਤੀ ਗਈ, ਜੋ ਕਿ ਆਪਣੇ ਆਪ 'ਚ ਕਲਾ ਦਾ ਇੱਕ ਨਮੂਨਾ ਹਨ। ਇਥੇ ਬਣੇ ਸਰਦਖਾਨੇ ਨੂੰ ਗਰਮੀਆਂ 'ਚ ਠੰਢਾ ਰੱਖਣ ਲਈ ਵਿਸੇਸ਼ ਇੰਤਜ਼ਾਮ ਕੀਤੇ ਗਏ ਸਨ। ਜਹਾਂਗੀਰ ਵੱਲੋਂ ਬਣਾਏ ਸਰਦਖਾਨੇ 'ਚ ਕਮਰੇ ਨੂੰ ਠੰਢਾ ਰੱਖਣ ਲਈ ਨਾਲ ਲੱਗਦੇ 32 ਚਰਸਾ ਖੂਹ ਵਿੱਚੋਂ ਪਾਣਾ ਕੱਢ ਕੇ ਵੱਡੇ ਹੌਦਾਂ 'ਚ ਸਪਲਾਈ ਕੀਤਾ ਜਾਂਦਾ ਸੀ ਅਤੇ ਕੰਧਾਂ 'ਚ ਬਣੀਆਂ ਨਾਲੀਆਂ ਰਾਹੀਂ ਪਾਣੀ ਕਮਰੇ ਨੂੰ ਠੰਢਾ ਰੱਖਦਾ ਸੀ। ਇਥੇ ਅੰਬਾਂ, ਨਾਸ਼ਪਤੀਆਂ ਤੇ ਅਮਰੂਦਾਂ ਦੇ ਬਾਗ ਹਨ, ਜੋ ਕਿ 11 ਏਕੜ ਤੱਕ ਫੈਲੇ ਹੋਏ ਹਨ। ਏਨਾ ਸਮਾਂ ਪਹਿਲਾਂ ਤੇ ਏਨੀ ਉੱਚ ਤਕਨੀਕ ਨਾਲ ਬਣਿਆ ਆਮ-ਖਾਸ ਬਾਗ ਸੱਚਮੁੱਚ ਹੀ ਵੇਖਣਯੋਗ ਹੈ। ਅੱਜ ਸਾਂਭ-ਸੰਭਾਲ ਦੀ ਘਾਟ ਕਾਰਨ ਇਥੇ ਬਣੀਆਂ ਜ਼ਿਆਦਾਤਰ ਸਮਾਰਕਾਂ ਖੰਡਰਾਂ ਦਾ ਰੂਪ ਧਾਰਨ ਕਰ ਚੁੱਕੀਆਂ ਹਨ। ਭਾਰਤ ਅਤੇ ਪੰਜਾਬ ਸਰਕਾਰ ਦੇ ਪੁਰਾਤਨ ਤੇ ਸੈਰ-ਸਪਾਟਾ ਵਿਭਾਗ ਨੂੰ ਇਨ੍ਹਾਂ ਇਮਾਰਤਾਂ ਨੂੰ ਸਾਂਭਣ ਲਈ ਯੋਗ ਉਪਰਾਲੇ ਕਰਨ ਦੀ ਜ਼ਰੂਰਤ ਹੈ, ਨਹੀਂ ਤਾਂ ਉਹ ਦਿਨ ਵੀ ਦੂਰ ਨਹੀਂ, ਜਦੋਂ ਇਨ੍ਹਾਂ ਖੰਡਰ ਬਣ ਰਹੀਆਂ ਜਾਂ ਬਣ ਚੁੱਕੀਆਂ ਇਮਾਰਤਾਂ ਦਾ ਨਾਮੋ-ਮਿਸ਼ਾਨ ਵੀ ਮਿਟ ਜਾਵੇਗਾ ਅਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਇਨ੍ਹਾਂ ਇਤਿਹਾਸਕ ਇਮਾਰਤਾਂ ਨੂੰ ਦੇਖਣ ਤੋਂ ਵਾਂਝੀਆਂ ਰਹਿ ਜਾਣਗੀਆਂ। ਅਜਿਹੀਆਂ ਪੁਰਾਣੀਆਂ ਇਮਾਰਤਾਂ ਪੰਜਾਬ ਦੇ ਵਿਰਲੇ ਸ਼ਹਿਰਾਂ 'ਚ ਹੀ ਹਨ ਅਤੇ ਵਿਰਲੀਆਂ ਹੀ ਬਚੀਆਂ ਹਨ, ਸੋ ਸਮਾਂ ਰਹਿੰਦਿਆਂ ਇਨ੍ਹਾਂ ਨੂੰ ਸਾਂਭਣ ਦੀ ਜ਼ਰੂਰਤ ਹੈ।



ਸ਼ਾਗਿਰਦ ਦਾ ਮਕਬਰਾ


*ਮੋਬਾਇਲ : 98889-40211*

# ਜ਼ਿੰਦਾ ਹੋਣ ਵਾਸਤੇ ਸੰਘਰਸ਼ ਕਰਦੇ 'ਮੁਰਦੇ' ਵੀ ਮਰ ਜਾਂਦੇ ਨੇ ਭਾਰਤ ਮਾਂ ਦੇ ਦੇਸ਼ ਵਿੱਚ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਖੇਲਈ ਅੱਜ ਜ਼ਿੰਦਾ ਨਹੀਂ ਰਿਹਾ, ਅਦਾਲਤ ਦੇ ਦਰਵਾਜ਼ੇ ਉੱਤੇ ਜਾ ਕੇ ਪ੍ਰਾਣ ਤਿਆਗ ਗਿਆ ਹੈ। ਅਦਾਲਤ ਵਿੱਚ ਉਸ ਨੇ ਕੇਸ ਕੀਤਾ ਹੋਇਆ ਸੀ ਕਿ ਮੈਂ ਮਰਿਆ ਨਹੀਂ, ਜ਼ਿੰਦਾ ਹਾਂ ਤੇ ਪਿਛਲੇ ਛੇ ਸਾਲਾਂ ਤੋਂ ਇਹ ਕੇਸ ਲੜ ਰਿਹਾ ਸੀ ਕਿ ਉਹ ਨਹੀਂ ਮਰਿਆ, ਉਸ ਦਾ ਭਰਾ ਫੇਰਈ ਮਰਿਆ ਹੈ, ਪਰ ਉਸ ਦੀ ਵਿਧਵਾ ਭਰਜਾਈ ਅਤੇ ਪਰਵਾਰ ਨੇ ਉਸ ਦੀ ਮੌਤ ਦੀ ਇੰਟਰੀ ਕਰਾਉਣ ਵੇਲੇ ਬਦ-ਨੀਤੀ ਨਾਲ ਫੇਰਈ ਦੀ ਬਜਾਏ ਕਾਗਜ਼ਾਂ ਵਿੱਚ ਉਸ ਨੂੰ ਮਰਿਆ ਲਿਖਵਾ ਦਿੱਤਾ ਹੈ। ਬਾਅਦ ਵਿੱਚ ਉਨ੍ਹਾਂ ਨੇ 'ਖੇਲਈ' ਮਰ ਗਿਆ ਹੈ, ਉਸ ਦਾ ਕੋਈ ਵਾਰਸ ਨਹੀਂ, ਉਸ ਦੀ ਜਾਇਦਾਦ ਪਟਵਾਰੀ ਤੇ ਮਾਲ ਅਫਸਰਾਂ ਨਾਲ ਮਿਲ ਕੇ ਆਪਣੇ ਨਾਂਅ ਕਰਵਾ ਲਈ। ਜਦੋਂ ਖੇਲਈ ਨੂੰ ਇਹ ਗੱਲ ਪਤਾ ਲੱਗੀ ਤਾਂ ਉਸ ਨੇ ਸਰਕਾਰੀ ਅਧਿਕਾਰੀਆਂ ਕੋਲ ਜਾ ਕੇ ਬੇਨਤੀ ਕੀਤੀ ਕਿ ਮੈਂ ਅਜੇ ਜ਼ਿੰਦਾ ਹਾਂ, ਮੇਰਾ ਭਰਾ ਫੇਰਈ ਮਰਿਆ ਹੈ, ਮੇਰੇ ਨਾਲ ਫਰਾਡ ਕੀਤਾ ਗਿਆ ਹੈ, ਇਹ ਇੰਟਰੀ ਰੱਦ ਕਰੋ। ਅੱਗੋਂ ਅਧਿਕਾਰੀਆਂ ਨੇ ਕਿਹਾ ਕਿ ਅਸੀਂ ਕੁਝ ਨਹੀਂ ਕਰ ਸਕਦੇ, ਅਦਾਲਤ ਇਹ ਦਰੁਸਤੀ ਕਰ ਸਕਦੀ ਹੈ। ਵਿਚਾਰੇ ਨੇ ਅਦਾਲਤ ਵਿੱਚ ਕੇਸ ਕੀਤਾ ਅਤੇ ਬੀਤੇ ਛੇ ਸਾਲ ਕੇਸ ਲੜਦਾ ਰਿਹਾ ਸੀ। ਬੀਤੀ ਸੋਲਾਂ ਨਵੰਬਰ ਨੂੰ ਜਦੋਂ ਉਹ ਇਸ ਕੇਸ ਦੀ ਤਰੀਕ ਭੁਗਤਣ ਗਿਆ ਤਾਂ ਅਦਾਲਤ ਦੇ ਦਰਾਂ ਮੂਹਰੇ ਸੱਚਮੁੱਚ ਮਰ ਗਿਆ। ਖੇਲਈ ਮਰਿਆ ਵੀ ਤਾਂ ਉਸੇ ਅਦਾਲਤ ਦੇ ਦਰਵਾਜ਼ੇ ਮੂਹਰੇ, ਜਿਸ ਨੂੰ ਦੱਸਣ ਗਿਆ ਸੀ ਕਿ ਮੈਂ ਜ਼ਿੰਦਾ ਹਾਂ। ਉਹ ਇਕੱਲਾ ਏਦਾਂ ਦਾ 'ਮ੍ਰਿਤਕ' ਨਹੀਂ, ਉੱਤਰ ਪ੍ਰਦੇਸ਼ ਵਿੱਚ ਉਹਦੇ ਵਰਗੇ ਜਿਊਂਦੇ 'ਮ੍ਰਿਤਕ' ਸੈਂਕੜਿਆਂ ਦੀ ਗਿਣਤੀ ਵਿੱਚ ਹਨ।

ਆਪਣੇ ਆਪ ਨੂੰ ਜ਼ਿੰਦਾ ਸਾਬਤ ਕਰਨ ਲਈ ਸੰਘਰਸ਼ ਕਰ ਰਹੇ ਉੱਤਰ ਪ੍ਰਦੇਸ਼ ਦੇ 'ਮ੍ਰਿਤਕਾਂ' ਦੀ ਗੱਲ ਕਰਨ ਤੋਂ ਪਹਿਲਾਂ ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਭਾਰਤ ਦਾ ਅਦਾਲਤੀ ਸਿਸਟਮ ਏਦਾਂ ਦਾ ਹੈ ਕਿ ਬੇਸ਼ੱਕ ਹਰ ਕੋਈ ਕਹਿੰਦਾ ਹੈ ਕਿ ਉਸ ਨੂੰ ਨਿਆਂ ਪਾਲਿਕਾ ਉੱਤੇ ਪੂਰਾ ਯਕੀਨ ਹੈ, ਪਰ ਇਹ ਗੱਲ ਉਹ ਜਨਤਕ ਤੌਰ ਉੱਤੇ ਕਹਿੰਦਾ ਹੈ। ਜਨਤਕ ਦ੍ਰਿਸ਼ ਤੋਂ ਜ਼ਰਾ ਕੁ ਲਾਂਭੇ ਹੋ ਕੇ ਪੁੱਛ ਲਓ ਤਾਂ ਉਹੀ ਆਦਮੀ, ਸਧਾਰਨ ਆਦਮੀ ਹੋਵੇ ਜਾਂ ਸਿਖਰਾਂ ਛੋਹਣ ਵਾਲਾ ਅਧਿਕਾਰੀ ਜਾਂ ਆਗੂ, ਐਨ ਇਸ ਤੋਂ ਉਲਟ ਗੱਲਾਂ ਕਰਦਾ ਵੀ ਸੁਣ ਸਕਦਾ ਹੈ। ਜ਼ਰਾ ਕੁ ਛੇੜ ਕੇ ਵੇਖੋ ਕਿ ਇਹ ਸਿਸਟਮ ਵਿਗਾੜਨ ਵਿੱਚ ਤੁਹਾਡੀ ਵੀ ਕੋਈ ਭੂਮਿਕਾ ਹੈ ਕਿ ਨਹੀਂ ਤਾਂ ਉਹ ਇਹ ਵੀ ਝੱਟ ਮੰਨ ਜਾਵੇਗਾ ਕਿ ਰਾਜਨੀਤੀ ਨੇ ਭ੍ਰਿਸ਼ਟਾਚਾਰ ਵਾਲੀ ਜਿਹੜੀ ਅਮਰ-ਵੇਲ ਭਾਰਤ ਵਿੱਚ ਬੀਜੀ ਸੀ, ਉਸ ਦੀ ਮਾਰ ਅਦਾਲਤਾਂ ਤੱਕ ਵੀ ਚਲੀ ਗਈ ਹੈ। ਫਿਰ ਉਹ ਜਿਹੜੇ ਕਿੱਸੇ ਸੁਣਾਉਣ ਲੱਗ ਜਾਵੇਗਾ, ਉਨ੍ਹਾਂ ਦੀ ਕਹਾਣੀ ਪਾਈਏ ਤਾਂ ਇੱਕ ਵੱਖਰਾ ਪੂਰਾ ਲੇਖ ਲਿਖਿਆ ਜਾ ਸਕਦਾ ਹੈ। ਭ੍ਰਿਸ਼ਟਾਚਾਰ ਦੀ ਮਾਰ ਕਹਿ ਲਈਏ ਜਾਂ ਅਦਾਲਤਾਂ ਵਿੱਚ 'ਪਹੁੰਚ' ਵਾਲੇ ਲੋਕਾਂ ਦੀ ਪਹੁੰਚ ਕਹੀਏ, ਉਥੇ ਬਹੁਤ ਸਾਰੇ ਆਮ ਲੋਕ ਜਦੋਂ ਕਿਸੇ ਕੇਸ ਦੇ ਇਨਸਾਫ ਲਈ ਉਡੀਕ ਕਰਦੇ ਹਨ ਤਾਂ ਕਈ ਵਾਰ ਕਈ-ਕਈ ਸਾਲ ਸੁਣਵਾਈ ਦੀ ਤਰੀਕ ਨਿਕਲਣ ਦੀ ਉਡੀਕ ਵਿੱਚ ਹੀ ਨਿਕਲ ਜਾਂਦੇ ਹਨ। ਮਿਸਾਲ ਵਜੋਂ ਉੱਤਰ ਪ੍ਰਦੇਸ਼ ਦੇ ਲਖੀਮਪੁਰ ਖੀਰੀ ਵਿੱਚ ਕਤਲ ਦੇ ਇੱਕ ਕੇਸ ਵਿੱਚ ਬਾਕੀ ਲੋਕ ਫਸ ਗਏ, ਇੱਕ ਚਲਤਾ-ਪੁਰਜ਼ਾ ਬੰਦਾ ਸੁੱਕਾ ਛੁੱਟ ਗਿਆ ਤਾਂ ਮੌਕੇ ਦੀ ਸਰਕਾਰ ਨੇ ਅੱਗੇ ਹਾਈ ਕੋਰਟ ਵਿੱਚ ਅਪੀਲ ਕਰ ਦਿੱਤੀ। ਅਠਾਰਾਂ ਸਾਲ ਉਸ ਅਪੀਲ ਦੀ ਸੁਣਵਾਈ ਹੀ ਨਹੀਂ ਹੋ ਸਕੀ ਤੇ ਪਿਛਲੇ ਹਫਤੇ ਕੇਸ ਜਦੋਂ ਸੁਪਰੀਮ ਕੋਰਟ ਵਿੱਚ ਗਿਆ ਤਾਂ ਉਦੋਂ ਤੱਕ ਉਸ ਵੇਲੇ ਦਾ 'ਚਲਦਾ-ਪੁਰਜ਼ਾ ਬੰਦਾ' ਕੇਂਦਰ ਸਰਕਾਰ ਦਾ ਗ੍ਰਹਿ ਰਾਜ ਮੰਤਰੀ ਬਣ ਚੁੱਕਾ ਸੀ। ਉਸ ਬਾਰੇ ਭਾਰਤ ਦੀ ਸਭ ਤੋਂ ਵੱਡੀ ਅਦਾਲਤ ਨੇ ਹੁਕਮ ਕੀਤਾ ਹੈ ਕਿ ਸੁਣਵਾਈ ਲਈ ਉਸ ਨੂੰ ਹਾਈ ਕੋਰਟ ਦੇ ਸੰਬੰਧਤ ਬੈਂਚ ਸਾਹਮਣੇ ਪੇਸ਼ ਹੋਣਾ ਪਵੇਗਾ। ਅੱਗੋਂ ਹਾਈ ਕੋਰਟ ਦੀ ਕਾਰਵਾਈ ਵਿੱਚ ਵਿਘਨ ਪਾ ਕੇ ਉਹ ਕਿੰਨੇ ਸਾਲ ਹੋਰਗਰਕ ਕਰਨ ਦਾ ਯਤਨ ਕਰੇਗਾ, ਇਸ ਦਾ ਅੰਦਾਜ਼ਾ ਲਾਉਣਾ ਔਖਾ ਹੈ ਤੇ ਉਦੋਂ ਤੱਕ ਗਵਾਹ ਜ਼ਿੰਦਾ ਰਹਿਣਗੇ, ਆਪੇ ਮਰ ਜਾਣਗੇ ਜਾਂ ਸ਼ੱਕੀ ਹਾਲਾਤ ਵਿੱਚ ਉਨ੍ਹਾਂ ਦੀ ਮੌਤ ਹੋਣ ਦੀ ਖਬਰ ਆ ਜਾਵੇ, ਕੁਝ ਵੀ ਹੋ ਸਕਦਾ ਹੈ!

ਸਾਡੇ ਸਾਹਮਣੇ ਚੰਡੀਗੜ੍ਹ ਤੋਂ ਛਪਦਾ 19 ਨਵੰਬਰ ਦਾ ਇੱਕ ਹਿੰਦੀ ਅਖਬਾਰ ਪਿਆ ਹੈ, ਜਿਸ ਨੇ ਖਬਰ ਛਾਪੀ ਹੈ ਕਿ ਕੈਥਲ ਦੀ ਸਾਬਕਾ ਸਿਵਲ ਸਰਜਨ ਬੀਬੀ ਅਤੇ ਉਸ ਦੇ ਡਾਕਟਰ ਪਤੀ ਦੋਵਾਂ ਦੀ ਬਦਲੀ ਗੁੜਗਾਉਂ, ਅੱਜ ਵਾਲੇ ਗੁਰੂਗ੍ਰਾਮ ਵਿੱਚ ਹੋ ਗਈ, ਪਰ ਉਹ ਜਾਣਾ ਨਹੀਂ ਸੀ ਚਾਹੁੰਦੇ। ਉਨ੍ਹਾਂ ਨੇ ਜਾਣ ਤੋਂ ਕੁਝ ਦਿਨ ਬਚਣ ਲਈ ਇੱਕ ਰਾਹ ਲੱਭ ਲਿਆ ਕਿ ਲਗਾਤਾਰ ਅਦਾਲਤੀ ਕੇਸਾਂ ਵਿੱਚ ਪੇਸ਼ ਹੋਣ ਦੀ ਚਿੱਠੀ ਭੇਜਦੇ ਰਹੇ ਤੇ ਸੰਬੰਧਤ ਜੱਜਾਂ ਦੇ ਦਸਖਤਾਂ ਨਾਲ ਜਾਰੀ ਹੋਇਆ ਸਰਟੀਫਿਕੇਟ ਭੇਜ ਕੇ ਸਰਕਾਰ ਤੋਂ ਅਦਾਲਤਾਂ ਵਿੱਚ ਪੇਸ਼ ਹੋਣ ਦਾ ਕਿਰਾਇਆ ਤੇ ਰੋਜ਼ਾਨਾ ਭੱਤਾ ਵੀ ਲੈਂਦੇ ਰਹੇ। ਫਿਰ ਉਨ੍ਹਾਂ ਦੀ ਸ਼ਿਕਾਇਤ ਹੋਈ ਤਾਂ ਚਾਰ ਜੱਜਾਂ ਨੇ ਆਪਣੇ ਦਫਤਰਾਂ ਤੋਂ ਬਾਕਾਇਦਾ ਲਿਖ ਕੇ ਦਿੱਤਾ ਕਿ ਇਹ ਡਾਕਟਰ ਜੋੜਾ ਸਾਡੀ ਅਦਾਲਤ ਵਿੱਚ ਕਦੇ ਵੀ ਪੇਸ਼ ਨਹੀਂ ਹੋਇਆ। ਸਾਲ 2003 ਦੀ ਇਹ ਕਹਾਣੀ ਦੱਬੀ ਹੀ ਰਹੀ ਤੇ ਫਿਰ ਸਾਲ 2020 ਵਿੱਚ ਸੂਚਨਾ ਅਧਿਕਾਰ ਹੇਠ ਇੱਕ ਸੋਸ਼ਲ ਵਰਕਰ ਨੇ ਜਾਣਕਾਰੀ ਮੰਗੀ ਤਾਂ ਸਾਰਾ ਕੇਸ ਲੋਕਾਂ ਮੂਹਰੇ ਆ ਗਿਆ ਅਤੇ ਪੁਲਸ ਅਤੇ ਸੈਸ਼ਨ ਜੱਜ ਦੇ ਨਾਲ 'ਸੀ ਐੱਮ ਵਿੰਡੋ' ਚੜ੍ਹ ਗਿਆ, ਪਰ ਇਸ ਦੇ ਬਾਅਦ ਵੀ ਕੇਸ ਦਬਾਅ ਦਿੱਤਾ ਗਿਆ, ਕਿਉਂਕਿ 'ਦਸਤਾਵੇਜ਼ ਗਾਇਬ' ਹੋ ਗਏ ਸਨ। ਪਿਛਲੇ ਮਹੀਨੇ ਜਦੋਂ ਉਨ੍ਹਾਂ ਦਸਤਾਵੇਜ਼ਾਂ ਦੀ ਨਕਲ ਪੁਲਸ ਨੂੰ ਮਿਲ ਗਈ ਤਾਂ ਅਦਾਲਤ ਨੇ ਇਸ ਦੀ ਸੁਣਵਾਈ ਲਈ ਨਵੇਂ ਹੁਕਮ ਕੀਤੇ ਹਨ। ਅੰਮ੍ਰਿਤਸਰ ਦੇ ਇੱਕ ਪੂਰੇ ਪਰਵਾਰ ਦੀ ਖੁਦਕੁਸ਼ੀ ਦੇ ਕੇਸ ਵਿੱਚ ਅਦਾਲਤ ਤੇ ਥਾਣਿਆਂ ਤੱਕ ਹਰ ਥਾਂ ਤੋਂ ਦਸਤਾਵੇਜ਼ ਗਾਇਬ ਕਰਵਾ ਦਿੱਤੇ ਜਾਣ ਕਾਰਨ ਕਈ ਸਾਲ ਸੁਣਵਾਈ ਨਹੀਂ ਸੀ ਹੋ ਸਕੀ। ਦਸਤਾਵੇਜ਼ ਗਾਇਬ ਕਰਨ ਦੇ ਏਦਾਂ ਦੇ ਕਈ ਕੇਸ ਪੰਜਾਬ ਵਿੱਚ ਵੀ ਕਈ ਵਾਰ ਵਾਪਰ ਚੁੱਕੇ ਹਨ ਤੇ ਅੱਗੋਂ ਵੀ ਵਾਪਰਦੇ ਰਹਿਣਗੇ, ਕਿਉਂਕਿ ਚੋਰ ਅਤੇ ਕੁੱਤੀ ਰਲ ਜਾਣ ਨਾਲ ਇਹੋ ਕੁਝ ਹੁੰਦਾ ਹੈ।

ਫਿਰ ਆਓ ਉੱਤਰ ਪ੍ਰਦੇਸ਼ ਵੱਲ, ਜਿੱਥੇ ਖੇਲਈ ਨਾਂਅ ਦਾ ਇੱਕ 'ਮੁਰਦਾ' ਅਦਾਲਤ ਵਿੱਚ ਆਪਣੇ ਆਪ ਨੂੰ ਜ਼ਿੰਦਾ ਸਾਬਤ ਕਰਨ ਲਈ ਗਿਆ ਤੇ ਅਦਾਲਤ ਦੇ ਦਰਾਂ ਅੱਗੇ ਸੱਚਮੁੱਚ ਮੁਰਦਾ ਬਣ ਗਿਆ ਹੈ। ਉਸੇ ਉੱਤਰ ਪ੍ਰਦੇਸ਼ ਵਿੱਚ ਲਾਲ ਬਿਹਾਰੀ ਤਿਵਾੜੀ ਨਾਂਅ ਦੇ ਇੱਕ ਬੰਦੇ ਨੇ ਇੱਕ ਵਾਰੀ 'ਅਖਿਲ ਯੂ ਪੀ ਮ੍ਰਿਤਕ ਸੰਘ' (ਅੰਗਰੇਜ਼ੀ ਵਿੱਚ ਉੱਤਰ ਪ੍ਰਦੇਸ਼ ਐਸੋਸੀਏਸ਼ਨ ਆਫ ਡੈੱਡ ਪੀਪਲ) ਬਣਾਈ ਸੀ, ਜਿਸ ਵਿੱਚ ਉਸੇ ਵਾਂਗ ਰਿਸ਼ਤੇਦਾਰਾਂ ਵੱਲੋਂ ਸਤਾਏ ਅਤੇ ਕਾਗਜ਼ਾਂ ਵਿੱਚ 'ਮ੍ਰਿਤਕ' ਲਿਖਵਾਏ ਜਾ ਚੁੱਕੇ ਲੋਕ ਸ਼ਾਮਲ ਸਨ। ਭਾਰਤ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਨੇ ਜਦੋਂ ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਤੋਂ ਚੋਣ ਲੜਨ ਲਈ ਕਾਗਜ਼ ਭਰੇ ਤਾਂ ਉਸ ਦੇ ਮੁਕਾਬਲੇ 'ਮ੍ਰਿਤਕ ਸੰਘ' ਦੇ ਪ੍ਰਧਾਨ ਵਜੋਂ ਲਾਲ ਬਿਹਾਰੀ ਤਿਵਾੜੀ ਨੇ ਕਾਗਜ਼ ਭਰ ਦਿੱਤੇ। ਫਿਰ ਉਸ ਨੇ ਮੀਡੀਆ ਨੂੰ ਕਿਹਾ ਸੀ ਕਿ ਉਹ ਚੋਣ ਨਹੀਂ ਲੜ ਸਕਦਾ, ਕਿਉਂਕਿ ਉਸ ਦੀ ਵੋਟ ਨਹੀਂ ਬਣੀ ਅਤੇ ਵੋਟ ਇਸ ਲਈ ਨਹੀਂ ਬਣੀ ਕਿ ਰਿਸ਼ਤੇਦਾਰਾਂ ਨੇ ਉਸ ਨੂੰ ਮਰਿਆ ਦਰਜ ਕਰਵਾ ਰੱਖਿਆ ਹੈ। ਉਸ ਨੇ ਦੱਸਿਆ ਕਿ ਉਸੇ ਵਰਗੇ ਸੌ ਤੋਂ ਵੱਧ 'ਮੁਰਦੇ ਇਸ ਰਾਜ ਦੀ ਸਰਕਾਰ ਅਤੇ ਅਦਾਲਤਾਂ ਵਿੱਚ ਇਹ ਸਾਬਤ ਕਰਨ ਲਈ ਕੇਸ ਲੜਦੇ ਫਿਰਦੇ ਹਨ ਕਿ ਅਸੀਂ ਹਾਲੇ ਮਰੇ ਨਹੀਂ, ਜਿਊਂਦੇ ਹਾਂ, ਪਰ ਉਨ੍ਹਾਂ ਦੀ ਸੁਣਵਾਈ ਨਹੀਂ ਹੋ ਰਹੀ, ਇਸ ਲਈ ਅਸਾਂ ਮਿਲ ਕੇ 'ਅਖਿਲ ਯੂ ਪੀ ਮ੍ਰਿਤਕ ਸੰਘ' ਬਣਾਇਆ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਮੁਕਾਬਲੇ ਚੋਣ ਲੜਨ ਦਾ ਫੈਸਲਾ ਕੀਤਾ ਹੈ, ਤਾਂ ਕਿ ਸੰਸਾਰ ਸਾਹਮਣੇ ਅਸਲੀਅਤ ਰੱਖੀ ਜਾਵੇ। ਉਸ ਚੋਣ ਵਿੱਚ ਉਸ ਦੇ ਕਾਗਜ਼ ਰੱਦ ਹੋ ਜਾਣੇ ਸਨ ਤੇ ਹੋ ਗਏ, ਇਸ ਨਾਲ ਭਾਰਤ ਦੇ ਹਾਲਾਤ ਭਾਵੇਂ ਨਹੀਂ ਬਦਲੇ, ਪਰ ਇਸ ਨਾਲ ਇਹ ਮੁੱਦਾ ਸੰਸਾਰ ਭਰ ਵਿੱਚ ਚਲਾ ਗਿਆ ਅਤੇ ਫਿਰ ਨਤੀਜਾ ਹੈਰਾਨੀ ਵਾਲਾ ਨਿਕਲਿਆ। ਨੋਬਲ ਇਨਾਮ ਬਾਰੇ ਸੰਸਾਰ ਭਰ ਦੇ ਲੋਕ ਜਾਣਦੇ ਹਨ, ਇਸ ਤੋਂ ਉਲਟ ਇੱਕ 'ਇਗਨੋਬਲ ਪ੍ਰਾਈਜ਼' ਵੀ ਚਲਦਾ ਹੈ ਤੇ ਹਰ ਵਾਰੀ ਏਹੋ ਜਿਹੇ ਵਿਅਕਤੀ ਨੂੰ ਦਿੱਤਾ ਜਾਂਦਾ ਹੈ, ਜਿਸ ਨੇ ਕੋਈ ਅਲੋਕਾਰ ਕੰਮ ਕੀਤਾ ਹੋਇਆ ਹੋਵੇ। ਪ੍ਰਧਾਨ ਮੰਤਰੀ ਵਾਜਪਾਈ ਵਿਰੁੱਧ ਚੋਣ ਲੜਨ ਵਾਲੇ ਲਾਲ ਬਿਹਾਰੀ ਤਿਵਾੜੀ ਨੂੰ ਇਸ ਵਾਸਤੇ 'ਇਗਨੋਬਲ ਪ੍ਰਾਈਜ਼' ਦਿੱਤਾ ਗਿਆ ਕਿ ਉਸ ਨੇ 'ਮੁਰਦਿਆਂ ਦੀ ਐਸੋਸੀਏਸ਼ਨ' ਬਣਾ ਕੇ ਉਨ੍ਹਾਂ ਲੋਕਾਂ ਦਾ ਮੁੱਦਾ ਉਭਾਰਿਆ ਹੈ, ਜਿਨ੍ਹਾਂ ਨੂੰ ਕੋਈ ਜਿਊਂਦੇ ਨਹੀਂ ਸੀ ਮੰਨਦਾ। ਉਂਜ ਇਸ ਤੋਂ ਪਹਿਲਾਂ ਉਹੀ ਲਾਲ ਬਿਹਾਰੀ ਤਿਵਾੜੀ ਦੋ ਸਾਬਕਾ ਪ੍ਰਧਾਨ ਮੰਤਰੀਆਂ ਰਾਜੀਵ ਗਾਂਧੀ ਅਤੇ ਵੀ ਪੀ ਸਿੰਘ ਦੇ ਵਿਰੁੱਧ ਵੀ ਚੋਣ ਲੜਿਆ ਸੀ ਅਤੇ ਹਰ ਵਾਰੀ ਚੋਣ ਲੜਨ ਤੋਂ ਵੱਧ ਜ਼ੋਰ ਇਸ ਗੱਲ ਉੱਤੇ ਦੇਂਦਾ ਸੀ ਕਿ ਮੈਨੂੰ ਜ਼ਿੰਦਾ ਕਰ ਦਿਓ। 'ਮਰ ਗਿਆ' ਵਜੋਂ ਦਰਜ ਕੀਤਾ ਗਿਆ ਉਹ ਬੰਦਾ ਅਠਾਰਾਂ ਸਾਲ ਕੇਸ ਲੜਨ ਮਗਰੋਂ ਜਦੋਂ ਹਾਈ ਕੋਰਟ ਨੇ ਜ਼ਿੰਦਾ ਮੰਨਿਆ ਸੀ ਤਾਂ ਘਰ ਬੈਠਣ ਦੀ ਥਾਂ ਆਪਣੇ ਵਰਗੇ ਬਾਕੀ 'ਮ੍ਰਿਤਕਾਂ ਦੀ ਐਸੋਸੀਏਸ਼ਨ' ਬਣਾ ਕੇ ਉਨ੍ਹਾਂ ਦੇ ਵਾਸਤੇ ਲੜਨ ਲੱਗ ਪਿਆ। ਲਖਨਊ ਵਿੱਚ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੇ ਮੁਕਾਬਲੇ ਚੋਣ ਲੜਨ ਉਹ ਪਾਰਲੀਮੈਂਟ ਦੀ ਮੈਂਬਰੀ ਲੈਣ ਵਾਸਤੇ ਨਹੀਂ ਸੀ ਗਿਆ, ਸਗੋਂ ਇਸ ਲਈ ਗਿਆ ਸੀ ਕਿ ਦੁਨੀਆ ਨੂੰ ਦੱਸ ਸਕੇ ਕਿ ਭਾਰਤ ਵਿੱਚ 'ਮੁਰਦੇ' ਵੀ ਕੇਸ ਭੁਗਤਦੇ ਫਿਰਦੇ ਹਨ।

ਹਾਲਾਤ ਦਾ ਦੂਸਰਾ ਪਹਿਲੂ ਇਹ ਹੈ ਕਿ ਇਸ ਦੇ ਬਾਅਦ ਵੀ ਉਸੇ ਉੱਤਰ ਪ੍ਰਦੇਸ਼ ਵਿੱਚ ਇਹ ਗੰਦੀ ਖੇਡ ਚੱਲੀ ਜਾਂਦੀ ਹੈ। ਇਹ ਖੇਡ ਇਸ ਲਈ ਚਲਦੀ ਹੈ ਕਿ ਸਾਨੂੰ ਉਸ ਨਿਆਂ ਪਾਲਿਕਾ ਉੱਤੇ ਪੂਰਾ ਭਰੋਸਾ ਹੈ, ਜਿਸ ਬਾਰੇ ਸੁਰਜੀਤ ਪਾਤਰ ਨੇ ਕਿਹਾ ਸੀ : "ਇਸ ਅਦਾਲਤ ਵਿੱਚ ਬੰਦੇ ਬਿਰਖ ਹੋ ਗਏ, ਫੈਸਲੇ ਸੁਣਦਿਆਂ-ਸੁਣਦਿਆਂ ਸੁੱਕ ਗਏ, ਆਖੋ ਇਨ੍ਹਾਂ ਨੂੰ ਕਿ ਉੱਜੜੇ ਘਰੀਂ ਜਾਣ ਹੁਣ, ਇਹ ਕਦੋਂ ਤੱਕ ਏਥੇ ਖੜ੍ਹੇ ਰਹਿਣਗੇ!" ਇਸ ਵਰਤਾਰੇ ਦੀ ਇੱਕ ਤਾਜ਼ਾ ਮਿਸਾਲ ਇਹ ਹੈ ਕਿ ਇੱਕ ਕੇਸ ਜਨਵਰੀ 2017 ਵਿੱਚ ਦਰਜ ਹੋਇਆ ਸੀ, ਬੀਤੀ 15 ਨਵੰਬਰ ਨੂੰ ਉਸ ਦੀ ਅਗਲੀ ਤਰੀਕ ਪਈ ਤੇ ਇਹ ਨਵੀਂ ਤਰੀਕ ਅਗਲੇ ਦਸੰਬਰ ਮਹੀਨੇ ਦੀ ਨਹੀਂ, ਅਗਲੇ ਸਾਲ ਮਈ ਦੇ ਤੀਸਰੇ ਦਿਨ ਦੀ ਪਈ ਹੈ। ਮੁਕੱਦਮਾ ਇੱਕ ਬਹੁਤ ਵੱਡੇ ਆਦਮੀ ਬਾਰੇ ਹੈ। ਜਦੋਂ ਮੁਕੱਦਮਾ ਕਿਸੇ ਰਸੂਖਦਾਰ ਵਿਰੁੱਧ ਹੋਇਆ ਹੋਵੇ, ਏਦਾਂ ਅਕਸ ਰਹੋ ਜਾਂਦਾ ਹੈ ਅਤੇ ਇਸ ਉੱਤੇ ਕੋਈ ਹੈਰਾਨੀ ਪ੍ਰਗਟ ਨਹੀਂ ਕੀਤੀ ਜਾ ਸਕਦੀ। ਭਾਰਤ ਦੇ ਲੋਕਾਂ ਦੀ ਸੰਵੇਦਨਸ਼ੀਲਤਾ ਇਸ ਤੋਂ ਸਮਝ ਆ ਜਾਂਦੀ ਹੈ ਕਿ ਜ਼ਿੰਦਾ ਹੋਣ ਦਾ ਸੰਘਰਸ਼ ਕਰਦਾ ਖੇਲਈ ਨਾਂਅ ਦਾ 'ਮੁਰਦਾ' ਅਦਾਲਤ ਦੇ ਦਰਵਾਜ਼ੇ ਉੱਤੇ ਜਾ ਕੇ ਜਦੋਂ ਸਚਮੁੱਚ ਮਰ ਗਿਆ ਤਾਂ ਭਾਰਤੀ ਮੀਡੀਏ ਦੇ ਵੱਡੇ ਹਿੱਸੇ ਲਈ ਉਸ ਦੀ ਖਬਰ ਵੀ ਖਬਰ ਨਹੀਂ ਸੀ, ਬਹੁਤ ਸਾਰੇ ਅਖਬਾਰਾਂ ਵਿੱਚ ਇਹ ਖਬਰ ਨਹੀਂ ਲੱਭੀ ਤੇ ਦਿੱਲੀ ਵਿੱਚ ਕੁੱਤਾ ਮਰੇ ਤੋਂ ਉਸ ਦੀ ਨਿੱਕੀ-ਨਿੱਕੀ ਵੰਨਗੀ ਪਰੋਸਣ ਵਾਲੇ ਟੀ ਵੀ ਚੈਨਲਾਂ ਵਾਲਿਆਂ ਵਿੱਚੋਂ ਵੀ ਬਹੁਤਿਆਂ ਨੂੰ ਇਸ ਖਬਰ ਉੱਤੇ ਪੰਜ-ਸੱਤ ਮਿੰਟ ਫੂਕਣੇ ਜਾਇਜ਼ ਨਹੀਂ ਸੀ ਲੱਗੇ। ਹੇ ਭਾਰਤ ਮਾਂ!

# ਉਹ ਹੱਤਿਆ, ਜਿਸ ਤੋਂ ਤੰਦੂਰ ਕਾਂਡ ਵੀ ਸ਼ਰਮਾ ਗਿਆ

ਸੁਲਘਦੇ ਸਵਾਲ

ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਵਿਆਹ ਬੰਧਨ 'ਚ ਬੱਝਣ ਲਈ ਵੱਖ-ਵੱਖ ਧਰਮਾਂ ਦੇ ਲੋਕ ਵੱਖ-ਵੱਖ ਤਰੀਕੇ ਅਪਣਾਉਂਦੇ ਹਨ। ਵਿਆਹ ਸਦੀਵੀ ਰਹੇ, ਇਸ ਲਈ ਪੱਤਰੀਆਂ, ਟੇਵਿਆਂ, ਗੋਤਾਂ ਆਦਿ ਨੂੰ ਦੇਖ ਕੇ ਪਾਂਧੇ-ਪੰਡਿਤਾਂ ਅਤੇ ਭਾਈਆਂ ਆਦਿ ਤੋਂ ਪੁੱਛਿਆ ਜਾਂਦਾ ਹੈ। ਮਕਸਦ ਇਹ ਹੁੰਦਾ ਹੈ ਕਿ ਵਿਆਹੀ ਜਾਣ ਵਾਲੀ ਜੋੜੀ ਸਦਾ ਵਸਦੀ-ਰਸਦੀ ਰਹੇ। ਪੇਕਿਆਂ ਨੂੰ ਸਦਾ ਹੀ ਧੀ ਦੇ ਸਹੁਰਿਆਂ ਵੱਲੋਂ ਸੁੱਖ ਦਾ ਸੁਨੇਹਾ ਆਉਂਦਾ ਰਹੇ। ਇਸ ਲਈ ਜੇ ਲੋੜ ਪਵੇ ਤਾਂ ਵਿਆਹ ਤੋਂ ਪਹਿਲਾਂ ਉਪਾਅ ਵੀ ਕਰਵਾ ਲਏ ਜਾਂਦੇ ਹਨ। ਜਿਸ ਲਈ ਦਾਨ-ਦਕਸ਼ਣਾ ਵੀ ਦਿੱਤੀ ਜਾਂਦੀ ਹੈ। ਫਿਰ ਜਾਤੀ ਅਤੇ ਧਰਮ ਮੁਤਾਬਕ ਚਾਰ ਫੇਰੇ, ਸੱਤ ਫੇਰੇ, ਕਬੂਲ ਹੈ ਕਬੂਲ ਹੈ ਕਹਿਣਾ ਪੈਂਦਾ ਹੈ। ਪਿਆਰ 'ਚ ਆਈ ਲਵ ਯੂ ਅਤੇ ਆਈ ਟੂ ਕਿਹਾ ਜਾਂਦਾ ਹੈ। ਘੱਟੋ-ਘੱਟ ਖਰਚ ਨਾਲ ਸਾਦਾ ਵਿਆਹ ਅਤੇ ਜ਼ਿਆਦਾ ਪੈਸੇ ਨਾਲ ਸ਼ਾਹੀ ਵਿਆਹ ਰਚਾਏ ਜਾਂਦੇ ਹਨ। ਇਨ੍ਹਾਂ ਵਿਆਹਾਂ ਵਿੱਚ ਬਿਨਾਂ ਦਾਜ ਦੇ ਵਿਆਹ ਵੀ ਸੰਪੂਰਨ ਹੁੰਦੇ ਹਨ ਅਤੇ ਮੂੰਹੋਂ ਮੰਗਿਆ ਦਾਜ ਵੀ ਲਿਆ ਅਤੇ ਦਿੱਤਾ ਜਾਂਦਾ ਹੈ। ਨਾਲ ਹੀ ਛੋਟੀ ਬਰਾਤ ਵਾਲੇ ਵੀ ਅਤੇ ਆਸ ਤੋਂ ਜ਼ਿਆਦਾ ਬਰਾਤੀ ਵੀ ਸ਼ਾਮਲ ਹੁੰਦੇ ਹਨ ਪਰ ਇਨ੍ਹਾਂ ਸਾਰਿਆਂ ਵਿਆਹਾਂ ਵਿੱਚ ਕੋਈ ਅਜਿਹਾ ਵਿਆਹ ਇਸ ਗੱਲ ਦੀ ਗਰੰਟੀ ਨਹੀਂ ਕਰਦਾ ਕਿ ਅਗਰ ਤੁਸੀਂ ਇਸ ਤਰੀਕੇ ਨਾਲ ਵਿਆਹ ਕਰੋਗੇ ਤਾਂ ਕੋਈ ਮੁਸ਼ਕਲ ਨਹੀਂ ਆਵੇਗੀ। ਸਗੋਂ ਇਸ ਦੇ ਉਲਟ ਚਾਰ ਲਾਵਾਂ ਲੈਣ ਵਾਲੇ ਵਿਆਹ ਅਤੇ ਸੱਤ ਫੇਰੇ ਲੈਣ ਵਾਲੇ ਵਿਆਹ ਵੀ ਗ਼ਲਤ ਫਹਿਮੀਆਂ ਕਰਕੇ ਟੁੱਟ ਜਾਂਦੇ ਹਨ। ਕਬੂਲ ਹੈ, ਕਬੂਲ ਹੈ, ਕਹਿਣ ਵਾਲੇ ਵੀ ਅਲੱਗ ਹੋ ਜਾਂਦੇ ਹਨ। ਹੋਰ ਤਾਂ ਹੋਰ ਆਈ ਲਵ ਯੂ, ਆਈ ਟੂ, ਕਹਿਣ ਵਾਲੇ ਵੀ ਅਲੱਗ ਹੋ ਜਾਂਦੇ ਹਨ। ਵਿਆਹ ਤੋਂ ਪਹਿਲਾਂ ਅਤੇ ਵਿਆਹ ਤੋਂ ਬਾਅਦ ਜੋੜੀ ਨੂੰ ਇੱਕ ਦੂਜੇ ਦੇ ਸੁਭਾਅ ਨੂੰ ਸਮਝਣ ਅਤੇ ਉਸ ਦਾ ਸਤਿਕਾਰ ਕਰਨਾ ਚਾਹੀਦਾ ਹੈ। ਵਿਆਹ ਸਦੀਵੀ ਰਹੇ, ਇਸ ਬਾਬਤ ਇੱਕ ਵਾਰ ਗੁਰਬਖ਼ਸ਼ ਸਿੰਘ ਪ੍ਰੀਤ ਲੜੀ ਨੇ ਲਿਖਿਆ ਸੀ ਕਿ ਵਿਆਹੀ ਜੋੜੀ 'ਚ ਕਦੇ ਵੀ ਰੋਸੇ 'ਚ ਰਾਤ ਨਹੀਂ ਪੈਣ ਦੇਣੀ ਚਾਹੀਦੀ। ਭਾਵ ਰਾਤ ਤੋਂ ਪਹਿਲਾਂ ਰਾਜ਼ੀਨਾਵਾਂ।

ਜਿਹੜਾ ਕਤਲ ਕਾਂਡ ਆਫ਼ਤਾਫ਼ ਅਮੀਨ ਪੂਨੇਵਾਲੇ ਨੇ ਆਪਣੀ ਉਮਰ ਦੇ ਤਿੰਨ ਦਹਾਕੇ ਹੋਣ ਤੋਂ ਝੱਟ ਬਾਅਦ ਕਰ ਸਮਾਜ ਵਿੱਚ ਥਰਥੱਲੀ ਮਚਾ ਦਿੱਤੀ ਹੈ। ਜਿਸ ਨੇ ਦਿੱਲੀ ਦਾ ਪਿਛਲਾ ਤੰਦੂਰ ਕਾਂਡ ਵੀ ਭੁਲਾ ਦਿੱਤਾ ਹੈ, ਜਿਸ ਨੇ ਸਮੁੱਚੇ ਸਮਾਜ ਨੂੰ ਹਿਲਾ ਕੇ ਰੱਖ ਦਿੱਤਾ ਹੈ। ਜਿਸ ਲਈ ਵਕੀਲਾਂ ਸਮੇਤ ਸਭ ਫ਼ਾਂਸੀ ਦੀ ਸਜ਼ਾ ਮੰਗ ਰਹੇ ਹਨ। ਜਿਸ ਹੱਤਿਆ ਕਾਂਡ ਵਿੱਚ ਆਫ਼ਤਾਫ਼ ਅਮੀਨ ਪੂਨਾ ਵਾਲਾ ਨੇ ਉਸ ਆਪਣੀ ਸ਼ਰੱਧਾ ਵਾਕਰ ਪ੍ਰੇਮਕਾ ਦਾ ਬੇਰਹਿਮੀ ਨਾਲ ਕਤਲ ਕਾਂਡ ਕੀਤਾ ਹੈ ਜੋ ਇਸ ਦੀ ਖਾਤਰ ਪਿਆਰ ਵਿੱਚ ਅੰਨ੍ਹੀ ਹੋਈ ਆਪਣੇ ਮਾਂ-ਬਾਪ ਨੂੰ ਇਹ ਕਹਿੰਦੀ ਹੋਈ ਇਸ ਨਾਲ ਤੁਰ ਪਈ ਸੀ ਕਿ "ਅੱਜ ਤੋਂ ਤੁਸੀਂ ਮੇਰੇ ਨਹੀਂ ਰਹੇ, ਮੈਂ ਤੁਹਾਡੀ ਨਹੀਂ ਰਹੀ," ਤੁਸੀਂ ਮੇਰੇ ਲਈ ਮਰ ਗਏ ਮੈਂ ਤੁਹਾਡੇ ਲਈ ਮਰ ਗਈ ਸਮਝੋ।

ਇਕੋ ਕੰਪਨੀ 'ਚ ਕੰਮ ਕਰਦਿਆਂ ਨੂੰ ਇੱਕ ਦੂਜੇ ਨਾਲ ਅਥਾਹ ਪਿਆਰ ਹੋ ਗਿਆ। ਸ਼ਰੱਧਾ ਵਾਕਰ ਤਾਂ ਪਿਆਰ 'ਚ ਅੰਨ੍ਹੀ ਹੋਈ ਫਿਰਦੀ ਸੀ। ਜਿਸ ਨੇ ਪਰਵਾਰ ਦੀ ਬਜਾਏ ਆਪਣੇ ਪ੍ਰੇਮੀ ਆਫ਼ਤਾਫ਼ ਨੂੰ ਤਰਜੀਹ ਦਿੱਤੀ। ਜਿਸ ਨੇ 2019 ਦੇ ਸ਼ੁਰੂਆਤ ਵਿੱਚ ਲਿਵ-ਇਨ ਰਿਲੇਸ਼ਨ 'ਚ ਰਹਿਣਾ ਸ਼ੁਰੂ ਕਰ ਦਿੱਤਾ। ਕਤਲ ਦੀ ਨੌਬਤ ਤੱਕ ਪਹੁੰਚਣ ਤੱਕ ਕਾਤਲ ਬੁੱਚੜ 'ਚ ਫਾਸਲਾ ਰਖੋ ਆਫ਼ਤਾਫ ਹੋਰ ਲੜਕੀਆਂ ਦੇ ਸੰਪਰਕ 'ਚ ਆ ਗਿਆ। ਜਿਨ੍ਹਾਂ ਨਾਲ ਉਹ ਫ਼ੋਨ 'ਤੇ ਰਹਿੰਦਾ, ਕਈਆਂ ਨੂੰ ਆਪਣੇ ਘਰ ਲਿਆਉਣ ਲਗ ਪਿਆ। ਸ਼ਰੱਧਾ ਵੱਲੋਂ ਟੋਕਣ ਅਤੇ ਰੋਕਣ 'ਤੇ ਲੜਾਈ-ਝਗੜਾ ਸ਼ੁਰੂ ਹੋ ਗਿਆ। ਜਿਹੜਾ ਝਗੜਾ 18 ਮਈ 2022 ਤੱਕ ਪਹੁੰਚ ਕੇ ਕਤਲ ਦਾ ਰੂਪ ਧਾਰਨ ਕਰ ਗਿਆ। ਦੋਸ਼ੀ ਦੇ ਦੱਸਣ ਮੁਤਾਬਕ ਸ਼ਰੱਧਾ ਵਿਆਹ ਕਰਾਉਣ ਲਈ ਜ਼ੋਰ ਪਾ ਰਹੀ ਸੀ ਪਰ ਦੋਸ਼ੀ ਨੂੰ ਇਹ ਮੰਨਜ਼ੂਰ ਨਹੀਂ ਸੀ। ਉਸ ਹੀ ਰਾਤ ਝਗੜਾ ਏਨਾ ਵਧ ਗਿਆ ਕਿ ਦੋਸ਼ੀ ਨੇ ਸ਼ਰੱਧਾ ਦਾ ਗਲਾ ਘੁੱਟ ਕੇ ਉਸ ਦੀ ਹੱਤਿਆ ਕਰ ਦਿੱਤੀ।

ਉਪਰੋਕਤ ਹੱਤਿਆ ਦੀ ਕਹਾਣੀ ਇਥੇ ਹੀ ਨਹੀਂ ਮੁੱਕੀ। ਉਸ ਅਭਾਗੀ ਰਾਤ ਉਹ ਲਾਸ਼ ਪਾਸ ਹੀ ਸੁੱਤਾ। ਲਾਸ਼ ਨੂੰ ਕਿਵੇਂ ਟਿਕਾਣੇ ਲਾਉਣਾ ਹੈ ਸੋਚਦਾ ਰਿਹਾ। ਨੈੱਟ 'ਤੇ ਸਰਚ ਕਰਦਾ ਰਿਹਾ। ਅਖੀਰ ਅਗਲੇ ਦਿਨ ਬਜ਼ਾਰ ਗਿਆ। ਫਰਿਜ ਅਤੇ ਆਰੀ (ਲਾਸ਼ ਕੱਟਣ ਲਈ) ਖਰੀਦ ਲਿਆਇਆ। ਉਸ ਮੁਤਾਬਕ 35 ਟੁਕੜੇ ਕੀਤੇ। ਉਨ੍ਹਾਂ ਨੂੰ ਪਾਲੀਥੀਨ ਦੇ ਲਿਫਾਫਿਆਂ ਵਿੱਚ ਪੈਕ ਕਰਕੇ ਫਰਿਜ 'ਚ ਰੱਖਦਾ ਰਿਹਾ। ਫਿਰ ਉਨ੍ਹਾਂ ਟੁਕੜਿਆਂ ਨੂੰ 19 ਮਈ ਤੋਂ ਲੈ ਕੇ 5 ਜੂਨ ਤੱਕ ਰਾਤ ਦੇ ਦੋ ਵਜੇ ਘਰੋਂ ਨਿਕਲ ਕੇ ਛਤਰਪੁਰ ਦੇ ਜੰਗਲਾਂ 'ਚ ਸੁੱਟਦਾ ਰਿਹਾ। ਉਹ ਦਿਨੋ ਦਿਨ ਇਸ ਕਰਕੇ ਮਜ਼ਬੂਤ ਹੁੰਦਾ ਗਿਆ ਕਿ ਜੋ ਉਸ ਨੇ ਕੀਤਾ ਹੈ ਇਹ ਏਨਾ ਅਨੋਖਾ ਹੈ ਕਿ ਮੈਂ ਫੜਿਆ ਹੀ ਨਹੀਂ ਜਾਵਾਂਗਾ। ਮਰਨ ਤੋਂ ਬਾਅਦ ਵੀ ਸ਼ਰੱਧਾ ਦੇ ਕਈ ਅਕਾਊਂਟ ਚਲਾਉਂਦਾ ਰਿਹਾ ਤਾਂ ਕਿ ਕਿਸੇ ਨੂੰ ਮੌਤ ਵਾਰੇ ਵੀ ਪਤਾ ਨਾ ਲੱਗੇ। ਸਿਆਣੇ ਆਖਦੇ ਹਨ ਕਿ ਇਸ਼ਕ-ਮੁਸ਼ਕ ਅਤੇ ਖ਼ੂਨ ਕਦੇ ਛੁਪੇ ਨਹੀਂ ਰਹਿੰਦੇ। ਸਮਾਂ ਪਾ ਕੇ ਲੋਕਾਂ ਦੀ ਜ਼ਬਾਨ 'ਤੇ ਆ ਹੀ ਜਾਂਦੇ ਹਨ। ਇੱਕ ਕਰੀਬ ਦੋਸਤ ਦਾ ਮੋਬਾਇਲ ਫ਼ੋਨ ਵਾਰ ਵਾਰ ਕਰਨ 'ਤੇ ਨਾ ਉਠਾਉਣਾ ਸ਼ੱਕ ਪੈਣ 'ਤੇ ਸ਼ਰੱਧਾ ਦੇ ਬਾਪ ਨਾਲ ਗੱਲ ਕਰਨੀ। ਬਾਪ ਵੱਲੋਂ ਮਾਨਿਕਪੁਰ ਥਾਣੇ 'ਚ ਗੁੰਮਸ਼ੁਦਗੀ ਦੀ ਰਪਟ ਦਰਜ ਕਰਾਉਣਾ। ਰਪਟ ਵਿੱਚ ਉਨ੍ਹਾਂ ਨੇ ਆਫ਼ਤਾਫ਼ ਨਾਲ ਸ਼ਰੱਧਾ ਦੇ ਸੰਬੰਧਾਂ ਦਾ ਜ਼ਿਕਰ ਕਰਨਾ ਅਤੇ ਸ਼ੱਕ ਕਰਨਾ ਕਿ ਸ਼ਰੱਧਾ ਦੇ ਲਾਪਤਾ ਹੋਣ 'ਚ ਆਫ਼ਤਾਫ਼ ਦਾ ਹੱਥ ਹੋ ਸਕਦਾ ਹੈ।

ਸ਼ਰੱਧਾ ਦਿੱਲੀ ਦੇ ਛਤਰਪੁਰ ਤੋਂ ਲਾਪਤਾ ਹੋਈ ਸੀ। ਇਸ ਕਰਕੇ ਮਹਾਰਾਸ਼ਟਰ ਦੀ ਪੁਲਸ ਨੇ ਰਿਪੋਰਟ ਦਿੱਲੀ ਦੇ ਮਹਿਰੋਲੀ ਪੁਲਸ ਸਟੇਸ਼ਨ ਨੂੰ ਭੇਜ ਦਿੱਤੀ। ਪਿਤਾ ਦੀ ਇਸ ਰਿਪੋਰਟ 'ਤੇ ਜਾਂਚ-ਪੜਤਾਲ ਸ਼ੁਰੂ ਕਰ ਦਿੱਤੀ। ਆਫ਼ਤਾਫ਼ ਦੀ ਗ੍ਰਿਫ਼ਤਾਰੀ ਹੋਈ। ਪੁਲਸ ਦੀ ਸਖ਼ਤੀ ਤੋਂ ਬਾਅਦ ਫਿਰ ਉਸ ਨੇ ਸੱਚ ਬਕਣਾ ਸ਼ੁਰੂ ਕਰ ਦਿੱਤਾ ਕਿ ਮੇਰਾ ਆਪਣੀ ਪ੍ਰੇਮਿਕਾ ਸ਼ਰੱਧਾ ਦਾ ਕਤਲ 18 ਮਈ 2022 ਨੂੰ ਡੀ-93/1 ਛੱਤਰਪੁਰ 'ਚ ਕੀਤਾ ਸੀ। ਮੇਰਾ ਝਗੜਾ ਸ਼ਰੱਧਾ ਨਾਲ ਵਿਆਹ ਸੰਬੰਧੀ ਹੋਇਆ, ਜੋ ਏਨਾ ਵੱਧ ਗਿਆ ਕਿ ਮੈਂ ਉਸ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ। ਫਿਰ ਫਰਿਜ, ਆਰੀ ਅਤੇ 35 ਟੁਕੜਿਆਂ ਵਿੱਚ ਲਾਸ਼ ਨੂੰ ਕੱਟਣ ਅਤੇ 19 ਮਈ ਤੋਂ ਬਾਅਦ 5 ਜੂਨ ਤੱਕ ਥੋੜ੍ਹੇ ਥੋੜ੍ਹੇ ਟੁਕੜੇ ਲਿਜਾ ਕੇ ਰਾਤ ਨੂੰ ਜੰਗਲ 'ਚ ਅਲੱਗ-ਅਲੱਗ ਥਾਵਾਂ 'ਚ ਸੁੱਟਦਾ ਰਿਹਾ। ਜਿਸ ਟੁਕੜਿਆਂ ਦੀਆਂ ਕੁਝ ਹੱਡੀਆਂ ਬਰਾਮਦ ਹੋ ਚੁੱਕੀਆਂ ਹਨ। ਬਾਕੀ ਟੁਕੜਿਆਂ ਦੀ ਤਲਾਸ਼ ਹੋ ਰਹੀ ਹੈ। ਡੀ ਐਨ ਏ ਦਾ ਟੈਸਟ ਹੋਵੇਗਾ, ਨਾਰਕੋ ਟੈਸਟ ਵੀ ਹੋਵੇਗਾ-ਸਭ ਪਤਾ ਲੱਗ ਜਾਵੇਗਾ। ਆਰੀ, ਫੋਨ, ਕੱਪੜੇ ਆਦਿ ਬਰਾਮਦ ਹੋਣੇ ਬਾਕੀ ਹਨ।

ਜਿਵੇਂ ਉਪਰੋਕਤ ਘਟਨਾ ਨੇ ਸਭ ਨੂੰ ਹਿਲਾ ਕੇ ਰੱਖ ਦਿੱਤਾ ਹੈ। ਕਾਨੂੰਨ ਮੁਤਾਬਕ ਕਤਲ ਕੇਸ ਦੀ ਨੱਬੇ ਦਿਨਾਂ ਵਿੱਚ ਤਫ਼ਤੀਸ਼ ਪੂਰੀ ਕਰਕੇ ਚਲਾਨ ਦੇਣਾ ਹੁੰਦਾ ਹੈ। ਇਹ ਤਫ਼ਤੀਸ਼ੀ ਟੀਮ ਦਾ ਫ਼ਰਜ਼ ਬਣਦਾ ਹੈ ਕਿ ਉਹ ਆਪਣਾ ਪੂਰਾ ਧਿਆਨ ਅਤੇ ਸਮਾਂ ਦੇ ਕੇ ਮਿੱਥੇ ਸਮੇਂ ਤੋਂ ਪਹਿਲਾਂ ਅਦਾਲਤ 'ਚ ਚਲਾਨ ਪੇਸ਼ ਕਰੇ। ਇਸ ਕੇਸ ਵਿੱਚ ਭਾਵੇਂ ਕੋਈ ਮੌਕੇ ਦਾ ਗਵਾਹ (ਆਈ ਵਿਟਨਸ) ਨਹੀਂ ਹੈ ਫਿਰ ਵੀ ਸੁਚੱਜੀ ਟੀਮ ਆਪਣੀ ਮਿਹਨਤ ਨਾਲ ਸਭ ਲਿੰਕ ਜੋੜ ਸਕਦੀ ਹੈ। ਸਭ ਟੈਸਟ ਲੇਟਸ ਤਕਨੀਕ ਨਾਲ ਕਰਕੇ ਹਲਾਤ ਦੇ ਬਿਨਾਅ 'ਤੇ ਗਵਾਹੀਆਂ ਭੁਗਤਾ ਕੇ ਦੋਸ਼ੀ ਨੂੰ ਜਲਦੀ ਤੋਂ ਜਲਦੀ ਬਣਦੀ ਸਖ਼ਤ ਸਜ਼ਾ ਦਿਵਾਈ ਜਾਵੇ ਤਾਂ ਕਿ ਸਮੁੱਚੀ ਜਨਤਾ ਦਾ ਕਾਨੂੰਨ ਅਤੇ ਅਦਾਲਤਾਂ 'ਤੇ ਭਰੋਸਾ ਬਣਿਆ ਰਹੇ। ਸਮੇਂ ਸਿਰ ਤਫ਼ਤੀਸ਼, ਸਮੇਂ ਸਿਰ ਚਲਾਨ ਅਤੇ ਸਮੇਂ ਸਿਰ ਗਵਾਹੀਆਂ ਦੇ ਬਿਆਨ ਅਤੇ ਮਿਸਾਲੀ ਸਜ਼ਾ ਅਵਾਮ ਦਾ ਭਰੋਸਾ ਜਿੱਤੇਗੀ। ਅਜਿਹਾ ਹੋਣ ਨਾਲ ਏਜੰਸੀਆਂ ਵੀ ਅਦਾਲਤੀ ਟਿੱਪਣੀਆਂ ਤੋਂ ਛੁਟਕਾਰਾ ਪਾ ਸਕਣਗੀਆਂ। ਅਜਿਹਾ ਸਭ ਹੋਣ ਨਾਲ ਦੁਖੀ ਪਰਵਾਰਾਂ ਨੂੰ ਸਮੇਂ ਸਿਰ ਇਨਸਾਫ਼ ਮਿਲਣ ਦਾ ਅਨੁਭਵ ਹੋਣ ਲੱਗੇਗਾ। ਅਜਿਹਾ ਇਨਸਾਫ਼ ਹੁੰਦਾ ਦਿਸਣਾ ਵੀ ਚਾਹੀਦਾ ਹੈ।

# ਸੰਪਰਕ : 98721-65741

## ਨਾਨਕ ਪਰ੍ਹਿਆ

ਰਾਤੀਂ ਸਾਡੀ ਨਿੰਦਰ ਵੱਲੇ
ਆਣ ਖ਼ੁਦਾਈ ਢੁੱਕੀ
ਨਾ ਈ ਸੋਣ 'ਤੇ ਗੱਲ ਬਣੀ,
ਨਾ ਜਾਗਣ ਤੇ ਮੁੱਕੀ
ਪੂਰੀ ਰਾਤ ਅਸੀਂ ਇੱਕ ਬੰਨਿਓਂ
ਤਾਰਾ ਤਾਰਾ ਕਰਕੇ ਖੋਲ੍ਹੀ,
ਨਾਲੇ ਖੋਲ ਪੜ੍ਹੀ
ਵਿੱਚ ਵਿੱਚ ਪੜ੍ਹਦਿਆਂ ਐਵੇਂ ਲੱਗਿਆ
ਜਿਓਂ ਤੇਰੇ ਗੋਡੇ ਨਾਲ ਲੱਗ ਕੇ
ਤੇਰੇ ਕੋਲ ਪੜ੍ਹੀ
ਤੇਰੀ 'ਸੁਣਨੀ' ਭਰੇ ਦਲੀਲਾਂ
ਨਾਲੇ 'ਸਪਤੀ' ਛਿੱਟੇ' ਮੁੜ ਮੁੜ
ਸਾਡੇ ਮੂੰਹ 'ਤੇ ਮਾਰੇ
ਨਾ ਤੂੰ ਛਿੱਟੇ ਮਾਰਨੋਂ ਮੁੜਿਆ
ਨਾ ਅਸੀਂ ਅੱਖ ਚੁੱਕੀ
ਰਾਤੀਂ ਸਾਡੀ ਨੀਂਦਰ ਵੱਲੇ
ਆਣ ਖ਼ੁਦਾਈ ਢੁੱਕੀ
ਤੇਰਾ ਆਖ਼ਰੀ ਛਿੱਟਾ ਆਖੇ
ਇੱਕ ਥਾਂ ਕਰ ਮੁੜ ਪਾਣੀ
ਤਾਂ ਜੇ ਰੁੱਸਿਆ ਖ਼ਿਜ਼ਰ ਤਿਰਾ ਫ਼ਿਰ
ਤੇਰੇ ਵੇੜ੍ਹੇ ਢੁਕੇ
ਤੇਰੀ ਕੰਡ 'ਤੇ ਲੱਦੀਆਂ ਹੋਈਆਂ
ਸਦੀਆਂ ਨੂੰ ਮੁੜ ਚੁੱਕੇ
ਲੱਭ ਲੱਭ, ਫੜ ਫੜ ਤੇਰੇ ਬੂਹੇ
ਛੱਡ ਜਾਏ "ਮੁੰਡਲ ਹਾਣੀ"
ਇੱਕ ਥਾਂ ਕਰ ਮੁੜ ਪਾਣੀ
ਇੱਕ ਥਾਂ ਕੀਤਾ ਤੇਰਾ ਪਾਣੀ
ਤਾਰਿਆਂ ਦਾ ਮੂੰਹ ਧੋਵੇ
ਤਾਰਿਆਂ ਦਾ ਮੁੜ ਚਾਨਣ ਆ ਕੇ
ਸਾਰਿਆਂ ਦਾ ਮੂੰਹ ਧੋਵੇ
ਸਭ ਨੂੰ ਵੱਤਰ ਢੁਕੇ, ਰਹਿ ਜਾਏ
ਨਾ ਗਿੱਲੀ ਨਾ ਸੁੱਕੀ
ਰਾਤੀਂ ਸਾਡੀ ਨੀਂਦਰ ਵੱਲੇ
ਆਣ ਖ਼ੁਦਾਈ ਢੁੱਕੀ।

- ਡਾ. ਨਵੀਦ ਸ਼ਹਿਜ਼ਾਦ

# ਆਓ, ਕਿਤਾਬਾਂ ਦੀਆਂ ਬਾਤਾਂ ਪਾਈਏ!

ਡਾਇਰੀ ਦਾ ਪੰਨਾ

ਨਿੰਦਰ ਘੁਗਿਆਣਵੀ

ਪਿਛਲੇ ਦਿਨੀਂ ਮੈਨੂੰ ਆਪਣੀ ਇਕ ਕਿਤਾਬ ਦੇ ਅੰਗਰੇਜ਼ੀ ਵਿਚ ਹੋ ਰਹੇ ਪ੍ਰਕਾਸ਼ਨ ਸੰਬੰਧੀ ਦਿੱਲੀ ਨੈਸ਼ਨਲ ਬੁੱਕ ਟਰੱਸਟ ਆਫ ਇੰਡੀਆ ਦੇ ਦਫਤਰ ਇਕ ਮੀਟਿੰਗ ਲਈ ਜਾਣਾ ਪੈ ਗਿਆ। ਨਹਿਰੂ ਭਵਨ ਦੇ ਨਾਂਅ ਹੇਠ ਇੰਡਸਟ੍ਰੀਅਲ ਏਰੀਏ ਵਿਚ ਬਣਿਆ ਹੋਇਆ ਇਹ ਇਕ ਖ਼ੂਬਸੂਰਤ 'ਸਾਹਿਤਕ ਦਫਤਰ' ਹੈ ਤੇ ਇਹ ਭਾਰਤ ਸਰਕਾਰ ਦੇ ਸਿੱਖਿਆ ਵਿਭਾਗ ਦੇ ਅਧੀਨ ਕੰਮ ਕਰਦਾ ਹੈ। ਇਥੇ ਆਣ ਕੇ ਮੈਨੂੰ ਲੱਗਿਆ ਕਿ ਏਥੇ ਅੱਖਰ ਬੋਲਦੇ ਨੇ, ਰਸ ਘੋਲਦੇ ਨੇ ਤੇ ਸ਼ਬਦ ਆਪੋ ਵਿੱਚੀ ਰਲਮਿਲ ਕੇ ਗਾਉਂਦੇ ਨੇ। ਜਿੱਧਰ ਦੇਖੋ, ਕਿਤਾਬਾਂ ਹੀ ਕਿਤਾਬਾਂ ਦੀਦਾਰ ਦਿੰਦੀਆਂ ਨੇ। ਭਾਰਤ ਦੀ ਹਰੇਕ ਭਾਸ਼ਾ ਵਿਚ ਕਿਤਾਬਾਂ ਆਪ ਨੂੰ 'ਜੀਓ ਆਇਆਂ' ਆਖਣਗੀਆਂ ਤੇ ਆਪ ਦਾ ਮਨ ਕਿਤਾਬ ਖਰੀਦ ਕੇ ਝੋਲੇ 'ਚ ਪਾਉਣ ਨੂੰ ਆਪ-ਮੁਹਾਰੇ ਕਰ ਆਏਗਾ, ਭਾਸ਼ਾ ਚਾਹੇ ਕੋਈ ਵੀ ਕਿਉਂ ਨਾ ਹੋਵੇ! ਏਥੇ ਕਿਤਾਬਾਂ ਪਾਠਕ ਨੂੰ ਆਵਾਜਾਂ ਮਾਰਦੀਆਂ ਪ੍ਰਤੀਤ ਹੁੰਦੀਆਂ ਜਾਪੀਆਂ ਨੇ ਮੈਨੂੰ। ਥੱਲੜੇ ਫਲੋਰ ਉਤੇ ਕਿਤਾਬਾਂ ਦੀ ਭਾਰੀ ਭਰਕਮ ਹੱਟ ਹੈ, ਜੋ ਦੋ ਮੰਜ਼ਲੀ ਹੈ। ਗੋਲ ਘੇਰੇ ਵਿਚ ਗੇੜਾ ਕੱਢੋ ਤੇ ਕਿਤਾਬਾਂ ਦੀ ਪਰਿਕਰਮਾ ਕਰੋ, ਮਨ ਖੁਸ਼ ਹੋ ਜਾਂਦਾ ਹੈ, ਜਿਵੇਂ ਕਿਸੇ ਸਦਾ-ਬਹਾਰ ਬੁੱਕ ਫੇਅਰ 'ਚ ਫਿਰ ਰਹੇ ਹੋਈਏ। ਭਾਰਤ ਦੀ ਹਰ ਜ਼ੁਬਾਨ ਦੀ ਭਾਸ਼ਾ 'ਚ ਛਪੀ ਹੋਈ, ਖਾਸ ਕਰ ਸਾਹਿਤ, ਕਲਾ, ਖੇਡਾਂ ਇਤਿਹਾਸ, ਮਨੋਵਿਗਿਆਨ ਤੇ ਇਸ ਤੋਂ ਇਲਾਵਾ ਵੰਨ-ਸੁਵੰਨੇ ਵਿਸ਼ਿਆਂ ਬਾਬਤ ਕਿਤਾਬ, ਸਜ-ਧਜ ਕੇ ਆਪਣੇ ਆਲ੍ਹਣੇ 'ਚ ਬੈਠੀ ਦਿਖਾਈ ਦੇਵੇਗੀ ਤੁਹਾਨੂੰ। ਭਾਰਤ ਦੇ ਵੱਖ-ਵੱਖ ਖੇਤਰਾਂ ਦੀਆਂ ਮਹਾਨ ਹਸਤੀਆਂ ਦੇ ਜੀਵਨ ਨਾਲ ਸੰਬੰਧਤ ਕਿਤਾਬਾਂ ਦੇ ਟਾਈਟਲਾਂ ਉਪਰ ਝਾਤੀ ਮਾਰੋਗੇ, ਤਾਂ ਕੋਈ ਉਦਾਸ ਸ਼ਖਸੀਅਤ ਦਿਸੇਗੀ, ਕੋਈ ਮੁਸਕਰਾਉਂਦੀ ਹੋਈ ਸ਼ਖਸੀਅਤ ਤੇ ਕੋਈ ਸੋਚਦੀ ਹੋਈ ਸ਼ਖਸੀਅਤ ਤੇ ਕੋਈ ਖਾਮੋਸ਼ ਬੈਠੀ ਸ਼ਖਸੀਅਤ। ਇਕ ਥਾਵੇਂ ਏਨੀਆਂ ਸ਼ਖਸੀਅਤਾਂ ਦਾ ਮੇਲਾ-ਗੇਲਾ? ਵਾਹ-ਵਾਹ! ਸਾਬਾਸ਼ੇ ਤੁਹਾਡੇ ਨੈਸ਼ਨਲ ਬੁੱਕ ਟਰੱਸਟ ਵਾਲਿਓ! ਪ੍ਰੋ. ਪਰਮਜੀਤ ਰੁਮਾਣਾ ਵੱਲੋਂ ਪਦਮਸ੍ਰੀ ਪ੍ਰੋ. ਗੁਰਦਿਆਲ ਸਿੰਘ ਦੀਆਂ ਅੰਗਰੇਜ਼ੀ 'ਚ ਅਨੁਵਾਦੀਆਂ ਕਹਾਣੀਆਂ ਦੀ ਮੋਟੀ ਕਿਤਾਬ ਨੇ ਮੈਨੂੰ ਜਿਵੇਂ ਹਾਕ ਮਾਰ ਕੇ ਆਖਿਆ, 'ਨਜ਼ਰ ਘੁਮਾ ਕੇ ਨਾ ਲੰਘ, ਫੋਲ ਮੇਰੇ ਵਰਕੇ ਤੇ ਵੇਖ ਮੇਰਾ ਰੰਗ, ਮੈਂ ਆਂ ਤੇਰੇ ਅੰਕਲ ਗੁਰਦਿਆਲ ਸਿੰਘ ਦੀ ਕਿਤਾਬ—।' ਸਵੈ-ਜੀਵਨੀ ਪਈ ਸੀ ਕਰਤਾਰ ਸਿੰਘ ਦੁੱਗਲ ਦੀ ਤੇ ਨਾਲ ਈ ਉਹਦੀਆਂ ਚੋਣਵੀਆਂ ਕਹਾਣੀਆਂ ਦਾ ਅੰਗਰੇਜ਼ੀ ਵਿਚ ਹੋਇਆ ਅਨੁਵਾਦ। ਮੈਂ ਗਾਰਗੀ ਨੂੰ ਲੱਭਣ ਤੁਰਿਆ ਨਾ ਲੱਭਾ। ਸ਼ਿਵ, ਮੀਸ਼ਾ ਤੇ ਸੰਤੋਖ ਸਿੰਘ ਧੀਰ ਨੂੰ ਹਾਲੇ ਲੱਭ ਈ ਰਿਹਾ ਸਾਂ ਕਿ ਬੇਬੇ ਅੰਮ੍ਰਿਤਾ ਬੋਲੀ, 'ਆਹ ਮੈਂ ਸਾਰੀ ਦੀ ਸਾਰੀ ਬੈਠੀ ਆਂ ਇੰਗਲਿਸ਼ 'ਚ ਬੇਟਾ, ਪਰ ਪੜ੍ਹਨਾ ਮੈਨੂੰ ਪੰਜਾਬੀ ਵਿਚ ਈ ਤੁਸਾਂ ਨੇ।' ਵਰਿਆਮ ਸੰਧੂ ਦੀਆਂ ਚੋਣਵੀਆਂ ਕਹਾਣੀਆਂ ਦੇ ਨਾਲ ਹੀ ਰਾਮ ਸਰੂਪ ਅਣਖੀ ਅੰਗਰੇਜ਼ੀ 'ਚ ਮੁਸਕਰਾ ਰਿਹਾ ਸੀ। ਦਲੀਪ ਕੌਰ ਟਿਵਾਣਾ ਤੇ ਬਚਿੰਤ ਕੌਰ ਵੀ ਆਪੋ-ਆਪਣੀ ਥਾਂ ਮੱਲੀ ਬੈਠੀਆਂ ਸਨ। ਕਿਆ ਬਾਤਾਂ ਸਨ। ਪੰਜਾਬੀ ਦੇ ਨਾਮਵਰ ਲੇਖਕਾਂ ਦਾ ਮੌਲਿਕ ਸਾਹਿਤ, ਵੰਨ-ਸੁਵੰਨੜਾ ਅਨੁਵਾਦ, ਬਾਲ ਸਾਹਿਤ ਆਦਿ ਕੀ-ਕੀ ਦੱਸਾਂ, ਬਾਗ-ਬਗੀਚੇ ਭਰੇ ਪਏ ਸਨ ਕਿਤਾਬਾਂ ਦੇ। ਸਰਵਣ ਸਿੰਘ ਖੇਡਾਂ ਦੀਆਂ ਬਾਤਾਂ ਲਗਾਤਾਰ ਪਾਈ ਜਾ ਰਿਹੈ, ਸ਼ੁਕਰ ਹੈ ਕਿ ਭਾਰਤ ਸਰਕਾਰ ਦੇ ਇਸ ਅਦਾਰੇ ਨੇ ਉਹਦੀਆਂ ਲਿਖਤਾਂ ਛਾਪ ਕੇ ਸੰਭਾਲ ਰੱਖੀਆਂ ਨੇ। ਸੰਤ ਸਿੰਘ ਸੇਖੋਂ ਅੰਗਰੇਜ਼ੀ ਵਿਚ ਅਨੁਵਾਦ ਹੋਇਆ ਪਿਆ ਸੀ।

********

ਭਾਰਤ ਦੀ ਸਮੁੱਚੀ ਬਾਣੀ ਪਰੰਪਰਾ, ਗੁਰੂਆਂ-ਪੀਰਾਂ ਦੀਆਂ ਜੀਵਨ ਕਥਾਵਾਂ, ਇਤਿਹਾਸ-ਮਿਥਿਹਾਸ, ਕਥਾ ਕਹਾਣੀ, ਨਾਟਕ, ਨਾਵਲ, ਕਵਿਤਾ, ਇਕਾਂਗੀ, ਵਾਰਤਕ, ਸਫਰਨਾਮਾ, ਸਵੈ-ਜੀਵਨੀ ਸਮੇਤ ਹਰ ਤਰ੍ਹਾਂ ਦੀਆਂ ਕਿਤਾਬਾਂ ਦੀਆਂ ਕਤਾਰਾਂ ਲਿਸ਼ਕਣ ਲੰਮੀਆਂ-ਲੰਮੀਆਂ। ਸਿੱਖ ਇਤਿਹਾਸ, ਪੰਜਾਬੀ ਸੱਭਿਆਚਾਰ, ਲੋਕ ਧਾਰਾ, ਗਦਰ ਲਹਿਰ, ਦੇਸ਼ ਭਗਤੀ ਦੇ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਸਿਆਸੀ ਲਾਹਾ ਲੈਣ ਵਾਲਾ ਮੁੱਦਾ ਹੋ ਗਿਆ ਹੈ-ਨਸ਼ੇ

ਵਾਹ-ਵਾਸਤਾ

ਡਾ. ਸ਼ਿਆਮ ਸੁੰਦਰ ਦੀਪਤੀ

ਸਾਰੇ ਪੰਜਾਬੀ ਜਾਣੂ ਹਨ ਅਕਾਲੀ ਸਰਕਾਰ ਵੇਲੇ ਨਸ਼ੇ ਦੀ ਸਥਿਤੀ ਵਿਕਣ ਅਤੇ ਇਸਤੇਮਾਲ ਦੀ ਸਿਖਰ 'ਤੇ ਸੀ। ਕੋਈ ਨਿਵੇਕਲਾ ਹੀ ਹੋਵੇਗਾ, ਜੋ ਇਸ ਦੇ ਸੇਕ ਤੋਂ ਬਚਿਆ ਹੋਵੇਗਾ। ਇਹ ਗੱਲ ਵੀ ਕਹੀ ਜਾਣ ਲੱਗੀ ਕਿ ਅੱਤਵਾਦ ਦੇ ਸਮੇਂ ਹੋਇਆ ਨੌਜਵਾਨ ਜ਼ਿੰਦਗੀਆਂ ਦਾ ਘਾਣ ਏਨਾ ਨਹੀਂ ਸੀ, ਜਿੰਨਾ ਨਸ਼ਿਆਂ ਕਰਕੇ ਹੈ। ਇਸ ਨੂੰ ਮੁੱਦਾ ਬਣਾ ਕੇ ਕਾਂਗਰਸ ਨੇ ਪ੍ਰਚਾਰ ਕੀਤਾ। ਚਾਰ ਹਫ਼ਤੇ ਵਿੱਚ ਨਸ਼ੇ ਨੂੰ ਨਕੇਲ ਪਾਉਣ ਦੀ ਗੱਲ ਕਰਕੇ ਤੇ ਪਾਰਟੀ ਦੇ ਵੱਡੇ ਲੀਡਰ ਵੱਲੋਂ ਹੱਥ ਵਿੱਚ ਗੁਟਕਾ ਸਾਹਿਬ ਲੈ ਕੇ ਸਹੁੰ ਖਾਧੀ ਗਈ। ਇੱਕ ਤਾਂ ਲੋਕਾਂ ਦਾ ਨਸ਼ੇ ਤੋਂ ਤੰਗ ਹੋਣਾ ਤੇ ਉਤੋਂ ਗੁਟਕਾ ਸਾਹਿਬ ਦਾ ਧਾਰਮਿਕ ਪੱਤਾ, ਦੋਹਾਂ ਨੇ ਮਿਲ ਕੇ ਆਪਣਾ ਅਸਰ ਦਿਖਾਇਆ ਤੇ ਰਾਜ ਪਲਟਾ ਖਾ ਗਿਆ। 'ਰਾਜ ਨਹੀਂ ਸੇਵਾ' ਦਾ ਭਾਵ ਕਾਂਗਰਸ ਦੇ ਹੱਥ ਆ ਗਿਆ।

ਲੋਕਾਂ ਦੀਆਂ ਨਜ਼ਰਾਂ ਉਨ੍ਹਾਂ ਚਾਰ ਹਫ਼ਤਿਆਂ 'ਤੇ ਰਹੀਆਂ। ਬਾਕੀ ਜਨਤਾ ਦਾ ਸੁਭਾਅ ਹੈ, ਦੇਖੋ। ਸਮਾਂ ਤਾਂ ਦਿਓ। ਏਨੀ ਲੰਮੀ ਤੁਰੀ ਆ ਰਹੀ ਸਮੱਸਿਆ ਹੈ। ਕਹਿਣ ਤੋਂ ਭਾਵ ਲੋਕਾਂ ਦੀ ਸੁਹਿਰਦਤਾ ਦੇਖੋ, ਉਹ ਖੁਦ ਹੀ ਸਮੱਸਿਆ ਨਾਲ ਜੂਝ ਰਹੇ ਹੁੰਦੇ ਹਨ, ਖੁਦ ਹੀ ਰਾਹਤ ਚਾਹੁੰਦੇ ਹਨ ਤੇ ਮਨੁੱਖੀ ਮਾਨਸਿਕਤਾ ਨੂੰ ਸਮਝਦੇ ਹੋਏ, ਖੁਦ ਹੀ ਇਹ ਮੌਕਾ ਦਿੰਦੇ ਹਨ ਕਿ ਰਾਜਨੇਤਾਵਾਂ ਨੇ ਕਹਿਣਾ ਕਿ ਸਾਡੇ ਕੋਲ ਕਿਹੜਾ ਜਾਦੂ ਦੀ ਛੜੀ ਹੈ। ਲੋਕ ਫਿਰ ਵੀ ਸਵਾਲ ਨਹੀਂ ਕਰਦੇ ਕਿ ਤੁਸੀਂ ਖੁਦ ਕਹਿ ਕੇ ਆਏ ਸੀ, ਖੁਦ ਹੀ ਇਕਰਾਰ ਕੀਤਾ ਸੀ। ਇਸ ਤਰ੍ਹਾਂ ਪੰਜ ਸਾਲ ਲੰਘ ਜਾਂਦੇ ਹਨ।

ਇਸ ਵਾਰ ਅਕਾਲੀਆਂ ਕੋਲ ਤਾਂ ਕਹਿਣ ਨੂੰ ਕੁਝ ਨਹੀਂ ਸੀ, ਕਾਂਗਰਸ ਵੀ ਆਪਣੀ ਹਾਲਤ ਸੁਧਾਰ ਨਹੀਂ ਸਕੀ ਸੀ। ਉਨ੍ਹਾਂ ਦਾ ਆਪਣਾ ਹੀ ਕਲੇਸ਼ ਸੀ। ਤੀਸਰੀ ਧਿਰ ਨੇ ਸਥਿਤੀ ਦੇ ਮੁੱਦੇ ਸਮਝ ਕੇ ਇੱਕ ਨਾਅਰ ਦਿੱਤਾ। ਇੱਕ ਮੌਕਾ ਸਾਨੂੰ ਦਿਓ। ਤੁਸੀਂ ਸੱਤਰ ਸਾਲ ਦੋਹਾਂ ਦੀ ਸਰਕਾਰ ਦੇਖ ਲਈ, ਭਾਵੇਂ ਕਿ ਪੰਜਾਬ ਨੂੰ ਹੋਂਦ ਵਿੱਚ ਆਇਆਂ ਛਿਪੰਜਾ ਸਾਲ ਹੀ ਹੋਏ ਹਨ। ਖੈਰ, ਰਾਜਨੇਤਾਵਾਂ ਨੂੰ ਇਸ ਨਾਲ ਬਹੁਤਾ ਲੈਣਾ-ਦੇਣਾ ਹੁੰਦਾ ਵੀ ਨਹੀਂ। ਲੋਕਾਂ ਦੀ ਸੁਹਿਰਦਤਾ ਦੇਖੋ, ਮੌਕਾ ਦੇ ਦਿੱਤਾ। ਬਦਲਾਅ ਦੀ ਗੱਲ ਹੋਈ, ਹੋ ਗਿਆ। ਭਗਤ ਸਿੰਘ ਦਾ ਨਾਂਅ ਲੈ ਕੇ, ਡਾ. ਅੰਬੇਦਕਰ ਦੀ ਤਸਵੀਰ ਦਿਖਾ ਕੇ ਮੌਕਾ ਮੰਗਿਆ। ਦੋਵੇਂ ਹੀਰੋ ਪੰਜਾਬ ਦੇ ਦਿਲਾਂ ਦੇ ਨੇੜੇ। ਵਾਅਦੇ ਉਨ੍ਹਾਂ ਵੀ ਕੀਤੇ। ਪਾਰਟੀਆਂ ਕਰਦੀਆਂ ਵੀ ਨੇ। ਲੋਕਾਂ ਨੂੰ ਪਤਾ ਨਹੀਂ ਕਿਉਂ ਵਿਸ਼ਵਾਸ ਸੀ ਕਿ ਇਨ੍ਹਾਂ ਨੇ ਬਦਲ ਦੇਣਾ ਹੈ। ਪਰ ਸੱਤ ਮਹੀਨੇ ਵਿੱਚ ਲੋਕਾਂ ਨੇ ਦੇਖ ਲਿਆ ਹੈ ਕਿ ਆਮ ਆਦਮੀ ਪਾਰਟੀ ਕਹਿੰਦੀ ਸੀ, ਕਹਿ ਰਹੀ ਸੀ ਕਿ ਅਕਾਲੀਆਂ ਨੇ ਮਜ਼ੇ ਕਰ ਲਏ, ਕਾਂਗਰਸ ਨੇ ਵੀ ਮੌਜਾਂ ਮਨਾ ਲਈਆਂ, ਇੱਕ ਮੌਕਾ ਸਾਡਾ ਵੀ ਬਣਦਾ ਹੈ, ਅਸੀਂ ਵੀ ਤਾਂ ਇਸ ਪ੍ਰਦੇਸ਼ ਦੇ ਰਹਿਣ ਵਾਲੇ ਹਾਂ, ਭਾਵੇਂ ਪਾਰਟੀ ਦਾ ਸੁਪਰੀਮੋ ਦਿੱਲੀ ਤੋਂ ਹੈ, ਤਾਂ ਕੀ।

ਗੱਲ ਸੀ, ਨਸ਼ੇ ਦੀ ਸਮੱਸਿਆ ਦੀ। ਆਮ ਆਦਮੀ ਪਾਰਟੀ ਨੂੰ ਵੀ ਪਤਾ ਸੀ ਕਿ ਇਹ ਮੁੱਦਾ ਸੰਵੇਦਨਸ਼ੀਲ ਹੈ ਤੇ ਉਸ ਤੋਂ ਵੱਧ ਕਿ ਇਹ 'ਜਿੱਤ ਦਿਵਾਊ' ਮੁੱਦਾ ਹੈ, ਪਰ ਸੱਤ ਮਹੀਨੇ ਬਨਾਮ ਸੱਤਰ ਸਾਲ ਨੂੰ ਲੈ ਕੇ ਲਗਾਤਾਰ ਵੱਡੇ-ਵੱਡੇ ਇਸ਼ਤਿਹਾਰ ਆ ਰਹੇ ਹਨ, ਪਰ ਨਾਲ ਹੀ ਅਖ਼ਬਾਰ ਦੇ ਪਹਿਲੇ ਪੰਨੇ 'ਤੇ ਨਸ਼ਿਆਂ ਨੂੰ ਲੈ ਕੇ, ਨੌਜਵਾਨਾਂ ਦੇ ਸਿਵੇ ਬਲਣ ਦੀਆਂ ਖ਼ਬਰਾਂ ਵੀ ਥਾਂ ਹਾਸਲ ਕਰ ਰਹੀਆਂ ਹੁੰਦੀਆਂ ਹਨ। ਜਿਵੇਂ ਕਿ ਸਰਕਾਰ ਲਈ ਇਹ ਮੁੱਦਾ ਸੱਤਾ ਵਿੱਚ ਲਿਆਉਣ ਵਾਲਾ ਸੀ, ਉਹ ਕੰਮ ਹੋ ਗਿਆ ਹੈ ਤੇ ਹੁਣ ਇਸ ਮੁੱਦੇ ਨੂੰ ਖੂੰਜੇ ਲਾ ਦਿਓ।

ਜਿੱਥੋਂ ਤੱਕ ਨਸ਼ੇ ਦੀ ਗੱਲ ਹੈ, ਪਹਿਲਾਂ ਤਾਂ ਆਬਕਾਰੀ ਨੀਤੀ ਵਿੱਚ ਸ਼ਰਾਬ ਇੱਕ ਕਾਨੂੰਨੀ ਨਸ਼ਾ ਹੈ। ਉਸ ਦੀ ਬੋਲੀ ਹੁੰਦੀ ਹੈ ਤੇ ਸਰਕਾਰ ਲੋਕ ਭਲਾਈ ਦੇ ਕੰਮਾਂ ਲਈ ਪੈਸਾ ਜੁਟਾਉਂਦੀ ਹੈ, ਸ਼ਰਾਬ ਤੋਂ ਮਤਲਬ ਨਸ਼ੇ ਤੋਂ। ਆਮ ਆਦਮੀ ਪਾਰਟੀ ਨੇ ਵਾਅਦੇ ਵੀ ਅਜਿਹੇ ਕੀਤੇ ਨੇ ਕਿ ਮੁਫ਼ਤ-ਮੁਫ਼ਤ ਵਾਲੇ। ਕਈ ਵਾਅਦਿਆਂ 'ਤੇ ਅੱਧੀ-ਪਚੱਧੀ ਮੋਹਰ ਲੱਗੀ ਹੈ ਤੇ ਕਈ ਅਜੇ ਬਾਕੀ ਨੇ, ਜਿਵੇਂ ਔਰਤਾਂ ਦੇ ਖਾਤੇ ਵਿੱਚ ਹਜ਼ਾਰ ਰੁਪਏ ਮਹੀਨਾ। ਇਹ ਵੀ ਖ਼ਬਰਾਂ ਨਾਲ-ਨਾਲ ਨੇ, ਸੱਤਾਂ ਮਹੀਨਿਆਂ ਵਿੱਚ ਸਰਕਾਰ ਨੇ ਤਿੰਨ ਵਾਰੀ ਕਰਜ਼ਾ ਲੈ ਲਿਆ ਹੈ। ਪੈਸਾ ਕਮਾਉਣ ਵਾਲੇ ਜ਼ਰੀਏ ਹਾਲੇ ਹੱਥ ਪੱਲਾ ਨਹੀਂ ਫੜਾ ਰਹੇ। ਆਮ ਆਦਮੀ ਪਾਰਟੀ ਆਪਣੇ ਫੈਲਾਅ ਵਿੱਚ ਰੁੱਝੀ ਹੈ, ਇਹ ਵੀ ਕਾਰਨ ਹੈ, ਬਾਕੀ ਲੋਕ ਵੀ ਸੁਹਿਰਦ ਨੇ ਕਿ ਸਮਾਂ ਦਿਓ, ਦੇਖੋ। ਭਾਵੇਂ ਲੋਕਾਂ ਨੇ ਛੇ ਮਹੀਨੇ ਉਡੀਕਣ ਦੀ ਗੱਲ ਕਹੀ ਸੀ, ਜੋ ਲੰਘ ਗਏ ਨੇ।

ਭ੍ਰਿਸ਼ਟਾਚਾਰ ਨੂੰ ਲੈ ਕੇ ਸਰਕਾਰ ਦਾ ਦਾਅਵਾ ਹੈ ਕਿ 'ਜ਼ੀਰੋ ਟੋਲਰੈਂਸ' ਹੈ, ਕਈ ਪੁਰਾਣੇ ਘੁਟਾਲੇ ਤਫ਼ਤੀਸ਼ ਹੇਠ ਹਨ, ਪਰ ਨਸ਼ੇ ਨੂੰ ਲੈ ਕੇ ਕੋਈ ਹਲਚਲ ਨਹੀਂ ਹੈ।

ਨਸ਼ਿਆਂ ਦੀ ਸਥਿਤੀ ਨੂੰ ਨਜਿੱਠਣ ਲਈ, ਇਸ ਦੀ ਪੂਰੀ ਤਰ੍ਹਾਂ ਵਿਗਿਆਨਕ ਸਮਝ ਚਾਹੀਦੀ ਹੈ। ਜਜ਼ਬਾਤਾਂ ਦਾ ਮਾਮਲਾ ਵੋਟਾਂ ਤੱਕ ਸੀਮਤ ਹੋ ਸਕਦਾ ਹੈ, ਹੁੰਦਾ ਵੀ ਹੈ, ਪਰ ਜੇਕਰ ਕੁਝ ਕਰਨਾ ਹੈ ਤੇ ਕਰਕੇ ਦਿਖਾਉਣਾ ਹੈ ਤਾਂ ਉਸ ਦੇ ਲਈ ਤਿੰਨ ਧਿਰੀ ਪਹੁੰਚ ਚਾਹੀਦੀ ਹੈ।

ਤਿੰਨ ਧਿਰੀ ਸਮਝ ਹੈ ਕਿ ਨਸ਼ੇ ਦਾ ਮਿਲਣਾ, ਨਸ਼ਾ ਕਰਨ ਵਾਲਾ ਵਿਅਕਤੀ ਅਤੇ ਤੀਸਰਾ ਹੈ, ਉਹ ਮਾਹੌਲ ਜੋ ਵਿਅਕਤੀ ਨੂੰ (ਨਸ਼ਾ ਕਰਨ ਵਾਲੇ ਨੂੰ) ਬੇਚੈਨ, ਪ੍ਰੇਸ਼ਾਨ ਅਤੇ ਨਿਰਾਸ਼ਾ ਵਿੱਚ ਲੈ ਕੇ ਜਾਂਦਾ ਹੈ।

ਇਹ ਤਿੰਨੋਂ ਪੱਖ ਇਸ ਲਈ ਮਹੱਤਵਪੂਰਨ ਹਨ ਕਿ ਜੇਕਰ ਗੰਭੀਰਤਾ ਨਾਲ ਤਿੰਨਾਂ ਵਿੱਚੋਂ ਇੱਕ 'ਤੇ ਵੀ ਕੰਮ ਹੋਵੇ ਤਾਂ ਨਸ਼ੇ ਮੁੱਕ ਸਕਦੇ ਹਨ। ਜਿਵੇਂ :

* 'ਨਸ਼ੇ ਮਿਲਣੇ ਹੀ ਬੰਦ ਹੋ ਜਾਣ
* ਸਾਡੇ ਆਲੇ-ਦੁਆਲੇ ਦਾ ਵਾਤਾਵਰਨ ਏਨਾ ਸੁਖਾਵਾਂ, ਸੰਤੋਸ਼ਜਨਕ ਹੋਵੇ ਕਿ ਨਸ਼ਿਆਂ ਦੀ ਲੋੜ ਹੀ ਮਹਿਸੂਸ ਨਾ ਹੋਵੇ, ਜਿਵੇਂ ਸਾਡੀ ਚਿੰਤਾ ਨੌਜਵਾਨ ਹਨ ਤੇ ਇਸ ਸਮੇਂ ਨੌਜਵਾਨ ਆਪਣੀ ਹੋਂਦ, ਆਪਣੇ ਭਵਿੱਖ ਨੂੰ ਲੈ ਕੇ ਤਨਾਅ ਵਿੱਚ ਹੈ। ਪੜ੍ਹਾਈ ਮਹਿੰਗੀ ਹੋ ਰਹੀ ਹੈ, ਉਹ ਉਸ ਦੇ ਹੱਥ ਨਹੀਂ ਆ ਰਹੀ। ਜੇਕਰ ਮਾਪੇ ਔਖੇ-ਸੌਖੇ ਕੋਈ ਇੰਤਜ਼ਾਮ ਕਰ ਵੀ ਲੈਣ ਤਾਂ ਪੜ੍ਹਾਈ ਕਰਨ ਤੋਂ ਬਾਅਦ ਰੋਜ਼ਗਾਰ ਦਾ ਸੰਕਟ ਹੈ। ਪੜ੍ਹਾਈ ਅਤੇ ਨੌਕਰੀ ਦੀ ਸਥਿਤੀ ਕਿਸੇ ਤੋਂ ਲੁਕੀ ਨਹੀਂ ਹੈ।
* ਤੀਸਰਾ ਹੈ ਨੌਜਵਾਨ, ਜੋ ਕਿ ਘਰੋਂ ਵੀ ਪ੍ਰੇਸ਼ਾਨ ਹੈ। ਜਿਸ ਨੂੰ ਛੇ ਫੁੱਟ ਹੋਣ ਦਾ, ਮੁੱਛਾ ਦਾੜ੍ਹੀ ਆਉਣ ਦਾ। (ਜੋ ਕਿ ਸਥਿਤੀ ਹੁਣ ਘੱਟ ਹੈ, ਪੰਜਾਬ ਦੀ ਜੁਆਨੀ ਪ੍ਰੋਫੈਸਰ ਪੂਰਨ ਸਿੰਘ ਵਾਲੇ ਸਮੇਂ ਦੀ ਨਹੀਂ ਹੈ), ਕੁੜੀਆਂ ਨੂੰ ਤਾਂ ਪੜ੍ਹਾਉਣ ਦਾ ਵੀ ਸੰਕਟ ਹੈ ਤੇ ਉਨ੍ਹਾਂ ਲਈ ਮਾਹੌਲ ਅਸੁਰੱਖਿਅਤ ਵੀ ਹੈ ਤੇ ਫਿਰ ਪੜ੍ਹਾ ਕੇ, ਘਰੇ ਬਿਠਾਉਣਾ ਵੀ ਕੁੜੀਆਂ ਨੂੰ ਵੱਧ ਪ੍ਰੇਸ਼ਾਨ ਕਰਦਾ ਹੈ, ਜਦੋਂ ਵਿਆਹ ਲਈ ਬਣੇ ਤੌਰ-ਤਰੀਕੇ ਵੱਧ ਤਨਾਅ ਵਾਲੇ ਹਨ।

ਕਹਿਣ ਤੋਂ ਭਾਵ ਸਾਡੇ ਕੋਲ ਕੋਈ ਅਜਿਹਾ ਤੌਰ-ਤਰੀਕਾ ਨਹੀਂ ਹੈ, ਜੋ ਨੌਜਵਾਨਾਂ ਦੀ ਸ਼ਖਸੀਅਤ ਵਿਕਾਸ ਵਿੱਚ, ਉਨ੍ਹਾ ਨੂੰ ਏਨੀ ਮਜ਼ਬੂਤੀ ਬਖਸ਼ ਸਕੇ ਕਿ ਨਸ਼ਿਆਂ ਦੇ ਹੁੰਦੇ ਹੋਏ ਵੀ, ਉਹ ਨਾਂਹ ਕਰ ਸਕਣ। ਜਦੋਂ ਕਿ ਇਹ ਕੰਮ ਪਰਵਾਰ ਦੇ ਨਾਲ-ਨਾਲ ਸਾਡੇ ਵਿਦਿਅਕ ਅਦਾਰਿਆਂ ਨੇ ਕਰਨਾ ਹੁੰਦਾ ਹੈ ਤੇ ਸਿੱਖਿਆ ਦਾ ਹੋ ਰਿਹਾ ਵਪਾਰੀਕਰਨ ਤਾਂ ਸਿਰਫ਼ ਮੁਨਾਫ਼ਾ ਹੀ ਕਮਾਉਣ ਦੇ ਟੀਚੇ ਵਾਲਾ ਹੋ ਰਿਹਾ ਹੈ।

ਨਸ਼ਿਆਂ ਦੇ ਇਤਿਹਾਸ ਨੂੰ ਅਤੇ ਖਾਸ ਕਰ ਪੰਜਾਬ ਨਾਲ ਜੋੜ ਕੇ ਦੇਖਣਾ ਹੋਵੇ ਤਾਂ ਨਸ਼ੇ ਦੀ ਵਰਤੋਂ ਕੋਈ ਨਵਾਂ ਪੱਖ ਨਹੀਂ ਹੈ। ਅਫੀਮ ਦੀ ਵਰਤੋਂ, ਪੰਜਾਬ ਦਾ ਹਿੱਸਾ ਰਹੀ ਹੈ। ਹਰ ਪਿੰਡ ਵਿੱਚ ਇੱਕ-ਦੋ ਮਸ਼ਹੂਰ ਅਮਲੀ ਹੁੰਦੇ ਰਹੇ ਹਨ। ਜਿਥੋਂ ਤੱਕ ਸ਼ਰਾਬ ਦੀ ਗੱਲ ਹੈ, ਇਹ ਵੀ ਪੰਜਾਬ ਦੇ ਸੱਭਿਆਚਾਰ ਵਿੱਚ ਮਹਿਮਾਨ-ਨਿਵਾਜ਼ੀ ਦਾ ਹਿੱਸਾ ਰਹੀ ਹੈ ਤੇ ਅੱਜ ਵੀ ਹੈ। ਇਸ ਲਈ ਨਵੀਂ ਸਮਝ ਤਹਿਤ ਜਦੋਂ ਨਸ਼ੇ ਦੀ ਗੱਲ ਚੱਲਦੀ ਹੈ ਤਾਂ ਸਾਡਾ ਆਪਣੇ-ਆਪ ਹੀ ਨਿਸ਼ਾਨਾ ਹੁੰਦਾ ਹੈ ਸਮੈਕ ਤੇ ਹੈਰੋਇਨ।। ਪੰਜਾਬ ਵਿੱਚ ਸ਼ਰਾਬ ਨੂੰ ਕੋਈ ਨਸ਼ੇ ਵਿੱਚ ਗਿਣਦਾ ਹੀ ਨਹੀਂ।

ਸਮੈਕ ਤੇ ਹੈਰੋਇਨ ਹੀ ਸਾਡੀ ਚਿੰਤਾ ਹੈ। ਚਿੰਤਾ ਦਾ ਵੱਡਾ ਕਾਰਨ ਹੈ ਨੌਜਵਾਨ ਤੇ ਦੂਸਰਾ ਹੈ ਸਮੈਕ ਤੇ ਹੀਰੋਇਨ ਵਰਗੇ ਨਸ਼ਿਆਂ ਦਾ ਸੁਭਾਅ। ਜੇ ਕੋਈ ਸ਼ਰਾਬ ਪੀਣੀ ਸ਼ੁਰੂ ਕਰੇ ਤਾਂ ਉਹ ਕਈ ਸਾਲਾਂ ਬਾਅਦ ਉਸ ਦਾ ਪੱਕਾ ਆਦੀ ਬਣਦਾ ਹੈ, ਪਰ ਸਮੈਕ ਨਾਲ ਕੀਤਾ ਗਿਆ ਇੱਕ ਤਜਰਬਾ ਹੀ, ਨੌਜਵਾਨ ਨੂੰ ਆਪਣੀ ਗ੍ਰਿਫ਼ਤ ਵਿੱਚ ਫਸਾ ਲੈਂਦਾ ਹੈ। ਇਸ ਲਈ ਨੌਜਵਾਨੀ ਦੀ ਫਿਤਰਤ ਨੂੰ ਸਮਝਦੇ ਹੋਏ, ਇਨ੍ਹਾਂ ਨਸ਼ਿਆਂ ਦੇ ਵਪਾਰੀ, ਪਹਿਲਾਂ ਨੌਜਵਾਨਾਂ ਨੂੰ ਤਜਰਬਾ ਕਰਨ ਲਈ ਉਕਸਾਉਂਦੇ ਹਨ ਤੇ ਵੰਗਾਰਦੇ ਹਨ। ਨੌਜਵਾਨ ਉਨ੍ਹਾਂ ਦੇ ਬਹਿਕਾਵੇ ਵਿੱਚ ਆ ਕੇ ਫਸ ਜਾਂਦਾ ਹੈ ਤੇ ਫਿਰ ਜੇਕਰ ਘਰੋਂ ਪੈਸੇ ਲਿਆ ਕੇ ਖ਼ਰੀਦ ਸਕਦਾ ਹੈ ਤਾਂ ਠੀਕ, ਨਹੀਂ ਤਾਂ ਚੋਰੀ ਅਤੇ ਕੀਮਤੀ ਸਾਮਾਨ ਖੋਹਣ ਲਗਦਾ ਹੈ ਤੇ ਆਖਰ ਉਨ੍ਹਾਂ ਦਾ ਭਾਗੀਦਾਰ ਬਣ ਕੇ ਨਸ਼ਾ ਵੇਚਣ ਲਗਦਾ ਹੈ ਤੇ ਆਪਣੀ ਨਸ਼ੇ ਦੀ ਪੁੜੀ ਦਾ ਬੰਦੋਬਸਤ ਕਰਦਾ ਹੈ।

ਇਸ ਮਾਹੌਲ ਤੋਂ ਸਾਰੇ ਜਾਣੂ ਹਨ। ਨਸ਼ੇ ਕਰਨ ਵਾਲੇ ਨਸ਼ਾ ਛੁਡਾਊ ਕੇਂਦਰਾਂ ਵਿੱਚ ਵੀ ਹਨ, ਜੋ ਨਸ਼ੇ ਵੇਚਦੇ ਫੜੇ ਜਾਂਦੇ ਹਨ, ਉਹ ਜੇਲ੍ਹਾਂ ਵਿੱਚ ਵੀ ਹਨ। ਦੋਹਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਜੇਕਰ ਸਰਕਾਰ ਚਾਹੇ ਤਾਂ ਉਨ੍ਹਾਂ ਤੋਂ ਪੁੱਛਗੱਛ ਕਰਕੇ, ਨਸ਼ਾ ਤਸਕਰਾਂ ਤੱਕ ਪਹੁੰਚ ਸਕਦੀ ਹੈ। ਉਂਜ ਸੱਚ ਇਹ ਵੀ ਹੈ ਕਿ ਸਰਕਾਰ ਨੂੰ ਉਨ੍ਹਾਂ ਸਭਨਾਂ ਦਾ ਪਤਾ ਹੈ ਤੇ ਇਹ ਵੀ ਸੱਚ ਹੈ ਕਿ ਸਾਰੇ ਹੀ ਨੇਤਾ, ਅਫ਼ਸਰ ਆਦਿ ਇਨ੍ਹਾਂ ਤਸਕਰਾਂ ਦੇ ਭਾਈਵਾਲ ਹਨ।

ਇਹ ਗੱਲ ਵੀ ਕਈ ਵਾਰ ਉਭਾਰੀ-ਵਿਚਾਰੀ ਜਾਂਦੀ ਹੈ ਕਿ ਪੁਲਸ, ਪ੍ਰਸ਼ਾਸਨ ਅਤੇ ਨੇਤਾ (ਪਾਲੀਟੀਸ਼ਨ) ਇਹ ਤਿੰਨੇ ਧਿਰਾਂ ਆਪਸ ਵਿੱਚ ਘਿਉ-ਖਿਚੜੀ ਹਨ। ਕਹਿਣ ਨੂੰ ਭਾਵੇਂ ਪੁਲਸ ਵਾਲੇ ਕਹਿੰਦੇ ਹਨ ਕਿ ਸਾਨੂੰ ਇੱਕ ਦਿਨ ਪੂਰੀ ਖੁੱਲ੍ਹ ਮਿਲ ਜਾਵੇ ਤਾਂ ਅਸੀਂ ਸਮੱਸਿਆ ਨੂੰ ਹੱਲ ਕਰਨ ਵਿੱਚ ਕਾਮਯਾਬੀ ਹਾਸਲ ਕਰ ਸਕਦੇ ਹਾਂ। ਮਤਲਬ ਕਿ ਅਸੀਂ ਫੜਦੇ ਬਾਅਦ ਵਿੱਚ ਹਾਂ, ਨੇਤਾ ਜਾਂ ਪ੍ਰਸ਼ਾਸਨਕ ਅਧਿਕਾਰੀ ਦਾ ਫੋਨ ਪਹਿਲਾਂ ਆ ਜਾਂਦਾ ਹੈ। ਇਸ ਸਥਿਤੀ ਤੋਂ ਸਰਕਾਰਾਂ ਦੀ ਕਾਰਗੁਜ਼ਾਰੀ ਅਤੇ ਨਸ਼ੇ ਵਰਗੀ ਸਮੱਸਿਆ ਪ੍ਰਤੀ ਸੰਜੀਦਗੀ ਸਾਫ਼ ਦਿਖਾਈ ਦਿੰਦੀ ਹੈ।

ਇੱਕ ਵਾਰੀ ਫਿਰ ਇਹ ਗੱਲ ਵਿਚਾਰਨ ਦੀ ਲੋੜ ਹੈ ਕਿ ਭਾਵੇਂ ਤਿੰਨ ਸਥਿਤੀਆਂ ਨੂੰ ਲੈ ਕੇ ਸਮੱਸਿਆ ਨੂੰ ਸਮਝਣ ਦੀ ਕੋਸ਼ਿਸ਼ ਹੋਈ ਹੈ, ਪਰ ਜੋ ਇਸ ਦਾ ਸੰਤਾਪ ਭੁਗਤ ਰਿਹਾ ਹੈ, ਉਹ ਹੈ ਨੌਜਵਾਨ ਅਤੇ ਉਸ ਦੀ ਬੇਵਕਤੀ ਮੌਤ ਕਾਰਨ ਪਰਵਾਰ।

ਵੱਡਾ ਸਵਾਲ ਹੈ ਕਿ ਕੀ ਨੌਜਵਾਨ ਸਾਡੀ ਫ਼ਿਕਰ ਦਾ ਹਿੱਸਾ ਨਹੀਂ ਹਨ। ਇੱਕ ਵੱਡੀ ਗਿਣਤੀ, ਤਕਰੀਬਨ ਡੇਢ ਲੱਖ ਨੌਜਵਾਨ ਹਰ ਸਾਲ ਪੰਜਾਬ ਛੱਡ ਕੇ ਵਿਦੇਸ਼ਾਂ ਨੂੰ ਜਾ ਰਹੇ ਹਨ। ਇੱਕ ਕਾਰਨ ਇਹ ਹੋ ਸਕਦਾ ਹੈ ਕਿ ਇਥੇ ਕੰਮ ਨਹੀਂ ਹੈ, ਪਰ ਬਹੁਤ ਮਾਪੇ ਖੁਦ ਆਪਣੇ ਬੱਚਿਆਂ ਨੂੰ, ਨਸ਼ਈ ਹੋਣ ਤੋਂ ਬਚਾਉਣ ਲਈ ਵਿਦੇਸ਼ਾਂ ਵੱਲ ਤੋਰ ਰਹੇ ਹਨ। ਭਾਵੇਂ ਕਿ ਇਹ ਵੱਖਰੀ ਗੱਲ ਹੈ ਕਿ ਉਥੇ ਜਾ ਕੇ ਉਹ ਕਿੰਨਾ ਕੁ ਨਸ਼ਿਆਂ ਤੋਂ ਬਚਦੇ ਹਨ ਤੇ ਕਿੰਨੇ ਕੁ ਨੌਜਵਾਨ ਵਧੀਆ ਨੌਕਰੀ ਹਾਸਲ ਕਰਦੇ ਹਨ।

ਪਰ ਸਰਕਾਰ ਨੂੰ ਇਹ ਵੀ ਸਵੀਕਾਰ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਕੋਲ ਨਾ ਦੇਸ਼ ਪੱਧਰ 'ਤੇ ਅਤੇ ਨਾ ਹੀ ਰਾਜ ਪੱਧਰ 'ਤੇ ਕੋਈ ਠੋਸ ਯੁਵਾ ਨੀਤੀ ਹੈ ਕਿ ਇਨ੍ਹਾਂ ਨੌਜਵਾਨਾਂ ਦੇ ਹੱਥਾਂ ਨੂੰ ਕੀ ਕੰਮ ਦੇਣਾ ਹੈ, ਕੀ ਕੰਮ ਲੈਣਾ ਹੈ। ਨਾਲੇ ਅਸੀਂ ਦੇਖ ਰਹੇ ਹਾਂ, ਜੋ ਵਿਦੇਸ਼ ਨਹੀਂ ਆ ਸਕਦੇ, ਉਹ ਨਸ਼ੇ ਵੱਲ ਲੱਗਦੇ ਹਨ ਤੇ ਨਾਲ ਹੀ ਨੇਤਾਵਾਂ ਦੀਆਂ ਰੈਲੀਆਂ ਵਿੱਚ ਆਪਣੀ ਸਾਰਥਿਕ ਊਰਜਾ ਨੂੰ ਬਰਬਾਦ ਕਰਦੇ ਹਨ।

# ਸੰਪਰਕ 98158-08506

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**

ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * Web : www.nawanzamana.in

CMYK

20-Nov-Sunday.qxd 11/19/2022 10:04 PM Page 4



# ਜੱਗ ਚਾਨਣੇ ਲਈ ਰੂਹਾਂ ਰੌਸ਼ਨ ਕਰਨ ਦਾ ਅਹਿਦ

## ਦਿਲ ਦੀ ਮਮਟੀ

**(ਗ਼ਜ਼ਲ ਸੰਗ੍ਰਹਿ)**
**ਸੁਰਿੰਦਰ ਗੀਤ**
**ਪੰਨੇ : 126, ਮੁੱਲ : 295 ਰੁਪਏ**
**ਯੂਨੀਸਟਾਰ ਬੁੱਕਸ, ਚੰਡੀਗੜ੍ਹ**



ਕਿਤਾਬ ਦੀ



**ਪਰਖ ਪੜਚੋਲ**

**ਹਰਜਿੰਦਰ ਸਿੰਘ ਅਟਵਾਲ (ਡਾ:)**

ਸੁਰਿੰਦਰ ਗੀਤ ਪੰਜਾਬੀ ਪਾਠਕਾਂ ਲਈ ਜਾਣਿਆ-ਪਛਾਣਿਆ ਨਾਂਅ ਹੈ। ਉਹ ਲੰਮੇ ਸਮੇਂ ਤੋਂ ਲਿਖ ਰਹੀ ਹੈ, ਕੁਝ ਸਮੇਂ ਤੋਂ ਸ਼ਿੱਦਤ ਅਤੇ ਸਰਗਰਮੀ ਨਾਲ ਲਿਖ ਰਹੀ ਹੈ। ਦਿਲ ਦੀ ਮਮਟੀ ਵਿੱਚ ਉਸ ਦੇ ਕਾਵਿ ਸੰਗ੍ਰਹਿ 'ਮੋਹ ਦੀਆਂ ਛੱਲਾਂ', 'ਕਾਨੇ ਦੀਆਂ ਕਲਮਾਂ', 'ਰੁੱਖ ਤੇ ਪੰਛੀ', 'ਸ਼ਬਦ ਸੁਨੱਖੇ', 'ਗੁਸਤਾਖ ਹਵਾ' ਅਤੇ 'ਖੇਤਾਂ ਦਾ ਸਫਰ' ਵਿਚਲੀਆਂ ਗਜ਼ਲਾਂ ਅਤੇ ਹੋਰ ਨਵੀਆਂ ਲਿਖੀਆਂ ਗਜ਼ਲਾਂ ਸ਼ਾਮਲ ਹਨ। ਗਜ਼ਲ ਨਾਲ ਮੁਹੱਬਤ ਕਰਨ ਵਾਲਿਆਂ ਨੂੰ ਸੁਰਿੰਦਰ ਦੀਆਂ ਗਜ਼ਲਾਂ ਇੱਕ ਥਾਂ ਇਕੱਠੀਆਂ ਪੜ੍ਹਨ ਨੂੰ ਮਿਲ ਜਾਣਗੀਆਂ। ਉਸ ਦੀ ਇਹ ਪੁਸਤਕ ਉਦੋਂ ਆਉਂਦੀ ਹੈ, ਜਦੋਂ ਦੇਸ਼ ਵਿੱਚ ਅਰਾਜਕਤਾ/ਹਫੜਾ-ਦਫੜੀ ਦਾ ਮਾਹੌਲ ਹੈ, ਜਿਸ ਨੂੰ ਵਾਰਸ ਨੇ ਆਪਣੇ ਸਮੇਂ 'ਪਿਆ ਮੁਲਕ ਦੇ ਵਿੱਚ ਹੈ ਬੜਾ ਰੌਲਾ' ਕਿਹਾ ਸੀ। ਅਜਿਹਾ ਮਾਹੌਲ ਬਹੁਤੀ ਵਾਰ ਗੰਭੀਰ ਅਤੇ ਅਰਥ ਭਰਪੂਰ ਸ਼ਾਇਰੀ ਸਿਰਜਣ ਦਾ ਮਾਹੌਲ ਬਣਦਾ ਹੈ। ਇਹੋ ਕੁਝ ਸੁਰਿੰਦਰ ਦੇ ਇਸ ਗਜ਼ਲ ਸੰਗ੍ਰਹਿ ਵਿੱਚ ਵੀ ਦੇਖਣ ਨੂੰ ਮਿਲਦਾ ਹੈ।

ਮੁਲਕ ਵਿੱਚ ਧਰਮ ਅਧਾਰਤ ਰਾਜਨੀਤੀ ਦੇ ਰੌਲੇ ਨੂੰ ਸ਼ਾਇਰਾ ਬਹੁਤ ਹੀ ਗੰਭੀਰਤਾ ਨਾਲ ਲੈ ਰਹੀ ਹੈ ਅਤੇ ਬਹੁਤ ਹੀ ਸ਼ਿੱਦਤ ਨਾਲ ਪੇਸ਼ ਕਰਦੀ ਨਜ਼ਰ ਆਉਂਦੀ ਹੈ। ਦੇਸ਼ ਵਿੱਚ ਭੁੱਖਮਰੀ ਅਤੇ ਅਰਾਜਕਤਾ ਦੇ ਇਸ ਮਾਹੌਲ ਨੂੰ ਪੁੱਠਾ ਮੋੜਾ ਦੇਣ ਹਿੱਤ ਮਸਜਿਦ-ਮੰਦਰ ਦੀ ਰਾਜਨੀਤੀ, ਹਿੰਦੂ-ਮੁਸਲਮ ਦੀ ਰਾਜਨੀਤੀ ਦਾ ਬਿਰਤਾਂਤ ਜਿਸ ਤਰ੍ਹਾਂ ਸੱਤਾ ਧਿਰ ਵੱਲੋਂ ਸਿਰਜਿਆ ਜਾ ਰਿਹਾ ਹੈ, ਉਸ ਨੇ ਦੇਸ਼ ਦੇ ਦੂਜੇ ਮਹੱਤਵਪੂਰਨ ਮੁੱਦਿਆਂ ਜਿਸ ਵਿੱਚ ਮਨੁੱਖ ਨੂੰ ਜੀਊਣ ਲਈ ਲੋੜੀਂਦੀਆਂ ਮੁੱਢਲੀਆਂ ਸਹੂਲਤਾਂ ਦੀਆਂ ਲੋੜਾਂ ਸ਼ਾਮਲ ਹਨ, ਉਪਰ ਪਰਦਾ ਪਾਉਣ ਦਾ ਯਤਨ ਕੀਤਾ ਜਾ ਰਿਹਾ ਹੈ। ਅਜਿਹੇ ਮਾਹੌਲ ਨੂੰ ਸਿਰਜਣ ਲਈ ਆਮ ਕਰਕੇ ਅਜਿਹੇ ਕਾਵਿ ਦਾ ਸਹਾਰਾ ਲਿਆ ਜਾਂਦਾ ਹੈ, ਜਿਸ ਵਿੱਚ ਬੰਦਿਸ਼ ਨਾ ਹੋਵੇ, ਪਰ ਸੁਰਿੰਦਰ ਇਸ ਮਾਹੌਲ ਨੂੰ ਆਪਣੀ ਗਜ਼ਲ ਦੇ ਇਸ ਸ਼ਿਅਰ ਵਿੱਚ ਬਾਖ਼ੂਬੀ ਬਿਆਨ ਕਰ ਜਾਂਦੀ ਹੈ :

'ਨੇਰ੍ਹਾ ਆਖੇ ਮੰਦਰ ਜਾ ਕੇ ਰੱਬ ਦੀ ਗੋਲਕ ਭਰਨੀ
ਚਾਨਣ ਆਖੇ ਪਹਿਲਾਂ ਭੁੱਖ ਦੇ ਹੱਥ 'ਤੇ ਰੋਟੀ ਧਰੀਏ।'

ਨੇਰ੍ਹਾ ਅਤੇ ਚਾਨਣ ਦੇ ਇਹਨਾਂ ਦੋ ਬਹੁ-ਅਰਥੇ ਸ਼ਬਦਾਂ ਦੇ ਸਹਾਰੇ ਉਹ ਆਪਣੇ ਸਮਕਾਲ ਨੂੰ ਸਮੇਟਦੀ ਹੈ। ਅਜਿਹਾ ਉਸ ਦੀ ਇਸ ਪੁਸਤਕ ਵਿੱਚ ਵਾਰ-ਵਾਰ ਆਉਂਦਾ ਹੈ। ਪੁਸਤਕ ਪੜ੍ਹਦਿਆਂ ਪਾਠਕ ਉਸ ਦੀ ਸਿਰਜਣਾ ਦੇ ਇਸ ਪੱਖ ਨੂੰ ਵਾਰ-ਵਾਰ ਮਹਿਸੂਸ ਕਰੇਗਾ। ਪੁਸਤਕ ਦੇ ਆਰੰਭਲੇ ਪੰਨੇ 'ਤੇ ਹੀ ਉਹ ਆਪਣੀ ਸਿਰਜਣਾ ਦੀ ਲਹਿ ਭਹਿ ਕਰਦੀ ਨਜ਼ਰ ਆਉਂਦੀ ਹੈ, ਜਦੋਂ ਉਹ ਇਹ ਲਿਖਦੀ ਹੈ :

'ਲੜਾਈ ਸੱਚ ਦੀ ਹੋਵੇ ਅਸੂਲਾਂ ਜਾਂ ਸਿਧਾਂਤਾਂ ਦੀ
ਕਵੀ ਦਾ ਧਰਮ ਹੁੰਦਾ ਹੈ ਸਦਾ ਮਜ਼ਲੂਮ ਵੱਲ ਖੜਨਾ'

ਜਦੋਂ ਅਸੀਂ ਉਸ ਦੀਆਂ ਇਹ ਸਤਰਾਂ ਪੜ੍ਹਦੇ ਹਾਂ ਤੇ ਵੀਹਵੀਂ ਸਦੀ ਦੇ ਸੱਤਵੇਂ ਦਹਾਕੇ ਵਿੱਚ ਲੋਕ ਕਵੀ ਪਾਸ਼ ਦੀ ਪੁਸਤਕ 'ਸਾਡੇ ਸਮਿਆਂ ਵਿੱਚ' ਦੀ ਪਹਿਲੀ ਕਵਿਤਾ 'ਇਨਕਾਰ' ਯਾਦ ਆਉਂਦੀ ਹੈ। ਉਹ ਵੀ ਕਵੀ ਦਾ ਧਰਮ (ਫਰਜ਼) ਨਿਸ਼ਚਿਤ ਕਰਦਿਆਂ ਕਹਿੰਦਾ ਹੈ :

'ਮੇਰੇ ਤੋਂ ਇਹ ਆਸ ਨਾ ਕਰਿਓ
ਕਿ ਮੈਂ ਖੇਤਾਂ ਦਾ ਪੁੱਤ ਹੋ ਕੇ
ਤੁਹਾਡੇ ਚਗਲੇ ਹੋਏ
ਸੁਆਦਾਂ ਦੀ ਗੱਲ ਕਰਾਂਗਾ।'

ਹਰ ਸਮੇਂ ਸ਼ਾਇਰ ਦਾ ਅਜਿਹਾ ਸਪੱਸ਼ਟ ਨਜ਼ਰੀਆ ਹੀ ਅਸਲ ਵਿੱਚ ਕਵਿਤਾ ਦੀ ਖ਼ੂਬਸੂਰਤੀ ਹੁੰਦਾ ਹੈ। ਅਜਿਹਾ ਨਜ਼ਰੀਆ ਹੀ ਕਿਸੇ ਕਾਵਿ ਨੂੰ ਸਮਕਾਲ ਦੇ ਸਮਿਆਂ ਦੇ ਗੇੜ 'ਚੋਂ ਬਾਹਰ ਲੈ ਕੇ ਜਾਣ ਦੀ ਸਮਰੱਥਾ ਰੱਖਦਾ ਹੈ। ਜ਼ਾਲਮ ਅਤੇ ਮਜ਼ਲੂਮ ਦੀ ਪਰਖ ਦੀ ਸੋਝੀ ਵਾਲਾ ਸ਼ਾਇਰ ਹੀ ਦਿਸਹੱਦਿਆਂ ਤੋਂ ਪਾਰ ਜਾਣ ਵਾਲਾ ਹੁੰਦਾ ਹੈ।

ਨਾਬਰੀ ਦਾ ਬਿਰਤਾਂਤ ਪੰਜਾਬ ਕਾਵਿ ਦੇ ਮੁੱਢਲੇ ਦੌਰ ਤੋਂ ਹੀ ਭਾਰੂ ਰਿਹਾ ਹੈ। ਇਸ ਖਿੱਤੇ ਵਿੱਚ ਰਚੇ ਅਤੇ ਸੰਪਾਦਤ ਕੀਤੇ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਸੰਕਲਤ ਸੰਤ ਕਬੀਰ, ਗੁਰੂ ਰਵੀਦਾਸ, ਗੁਰੂ ਨਾਨਕ ਅਤੇ ਹੋਰ ਮਹਾਂ-ਕਵੀਆਂ ਦੀ ਸ਼ਾਇਰੀ ਵਿੱਚ ਅਜਿਹੀ ਨਾਬਰੀ ਦੀ ਸੁਰ ਥਾਂ-ਥਾਂ ਮਿਲਦੀ ਹੈ। ਕਬੀਰ, ਅੱਜ ਤੋਂ ਛੇ ਸਦੀਆਂ ਤੋਂ ਵੱਧ ਸਮਾਂ ਪਹਿਲਾਂ ਸਮਾਜਿਕ ਬਰਾਬਰੀ ਲਈ ਉਸਰਨ ਵਾਲੇ ਭਾਈਚਾਰੇ ਨੂੰ ਮੁੱਖ ਰੱਖ ਕੇ ਜੋ ਸੁਆਲ ਖੜਾ ਕਰਦਾ ਹੈ, ਉਸ ਦਾ ਉੱਤਰ ਅੱਜ ਵੀ ਬ੍ਰਾਹਮਣੀ ਸੱਭਿਆਚਾਰ ਦੇ ਪੱਖ ਪੂਰਨ ਵਾਲੇ ਵਿਅਕਤੀ ਕੋਲ ਨਹੀਂ ਹੈ। ਅਜਿਹੀ ਸਮਾਜਿਕ ਬਰਾਬਰੀ ਦਾ ਅਹਿਸਾਸ ਗੁਰੂ ਨਾਨਕ ਦੀ ਸ਼ਾਇਰੀ ਵਿੱਚ ਥਾਂ-ਥਾਂ ਮਿਲਦਾ ਹੈ। ਇਹ ਨਾਬਰੀ ਅਤੇ ਨਿਡਰਤਾ ਗੁਰੂ ਅਰਜਨ ਅਤੇ ਗੁਰੂ ਤੇਗ ਬਹਾਦਰ ਤੱਕ ਸਿਖਰ 'ਤੇ ਪਹੁੰਚਦੀ ਹੈ। ਇਹ ਸਾਡੀ ਸ਼ਾਇਰਾ ਦਾ ਸੱਭਿਆਚਾਰਕ ਪਿਛੋਕੜ ਹੈ, ਵਿਰਾਸਤ ਹੈ। ਇਸ ਵਿਰਾਸਤ 'ਚੋਂ ਉਗਮੀ ਸ਼ਾਇਰੀ ਉਸ ਅਨੁਸਾਰ ਹੀ ਅੱਗੇ ਤੁਰਦੀ ਹੈ। ਸੁਰਿੰਦਰ ਦਾ ਖ਼ੂਬਸੂਰਤ ਸ਼ਿਅਰ ਹੈ :

'ਉਸ ਦੇ ਹੱਥ ਵਿੱਚ ਖੰਜਰ ਫੜਿਆ,
ਮੇਰੇ ਸੀਨੇ ਸਹਿਮ ਨਹੀਂ ਹੈ।
ਉਸ ਖੰਜਰ ਨੇ ਜੋ ਕਰਨਾ ਹੈ
ਮੈਨੂੰ ਉਸ ਦਾ ਵਹਿਮ ਨਹੀਂ ਹੈ।'

ਵਿਰਾਸਤ ਦੇ ਖਜ਼ਾਨੇ ਨੂੰ ਖੰਘਾਲਦਿਆਂ ਸੁਰਿੰਦਰ ਇੱਕ ਅਹਿਦ ਕਰਦੀ ਹੈ, ਜੋ ਮਜ਼ਲੂਮਾਂ ਨਾਲ ਖੜਨ ਨਾ ਵੀ ਅਤੇ ਜ਼ਾਲਮ ਨਾਲ ਲੜਨ ਅਤੇ ਉਸ ਦੀ ਵਧੀਕੀ ਅੱਗੇ ਅੜਨ ਦਾ ਵੀ ਅਹਿਦ ਹੋ ਨਿਬੜਦਾ ਹੈ।

ਸੁਰਿੰਦਰ ਆਪਣੀ ਗੱਲ ਕਹਿਣ ਲਈ ਕੇਵਲ ਆਪਣੀ ਦੇਸੀ ਵਿਰਾਸਤ ਹੀ ਨਹੀਂ ਖੰਗਾਲਦੀ, ਸਗੋਂ ਗਲੋਬਲੀ ਚੇਤਨਾ ਵਿਚਲੇ ਨਾਇਕਾਂ ਦੇ ਬਿਰਤਾਂਤ ਵੀ ਪੁਨਰ-ਸਿਰਜਤ ਕਰਦੀ ਨਜ਼ਰ ਆਉਂਦੀ ਹੈ। ਲੋਕਾਂ ਦੇ ਦਰਦ ਨੂੰ ਦੂਰ ਕਰਨ ਹਿੱਤ ਸੁਕਰਾਤ ਦਾ ਜ਼ਹਿਰ ਪਿਆਲਾ ਪੀਣਾ ਵੀ ਅਜਿਹਾ ਹੀ ਬਿਰਤਾਂਤ ਹੈ। ਉਸ ਨੂੰ ਸੁਰਿੰਦਰ ਨੇ ਵੀ ਆਪਣੀ ਗਜ਼ਲ ਦੇ ਇੱਕ ਸ਼ਿਅਰ ਵਿੱਚ ਬਹੁਤ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ :

'ਸੁਕਰਾਤ ਜੇ ਤੂੰ ਬਣਨਾ, ਕਰ ਪਾਰਖੂ ਨਜ਼ਰ ਤੂੰ,
ਤੇ ਸੱਚ ਨੂੰ ਬਚਾਵੀਂ, ਹੋਠਾਂ 'ਤੇ ਜ਼ਹਿਰ ਲਾ ਕੇ।'

ਸਾਡੇ ਸਮਿਆਂ ਦੀ ਕਰੂਰਤਾ ਹੀ ਇਹ ਹੈ ਕਿ ਝੂਠ ਦੇ ਬਿਰਤਾਂਤ ਨੂੰ ਹਾਕਮਾਂ ਵੱਲੋਂ ਬਹੁਤ ਵੱਡੀ ਪੱਧਰ 'ਤੇ ਸਿਰਜਿਆ ਜਾ ਰਿਹਾ ਹੈ, ਸੁਕਰਾਤ ਦਾ ਸੰਕਲਪ, ਸੁਕਰਾਤ ਦਾ ਸੱਚ ਅੱਜ ਸਾਨੂੰ ਬਹੁਤ ਲੋੜੀਂਦਾ ਹੈ, ਝੂਠ ਨੂੰ ਸੱਚ ਦੇ ਮੁਲੰਮੇ ਵਿੱਚ ਅਜਿਹੀ ਸ਼ਿੱਦਤ ਨਾਲ ਪੇਸ਼ ਕੀਤਾ ਜਾ ਰਿਹਾ ਹੈ ਕਿ ਉਸ ਝੂਠ ਨੂੰ ਸੱਚ ਸਮਝਣ ਲਈ ਲੋਕਾਈ ਨੂੰ ਮਜਬੂਰ ਕੀਤਾ ਜਾ ਰਿਹਾ ਹੈ। ਅਜਿਹੇ ਮਾਹੌਲ ਨੂੰ ਮਹਿਸੂਸ ਕਰਦਿਆਂ ਹੀ 'ਪਾਸ਼' ਨੇ ਕਿਸੇ ਸਮੇਂ ਮੰਨਿਆ ਸੀ ਕਿ ਮਾਹੌਲ ਐਸਾ ਹੈ ਕਿ ਅਸੀਂ ਹੌਲੀ-ਹੌਲੀ ਮਰਨ ਨੂੰ ਹੀ ਜੀਵਨ ਸਮਝੀ ਬੈਠੇ ਹਾਂ। ਅਜਿਹੇ ਸਮਿਆਂ ਵਿੱਚ ਸੁਕਰਾਤ ਵੀ ਸਾਡਾ ਰਾਹ-ਦਸੇਰਾ ਹੋ ਸਕਦਾ ਹੈ। ਸ਼ਾਇਰਾ ਇੱਕ ਅਜਿਹਾ ਮਾਹੌਲ ਸਿਰਜਣਾ ਚਾਹੁੰਦੀ ਹੈ, ਜਿਸ ਵਿੱਚ ਹਰ ਬਸ਼ਰ ਸੁੱਖ ਦਾ ਸਾਹ ਲੈ ਸਕੇ। ਉਸ ਸੁਖਾਵੇਂ ਮੌਸਮ ਦੀ ਲੋਚਾ ਹਰ ਉਸ ਵਿਅਕਤੀ ਨੂੰ ਹੋਵੇਗੀ, ਜੋ ਜ਼ਿੰਦਗੀ ਨੂੰ ਉਸ ਦੀ ਭਰਪੂਰ ਲੱਜ਼ਤ ਨਾਲ ਜੀਊਣ ਦਾ ਇੱਛੁਕ ਹੋਵੇ :

'ਗਰਮੀ ਦੀ ਰੁੱਤ ਸਾੜੇ ਸਾਨੂੰ
ਸਰਦੀ ਦੀ ਰੁੱਤ ਠਾਰੇ ਸਾਨੂੰ
ਨਾ ਸਾੜੇ ਨਾ ਠਾਰੇ ਸਾਨੂੰ
ਮੌਸਮ ਇੱਕ ਸੁਖਾਵਾਂ ਬਣ ਜਾ।'

ਸੁਰਿੰਦਰ ਦੇ ਇਸ ਸ਼ੇਅਰ ਵਿੱਚ ਭਰਪੂਰ ਜ਼ਿੰਦਗੀ ਜਿਊਣ ਦੀ ਅਜਿਹੀ ਲੋਚਾ ਹੈ, ਜੋ ਦੁਨੀਆ 'ਤੇ ਆਏ ਹਰ ਬਸ਼ਰ ਨੂੰ ਹੁੰਦੀ ਹੈ। ਜੇਕਰ ਉਹ ਸਹਿਜ ਅਵਸਥਾ ਵਿੱਚ ਵਿਚਰਨ ਦਾ ਹਾਮੀ ਹੋਵੇ। ਅਜਿਹੀ ਅਵਸਥਾ ਵਿੱਚ ਹੀ ਕੋਈ ਸ਼ਾਇਰ ਹਾਕਮਾਂ ਵੱਲੋਂ ਸਿਰਜੇ ਜਾ ਰਹੇ ਝੂਠ ਦੇ ਬਿਰਤਾਂਤ ਨੂੰ ਲੋਕਾਂ ਸਾਹਮਣੇ ਆਪਣੀਆਂ ਸੱਚ ਦੀਆਂ ਕਲਮਾਂ ਰਾਹੀਂ ਨੰਗਾ ਕਰ ਸਕਣ ਦੇ ਸਮਰੱਥ ਹੋ ਸਕਦਾ ਹੈ। ਸੁਰਿੰਦਰ ਵੀ ਇਸ ਨੂੰ ਮਹਿਸੂਸ ਕਰਦਿਆਂ ਅਜਿਹਾ ਅਰਥ ਭਰਪੂਰ ਅਤੇ ਭਾਵਪੂਰਤ ਸ਼ੇਅਰ ਕਹਿੰਦੀ ਹੈ :

'ਸਮੇਂ ਦੀ ਹਿੱਕ ਵਿੱਚ ਪਾਇਆ ਹੈ ਮਾਰੂ ਤਾਕਤਾਂ ਭੜਥੂ,
ਘੜੋ ਕਲਮਾਂ ਲਿਖੋ ਐਸਾ ਕਰਾਂਤੀ ਗੂੰਜਦੀ ਆਵੇ'

ਨਵੀਂ ਕਲਮਾਂ ਘੜਨ ਨਾਲ ਹੀ ਮਾਰੂ ਤਾਕਤਾਂ ਦੇ ਪਾਏ ਜਾ ਰਹੇ ਭੜਥੂ ਨੂੰ ਠੱਲ੍ਹਿਆ ਜਾ ਸਕਦਾ ਹੈ। ਨਵੀਆਂ ਕਲਮਾਂ ਘੜਨ ਦੀ ਗੱਲ ਜਦੋਂ ਸ਼ਾਇਰਾ ਕਰਦੀ ਹੈ ਤਾਂ ਸਮਾਜਿਕ ਤਬਦੀਲੀ ਦੀ ਇੱਕ ਨਵੀਂ ਆਸ ਦੀ ਕਿਰਨ ਜਗਾਉਣ ਦੀ ਰੀਝ ਵੀ ਨਜ਼ਰ ਆਉਂਦੀ ਹੈ ਅਤੇ ਇੱਕ ਅਹਿਦ ਵੀ, ਜੋ ਹੋਰ ਜਾਗਦੀ ਜ਼ਮੀਰ ਵਾਲੇ ਸਿਰਜਕ ਦੇ ਮਨ ਵਿੱਚ ਖਲਬਲੀ ਪੈਦਾ ਕਰਦੀ ਰਹਿੰਦੀ ਹੈ।

ਇਸ ਗਜ਼ਲ ਸੰਗ੍ਰਹਿ ਦੇ ਆਰੰਭ ਵਿੱਚ ਸ਼ਾਇਰ ਮੋਹਨਜੀਤ ਨੇ ਸੁਰਿੰਦਰ ਗੀਤ ਕਾਵਿ ਦੇ ਸਫਰ ਅਤੇ ਵਿਲੱਖਣਤਾ ਬਾਰੇ ਕੁਝ ਸ਼ਬਦ ਲਿਖੇ ਹਨ, ਜਿਸ ਵਿੱਚ ਉਹ ਪੰਜਾਬੀ ਕਵਿਤਾ ਦੇ ਮੁੱਢਲੇ ਦੌਰ ਦੇ ਸੁਭਾਅ ਬਾਰੇ ਵੀ ਲਿਖਦਾ ਹੈ ਅਤੇ ਕਵਿਤਾ ਦੀ ਦਰਜਾਬੰਦੀ ਵੀ ਕਰਦਾ ਹੈ, ਕੁਝ ਨਾਂਅ ਵੀ ਤਹਿ ਕਰਦਾ ਹੈ, ਜੋ ਉਸ ਅਨੁਸਾਰ ਪੰਜਾਬੀ ਕਵਿਤਾ ਦੇ ਸੰਸਾਰ ਵਿੱਚ ਉੱਭਰਦੇ ਹਨ। ਇਹ ਵੱਖਰੀ ਗੱਲ ਹੈ ਕਿ ਪੰਜਾਬੀ ਦੇ ਪ੍ਰਗਤੀਵਾਦੀ ਕਾਵਿ ਵਿੱਚ 'ਬਾਵਾ ਬਲਵੰਤ' ਨੂੰ ਸ਼ਾਮਲ ਨਹੀਂ ਕਰਦਾ ਅਤੇ ਨਾ ਹੀ ਪੰਜਾਬੀ ਦੇ ਲੋਕ ਕਵੀ-ਸਿਰਮੌਰ ਸ਼ਾਇਰ 'ਪਾਸ਼' ਦਾ ਜ਼ਿਕਰ ਤੱਕ ਕਰਦਾ ਹੈ, ਪਰ ਉਸ ਦੀ ਇਹ ਟਿੱਪਣੀ ਉਦੋਂ ਪੰਜਾਬੀ ਕਾਵਿ ਆਲੋਚਕਾਂ ਨੂੰ ਰੜਕਦੀ ਹੈ, ਜਦੋਂ ਉਹ ਪੰਜਾਬੀ ਕਵਿਤਾ ਦੇ ਉਸ ਦੌਰ ਦੀ ਗੱਲ ਕਰਦਾ ਹੈ, ਜੋ ਕੁਝ ਸਮਾਜਿਕ ਲਹਿਰਾਂ ਜਿਵੇਂ ਪ੍ਰਗਤੀਵਾਦ, ਅਮਨ ਲਹਿਰ, ਪ੍ਰਯੋਗਵਾਦੀ ਲਹਿਰ, ਨਕਸਲਵਾਦੀ ਲਹਿਰ ਦੀ ਗੱਲ ਕਰਦਾ-ਕਰਦਾ ਉਸ ਵਿਸ਼ੇਸ਼ ਕਾਵਿ ਦਾ ਜ਼ਿਕਰ ਕਰਦਾ ਹੈ, ਜੋ ਇੱਕ ਸਾਲ ਤੋਂ ਵੱਧ ਸਮੇਂ ਤੱਕ ਰਾਜਧਾਨੀ ਦੇ ਬਾਹਰਵਾਰ ਕਿਸਾਨ-ਮਜ਼ਦੂਰਾਂ-ਚਿੰਤਕਾਂ ਅਤੇ ਹਰ ਜਾਗਦੀ ਜ਼ਮੀਰ ਦੇ ਲੋਕਾਂ ਵੱਲੋਂ ਭਖਾਏ ਅੰਦੋਲਨ ਸਮੇਂ ਲਿਖੀ ਕਵਿਤਾ ਦੇ ਬਹੁਤ ਵੱਡੇ ਹਿੱਸੇ ਨੂੰ (ਬਹੁਤੀਆਂ) 'ਰਿਵਾਜੀ' ਕਹਿ ਕੇ ਠਿੱਠ ਕਰਨ ਦਾ ਯਤਨ ਕਰਦਾ ਹੈ। ਪੰਜਾਬੀ ਕਾਵਿ ਦਾ ਬਹੁਤ ਵੱਡਾ ਹਿੱਸਾ ਲਹਿਰਾਂ ਨਾਲ ਜੁੜਿਆ ਹੋਇਆ ਹੈ। ਉਹਨਾਂ ਵਿੱਚੋਂ ਇੱਕ ਵੱਡਾ ਭਾਗ ਅਜਿਹਾ ਹੈ, ਜੋ ਇੱਕ ਸਮਰੱਥ ਕਾਵਿ ਤਾਂ ਹੈ ਹੀ, ਪਰ ਨਾਲ ਹੀ ਇਤਿਹਾਸਕ, ਸੱਭਿਆਚਾਰਕ ਵਿਰਾਸਤ ਵੀ ਸਾਂਭੀ ਬੈਠਾ ਹੈ। ਅਜਿਹੇ ਕਾਵਿ ਦੀ ਸ਼ੁਰੂਆਤ ਗਦਰੀ-ਕਾਵਿ ਜਾਂ ਉਸ ਤੋਂ ਵੀ ਪਹਿਲਾਂ ਮੰਨੀ ਜਾ ਸਕਦੀ ਹੈ। ਅਜਿਹੇ 'ਰਿਵਾਜੀ' ਕਾਵਿ ਵਿੱਚ ਥੋੜ੍ਹਾ ਅਜਿਹਾ ਵੀ ਹੋਣ ਦੀ ਸੰਭਾਵਨਾ ਬਣੀ ਰਹਿੰਦੀ ਹੈ, ਜੋ 'ਰਿਵਾਜੀ' ਹੋਵੇ ਪਰ ਸਾਰਾ ਨਹੀਂ ਹੁੰਦਾ। ਮੋਹਨਜੀਤ ਸ਼ਾਇਦ ਇਸੇ ਪ੍ਰਭਾਵ ਅਧੀਨ ਹੀ ਨਕਸਲਵਾਦੀ ਕਾਵਿ ਦਾ ਜ਼ਿਕਰ 'ਪਾਸ਼' ਤੋਂ ਬਗੈਰ ਵੀ ਕਰਨ ਦਾ ਯਤਨ ਕਰ ਸਕਦਾ ਹੈ, ਪਰ ਇਹ ਤੱਥ ਅਧਾਰਤ ਸੱਚ ਨਹੀਂ ਹੈ। ਸੁਰਿੰਦਰ ਨੇ ਕੋਵਿਡ ਦੇ ਦਿਨਾਂ ਵਿੱਚ ਕਿਸਾਨੀ ਅੰਦੋਲਨ ਦੇ ਦਿਨਾਂ ਵਿੱਚ ਬੜੀ ਮਾਰਮਿਕ ਸ਼ਾਇਰੀ ਕੀਤੀ ਹੈ। ਮੈਂ ਉਸ ਦਾ ਪਾਠਕ ਤੇ ਗਵਾਹ ਹਾਂ। ਅਜਿਹੀ ਸ਼ਾਇਰੀ ਸਮਿਆਂ ਦੇ ਸੱਚ ਨੂੰ ਫੜਦੀ ਹੈ। ਕਿਸਾਨੀ ਅੰਦੋਲਨ ਨੇ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ 'ਪਗੜੀ ਸੰਭਾਲ ਜੱਟਾ' ਲਹਿਰ ਦੀ ਯਾਦ ਤਾਜ਼ਾ ਕਰਵਾ ਦਿੱਤੀ ਸੀ, ਕਿਸਾਨ ਅੰਦੋਲਨ ਜੋ ਜ਼ਮੀਨੀ ਮਾਲਕੀ ਨੂੰ ਲੈ ਕੇ ਆਰੰਭ ਹੁੰਦਾ ਹੈ, ਪਰ ਬਾਂਕੇ ਦਿਆਲ ਦੀ ਇਸ ਸਤਰ 'ਪਗੜੀ ਸੰਭਾਲ ਜੱਟਾ...' ਨਾਲ ਉਸ ਅੰਦੋਲਨ ਦਾ ਨਵਾਂ ਨਾਮਕਰਨ ਹੋ ਜਾਂਦਾ ਹੈ, ਸਰਦਾਰ ਅਜੀਤ ਸਿੰਘ ਅਤੇ ਉਸ ਦੇ ਸਾਥੀਆਂ ਵੱਲੋਂ ਚਲਾਏ ਅੰਦੋਲਨ ਨੂੰ ਭੁੱਲਿਆ ਨਹੀਂ ਜਾ ਸਕਦਾ ਅਤੇ ਨਾ ਹੀ ਭੁੱਲਿਆ ਜਾ ਸਕਦਾ ਹੈ ਬਾਂਕੇ ਦਿਆਲ ਦੇ 'ਰਿਵਾਜੀ' ਕਾਵਿ ਨੂੰ, ਜਿਸ ਵਿੱਚ ਏਡੀ ਸ਼ਕਤੀ ਸੀ ਕਿ ਅੰਦੋਲਨਕਾਰੀਆਂ ਨੇ ਆਪਣੇ ਅੰਦੋਲਨ ਨੂੰ ਹੀ ਉਸ ਲੋਕ ਕਵੀ ਦੀ ਕਵਿਤਾ ਦੀ ਧਾਰਨਾ ਉੱਪਰ ਕੇਂਦਰਤ ਕਰ ਲਿਆ। ਵਿਰਾਸਤ ਅਤੇ ਇਤਿਹਾਸ ਵੱਲ ਪਿੱਠ ਕਰਕੇ ਖੜਨਾ ਖਤਰਨਾਕ ਹੁੰਦਾ ਹੈ, ਇਸ ਤੋਂ ਬਚਿਆ ਜਾਣਾ ਚਾਹੀਦਾ ਹੈ। ਸੁਰਿੰਦਰ ਵੀ ਕਿਸਾਨ ਅੰਦੋਲਨ ਦੇ ਮਹਾਂਯੱਗ ਵਿੱਚ ਸਮਰੱਥਾ ਅਨੁਸਾਰ ਆਪਣੀ ਆਹੂਤੀ ਪਾਉਂਦੀ ਹੈ :

'ਮੈਂ ਮਿੱਟੀ ਦੀ ਜਾਈ ਮੇਰਾ ਖੇਤਾਂ ਨਾਲ ਪਿਆਰ।
ਖੇਤਾਂ ਦੇ ਮੈਂ ਅੰਗ-ਸੰਗ ਵਸਦੀ ਖੇਤ ਮੇਰਾ ਸ਼ਿੰਗਾਰ।'

ਖੇਤਾਂ ਦੇ ਧੀ-ਪੁੱਤ ਹੋ ਕੇ ਅਜਿਹਾ ਕਾਵਿ ਸਹਿਜ ਸੁਭਾਅ ਹੀ ਸਿਰਜਿਆ ਜਾਏਗਾ, ਇਹ ਵੇਗ ਹੈ, ਹੜ੍ਹ ਹੈ, ਜਿਸ ਨੂੰ ਕੋਈ ਵੀ ਉਲਟ ਬਿਰਤਾਂਤ ਸਿਰਜ ਕੇ ਰੋਕ ਨਹੀਂ ਸਕਦਾ,

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਨਰੋਏ ਵਿਸ਼ਵਾਸਾਂ ਤੇ ਸੱਜਰੇ ਅਨੁਭਵ ਵਾਲੀ ਰਚਨਾ

## ਮੈਂ ਆਦਮ ਨਹੀਂ

**(ਕਾਵਿ ਸੰਗ੍ਰਹਿ)**
**ਡਾ. ਪ੍ਰਗਟ ਸਿੰਘ ਜਠੌਲ**
**ਪੰਨੇ : 100, ਮੁੱਲ : 200 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**



ਕਵਿਤਾ ਸਵੈ ਨਾਲ ਸੰਵਾਦ ਰਚਾਉਣ ਦੀ ਕਲਾ ਹੈ। ਵਸਤੂ ਜਗਤ ਨੂੰ ਸੂਖਮ ਜਗਤ ਵਿੱਚ ਕਵਿਤਾ ਹੀ ਬਦਲਣ ਦੇ ਸਮਰੱਥ ਹੈ। ਮਨੁੱਖ ਦੀ ਬਾਹਰਲੀ ਅਤੇ ਅੰਦਰਲੀ ਦੁਨੀਆ ਜਦੋਂ ਇੱਕ-ਮਿੱਕ ਹੋਵੇ, ਕਵਿਤਾ ਦੇ ਸੋਮੇ ਫੁੱਟਦੇ ਹਨ। ਕਵੀ ਸਮਕਾਲ ਦਾ ਸਫ਼ਲ ਚਿਤੇਰਾ ਅਤੇ ਅਤੀਤ ਦਾ ਨਿਰਾ ਆਲੋਚਕ ਹੀ ਨਹੀਂ ਹੁੰਦਾ, ਉਸ ਦੀ ਤ੍ਰੈਕਾਲ ਦਰਸ਼ੀ ਅੱਖ, ਸਾਡੇ ਭਵਿੱਖ ਦੀ ਨਿਸ਼ਾਨਦੇਹੀ ਵੀ ਕਰਦੀ ਹੈ। ਕਵਿਤਾ ਪਰਛਾਵਿਆਂ ਨੂੰ ਫੜਨ ਅਤੇ ਹਵਾਵਾਂ ਦਾ ਸੰਗੀਤ ਸੁਨਣ ਜਿਹਾ ਅਨੁਭਵ ਹੁੰਦਾ ਹੈ। ਇਸ ਦਾ ਦਿਸਹੱਦਾ ਬੜਾ ਵਿਸ਼ਾਲ ਹੈ, ਇਸੇ ਲਈ ਤਾਂ ਕਿਹਾ ਜਾਂਦਾ ਹੈ ਕਿ ਸਾਡਾ ਮਹਾਂ ਕਾਵਿ ਮਹਾਂਭਾਰਤ, ਅਸਮਾਨ ਅਤੇ ਧਰਤੀ ਵਿਚਾਲੇ, ਹਰ ਸ਼ੈਅ ਨੂੰ ਆਪਣੇ ਵਿੱਚ ਸਮੋਈ ਬੈਠਾ ਹੈ। ਪੰਜਾਬੀ ਕਵਿਤਾ ਵੀ ਇੱਕੀਵੀਂ ਸਦੀ ਦੀਆਂ ਵੰਗਾਰਾਂ ਦੇ ਸਨਮੁੱਖ ਨਿਤਰਣ ਲਈ ਪੈਂਤੜਾ ਮੱਲ ਰਹੀ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਛਪਣ ਦੀਆਂ ਸਹੂਲਤਾਂ ਕਿਸੇ ਹੱਦ ਤੱਕ ਆਮ ਆਦਮੀ ਦੀ ਪਹੁੰਚ ਵਿੱਚ ਹੋਣ ਕਾਰਨ ਕਵਿਤਾ ਦੇ ਨਾਂਅ 'ਤੇ ਤੁਕਬੰਦੀ ਅਤੇ ਅੱਗੇ-ਪਿੱਛੇ ਕਰਕੇ ਲਿਖੇ ਵਾਕ ਵੀ ਪਰੋਸੇ ਜਾ ਰਹੇ ਹਨ, ਫਿਰ ਵੀ ਸਾਡੀਆਂ ਕੁਝ ਯੁਵਾ ਕਲਮਾਂ ਅਜਿਹੀ ਕਾਵਿ ਭਾਸ਼ਾ ਵਾਲੀ ਕਵਿਤਾ ਵੀ ਲਿਖ ਰਹੀਆਂ ਹਨ, ਜਿਸ ਵਿੱਚੋਂ ਉਨ੍ਹਾਂ ਦੀ ਪ੍ਰੌੜ੍ਹਤਾ ਝਲਕਦੀ ਹੈ। ਡਾ. ਪ੍ਰਗਟ ਸਿੰਘ ਜਠੌਲ ਦਾ ਕਾਵਿ ਸੰਗ੍ਰਹਿ: ਮੈਂ ਆਦਮ ਨਹੀਂ" ਨਰੋਏ ਵਿਸ਼ਵਾਸਾਂ ਅਤੇ ਸੱਜਰੇ ਅਨੁਭਵ ਵਾਲੀ ਰਚਨਾ ਦੇ ਨਾਲ ਕਵਿਤਾ ਦੇ ਉੱਜਲ ਭਵਿੱਖ ਦੀ ਬਾਤ ਪਾਉਂਦਾ ਹੈ। ਹਰਿਆਣੇ ਦੇ ਸ਼ਹਿਰ ਝੱਜਰ ਵਿੱਚ ਬੈਠਾ ਕਵੀ ਮਾਂ ਬੋਲੀ ਨਾਲ ਨਿਹੁੰ ਪਾਲ ਰਿਹਾ ਹੈ।

34 ਕਵਿਤਾਵਾਂ ਵਾਲੇ ਇਸ ਸੰਗ੍ਰਹਿ ਦੇ ਨਾਲ ਸ਼ਾਇਰ ਸਾਹਿਤਕ ਜਗਤ ਵਿੱਚ ਦਾਖਲ ਹੁੰਦਾ ਹੈ। ਉਸ ਦੀਆਂ ਕੁਝ ਕਵਿਤਾ ਐਸੀਆਂ ਹਨ, ਜੋ ਪਾਠਕ/ਸਰੋਤੇ ਦਾ ਧਿਆਨ ਆਪਣੇ ਵੱਲ ਖਿੱਚਣ ਦੀ ਸਮਰੱਥਾ ਰੱਖਦੀਆਂ ਹਨ, ਜਿਸ ਤਰ੍ਹਾਂ, ਬਾਪੂ, 'ਘੱਟੋ-ਘੱਟ ਛੇ ਬੈਂਡ', 'ਹੂਬਹੂ', 'ਰੋਣਾ ਕਿਉਂ ਜ਼ਰੂਰੀ ਹੈ', 'ਮੇਰੀ ਕਸਮ', ਕਵਿਤਾ ਪਿਆਰੀ ਕਵਿਤਾ 'ਮੈਂ ਆਦਮ ਨਹੀਂ', 'ਬਦਲਾਵ ਦਾ ਫਲਸਫਾ', 'ਸਭ ਤੋਂ ਡੂੰਘੀ ਥਾਂ', 'ਦੀਵੇ', 'ਰਾਜ ਕਵੀ', 'ਮੇਰੇ ਹਮਰਾਹ', 'ਮੈਂ ਪਿੱਪਲ ਦਾ ਰੁੱਖ', 'ਲਿਖਣਾ ਜ਼ਰੂਰੀ ਵੀ ਕਿਉਂ ਹੈ', 'ਬੇਬਾਕ ਕਲਮਾਂ 'ਤੇ ਧਰਮ', 'ਜੋ ਵੀ ਹੋਵੇਗਾ ਅੱਛਾ ਹੀ ਹੋਵੇਗਾ', 'ਨਵੀਂ ਕਵਿਤਾ', 'ਸੰਨ ਸੰਤਾਲੀ' ਅਤੇ ਮੈਂ ਮੇਰੇ ਦਰਮਿਆਨ'ਸਕਦੇ ਹਾਂ ਕਿ ਕਵੀ ਦੀਆਂ ਬਹੁ-ਗਿਣਤੀ ਕਵਿਤਾਵਾਂ ਵਿੱਚ ਕਵਿਤਾ ਹਾਜ਼ਰ ਹੈ।

ਬੇਸ਼ੱਕ ਅਸੀਂ ਅਜ਼ਾਦੀ ਦਾ ਅੰਮ੍ਰਿਤ ਮਹਾਂਉਤਸਵ ਮਨਾ ਰਹੇ ਹਾਂ, ਪਰ ਕੁਝ ਸਮੱਸਿਆਵਾਂ ਸਾਡੀ ਅਜ਼ਾਦੀ ਦਾ ਰੰਗ ਫਿੱਕਾ ਕਰਦੀਆਂ ਹਨ। ਸਾਡੀ ਵੱਸੋਂ ਦਾ ਇੱਕ ਵੱਡਾ ਹਿੱਸਾ ਅਜੇ ਵੀ ਬੀ ਪੀ ਐੱਲ ਕਾਰਡਾਂ ਵਿੱਚੋਂ ਆਪਣੀ ਪਛਾਣ ਤਲਾਸ਼ ਰਿਹਾ ਹੈ। ਗਟਰਾਂ ਵਿੱਚ ਉੱਤਰ ਕੇ ਸਫ਼ਾਈ ਕਰਦੇ ਸਫ਼ਾਈ ਮਜ਼ਦੂਰ ਰੂੜੀਆਂ ਤੋਂ ਗੰਦੇ ਚੀਥੜੇ ਫਰੋਲ ਕੇ ਢਿੱਡ ਦੀ ਅੱਗ ਨੂੰ ਝੁਲਕਾ ਦਿੰਦੇ ਝੁੱਗੀ-ਝੌਂਪੜੀ, ਬਸਤੀਆਂ ਦੇ ਬੱਚੇ ਸਾਡੀ ਅਜ਼ਾਦੀ ਦਾ ਮੂੰਹ ਚਿੜਾ ਰਹੇ ਹਨ। ਆਦਮ ਦੇ ਇਨ੍ਹਾ ਜਾਇਆਂ ਦੇ ਮਨੁੱਖੀ ਅਧਿਕਾਰ ਕਿੱਧਰ ਗਏ, ਇਹੋ ਪ੍ਰਸ਼ਨ ਕਵੀ ਸੰਗ੍ਰਹਿ ਦੇ ਸਿਰਲੇਖ ਵਾਲੀ ਕਵਿਤਾ ਵਿੱਚ ਪੁੱਛਦਾ ਹੈ, "ਮੈਂ ਆਦਮ ਨਹੀਂ, ਵੋਟ ਹਾਂ/ਮੈਂ ਆਦਮ ਨਹੀਂ, ਵੋਟ ਹਾਂ ਕਦੇ ਕਦੇ ਲੱਗਦੈ/ਮੈਂ ਵੋਟ ਵੀ ਨਹੀਂ/ਈ ਵੀ ਐੱਮ ਦਾ ਬਟਨ ਹਾਂ/ਉਹਨੂੰ ਵੀ ਦੱਬਿਆ ਜਾਂਦਾ ਹੈ। ਮੈਨੂੰ ਵੀ ਦੱਬਿਆ ਜਾਂਦਾ ਹੈ। ਕਦੇ ਜਾਤਾਂ ਦੇ ਨਾਂਅ 'ਤੇ ਕਦੇ ਧਰਮਾਂ ਦੇ ਨਾਂਅ 'ਤੇ ਜੇ ਇਨ੍ਹਾਂ ਤੋਂ ਬਚ ਨਿਕਲਾਂ ਤਾਂ ਦੇਸ਼ ਭਗਤੀ ਦੇ ਨਾਂਅ ਤੇ। ਤੁਸੀਂ ਆਪਣੇ ਸਮਾਰਟ ਸ਼ਹਿਰਾਂ ਵਿੱਚ/ਦੇਖਿਆ ਹੋਵੇਗਾ ਕਿਸੇ ਨੂੰ/ਗਟਰ ਦੇ ਪਾਣੀ ਵਿੱਚ ਨਹਾਉਂਦਿਆਂ/ਪੇਟ ਦੀ ਅੱਗ ਬੁਝਾਉਣ ਲਈ ਕੂੜੇਦਾਨ ਨੂੰ ਫਰੋਲਦਿਆਂ, ਤਨ ਚੀਥੜਿਆਂ 'ਚ ਲਪੇਟ ਕੇ/ਫੁੱਟਪਾਥਾਂ 'ਤੇ ਸੌਂਦਿਆਂ...(ਮੈਂ ਆਦਮ ਨਹੀਂ)

ਕਵੀ ਦਾ ਨਜ਼ਰੀਆ ਆਸ਼ਾਵਾਦੀ ਹੈ। ਉਹ ਤਬਦੀਲੀ ਦਾ

**ਸੁਵਰਨ ਸਿੰਘ ਵਿਰਕ**

ਇੱਛੁਕ ਹੈ ਤਾਂ ਜੁ ਵਿੱਥਾਂ, ਵਿਤਕਰਿਆਂ, ਤੰਗੀਆਂ, ਤੁਰਸ਼ੀਆਂ ਨੂੰ ਭੋਗਦੀ ਇਸ ਕਾਣੀ ਵੰਡ ਦਾ ਸ਼ਿਕਾਰ ਥੁੜਾਂ ਮਾਰੀ ਜ਼ਿੰਦਗੀ ਨੂੰ ਜਿਊਣ ਜੋਗੀ ਬਣਾਇਆ ਜਾ ਸਕੇ। ਕਵੀ ਦਾ ਹਸਾਸ ਮਨ ਲੋਆਂ ਨਾਲ ਝੰਬੇ ਬ੍ਰਿਛ ਦੇ ਕੂਲੇ ਪੱਤਿਆਂ ਨਾਲ ਸੰਵਾਦ ਰਚਾਉਂਦਾ, ਉਨ੍ਹਾਂ ਦੇ ਮਿਟ ਜਾਣ ਨੂੰ ਨਵੇਂ ਪੱਤਿਆਂ ਦੇ ਰੂਪ ਵਿੱਚ ਫੁੱਟਦਿਆਂ ਵੇਖ ਕੇ ਖਿੜ ਉਠਦਾ ਹੈ।

"ਪਰ ਇਹ ਪੁਰਾਣੇ ਪੱਤੇ/ਧਰਤੀ 'ਤੇ ਡਿੱਗ ਕੇ/ਧਰਤੀ 'ਚ ਰਲ ਕੇ/ਖਾਦ ਦਾ ਕੰਮ ਕਰਦੇ ਨੇ/ਤਾਂ ਜੋ ਮੌਸਮ ਬਦਲਣ ਨਾਲ/ਬਹਾਰ ਫਿਰ ਆ ਸਕੇ/ਇਹੀ ਕੁਦਰਤ ਦਾ ਦਸਤੂਰ ਹੈ/ਤੇ ਬਦਲਾਵ ਦਾ ਫ਼ਲਸਫ਼ਾ।"

(ਬਦਲਾਵ ਦਾ ਫ਼ਲਸਫ਼ਾ)

ਕਵੀ ਦੀਨਾਂ, ਦੁਖੀਆਂ, ਸਤਾਇਆਂ ਅਤੇ ਲਿਤਾੜਿਆਂ ਲਈ ਹਮਦਰਦੀ ਜ਼ਾਹਰ ਕਰਦਾ ਹੈ, ਪਰ ਉਹ ਕਿਸੇ ਇੱਕ ਰੰਗ ਜਾਂ ਵਿਚਾਰਧਾਰਾ ਨਾਲ ਬੱਝਣ ਤੋਂ ਇਸ ਲਈ ਪ੍ਰਹੇਜ਼ ਕਰਦਾ ਹੈ ਕਿ ਵਿਚਾਰਧਾਰਾ ਦੀ ਲੜਾਈ ਵਿੱਚ ਵਿਚਾਰ ਮਰ ਜਾਂਦਾ ਹੈ। ਕਵੀ ਦੀ ਕਵਿਤਾ ਦੀ ਪ੍ਰਬਲ ਸੁਰ, ਮਨੁੱਖੀ ਮੁਕਤੀ ਦੇ ਗੀਤ ਗਾਉਣ ਵਾਲੀ ਹੈ। ਬਚਪਨ ਵਿੱਚ ਮਾਂ ਦੀ ਇਹ ਨਸੀਹਤ ਜੋ ਉਸ ਦੇ ਰੋਣ 'ਤੇ ਦਿੰਦੀ ਕਿ ਮੁੰਡੇ ਨਹੀਂ ਰੋਂਦੇ ਹੁੰਦੇ, ਪਰ ਕਵੀ ਜਦੋਂ ਆਪਣੇ ਪੁੱਛੇ ਜਜ਼ਬਾਤਾਂ ਨੂੰ ਅੰਦਰ ਹੀ ਅੰਦਰ ਦੱਬਦਾ ਘੁਟਨ ਮਹਿਸੂਸ ਕਰਦਾ ਹੈ ਤਾਂ ਉਹ ਕਹਿੰਦਾ ਹੈ-

"ਸਹੀ ਹੁੰਦਿਆਂ ਵੀ ਗ਼ਲਤ ਹੋਣ ਦਾ ਅਹਿਸਾਸ/ਬਹੁਤ ਤੜਫਾਉਂਦਾ ਹੈ

ਤੁਹਾਡੇ ਅੰਦਰਲੇ ਇਨਸਾਨ ਨੂੰ/ਤੇ ਉਹ ਰੋਣਾ ਚਾਹੁੰਦਾ ਹੈ/ਪਰ ਬਾਹਰਲਾ ਤਾਂ ਰੋਣਾ ਹੀ

ਨੀ ਜਾਣਦਾ.....

ਇਸ ਕਰਕੇ ਮੇਰੀ ਮਾਂ/ਤੈਨੂੰ ਸਿਖਾਉਣਾ ਚਾਹੀਦਾ ਸੀ/ਖੁੱਲ੍ਹ ਕੇ ਜੀਵਾਂ ਖੁੱਲ੍ਹ ਕੇ ਰੋਣਾ/ਤੇ ਵਰਜਨਾ ਚਾਹੀਦਾ ਸੀ/ਅੰਦਰੋਂ-ਅੰਦਰ ਘੁਲਣ ਤੋਂ।"

(ਰੋਣਾ ਕਿੰਨਾ ਜ਼ਰੂਰੀ ਹੈ)

ਕਿਸੇ ਵੀ ਸਰਕਾਰ ਦੀਆਂ ਗ਼ਲਤ ਨੀਤੀਆਂ ਦਾ ਵਿਰੋਧ ਕਦੇ ਵੀ ਰਾਸ਼ਟਰ ਦਾ ਵਿਰੋਧ ਨਹੀਂ ਹੁੰਦਾ। ਕਵੀ ਇਸ ਹਕੀਕਤ ਨੂੰ ਬਾਖ਼ੂਬੀ ਸਮਝਦਾ ਹੈ। ਉਹ ਭੈਅ, ਆਤੰਕ ਅਤੇ ਜ਼ੁਬਾਨਬੰਦੀ ਦੇ ਇਸ ਦੌਰ ਵਿੱਚ ਜਦੋਂ ਅਭੀਵਿਅਕਤੀ ਦੀ ਸੁਤੰਤਰਤਾ ਵੀ ਦਾਅ 'ਤੇ ਲੱਗੀ ਹੋਈ ਹੈ, ਕਵਿਤਾ ਦੀ ਉਸ ਸ਼ਕਤੀ ਨੂੰ ਪਹਿਚਾਣਦਾ ਹੈ। ਜਿਸ ਦੇ ਹਰਫ਼ ਹਰ ਤਾਨਾਸ਼ਾਹ, ਅੱਤਿਆਚਾਰੀ, ਜਾਬਰ ਹਾਕਮ ਨੂੰ ਵੰਗਾਰਦੇ ਹਨ। ਇਹੋ ਚੰਗੀ ਕਵਿਤਾ ਦਾ ਲੋਕ ਪੱਖੀ ਪੈਂਤੜਾ ਹੁੰਦਾ ਹੈ ਤੇ ਉਹ ਹਮੇਸ਼ਾ ਜੂਝਦੇ ਲੋਕਾਂ ਦੇ ਅੰਗ-ਸੰਗ ਖਲੋ ਕੇ, ਉਨ੍ਹਾਂ ਨੂੰ ਤਰਾਣ ਬਖਸ਼ਦੀ ਹੈ। ਕਵੀ ਵਿਅੰਗ ਵਿਧਾ ਦੀ ਸੁਚੱਜੀ ਵਰਤੋਂ ਕਰਦਾ ਹੈ ਜਦੋਂ ਆਖਦਾ ਹੈ-

ਕਵਿਤਾ ਪਿਆਰੀ ਕਵਿਤਾ/ਤੈਨੂੰ ਪਿਆਰੀ ਕਹਿ ਕੇ ਕਿਤੇ ਮੈਂ/ਰਾਸ਼ਟਰ ਵਿਰੋਧੀ ਨਾ ਐਲਾਨਿਆ ਜਾਵਾਂ/ਵੈਸੇ ਵੀ ਤੂੰ ਪਿਆਰੀ ਤਾਂ ਨਹੀਂ/ਤੂੰ ਤਾਂ ਡਰਾਉਨੀ ਏ ਉਨ੍ਹਾਂ ਨੂੰ ਜੋ ਖ਼ੁਦ ਬਣੇ ਨੇ ਸਭ ਨੂੰ ਡਰਾਉਣ ਲਈ।

"ਤੇਰੇ ਪਿੱਛੇ, ਐਸੀ ਕਿਹੜੀ ਤਾਕਤ ਹੈ/ਜੋ ਤੈਨੂੰ ਸਦੀਆਂ ਤੱਕ ਰੱਖਦੀ ਹੈ ਜਿਊਂਦੇ..।"

ਪਿੱਛੇ ਜਿਹੇ ਕੁਝ ਲੋਕ ਪੱਖੀ ਪ੍ਰਸਿੱਧ ਕਵੀਆਂ/ਲੇਖਕਾਂ ਦੀਆਂ ਰਚਨਾਵਾਂ ਕੁਝ ਪ੍ਰਾਂਤਾਂ ਦੀਆਂ ਸਰਕਾਰਾਂ ਨੇ ਪਾਠ ਕਰਮਾਂ ਵਿੱਚੋਂ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

# ਸੱਜਰਾ ਸਾਹਿਤ

## ਖਾਲੀ ਬੇੜੀਆਂ


**ਬਲਦੇਵ ਸੀਹਰਾ**
**(ਗ਼ਜ਼ਲ ਸੰਗ੍ਰਹਿ)**
**ਪੰਨੇ : 128, ਮੁੱਲ : 225 ਰੁਪਏ**
**ਚੇਤਨਾ ਪ੍ਰਕਾਸ਼ਨ, ਲੁਧਿਆਣਾ**



ਬਲਦੇਵ ਸੀਹਰਾ ਅਗਾਂਹਵਧੂ ਤੇ ਸਾਰਥਿਕ ਵਿਚਾਰਾਂ ਵਾਲਾ ਸ਼ਾਇਰ ਹੈ। ਉਹ ਜ਼ਿੰਦਗੀ ਦੀਆਂ ਵਿਸੰਗਤੀਆਂ, ਵਿਪਰੀਤੀਆਂ ਅਤੇ ਸਮਾਜਿਕ ਅਸੰਤੁਲਣ ਦੇ ਕਾਰਨਾਂ ਨੂੰ ਭਲੀ-ਭਾਂਤ ਸਮਝਦਾ ਹੈ। ਉਹ ਉਦਾਸ ਜ਼ਰੂਰ ਹੈ, ਪਰ ਨਿਰਾਸ਼ ਨਹੀਂ, ਕਿਉਂਕਿ ਉਹ ਨਿਰੰਤਰ ਸੰਘਰਸ਼ ਵਿੱਚ ਯਕੀਨ ਰੱਖਦਾ ਹੈ। ਅਨੇਕਾਂ ਮੁਸ਼ਕਲਾਂ, ਮਜਬੂਰੀਆਂ, ਮਾਯੂਸੀਆਂ ਦੇ ਬਾਵਜੂਦ ਉਹ ਸਿਦਕ, ਸਿਰੜ, ਸੱਚ ਦਾ ਦਾਮਨ ਹੱਥੋਂ ਨਹੀਂ ਜਾਣ ਦਿੰਦਾ।

## ਮਿਲਾਂਗੇ ਜ਼ਰੂਰ


**ਪ੍ਰੀਤ ਕੰਵਲ**
**(ਕਵਿਤਾਵਾਂ)**
**ਪੰਨੇ : 144, ਮੁੱਲ : 220 ਰੁਪਏ**
**ਤਰਕ ਭਾਰਤੀ ਪ੍ਰਕਾਸ਼ਨ, ਬਰਨਾਲਾ**



ਕਦੇ ਖ਼ੁਾਬਾਂ 'ਚ ਕਦੇ ਖਿਆਲਾਂ 'ਚ
ਕਦੇ ਹਾੜ੍ਹ 'ਚ ਕਦੇ ਸਿਆਲਾਂ 'ਚ
ਕਦੇ ਹਾਲਾਂ 'ਚ ਕਦੇ ਬੇਹਾਲਾਂ 'ਚ
ਕਦੇ ਜਵਾਬਾਂ 'ਚ ਕਦੇ ਸਵਾਲਾਂ 'ਚ
ਕਦੇ ਪਾਣੀਆਂ 'ਚ ਕਦੇ ਤੂਫ਼ਾਨਾਂ 'ਚ

## ਪੰਜਾਬ ਦਾ ਦਲਿਤ ਅੰਦੋਲਨ

**ਐੱਸ ਐੱਲ ਵਿਰਦੀ ਐਡਵੋਕੇਟ**
**ਪੰਨੇ : 318, ਮੁੱਲ : 300 ਰੁਪਏ**
**ਪੰਜਾਬੀ ਵਿਰਸਾ ਟਰੱਸਟ, ਫਗਵਾੜਾ**



ਡਾ. ਅੰਬੇਡਕਰ, ਸ਼ਹੀਦ ਭਗਤ ਸਿੰਘ, ਜੋਤੀਬਾ ਰਾਓ ਫੂਲੇ, ਸਵਾਮੀ ਨਾਇਕਰ, ਸ਼ਾਹੂ ਜੀ, ਡਾ. ਲੋਹੀਆ ਕਹਿੰਦੇ, "ਕੇਵਲ ਜ਼ਿੰਦਾ ਰਹਿਣ 'ਚ ਕੋਈ ਸਨਮਾਨ ਨਹੀਂ ਹੈ, ਕਿਸ ਸਥਿਤੀ 'ਚ ਅਸੀਂ ਜਿਊਂਦੇ ਹਾਂ, ਇਹ ਜ਼ਿਆਦਾ ਮਹੱਤਵਪੂਰਨ ਹੈ। ਕੋਈ ਬਿਨਾਂ ਸ਼ਰਤ ਸ਼ਰਨ ਲੈ ਕੇ ਜ਼ਿੰਦਾ ਰਹਿ ਸਕਦਾ ਹੈ ਤੇ ਕੋਈ ਕਾਇਰਤਾ 'ਚ ਮਾਰ ਖਾ ਕੇ ਪਿੱਛੇ ਹਟ ਕੇ, ਗੁਲਾਮ ਬਣ ਕੇ ਜ਼ਿੰਦਾ ਰਹਿ ਸਕਦਾ ਹੈ।"

# ਪੁਸਤਕ ਰੀਵਿਊ

## ਅੰਡਰ ਐਸਟੀਮੇਟ

**(ਕਾਵਿ ਸੰਗ੍ਰਹਿ)**
**ਨੱਕਾਸ਼ ਚਿੱਤੇਵਾਣੀ**
**ਮੁੱਲ : 180 ਰੁਪਏ, ਪੰਨੇ : ਪੇਪਰ ਬੈਕ : 96**
**ਬੁਕਬਾਰ ਪਬਲਿਸ਼ਿੰਗ ਹਾਊਸ, ਜਲੰਧਰ**

ਅੰਡਰ ਐਸਟੀਮੇਟ ਨਸ਼-ਚਿਤੇਵਾਣੀ ਦੀ ਇਸ ਪੁਸਤਕ ਵਿੱਚ ਤਿੰਨ ਦਰਜਨ ਤੋਂ ਉੱਪਰ ਕਵਿਤਾਵਾਂ ਹਨ। ਕਵੀ ਦਾ ਇਹ ਕਥਨ ਸਾਡੇ ਧਿਆਨ ਵਿੱਚ ਆਉਣਾ ਚਾਹੀਦਾ ਹੈ ਕਿ 'ਮੇਰੇ ਲਈ ਕਵਿਤਾ ਲਿਖਣਾ ਜਾਂ ਕਵਿਤਾ ਜਿਉਣਾ ਇੱਕੋ ਤਰ੍ਹਾਂ ਹੈ।" ਸੱਚੀ ਕਵਿਤਾ ਉਹ ਕਲਾ ਹੈ, ਜਿਸ ਦਾ ਸੰਚਾਲਣ ਅਤੇ ਅਭੀਵਿਅਕਤੀ, ਕਵੀ ਦੇ ਧੁਰ ਅੰਦਰਲੀ ਆਵਾਜ਼ ਦਾ ਪ੍ਰਤੀ ਰੂਪ ਹੋਵੇ। ਇਸ ਕਾਵਿ ਸੰਗ੍ਰਹਿ ਦੀਆਂ ਸਾਰੀਆਂ ਕਵਿਤਾਵਾਂ ਛੰਦਬੱਧ, ਲੈਅ-ਆਤਮਕ ਅਤੇ ਅੰਤਰੀਵ ਭਾਵਨਾ ਦੀ ਤਰਜਮਾਨੀ ਕਰਦੀਆਂ ਹਨ। ਇਨ੍ਹਾਂ ਕਵਿਤਾਵਾਂ ਦੀ ਵਿਸ਼ੇਸ਼ ਖ਼ੂਬੀ ਹੈ ਕਿ ਇਨ੍ਹਾਂ ਵਿਚਲੇ ਸ਼ਬਦ, ਸ਼ਬਦ-ਸਆਸ, ਪ੍ਰਤੀਕ ਅਤੇ ਅਲੰਕਾਰ, ਨਵੇਂ-ਨਰੋਏ ਅਤੇ ਵਿਆਪਤ ਹਨ। ਲੇਖਕ ਨੇ ਪੰਨਾ 24 ਉਪਰ ਕਵਿਤਾ ਦੀ ਜੋ ਪਰਿਭਾਸ਼ਾ ਹੁੰਦੀ ਹੈ, ਉਸ ਨੂੰ ਕਵਿਤਾਇਆ ਹੈ। ਕਾਵਿ ਦੀਆਂ ਗੱਲਾਂ, ਕਵਿਤਾ ਵਿੱਚ ਕੀਤੀਆਂ ਹਨ।

ਕਵੀ ਅੰਦਰੋਂ-ਬਾਹਰੋਂ ਕਵੀ ਹੈ, ਕੁਝ ਕਾਵਿ-ਟੂਕਾਂ ਪੇਸ਼ ਹਨ :

ਤੇਰਾ ਮਿਲਣ ਮੇਰੇ ਚੇਤਿਆਂ ਵਿੱਚ ਕਿਤੇ
ਛੁਪ ਗਿਆ, ਖੁਦਾ ਦੀ ਖੁਦਾਈ ਦੇ ਵਾਂਗ
(ਪੰਨਾ-30)

ਰਹਿਮਤਾਂ ਦੇ ਬੱਦਲਾਂ ਨੂੰ ਜੈ ਕਰੋ, ਧੂੰਏਂ ਮਾਰੇ ਆਲਿਆਂ ਨੂੰ ਜੈ ਕਰੋ।

ਤੇਲ ਬੱਤੀ ਬਲ ਕੇ ਜੋ ਚਾਨਣ ਕਰਨ, ਸਾਰੇ ਜਗਦੇ ਦੀਵਿਆਂ ਨੂੰ ਜੈ ਕਰੋ। (ਪੰਨਾ-38)

ਉਸ ਦੀਆਂ, ਤੇਰੇ ਹਵਾਲੇ, ਸਤਿ ਬਚਨ, ਮੌਸਮ, ਪੌਣਾਂ ਦਿਆਂ ਪਰਾਂ ਉਤੇ...

ਹਵਾ...ਬਚਪਨ, ਕਹਾਣੀ, ਰੀਝ, ਲੂਣਾ ਪੜ੍ਹ ਲਵੋ ਜਾਂ ਇਸ ਸੰਗ੍ਰਹਿ ਦੀ ਕੋਈ ਹੋਰ ਕਵਿਤਾ : ਵਿਸ਼ੇ ਪੱਖੋਂ ਜਾਂ ਅਭਿਵਿਅਕਤੀ ਪੱਖੋਂ, ਵਿਸ਼ੇਸ਼ ਤੌਰ 'ਤੇ ਕਲਾਤਮਿਕ ਹੈ। ਕਵੀ ਨਾ ਆਦਰਸ਼ਵਾਦੀ ਹੈ, ਨਾ ਪ੍ਰਗਤੀਵਾਦੀ, ਉਸ ਦੀਆਂ ਇਨ੍ਹਾਂ ਕਵਿਤਾਵਾਂ ਵਿੱਚ ਮਾਨਵ ਦੀ ਵੇਦਨਾ, ਸੰਵੇਦਨਾ ਤੇ ਚੇਤਨਾ ਬੋਲਦੀ ਹੈ।

ਨੱਕਾਸ਼ ਚਿਤੇਵਾਣੀ ਕਾਵਿ ਉਪਰ ਉਰਦੂ ਕਾਵਿ ਦਾ ਸਿੱਧਾ ਪ੍ਰਭਾਵ ਹੈ, ਜਿਸ ਵਿਧੀ ਨੂੰ ਉਸ ਨੇ ਕਾਵਿ ਅਭਿਵਿਅਕਤੀ ਲਈ ਚੁਣਿਆ ਹੈ, ਉਹ ਵਿਧੀ ਉੱਤਮ ਕਵਿਤਾ ਕਹਿਣ, ਰਚਣ ਅਤੇ ਸੰਚਾਰਣ ਦੀ ਕਲਾਤਮਿਕ ਵਿਧੀ ਹੈ। ਲੋੜ ਇਹ ਵੀ ਹੈ ਕਿ ਅੱਜ ਦੀ ਕਵਿਤਾ ਵਿੱਚ ਲੋਕ-ਸਮੱਸਿਆਵਾਂ, ਵੇਦਨਾ-ਸੰਵੇਦਨਾ ਸੰਸਾਰ ਮੁਖੀ ਸਮੱਸਿਆ, ਜਿਵੇਂ ਅਮਨ, ਗ਼ਰੀਬੀ, ਬੇਰੁਜ਼ਗਾਰੀ, ਭੁੱਖ ਅਤੇ ਸਮਾਜਿਕ, ਆਰਥਿਕ, ਸੱਭਿਆਚਾਰਕ ਗਿਰਾਵਟ ਦੀਆਂ ਕਾਵਿ ਬਾਤਾਂ ਪਾਈਆਂ ਜਾਣ, ਤਾਂ ਕਿ ਸਮੇਂ ਦਾ ਯਥਾਰਥ, ਉਸ ਦੇ ਕਾਵਿ ਵਿੱਚ ਕਵਿਤਾਇਆ ਜਾ ਸਕੇ। ਅੰਡਰ ਐਸਟੀਮੇਟ ਦੀ ਥਾਂ ਸੰਪੂਰਨ ਐਸਟੀਮੇਟ ਸਾਬਤ-ਸਬੂਤਾ ਪੇਸ਼ ਹੋਵੇ।

**- ਡਾ. ਅਮਰ ਕੋਮਲ**

## ਸੁਪਨਿਆਂ ਦੀ ਉਡਾਣ

**(ਬਾਲ ਨਾਵਲ)**
**ਸੁਖਵਿੰਦਰ ਕੌਰ ਸਿੱਧੂ**
**ਮੁੱਲ-150 ਰੁਪਏ, ਪੰਨੇ-111**
**ਨਵਰੰਗ ਪਬਲੀਕੇਸ਼ਨਜ਼, ਸਮਾਣਾ**

ਸੁਖਵਿੰਦਰ ਕੌਰ ਸਿੱਧੂ ਦੇ ਬਾਲ ਨਾਵਲ 'ਸੁਪਨਿਆਂ ਦੀ ਉਡਾਣ' ਵਿੱਚ 11 ਕਾਂਡ ਹਨ। ਉਸ ਨੇ ਇਸ ਨਾਵਲ ਵਿੱਚ ਸਕੂਲੀ ਵਿਦਿਆਰਥੀਆਂ ਨੂੰ ਜੀਵਨ ਪ੍ਰਤੀ ਬਹੁਤ ਹੀ ਚੰਗੀਆਂ ਸੇਧਾਂ ਦਿੱਤੀਆਂ ਹਨ। ਉਸ ਨੇ ਖੇਡਾਂ ਦੀ ਮਹੱਤਤਾ ਦੱਸੀ ਹੈ। ਸਕੂਲ ਦੀ ਲਾਇਬਰੇਰੀ ਵਿੱਚ ਪਈਆਂ ਕਿਤਾਬਾਂ ਨੂੰ ਪੜ੍ਹਨ ਦੀ ਮਹੱਤਤਾ ਦੱਸੀ ਹੈ। ਉਸ ਨੇ ਆਪਣੇ ਨਾਵਲ ਦੇ ਪਾਤਰਾਂ ਰਮਨੀਕ, ਗੀਤ, ਰਾਜਵੀਰ, ਸੈਨੀ ਆਦਿ ਰਾਹੀਂ ਕਈ ਮਹੱਤਵਪੂਰਨ ਕਥਾਵਾਂ ਸੁਣਾਈਆਂ ਹਨ। ਉਸ ਨੇ ਦਾਦੀ ਵੱਲੋਂ ਪੋਤੇ-ਪੋਤੀਆਂ ਨੂੰ ਦੇਸ਼ ਪ੍ਰੇਮ, ਮਹਾਨ ਹਸਤੀਆਂ—ਜਿਵੇਂ ਸ਼ਹੀਦ ਭਗਤ ਸਿੰਘ, ਊਧਮ ਸਿੰਘ ਆਦਿ ਕਥਾਵਾਂ ਸੁਣਾਉਣ ਲਈ ਪ੍ਰੇਰਨਾ ਦਿੱਤੀ ਹੈ।

ਸੁਖਵਿੰਦਰ ਕੌਰ ਸਿੱਧੂ ਨੂੰ ਪਤਾ ਹੈ ਕਿ ਬੱਚੇ ਹਮੇਸ਼ਾ ਵੱਡੇ-ਵੱਡੇ ਸੁਪਨਿਆਂ ਦੀ ਉਡਾਨ ਵਿੱਚ ਰਹਿੰਦੇ ਹਨ। ਉਸ ਨੇ ਇਸ ਲਈ ਬਚਪਨ ਤੋਂ ਬਹੁਪੱਖੀ ਵਿਸ਼ਿਆਂ 'ਤੇ ਗਿਆਨ ਪ੍ਰਦਾਨ ਕਰਨ ਲਈ ਵਿਚਾਰਾਂ ਦਿੱਤੀਆਂ ਹਨ। ਉਸ ਨੇ ਅਜਿਹਾ ਅਮਲੀ ਰੂਪ ਵਿੱਚ ਕੀਤਾ ਵੀ ਹੈ। ਉਸ ਬੱਚਿਆਂ ਨੂੰ ਵਿਦੇਸ਼ੀ ਦੇਸ਼, ਜਿਵੇਂ ਕੈਨੇਡਾ ਤੇ ਭਾਰਤ ਦੇ ਸੱਭਿਆਚਾਰ ਬਾਰੇ ਦੱਸਿਆ ਹੈ, ਪੰਜਾਬ ਦੇ ਪੁਸ਼ਪਾ ਸਾਇੰਸ ਸਿਟੀ ਬਾਰੇ, ਸਿਲਾਈ-ਕਢਾਈ, ਸੰਗੀਤ ਪ੍ਰਤੀ, ਲੋਕ-ਬੋਲੀ, ਅਧਿਆਪਕਾਂ ਦੇ ਰੋਲ ਪ੍ਰਤੀ ਬਹੁਤ ਕੁਝ ਲਿਖਿਆ ਹੈ।

ਨਾਵਲਕਾਰ ਨੂੰ ਵਿਦਿਆਰਥੀਆਂ ਦੇ ਮਨੋ-ਵਿਸ਼ਲੇਸ਼ਣ ਦਾ ਬਹੁਤ ਡੂੰਘਾ ਗਿਆਨ ਹੈ। ਉਸ ਨੇ ਢੁਕਵੀਂ ਵਾਰਤਾਲਾਪ ਵਿਚ ਬੱਚਿਆਂ ਨੂੰ ਨੈਤਿਕਤਾਦੀ ਸਿੱਖਿਆ ਦਿੱਤੀ ਹੈ, ਉਸ ਨੇ ਅਧਿਆਪਕਾਂ ਨੂੰ ਆਪਣੇ ਸਹੀ ਤਰੀਕੇ ਨਾਲ ਸਾਰੇ ਫਰਜ਼ ਨਿਭਾਉਣ ਲਈ ਪ੍ਰੇਰਨਾ ਦਿੱਤੀ ਹੈ। ਬੱਚਿਆਂ ਨੂੰ ਇਤਿਹਾਸ ਦਾ ਵੀ ਬਹੁਤ ਗਿਆਨ ਪ੍ਰਦਾਨ ਕੀਤਾ ਹੈ। ਉਸ ਦੇ ਇਸ ਨਾਵਲ ਰਾਹੀਂ ਵਿਦਿਆਰਥੀਆਂ ਨੂੰ ਸਦੀਵੀ ਗਿਆਨ ਪ੍ਰਾਪਤ ਕਰਨ ਵਾਲੀ ਸਿੱਖਿਆ ਮਿਲਦੀ ਹੈ। ਉਸ ਨੂੰ ਅਜੋਕੇ ਸਮੇਂ 'ਚ ਢੁਕਵੀਂ ਸਹੀ ਸਾਰਥਕ ਸਿੱਖਿਆ ਦੇਣ 'ਤੇ ਵਧਾਈ ਤਾਂ ਦੇਣੀ ਬਣਦੀ ਹੈ। ਆਸ ਹੈ ਕਿ ਇਹੋ ਜਿਹੇ ਸਿੱਖਿਆਦਾਇਕ ਨਾਵਲ ਸੁਖਵਿੰਦਰ ਕੌਰ ਸਿੱਧੂ ਨਿਰੰਤਰ ਲਿਖਦੀ ਰਹੇਗੀ।

**— ਗੁਰਮੀਤ ਸਰਾਂ**

## ਮੈਂ ਤੇ ਸਮੁੰਦਰ

**(ਕਾਵਿ-ਸੰਗ੍ਰਹਿ)**
**ਕਾਰਿਆ ਪ੍ਰਭਜੋਤ ਕੌਰ**
**ਪੰਨੇ : 158, ਮੁੱਲ : 326 ਰੁਪਏ**
**ਆਰਸੀ ਪਬਲੀਸ਼ਰਜ਼, ਨਵੀਂ ਦਿੱਲੀ**

ਕਾਰਿਆ ਪ੍ਰਭਜੋਤ ਕੌਰ ਆਪਣਾ ਪਲੇਠਾ ਕਾਵਿ-ਸੰਗ੍ਰਹਿ 'ਮੈਂ ਤੇ ਸਮੁੰਦਰ' ਲੈ ਕੇ ਪਾਠਕਾਂ ਦੇ ਸਨਮੁੱਖ ਹੋਈ ਹੈ। ਮੈਂ ਤੇ ਸਮੁੰਦਰ ਕਾਵਿ-ਸੰਗ੍ਰਹਿ ਵਿੱਚ ਕੁੱਲ 99 ਕਵਿਤਾਵਾਂ ਦਰਜ ਹਨ। ਕਵਿਤਰੀ ਨੇ ਆਪਣੀਆਂ ਰਚਨਾਵਾਂ ਵਿੱਚ ਮਨੁੱਖੀ ਅਵਚੇਤਨ ਵਿੱਚ ਵਸਦੇ ਵਿਚਾਰਾਂ ਪਿੱਛੇ ਕਾਰਜਸ਼ੀਲ ਮਨੋਭਾਵਾਂ, ਪ੍ਰੇਰਨਾਵਾਂ ਅਤੇ ਦੱਬੀਆਂ ਇੱਛਾਵਾਂ ਦੇ ਵਹਾ ਨੂੰ ਸਮੁੰਦਰ ਦੇ ਸਮਾਨ ਦੱਸਿਆ ਹੈ। ਮਨੁੱਖੀ ਮਨ ਦੀ ਅਸਥਿਰਤਾ ਹੋਣ ਅਤੇ ਇੱਛਾਵਾਂ ਦੀ ਅਪ੍ਰਾਪਤੀ ਨਾਲ ਚਿੰਤਾ ਵਿੱਚ ਗ੍ਰਸਤ ਮਨੁੱਖ ਭਟਕਣ ਦੀ ਅਵਸਥਾ ਵਿੱਚ ਆ ਜਾਂਦਾ ਹੈ। ਕਵਿਤਾਵਾਂ ਸਮੁੰਦਰ ਤੇ ਮੈਂ, ਹਰ ਵਾਰ, ਦਿਲ, ਛੱਲਾਂ ਅਤੇ ਗੁੰਝਲਾਂ ਵਿੱਚ ਕਵਿੱਤਰੀ ਨੇ ਮਨੁੱਖੀ ਮਨ ਜੋ ਸਮੁੰਦਰ ਦੀਆਂ ਛੱਲਾਂ ਦੇ ਸਮਾਨ ਹੈ ਅਤੇ ਇਸ ਵਿੱਚ ਅਸਥਿਰਤਾ ਪੈਦਾ ਕਰਨ ਵਾਲੀਆਂ ਵੇਦਨਾਵਾਂ ਨੂੰ ਵਰਨਣ ਕੀਤਾ ਹੈ। ਕਵਿਤਾ 'ਗੁੰਝਲਾਂ' ਵਿੱਚ ਮਨੁੱਖ ਦੀ ਮਨੋਸਥਿਤੀ ਦੀ ਤਸਵੀਰ ਸਪੱਸ਼ਟ ਦੇਖੀ ਜਾ ਸਕਦੀ ਹੈ। ਕਵਿਤਾ 'ਗੁੰਝਲਾਂ' ਰਾਹੀਂ ਪੇਸ਼ ਮਾਨਸਿਕ ਸਥਿਤੀ ਨੂੰ ਕਵਿੱਤਰੀ ਨੇ ਇਸ ਤਰ੍ਹਾਂ ਪੇਸ਼ ਕੀਤਾ ਹੈ :

ਗੁੰਝਲਾਂ ਵੀ ਅਜੀਬ ਹਨ
ਆਪੇ ਹੀ ਪੈ ਜਾਂਦੀਆਂ
ਤੁਰਦੇ-ਭੁਰਦੇ ਪਰਛਾਵਿਆਂ ਨੂੰ
ਨਾ ਚਾਹੁੰਦਿਆਂ ਵੀ
ਜਕੜ ਲੈਂਦੀਆਂ ਬੰਨ੍ਹ ਲੈਂਦੀਆਂ
ਸੋਚਾਂ ਤੇ ਸਾਹਾਂ ਨੂੰ
ਆਪਣੇ ਵਲਾਂ 'ਚ ਵਲੇਟ।
ਤੇ ਪਰਛਾਵੇਂ
ਭਟਕ ਜਾਂਦੇ। (ਪੰਨਾ-51)

ਕਾਰਿਆ ਪ੍ਰਭਜੋਤ ਕੌਰ ਦੀਆਂ ਕਵਿਤਾਵਾਂ ਦਾ ਕੇਂਦਰ 'ਮੈਂ' ਹੈ। ਕਵਿਤਰੀ ਨੇ ਕਵਿਤਾ ਦੀ ਦੂਜੀ ਸੰਬੋਧਨੀ ਧਿਰ 'ਤੂੰ' ਨੂੰ ਬਣਾਇਆ ਹੈ। ਮਨ ਵਿੱਚ ਪੈਦਾ ਹੋਈਆਂ ਗੁੰਝਲਾਂ ਦੁਆਰਾ ਉਪਜੀ ਪੀੜਾਦਾਇਕ ਸਥਿਤੀ ਮਨੁੱਖ ਨੂੰ ਟਿਕਾਅ ਵਾਲੀ ਅਵਸਥਾ ਤੋਂ ਵੰਚਿਤ ਕਰ ਦਿੰਦੀ ਹੈ।

ਕਾਰਿਆ ਪ੍ਰਭਜੋਤ ਕੌਰ ਨੇ ਪਿਆਰ ਦੀਆਂ ਭਾਵਨਾਵਾਂ ਵਿੱਚ ਵਹਿੰਦੇ ਮਨ ਵਿੱਚ ਪੈਦਾ ਹੋਈ ਬੇਤਰਤੀਬੀ ਵਾਲੀ ਅਵਸਥਾ ਨਾਲ ਪੈਦਾ ਹੋਏ ਦਵੰਦ ਨੂੰ ਕਵਿਤਾਵਾਂ ਮੇਰਾ ਦਿਲ, ਬੱਸ ਇੱਕ ਵਾਰ, ਪਰਛਾਵੇਂ, ਪਿਆਰ ਦਾ ਜੋੜ, ਨੇਮ ਕਿਉਂ ? ਆਦਿ ਰਚਨਾਵਾਂ ਵਿੱਚ ਵਰਣਨ ਕੀਤਾ ਹੈ। ਔਰਤ ਆਪਣੇ ਮਨੋਭਾਵਾਂ ਨੂੰ ਦਬਾਉਣ ਪਿੱਛੇ ਕਾਰਜਸ਼ੀਲ ਨੇਮਾਂ ਪ੍ਰਤੀ ਵਿਦਰੋਹ ਪ੍ਰਗਟਾਉਂਦੀ ਹੈ। ਸਮਾਜ ਅੰਦਰ ਪੈਦਾ ਹੋਏ ਘਿਰਣਾਮਈ ਵਰਤਾਰੇ ਨਾਲ ਔਰਤ ਦੀ ਤਰਾਸਦਿਕ ਬਣੀ ਸਥਿਤੀ ਨਾਲ ਉਸ ਦੇ ਮਨ ਵਿੱਚ ਖਲਾਅ ਪੈਦਾ ਹੋ ਜਾਣ ਨੂੰ ਕਵਿਤਰੀ ਨੇ ਆਪਣੀਆਂ ਰਚਨਾਵਾਂ ਵਿੱਚ ਅਗਰਸਰ ਕੀਤਾ ਹੈ। ਕਵਿਤਾਵਾਂ ਔਰਤ, ਪਹਾੜਾਂ ਤੋਂ ਖਾਰੇ ਤੱਕ, ਸੋਚਦੀ ਹਾਂ, ਖ਼ੂਬਸੂਰਤ ਅਹਿਸਾਸ ਵਿੱਚ ਕਾਰਿਆ ਪ੍ਰਭਜੋਤ ਕੌਰ ਨੇ ਔਰਤ ਦੀ ਜ਼ਿੰਦਗੀ ਵਿੱਚ ਪੈਦਾ ਹੋਏ ਖਲਾਅ ਨੂੰ ਪੇਸ਼ ਕੀਤਾ ਹੈ। ਕਵਿਤਾ 'ਔਰਤ' ਵਿੱਚ ਸਮੁੱਚੀ ਨਾਰੀ ਦੇ ਦੁਖਾਂਤ ਨੂੰ ਕਵਿਤਰੀ ਨੇ ਆਪਣੇ ਆਪ ਨੂੰ ਅਹਿਸਾਸ ਹੋਣ ਬਾਰੇ ਵਰਣਨ ਕੀਤਾ ਹੈ।

ਜੀਵਨ ਹੈ ਮੇਰਾ
ਇੱਕ ਅਜਿਹਾ ਕੈਨਵਸ
ਜਿਸ 'ਤੇ ਚਿੱਤਰਕਾਰ ਨੇ
ਸ਼ਾਇਦ.......
ਅੱਖਾਂ ਬੰਦ ਕਰ
ਇੱਕੋ ਵਾਰ 'ਚ
ਖਿੱਚ ਦਿੱਤੀਆਂ ਸਨ
ਅਣਗਿਣਤ ਲਕੀਰਾਂ (ਪੰਨਾ-53)

ਕਵਿਤਰੀ ਕਾਰਿਆ ਪ੍ਰਭਜੋਤ ਕੌਰ ਨੇ ਸਮੁੱਚੀ ਨਾਰੀ ਦੇ ਜੀਵਨ ਵਿੱਚ ਪੈਦਾ ਹੋਏ ਦੁਖਾਂਤ ਨੂੰ ਚਿੱਤਰਕਾਰ ਦੁਆਰਾ ਬਣਾਏ ਅਜਿਹੇ ਕੈਨਵਸ ਨਾਲ ਤੁਲਨਾਇਆ ਹੈ ਜਿਸ ਵਿੱਚ ਖਿਲਰੇ ਵਿਭਿੰਨ ਰੰਗ ਉਸ ਦੇ ਜੀਵਨ ਦੇ ਖਾਬਾਂ ਨੂੰ ਸਮੁੰਦਰ ਦੀਆਂ ਛੱਲਾਂ ਵਹਾ ਕੇ ਲੈ ਜਾਂਦੀਆਂ ਹਨ। ਕਾਰਿਆ ਪ੍ਰਭਜੋਤ ਕੌਰ ਨੇ ਆਪਣੀ ਪਲੇਠੀ ਕਾਵਿ ਪੁਸਤਕ ਦੀ ਹਾਜ਼ਰੀ ਰਾਹੀਂ ਪੰਜਾਬੀ ਸਾਹਿਤ ਵਿੱਚ ਸਲਾਹੁਣਯੋਗ ਕਾਰਜ ਕੀਤਾ ਹੈ ਅਤੇ ਕਵਿਤਰੀ ਤੋਂ ਭਵਿੱਖ ਵਿੱਚ ਅਜਿਹੇ ਕਾਰਜ ਦੀ ਉਮੀਦ ਰੱਖੀ ਜਾ ਸਕਦੀ ਹੈ। ਕਾਰਿਆ ਪ੍ਰਭਜੋਤ ਕੌਰ ਨੂੰ ਮੁਬਾਰਕਬਾਦ।

**- ਡਾ. ਬਲਵਿੰਦਰ ਸਿੰਘ**

20-Nov-Sunday.qxd 11/19/2022 10:06 PM Page 6



## 'ਨਵਾਂ ਜ਼ਮਾਨਾ ਟੀ ਵੀ' 'ਸਿਰਜਣਾ ਦੇ ਅੰਗ-ਸੰਗ' 'ਚ ਸੁਖਪਾਲ ਸਿੰਘ ਥਿੰਦ



**ਜਲੰਧਰ** : ਨਵਾਂ ਜ਼ਮਾਨਾ ਵੈੱਬ ਟੀ ਵੀ 'ਤੇ ਨਵਾਂ ਸਾਹਿਤਕ ਪ੍ਰੋਗਰਾਮ 'ਸਿਰਜਣਾ ਦੇ ਅੰਗ-ਸੰਗ' ਵਿੱਚ **ਕਹਾਣੀਕਾਰ ਸੁਖਪਾਲ ਸਿੰਘ ਥਿੰਦ** ਨਾਲ ਉਨ੍ਹਾ ਦੀ ਸਿਰਜਣਾ ਦੇ ਵੱਖ-ਵੱਖ ਪਾਸਾਰਾਂ ਬਾਰੇ ਗੱਲਬਾਤ ਕੀਤੀ ਗਈ ਹੈ। ਇਸ ਨਾਲ ਜੁੜਨ ਲਈ https://www.youtube.com/c/nawanzamanatv 'ਤੇ ਜਾਓ।

# ਗੁਰਭਜਨ ਗਿੱਲ ਨੂੰ ਨੂਰਪੁਰੀ ਐਵਾਰਡ



**ਸਰੀ**-ਲੋਕ ਮੰਚ ਪੰਜਾਬ ਵੱਲੋਂ ਨਾਮਵਰ ਪੰਜਾਬੀ ਸ਼ਾਇਰ, ਗੀਤਕਾਰ ਗੁਰਭਜਨ ਗਿੱਲ ਨੂੰ ਨੰਦ ਲਾਲ ਨੂਰਪੁਰੀ ਐਵਾਰਡ ਦੇਣ ਦੇ ਫੈਸਲੇ ਦਾ ਸਵਾਗਤ ਕਰਦਿਆਂ ਗਰੇਟਰ ਵੈਨਕੂਵਰ ਦੇ ਲੇਖਕਾਂ ਨੇ ਸ. ਗਿੱਲ ਨੂੰ ਵਧਾਈ ਦਿੱਤੀ ਹੈ ਅਤੇ ਲੋਕ ਮੰਚ ਪੰਜਾਬ ਦੀ ਪ੍ਰਬੰਧਕੀ ਕਮੇਟੀ ਦਾ ਧੰਨਵਾਦ ਕੀਤਾ ਹੈ।

ਵੈਨਕੂਵਰ ਵਿਚਾਰ ਮੰਚ ਦੇ ਲੇਖਕਾਂ ਨੇ ਇਕ ਸੰਖੇਪ ਮੀਟਿੰਗ ਕਰਕੇ ਇਸ ਐਲਾਨ 'ਤੇ ਖ਼ੁਸ਼ੀ ਪ੍ਰਗਟ ਕਰਦਿਆਂ ਗੁਰਭਜਨ ਗਿੱਲ ਨੂੰ ਮੁਬਾਰਕਬਾਦ ਦਿੱਤੀ ਹੈ ਅਤੇ ਕਿਹਾ ਕਿ ਇਸ ਨਾਲ ਜਿੱਥੇ ਪੰਜਾਬੀ ਸੱਭਿਆਚਾਰਕ ਗੀਤਕਾਰੀ ਦਾ ਮਾਣ-ਸਤਿਕਾਰ ਵਧਿਆ ਹੈ, ਉੱਥੇ ਹੀ ਸੱਭਿਅਕ ਅਤੇ ਉਸਾਰੂ ਗੀਤਕਾਰਾਂ ਲਈ ਇਹ ਇਕ ਬੇਹੱਦ ਉਤਸ਼ਾਹਜਨਕ ਕਦਮ ਹੋਵੇਗਾ। ਮੰਚ ਦੇ ਬੁਲਾਰੇ ਅਤੇ ਪ੍ਰਸਿੱਧ ਸ਼ਾਇਰ ਮੋਹਨ ਗਿੱਲ ਨੇ ਕਿਹਾ ਕਿ ਗੁਰਭਜਨ ਗਿੱਲ ਇਕ ਸਮਰੱਥ ਸ਼ਾਇਰ ਅਤੇ ਮੰਨੇ ਹੋਏ ਗੀਤਕਾਰ ਹਨ। ਉਨ੍ਹਾਂ ਦੇ ਗੀਤਾਂ ਦੀਆਂ ਦੋ ਪੁਸਤਕਾਂ 'ਫੁੱਲਾਂ ਦੀ ਝਾਂਜਰ' ਅਤੇ 'ਪਿੱਪਲ ਪੱਤੀਆਂ' ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਉਨ੍ਹਾਂ ਦੇ ਬਹੁਤ ਸਾਰੇ ਗੀਤ ਪੰਜਾਬੀ ਦੇ ਨਾਮੀ ਕਲਾਕਾਰਾਂ ਦੀ ਆਵਾਜ਼ ਵਿਚ ਰਿਕਾਰਡ ਹੋ ਚੁੱਕੇ ਹਨ। ਵਿਸ਼ੇਸ਼ ਤੌਰ 'ਤੇ ਉਨ੍ਹਾਂ ਦਾ ਗੀਤ 'ਲੋਰੀ' ਏਨਾ ਹਰਮਨ-ਪਿਆਰਾ ਹੋਇਆ ਹੈ ਕਿ ਬਹੁਤ ਸਾਰੇ ਪੰਜਾਬੀ ਗਾਇਕ ਇਸ ਨੂੰ ਗਾ ਕੇ ਆਪਣੇ-ਆਪ ਨੂੰ ਮਾਣਮੱਤਾ ਮਹਿਸੂਸ ਕਰ ਰਹੇ ਹਨ। ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਹਰਦਮ ਸਿੰਘ ਮਾਨ, ਜਰਨੈਲ ਸਿੰਘ ਆਰਟਿਸਟ, ਚਮਕੌਰ ਸਿੰਘ ਸੇਖੋਂ, ਨਵਦੀਪ ਗਿੱਲ, ਅੰਗਰੇਜ਼ ਬਰਾੜ, ਪਰਮਜੀਤ ਸਿੰਘ ਸੇਖੋਂ, ਜਸਕਰਨ ਸਿੰਘ ਅਤੇ ਨਵਰੂਪ ਸਿੰਘ ਨੇ ਇਸ ਐਲਾਨ ਨੂੰ ਉਸਾਰੂ ਪੰਜਾਬੀ ਗੀਤਕਾਰਾਂ ਲਈ ਇਕ ਸ਼ੁੱਭ ਸ਼ਗਨ ਦੱਸਦਿਆਂ ਗੁਰਭਜਨ ਗਿੱਲ ਨੂੰ ਵਧਾਈ ਦਿੱਤੀ ਹੈ ਅਤੇ ਲੋਕ ਮੰਚ ਪੰਜਾਬ ਦਾ ਧੰਨਵਾਦ ਕੀਤਾ ਹੈ।

ਇੱਕ ਵੱਖਰੇ ਬਿਆਨ ਰਾਹੀਂ ਵਿਰਾਸਤ ਫਾਊਂਡੇਸ਼ਨ ਦੇ ਭੁਪਿੰਦਰ ਸਿੰਘ ਮੱਲ੍ਹੀ ਅਤੇ ਸਮੁੱਚੀ ਟੀਮ ਵੱਲੋਂ ਗੁਰਭਜਨ ਗਿੱਲ ਨੂੰ ਪੰਜਾਬੀ ਸਾਹਿਤ ਤੇ ਸੱਭਿਆਚਾਰ ਦੀ ਸੁਚੇਤ ਅੱਖ, ਪ੍ਰਤਿਭਾਮਾਨ ਤੇ ਰੂਹਦਾਰ ਸ਼ਖ਼ਸੀਅਤ ਦੱਸਦਿਆਂ ਨੰਦ ਲਾਲ ਨੂਰਪੁਰੀ ਪੁਰਸਕਾਰ ਦੀ ਚੋਣ ਕਰਨ ਲਈ ਲੋਕ ਮੰਚ ਪੰਜਾਬ ਦਾ ਧੰਨਵਾਦ ਕੀਤਾ ਹੈ ਅਤੇ ਸ. ਗਿੱਲ ਨੂੰ ਮੁਬਾਰਕਬਾਦ ਦਿੱਤੀ ਹੈ। ਆਪਣੀਆਂ ਸ਼ੁੱਭ ਕਾਮਨਾਵਾਂ ਪੇਸ਼ ਕਰਦਿਆਂ ਵਿਰਾਸਤ ਫਾਊਂਡੇਸ਼ਨ ਦੇ ਆਗੂਆਂ ਨੇ ਇਸ ਗੱਲੋਂ ਵੀ ਖ਼ੁਸ਼ੀ ਜ਼ਾਹਰ ਕੀਤੀ ਹੈ ਕਿ ਗੁਰਭਜਨ ਗਿੱਲ ਨੇ ਪੁਰਸਕਾਰ ਨੂੰ ਇਸ ਵਾਅਦੇ ਨਾਲ ਸਵੀਕਾਰ ਕੀਤਾ ਕਿ ਉਹ ਇਸ ਪੁਰਸਕਾਰ ਦੀ ਲਾਜ ਰੱਖਣ ਲਈ ਪੂਰੀ ਕੋਸ਼ਿਸ਼ ਕਰਨਗੇ।

ਸਾਊਥ ਏਸ਼ੀਅਨ ਰੀਵਿਊ, ਜੀਵੇ ਪੰਜਾਬ ਅਦਬੀ ਸੰਗਤ ਅਤੇ ਰਣਧੀਰ ਢਿੱਲੋਂ ਵੱਲੋਂ ਵੀ ਗੁਰਭਜਨ ਗਿੱਲ ਨੂੰ ਇਸ ਪੁਰਸਕਾਰ ਲਈ ਨਾਮਜ਼ਦ ਹੋਣ 'ਤੇ ਵਧਾਈ ਦਿੱਤੀ ਗਈ ਹੈ।

**— ਹਰਦਮ ਮਾਨ**

## ਸਕੂਲ ਮੈਗਜ਼ੀਨ 'ਧਰਤੀ ਦੇ ਤਾਰੇ' ਲੋਕ ਅਰਪਣ

**ਪਾਤੜਾਂ** : ਜ਼ਿਲ੍ਹਾ ਸਿੱਖਿਆ ਅਫ਼ਸਰ ਜਰਨੈਲ ਸਿੰਘ ਅਤੇ ਵਰਿੰਦਰ ਕੁਮਾਰ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ) ਸ਼ਹੀਦ ਭਗਤ ਸਿੰਘ ਨਗਰ ਦੇ ਕਰ ਕਮਲਾਂ ਦੁਆਰਾ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਮੁਕੰਦਪੁਰ ਨੇ ਸਕੂਲ ਮੈਗਜ਼ੀਨ 'ਧਰਤੀ ਦੇ ਤਾਰੇ' ਲੋਕ ਅਰਪਣ ਕੀਤਾ ਗਿਆ। ਸਿੱਖਿਆ ਵਿਭਾਗ ਪੰਜਾਬ ਵੱਲੋਂ ਜਾਰੀ ਹਦਾਇਤਾਂ ਅਤੇ ਪ੍ਰਿੰਸੀਪਲ ਅਮਰਜੀਤ ਖਟਕੜ ਦੀ ਯੋਗ ਅਗਵਾਈ ਸਦਕਾ ਸਕੂਲ ਮੈਗਜ਼ੀਨ 'ਧਰਤੀ ਦੇ ਤਾਰੇ' ਤਿਆਰ ਕੀਤਾ ਗਿਆ ਹੈ। ਜ਼ਿਲ੍ਹਾ ਸਿੱਖਿਆ ਅਫ਼ਸਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਛੋਟੇ-ਛੋਟੇ ਬੱਚਿਆਂ ਦੇ ਬਾਲ ਮਨਾਂ ਵਿੱਚ ਬਹੁਤ ਸਾਰੇ ਵਿਚਾਰ ਆਉਂਦੇ ਹਨ, ਯੋਗ ਅਗਵਾਈ ਸਦਕਾ ਉਹ ਇਨ੍ਹਾਂ ਵਿਚਾਰਾਂ ਨੂੰ ਕਲਾਤਮਕ ਰੁਚੀਆਂ ਰਾਹੀਂ ਦੁਨੀਆ ਦੇ ਸਾਹਮਣੇ ਪੇਸ਼ ਕਰ ਸਕਦੇ ਹਨ।

ਜ਼ਿਲ੍ਹਾ ਸਿੱਖਿਆ ਅਫਸਰ ਨੇ ਸਕੂਲ ਦੇ ਸਮੂਹ ਸਟਾਫ ਮੈਂਬਰਜ਼ ਅਤੇ ਬੱਚਿਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਕੂਲ ਮੈਗਜ਼ੀਨ ਕੱਢਣਾ ਇਕ ਵਧੀਆ ਤੇ ਸ਼ਲਾਘਾਯੋਗ ਉਪਰਾਲਾ ਹੈ। ਇਸ ਮੌਕੇ ਪ੍ਰਿੰਸੀਪਲ ਅਮਰਜੀਤ ਖਟਕੜ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਇਸ ਨਾਲ ਵਿਦਿਆਰਥੀਆਂ ਅੰਦਰ ਸਿਰਜਨਾਤਮਿਕ ਰੁਚੀਆਂ ਨੂੰ ਹੁਲਾਰਾ ਮਿਲਦਾ ਹੈ। ਅਜਿਹੇ ਮੌਕੇ ਬੱਚਿਆਂ ਨੂੰ ਸਾਹਿਤ ਨਾਲ ਜੋੜਨ ਦਾ ਸਾਧਨ ਵੀ ਬਣਦੇ ਹਨ, ਜਿਸ ਨਾਲ ਇੱਕ ਨਰੋਏ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ। ਸਲਾਨਾ ਮੈਗਜ਼ੀਨ ਵਿੱਚ ਸਕੂਲ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਵੱਖ-ਵੱਖ ਵਿਸ਼ਿਆਂ 'ਤੇ ਕਹਾਣੀਆਂ, ਕਵਿਤਾਵਾਂ ਅਤੇ ਲੇਖ ਸ਼ਾਮਲ ਕੀਤੇ ਗਏ ਹਨ।

ਇਸ ਮੌਕੇ ਗੁਰਦਿਆਲ ਸਿੰਘ ਜ਼ਿਲ੍ਹਾ ਮੀਡੀਆ ਕੋਆਰਡੀਨੇਟਰ, ਗੁਰਪਾਲ ਸਿੰਘ ਪੁਆਰੀ ਬਲਾਕ ਸਿੱਖਿਆ ਅਫਸਰ ਔੜ, ਕਿਸ਼ਨ ਚੰਦ, ਕਸ਼ਮੀਰ ਸਿੰਘ, ਇੰਦਰਪਾਲ ਸਿੰਘ, ਰਣ ਬਹਾਦਰ, ਬੁੱਧ ਦਾਸ, ਸਤਿੰਦਰ ਸੋਢੀ, ਮਨਦੀਪ ਸਿੰਘ, ਰਾਮ ਲੁਭਾਇਆ ਕਲਸੀ, ਤਰਸੇਮ ਲਾਲ, ਇੰਦਰਜੀਤ ਪਾਲ, ਨਿਰਮਲ ਰਾਮ, ਵਿਜੇ ਕੁਮਾਰ, ਲਹਿੰਬਰ ਸਿੰਘ, ਗੁਰਦੀਪ ਸਿੰਘ, ਸਤਵੀਰ ਸਿੰਘ, ਬਲਰਾਜ, ਭੁਪਿੰਦਰ ਸਿੰਘ, ਸੰਤੋਖ ਸਿੰਘ, ਦਲਜੀਤ ਸਿੰਘ, ਸੰਜੀਵ ਕੁਮਾਰ, ਪ੍ਰਵੀਨ ਕੌਰ, ਦਵਿੰਦਰ ਕੌਰ, ਸੰਤੋਸ਼ ਕੌਰ, ਮੀਨਾਕਸ਼ੀ, ਰਮਨਦੀਪ, ਨੀਰੂ ਸ਼ਰਮਾ, ਹਰਪ੍ਰੀਤ ਕੌਰ, ਪ੍ਰਤੀਮਾ ਸ਼ਰਮਾ, ਕੰਚਨ ਕੁਮਾਰੀ, ਨਿਰਮਲ ਕੌਰ ਤੇ ਸੁਨਾਰਿਕਾ ਕੌਲ ਹਾਜ਼ਰ ਸਨ।

**- ਭੁਪਿੰਦਰ ਮੌਲਵੀਵਾਲਾ**

# ਬਚਿੰਤ ਕੌਰ ਨਾਲ ਰੂਬਰੂ



**ਪਟਿਆਲਾ**-ਉੱਘੀ ਪੰਜਾਬੀ ਗਲਪਕਾਰ ਬਚਿੰਤ ਕੌਰ ਨਾਲ ਰੂਬਰੂ ਅਤੇ ਸਨਮਾਨ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ਡਾ. ਰਾਜਵੰਤ ਕੌਰ ਪੰਜਾਬੀ ਨੇ ਬਚਿੰਤ ਕੌਰ ਦੇ ਜੀਵਨ ਅਤੇ ਭਿੰਨ-ਭਿੰਨ ਵਿਧਾਵਾਂ ਵਿਚ ਰਚੇ ਸਾਹਿਤ ਉਪਰ ਚਾਨਣਾ ਪਾਉਂਦਿਆਂ ਦੱਸਿਆ ਕਿ ਬਚਿੰਤ ਕੌਰ ਨਾਰੀ ਲੇਖਿਕਾਵਾਂ ਦੇ ਇਤਿਹਾਸ ਦਾ ਸੁਨਹਿਰਾ ਪੰਨਾ ਹੈ, ਜੋ ਹਰ ਪੰਜਾਬੀ ਸਾਹਿਤ ਪ੍ਰੇਮੀ ਨੂੰ ਆਪਣੇ ਵੱਲ ਖਿੱਚ ਪਾਉਂਦਾ ਹੈ। ਡਾ. 'ਪੰਜਾਬੀ' ਨੇ ਇਹ ਵੀ ਕਿਹਾ ਕਿ ਬਚਿੰਤ ਕੌਰ ਦੇ ਜੀਵਨ ਸੰਘਰਸ਼ ਦੀ ਲੰਮੀ ਦਾਸਤਾਨ ਹੈ, ਜੋ ਉਹਨਾਂ ਦੇ ਨਾਵਲਾਂ ਅਤੇ ਕਹਾਣੀਆਂ, ਵਿਸ਼ੇਸ਼ ਕਰਕੇ ਸਵੈ-ਜੀਵਨੀ 'ਪਗਡੰਡੀਆਂ' ਵਿੱਚੋਂ ਰੂਪਮਾਨ ਹੁੰਦਾ ਹੈ। ਡਾ. ਦਰਸ਼ਨ ਸਿੰਘ 'ਆਸ਼ਟ' ਨੇ ਕਿਹਾ ਕਿ ਪੰਜਾਬੀ ਮਾਤ ਭਾਸ਼ਾ ਨੇ ਜੋ ਬੁਲੰਦੀ ਹਾਸਲ ਕੀਤੀ ਹੈ, ਉਸ ਪਿੱਛੇ ਬਚਿੰਤ ਕੌਰ ਵਰਗੀਆਂ ਸਿਰੜੀ ਅਤੇ ਮਿਹਨਤੀ ਕਲਮਕਾਰਾਂ ਦਾ ਯੋਗਦਾਨ ਠੋਸ ਨੀਂਹ ਵਾਂਗ ਹੈ। ਡਾ. ਆਸ਼ਟ ਨੇ ਉਹਨਾਂ ਦੇ ਬਾਲ ਸਾਹਿਤ ਦਾ ਵਿਸ਼ੇਸ਼ ਜ਼ਿਕਰ ਵੀ ਕੀਤਾ। ਬਚਿੰਤ ਕੌਰ ਨੇ ਕਿਹਾ ਕਿ ਉਹ ਨਾਭਾ ਨੇੜਲੇ ਇਕ ਛੋਟੇ ਜਿਹੇ ਪਿੰਡ ਭੜੋਅ ਵਿਚ ਜੰਮੀ-ਪਲੀ ਅਤੇ ਮੁੱਢਲੀ ਸਿੱਖਿਆ ਪਟਿਆਲਾ ਵਿਖੇ ਹੋਈ। ਉਪਰੰਤ ਉਸ ਦੇ ਸੰਘਰਸ਼ ਨੇ ਉਸ ਨੂੰ ਦਿੱਲੀ ਵਰਗੇ ਮਹਾਂਨਗਰ ਦਾ ਵਸਨੀਕ ਬਣਾ ਦਿੱਤਾ। ਸੰਘਰਸ਼ਮਈ ਜੀਵਨ ਨੇ ਹੀ ਉਸ ਦੇ ਮਨ ਵਿਚ ਅਜਿਹੀ ਚਿਣਗ ਪੈਦਾ ਕੀਤੀ, ਜਿਸ ਨਾਲ ਉਹ ਪੰਜਾਬ ਦੇ ਪਿੰਡਾਂ, ਸ਼ਹਿਰਾਂ, ਮਹਾਂਨਗਰਾਂ ਅਤੇ ਵਿਦੇਸ਼ਾਂ ਦੇ ਅਨੁਭਵਾਂ ਨੂੰ ਸਾਹਿਤ ਵਿਚ ਪ੍ਰੋਣ ਦੇ ਸਮਰੱਥ ਹੋ ਸਕੀ। ਉਹਨਾਂ ਕਿਹਾ ਕਿ ਉਹ ਆਪਣੇ ਪਾਠਕਾਂ ਦੀ ਮੰਗ 'ਤੇ ਆਪਣੀ ਸਵੈ-ਜੀਵਨੀ 'ਪਗਡੰਡੀਆਂ' ਦੀ ਅਗਲੀ ਕੜੀ ਦੀ ਸਿਰਜਣਾ ਕਰ ਚੁੱਕੀ ਹੈ, ਜੋ ਨੇੜ-ਭਵਿੱਖ ਵਿਚ ਛਪ ਰਹੀ ਹੈ। ਇਸ ਦੌਰਾਨ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਦੇ ਖੋਜਾਰਥੀਆਂ ਅਤੇ ਵਿਦਿਆਰਥੀਆਂ ਨੇ ਬਚਿੰਤ ਕੌਰ ਦੀ ਰਚਨਾਤਮਕ ਪ੍ਰਕਿਰਿਆ ਬਾਰੇ ਸੁਆਲ ਕੀਤੇ, ਜਿਨ੍ਹਾਂ ਦਾ ਉਹਨਾਂ ਬਾਦਲੀਲ ਉੱਤਰ ਦਿੱਤਾ। ਇਸ ਮੌਕੇ ਸਾਹਿਤਕ ਜੋੜੀ ਵੱਲੋਂ ਗਲਪਕਾਰ ਬਚਿੰਤ ਕੌਰ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਗਿਆ।

# ਵੈਨਕੂਵਰ ਵਿਚਾਰ ਮੰਚ ਵੱਲੋਂ ਡਾ. ਕਮਲਜੀਤ ਸਿੰਘ ਟਿੱਬਾ ਨਾਲ ਰੂਬਰੂ



**ਸਰੀ**—ਵੈਨਕੂਵਰ ਵਿਚਾਰ ਮੰਚ ਵੱਲੋਂ 'ਜਪੁਜੀ ਸਾਹਿਬ' ਦੀ ਸਾਰਥਿਕਤਾ ਨੂੰ ਅਜੋਕੇ ਪ੍ਰਸੰਗ ਵਿੱਚ ਪੇਸ਼ ਕਰਨ ਵਾਲੇ ਡਾ. ਕਮਲਜੀਤ ਸਿੰਘ ਟਿੱਬਾ ਨਾਲ ਰੂਬਰੂ ਕਰਵਾਇਆ ਗਿਆ। ਸਰੀ ਵਿਖੇ ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਦੇ ਸਾਂਝੇ ਵਿਹੜੇ ਵਿਚ ਕਰਵਾਏ ਇਸ ਪ੍ਰੋਗਰਾਮ ਵਿਚ ਡਾ. ਕਮਲਜੀਤ ਸਿੰਘ ਟਿੱਬਾ ਨੇ ਆਪਣੀ ਪੁਸਤਕ 'ਸਿੱਖ ਇਨਕਲਾਬ ਦਾ ਫਲਸਫਾ ਜਪੁਜੀ' ਉਪਰ ਹੀ ਵਿਸ਼ੇਸ਼ ਗੱਲਬਾਤ ਕੀਤੀ।

ਮੰਚ ਦੇ ਬੁਲਾਰੇ ਜਰਨੈਲ ਸਿੰਘ ਆਰਟਿਸਟ ਨੇ ਮੰਚ ਦੀ ਸਥਾਪਨਾ ਅਤੇ ਇਸ ਦੇ ਕਾਰਜ ਬਾਰੇ ਸੰਖੇਪ ਵਿਚ ਜਾਣਕਾਰੀ ਦਿੱਤੀ ਅਤੇ ਸਭ ਨੂੰ ਜੀ ਆਇਆਂ ਕਿਹਾ। ਮੰਚ ਸੰਚਾਲਕ ਮੋਹਨ ਗਿੱਲ ਨੇ ਵਿਚਾਰ-ਚਰਚਾ ਵਿਚ ਸ਼ਾਮਲ ਸ਼ਖ਼ਸੀਅਤਾਂ ਨਾਲ ਸੰਖੇਪ ਜਾਣ-ਪਛਾਣ ਕਰਵਾਈ ਅਤੇ ਡਾ. ਕਮਲਜੀਤ ਸਿੰਘ ਦਾ ਸਵਾਗਤ ਕਰਦਿਆਂ ਉਨ੍ਹਾ ਨੂੰ ਸਭਨਾਂ ਦੇ ਰੂਬਰੂ ਕੀਤਾ।

ਡਾ. ਕਮਲਜੀਤ ਸਿੰਘ ਟਿੱਬਾ ਨੇ ਆਪਣੀ ਪੁਸਤਕ 'ਸਿੱਖ ਇਨਕਲਾਬ ਦਾ ਫਲਸਫਾ ਜਪੁਜੀ' ਤੋਂ ਹੀ ਗੱਲ ਸ਼ੁਰੂ ਕਰਦਿਆਂ ਕਿਹਾ ਕਿ ਜਪੁਜੀ ਸਾਹਿਬ ਦੀ ਜਿੰਨੀ ਕੁ ਵਿਆਖਿਆ ਹੁਣ ਤੱਕ ਕੀਤੀ ਗਈ ਹੈ, ਉਹ ਸਭ ਅੱਧੀ ਤੇ ਅਧੂਰੀ ਹੈ, ਭਾਵੇਂ ਉਹ ਉੱਘੇ ਵਿਦਵਾਨ ਡਾ. ਸਾਹਿਬ ਸਿੰਘ ਨੇ ਕੀਤੀ ਹੈ ਜਾਂ ਕਿਸੇ ਹੋਰ ਵਿਦਵਾਨ ਨੇ। ਇਨ੍ਹਾਂ ਵਿਦਵਾਨਾਂ ਨੇ ਜਪੁਜੀ ਸਾਹਿਬ ਦੀ ਵਿਆਖਿਆ ਰਾਹੀਂ ਜੋ ਕੁਝ ਸਮਝਾਇਆ ਹੈ, ਉਸੇ ਤਰ੍ਹਾਂ ਲੋਕ ਕਰੀ ਜਾ ਰਹੇ ਹਨ। ਉਨ੍ਹਾਂ ਇਸ ਦੀ ਵਿਚਾਰਧਾਰਾ ਨੂੰ ਪ੍ਰਚਾਰਨ ਦੀ ਬਜਾਏ ਇਸ ਨੂੰ ਸਿਰਫ਼ ਸ਼ਬਦ ਸੁਣਨ ਤੱਕ ਹੀ ਸੀਮਤ ਰੱਖਿਆ। ਇਸ ਪੁਸਤਕ ਦੇ ਰਚਣ ਦਾ ਕਾਰਨ ਵੀ ਇਹ ਹੀ ਹੈ ਕਿ ਉਹ ਚਾਹੁੰਦੇ ਸਨ ਕਿ ਇਸ ਦੀ ਸਹੀ ਵਿਆਖਿਆ ਕੀਤੀ ਜਾਵੇ। ਇਸ ਪੁਸਤਕ ਰਾਹੀਂ ਮੈਂ ਜਪੁਜੀ ਦੇ ਕੇਂਦਰ ਅਤੇ ਇਸ ਦੀ ਮਹਾਨਤਾ ਨੂੰ ਫੜਨ ਅਤੇ ਸਮਝਣ ਦਾ ਯਤਨ ਕੀਤਾ ਹੈ, ਜਿਸ ਨੇ ਏਡੀ ਵੱਡੀ ਸਿੱਖ ਲਹਿਰ ਨੂੰ ਜਨਮ ਦਿੱਤਾ ਹੈ।

ਡਾ. ਟਿੱਬਾ ਨੇ 'ਕਿਰਤ ਕਰੋ, ਵੰਡ ਛਕੋ ਅਤੇ ਨਾਮ ਜਪੋ' ਨੂੰ ਸਾਰੀ ਗੁਰਬਾਣੀ ਦਾ ਨਿਚੋੜ ਦੱਸਦਿਆਂ ਕਿਹਾ ਕਿ ਇੱਥੇ ਭੁਲੇਖਾ ਖੜ੍ਹਾ ਕੀਤਾ ਜਾ ਰਿਹਾ ਹੈ। ਸਾਡੇ ਪ੍ਰਚਾਰਕਾਂ ਵਿੱਚੋਂ 99 ਪ੍ਰਤੀਸ਼ਤ ਸਿਰਫ਼ ਇੱਕ ਗੱਲ 'ਤੇ ਹੀ ਜ਼ੋਰ ਦੇ ਰਹੇ ਹਨ ਕਿ ਨਾਮ ਜਪੋ, ਨਾ ਉਹ ਕਿਰਤ ਵੱਲ ਧਿਆਨ ਦਿੰਦੇ ਹਨ ਤੇ ਨਾ ਵੰਡ ਛਕਣ ਦੀ ਗੱਲ ਕਰਦੇ ਹਨ, ਜਦੋਂਕਿ ਕਿਰਤ ਕਰਨੀ, ਵੰਡ ਛਕਣਾ ਅਤੇ ਨਾਮ ਜਪਣਾ ਇਨ੍ਹਾਂ ਤਿੰਨਾਂ ਦਾ ਸੰਤੁਲਨ ਹੋਣਾ ਚਾਹੀਦਾ ਹੈ। ਸੰਤੁਲਨ ਨਾ ਹੋਣ ਕਰ ਕੇ ਹੀ ਦੁੱਖ-ਤਕਲੀਫ਼ਾਂ ਖੜ੍ਹੀਆਂ ਹੋ ਰਹੀਆਂ ਹਨ। ਡਾ. ਜਗਜੀਤ ਸਿੰਘ ਗਿੱਲ ਨੇ ਇਸ ਮੌਕੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਅਸਲ ਵਿੱਚ ਬਚਪਨ ਵਿੱਚ ਹੀ ਸਾਨੂੰ ਮਾਂ-ਪਿਓ ਵੱਲੋਂ ਘਰਾਂ ਵਿੱਚ ਭਾਈ ਬਾਲੇ ਦੀਆਂ ਸਾਖੀਆਂ ਸੁਣਾਈਆਂ ਜਾਂਦੀਆਂ ਹਨ। ਉੱਥੇ ਹੀ ਸਾਨੂੰ ਝੂਠ ਸਿਖਾ ਦਿੱਤਾ ਜਾਂਦਾ ਹੈ, ਜੋ ਸਾਡਾ ਪਰਪੱਕ ਵਿਸ਼ਵਾਸ ਬਣ ਜਾਂਦਾ ਹੈ ਅਤੇ ਉਸ ਨੂੰ ਅਸੀਂ ਕੋਸ਼ਿਸ਼ ਕਰਨ 'ਤੇ ਵੀ ਆਪਣੇ ਮਨ ਵਿੱਚੋਂ ਵਿਸਾਰ ਨਹੀਂ ਸਕਦੇ। ਉਨ੍ਹਾ ਕਿਹਾ ਕਿ ਸਾਡੀ ਨੌਜਵਾਨ ਪੀੜ੍ਹੀ ਸਾਡੇ ਵਿਰਸੇ ਤੋਂ ਬਿਲਕੁਲ ਹੀ ਅਣਜਾਣ ਹੈ।

ਭੁਪਿੰਦਰ ਸਿੰਘ ਮੱਲ੍ਹੀ ਨੇ ਕਿਹਾ ਕਿ ਗੁਰਬਾਣੀ ਅਤੇ ਗੁਰੂ ਨਾਨਕ ਦੇ ਫਲਸਫੇ ਤੇ ਵਿਚਾਰਧਾਰਾ ਦਾ ਸਹੀ ਅਰਥਾਂ ਵਿਚ ਸਮਾਜ ਵਿਚ ਸੰਚਾਰ ਨਾ ਹੋਣ ਦਾ ਇਕ ਕਾਰਨ ਇਹ ਵੀ ਹੈ ਕਿ ਖੱਬੇ-ਪੱਖੀਆਂ ਅਤੇ ਵਿਦਵਾਨਾਂ ਨੇ ਇਸ ਪਾਸੇ ਧਿਆਨ ਨਹੀਂ ਦਿੱਤਾ ਅਤੇ ਧਰਮ ਦੇ ਅਖੌਤੀ ਪ੍ਰਚਾਰਕਾਂ ਨੂੰ ਮੌਕਾ ਮਿਲ ਗਿਆ ਕਿ ਉਹ ਆਪਣੇ ਮੁਫ਼ਾਦਾਂ ਹਿੱਤ ਇਸ ਦਾ ਪ੍ਰਚਾਰ-ਪਾਸਾਰ ਕਰ ਸਕਣ।

ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਕਿਹਾ ਕਿ ਸਿੱਖ ਵਿਚਾਰਧਾਰਾ ਨੂੰ ਪਾਸੇ ਛੱਡਿਆ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਡਾ. ਕਮਲਜੀਤ ਸਿੰਘ ਟਿੱਬਾ ਨੇ ਜਿਸ ਨਜ਼ਰੀਏ ਤੋਂ ਜਪੁਜੀ ਸਾਹਿਬ ਦੀ ਵਿਆਖਿਆ ਕੀਤੀ ਹੈ, ਉਹ ਬਹੁਤ ਵਧੀਆ ਹੈ ਅਤੇ ਸ਼ਲਾਘਾਯੋਗ ਹੈ। ਸਾਨੂੰ ਹੋਰ ਵੀ ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ। ਸ਼ਿਵਰਾਜ ਘੁੰਮਣ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਵੱਡਾ ਖੋਜੀ ਜਾਂ ਵਿਦਵਾਨ ਨਾ ਤਾਂ ਦੁਨੀਆ 'ਤੇ ਹੋਰ ਕੋਈ ਹੋਇਆ ਹੈ ਤੇ ਨਾ ਹੀ ਸ਼ਾਇਦ ਹੋ ਸਕੇਗਾ। ਹਰਦੇਵ ਸਿੱਧੂ ਨੇ ਡਾ. ਸਾਹਿਬ ਦੇ ਇਸ ਕਾਰਜ ਦੀ ਸ਼ਲਾਘਾ ਕੀਤੀ ਅਤੇ ਨਾਲ ਹੀ ਕਿਹਾ ਕਿ ਸਾਨੂੰ ਗੁਰਬਾਣੀ ਦੇ ਇਸ ਨਜ਼ਰੀਏ ਤੋਂ ਕਾਰਜਸ਼ੀਲ ਹੋਣਾ ਚਾਹੀਦਾ ਹੈ ਅਤੇ ਚੰਗੇ ਸਮਾਜ ਦੀ ਸਿਰਜਣਾ ਲਈ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਕਮਲਜੀਤ ਸਿੰਘ ਟਿੱਬਾ ਦੇ ਬਚਪਨ ਦੇ ਗੂੜ੍ਹੇ ਦੋਸਤ ਜਗਦੇਵ ਸਿੰਘ ਸੰਧੂ, ਪ੍ਰਿੰ. ਮੋਨਿਕਾ ਮਲਹੋਤਰਾ, ਡਾ. ਰਵਿੰਦਰ ਗੀਹਲ, ਨਵਰੂਪ ਸਿੰਘ, ਜਰਨਲਿਸਟ ਬਖਸ਼ਿੰਦਰ, ਲੱਕੀ ਸੰਧੂ, ਭੁਪਿੰਦਰ ਸਿੰਘ ਮੱਲ੍ਹੀ, ਪ੍ਰਿੰਸੀਪਲ ਹੈਰੀ ਪੂਨੀਆਂ, ਤੇਜਵਿੰਦਰ ਬਰਾੜ, ਹਰਮਿੰਦਰ ਗੀਹਲ, ਬਲਰਾਜ ਬਾਸੀ, ਕੁਲਦੀਪ ਬਾਸੀ, ਚਮਕੌਰ ਸਿੰਘ, ਡਾ. ਗੁਰਵਿੰਦਰ ਸਿੰਘ ਧਾਲੀਵਾਲ, ਗੁਰਮੀਤ ਸਿੰਘ ਸਿੱਧੂ, ਹਰਦਮ ਸਿੰਘ ਮਾਨ, ਗੁਰਦੀਪ ਭੁੱਲਰ ਅਤੇ ਕਈ ਹੋਰ ਸ਼ਖ਼ਸੀਅਤਾਂ ਹਾਜ਼ਰ ਸਨ। ਵੈਨਕੂਵਰ ਵਿਚਾਰ ਮੰਚ ਦੀ ਇਹ ਇੱਕ ਹਫਤੇ ਦੌਰਾਨ ਦੂਜੀ ਭਰਵੀਂ ਅਤੇ ਗੰਭੀਰ ਵਿਚਾਰ-ਚਰਚਾ ਸੀ, ਜਿਸ ਵਿਚ ਸ੍ਰੀ ਗੁਰੂ ਨਾਨਕ ਦੇਵ, ਸਿੱਖ ਵਿਚਾਰਧਾਰਾ ਅਤੇ ਹੋਰ ਕਈ ਸਮਾਜਕ ਮਸਲਿਆਂ ਨੂੰ ਸੰਜੀਦਗੀ ਨਾਲ ਵਿਚਾਰਿਆ ਗਿਆ।

**—ਹਰਦਮ ਮਾਨ**

# ਬਲਵਿੰਦਰ ਸਿੰਘ ਗਰੇਵਾਲ ਦੀ ਪੁਸਤਕ 'ਡਬੋਲੀਆ' ਨੂੰ ਮਿਲਿਆ 25,000 ਡਾਲਰ ਦਾ 'ਢਾਹਾਂ ਐਵਾਰਡ'

### ਅਰਵਿੰਦਰ ਕੌਰ ਧਾਲੀਵਾਲ ਤੇ ਜਾਵੇਦ ਬੂਟਾ ਦੀਆਂ ਕਿਤਾਬਾਂ ਨੂੰ ਮਿਲਿਆ 10-10 ਹਜ਼ਾਰ ਡਾਲਰ ਦਾ ਇਨਾਮ



**ਸਰੀ** -ਬਲਵਿੰਦਰ ਸਿੰਘ ਗਰੇਵਾਲ ਦੇ ਕਹਾਣੀ ਸੰਗ੍ਰਹਿ 'ਡਬੋਲੀਆ' ਨੂੰ ਇਸ ਸਾਲ ਦਾ 25,000 ਡਾਲਰ ਦੀ ਰਾਸ਼ੀ ਵਾਲਾ 'ਢਾਹਾਂ ਐਵਾਰਡ' ਹਾਸਲ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ। ਇਹ ਐਲਾਨ ਬੀਤੀ ਰਾਤ ਸਰੀ ਵਿਖੇ ਇਕ ਸਮਾਗਮ ਦੌਰਾਨ ਕੀਤਾ ਗਿਆ। ਅਰਵਿੰਦਰ ਕੌਰ ਧਾਲੀਵਾਲ ਦੇ ਕਹਾਣੀ ਸੰਗ੍ਰਹਿ ਝਾਂਜਰ ਵਾਲੇ ਪੈਰ ਅਤੇ ਜਾਵੇਦ ਬੂਟਾ ਦੇ ਚੌਲਾਂ ਦੀ ਬੁਰਕੀ ਨੂੰ 10-10 ਹਜਾਰ ਦੇ ਇਨਾਮ ਲਈ ਚੁਣਿਆ ਗਿਆ ਹੈ। ਜ਼ਿਕਰਯੋਗ ਹੈ ਕਿ ਬਲਵਿੰਦਰ ਸਿੰਘ ਗਰੇਵਾਲ ਅਤੇ ਅਰਵਿੰਦਰ ਕੌਰ ਧਾਲੀਵਾਲ ਭਾਰਤ ਦੇ ਵਸਨੀਕ ਹਨ ਅਤੇ ਜਾਵੇਦ ਬੂਟਾ ਅਮਰੀਕਾ ਦਾ ਸ਼ਹਿਰੀ ਹੈ। ਇਸ ਐਵਾਰਡ ਲਈ ਪਹਿਲੇ ਅਤੇ ਦੂਜੇ ਇਨਾਮ ਲਈ ਪੁਸਤਕਾਂ ਦੀ ਚੋਣ ਤਿੰਨ ਮੈਂਬਰੀ ਫਾਈਨਲ ਜਿਊਰੀ ਨੇ ਕੀਤੀ। ਇਸ ਜਿਊਰੀ ਵਿਚ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ (ਕੈਨੇਡਾ), ਪ੍ਰੋ. ਜਸਪਾਲ ਘਈ (ਭਾਰਤ) ਅਤੇ ਜਨਾਬ ਮੁਨੀਰ ਗੁੱਜਰ (ਪਾਕਿਸਤਾਨ) ਸ਼ਾਮਲ ਸਨ।

ਕੈਨੇਡਾ ਇੰਡੀਆ ਐਜੂਕੇਸਨ ਸੋਸਾਇਟੀ ਦੇ ਸੰਸਥਾਪਕ ਪ੍ਰਧਾਨ ਬਰਜ ਢਾਹਾਂ ਨੇ ਇਸ ਮੌਕੇ ਦੱਸਿਆ ਕਿ ਇਸ ਇਨਾਮ ਦੀ ਸਥਾਪਨਾ ਤਕਰੀਬਨ ਇੱਕ ਦਹਾਕਾ ਪਹਿਲਾਂ ਪੰਜਾਬੀ ਸਾਹਿਤ ਨੂੰ ਉਤਸਾਹਿਤ ਕਰਨ ਅਤੇ ਦੋਹਾਂ ਪੰਜਾਬੀ ਲਿਪੀਆਂ (ਗੁਰਮੁਖੀ ਅਤੇ ਸਾਹਮੁਖੀ) ਵਿੱਚ ਵਾਰਤਕ ਦੇ ਲੇਖਕਾਂ ਨੂੰ ਉਤਸਾਹਿਤ ਕਰਨ ਦੇ ਉਦੇਸ ਨਾਲ ਕੀਤੀ ਸੀ। ਇਸ ਵਿਚ ਤਿੰਨ ਲੇਖਕਾਂ ਨੂੰ ਕੁੱਲ 45,000 ਡਾਲਰ ਦੀ ਰਾਸ਼ੀ ਇਨਾਮ ਵਜੋਂ ਦਿੱਤੀ ਜਾਂਦੀ ਹੈ। ਉਹਨਾਂ ਕਿਹਾ ਕਿ ਇਸ ਸਾਲ ਇਸ ਐਵਾਰਡ ਲਈ ਉਨ੍ਹਾਂ ਨੂੰ ਭਾਰਤ, ਪਾਕਿਸਤਾਨ, ਯੂ.ਕੇ., ਯੂ.ਐੱਸ. ਅਤੇ ਆਸਟ੍ਰੇਲੀਆ ਸਮੇਤ ਦੇਸਾਂ ਤੋਂ ਵੱਡੀ ਗਿਣਤੀ ਵਿੱਚ ਲੇਖਕਾਂ ਦੀਆਂ ਪੁਸਤਕਾਂ ਪ੍ਰਾਪਤ ਹੋਈਆਂ ਸਨ।

**-ਹਰਦਮ ਮਾਨ**

# ਵਿਸ਼ਵ ਪੰਜਾਬੀ ਸਾਹਿਤ ਵਿਚਾਰ ਮੰਚ ਵੱਲੋਂ ਮਹੀਨਾਵਾਰ ਮੀਟਿੰਗ

**ਲੁਧਿਆਣਾ**—ਵਿਸ਼ਵ ਪੰਜਾਬੀ ਸਾਹਿਤ ਵਿਚਾਰ ਮੰਚ ਵੱਲੋਂ ਬੀਤੇ ਦਿਨੀ ਉੱਘੇ ਪ੍ਰਗਤੀਵਾਦੀ ਚਿੰਤਕ ਮੈਨੇਜਰ ਪਾਂਡੇ ਦੇ ਸਦੀਵੀ ਵਿਛੋੜੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ। ਪ੍ਰਧਾਨ ਡਾ. ਗੁਲਜਾਰ ਸਿੰਘ ਪੰਧੇਰ, ਸੀਨੀਅਰ ਮੀਤ ਪ੍ਰਧਾਨ ਇੰਦਰਜੀਤਪਾਲ ਕੌਰ, ਜਨਮੇਜਾ ਸਿੰਘ ਜੌਹਲ, ਜਨਰਲ ਸਕੱਤਰ ਪ੍ਰਮਿੰਦਰ ਅਲਬੇਲਾ ਨੇ ਅਫਸੋਸ ਕਰਦਿਆਂ ਪਾਂਡੇ ਜੀ ਦੇ ਸੰਘਰਸ਼ਮਈ ਜੀਵਨ ਤੇ ਪ੍ਰਗਤੀਸ਼ੀਲ ਸਾਹਿਤ ਨੂੰ ਯਾਦ ਕੀਤਾ।

ਮੀਟਿੰਗ ਨੂੰ ਮੰਚ ਦੇ ਪ੍ਰਧਾਨ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਸ਼ੁਰੂ ਕਰਦਿਆਂ ਗੁਰੂ ਨਾਨਕ ਬਾਣੀ ਅਤੇ ਵਿਚਾਰ ਬਾਰੇ ਚਰਚਾ ਕੀਤੀ, ਜਿਸ 'ਤੇ ਸਾਰਿਆਂ ਵਾਰੀ ਸਿਰ ਵਿਚਾਰ ਦਿੱਤੇ। ਪੰਜਾਬੀ ਭਵਨ ਵਿਖੇ ਹੋਈ ਮੀਟਿੰਗ ਦੀ ਪ੍ਰਧਾਨਗੀ ਸੁਰਿੰਦਰ ਕੈਲੇ ਨੇ ਕੀਤੀ। ਸੀਨੀਅਰ ਮੀਤ ਪ੍ਰਧਾਨ ਇੰਦਰਜੀਤ ਪਾਲ ਕੌਰ ਨੇ ਵੀ ਸਾਡੇ ਸੁੱਚੇ-ਸੱਚੇ ਧਰਮ ਦੀ ਵਿਗਿਆਨਕ ਪਹੁੰਚ ਦਾ ਮੁੱਦਾ ਉਠਾਇਆ। ਇਹ ਗੱਲ ਸਾਂਝੇ ਤੌਰ 'ਤੇ ਸਾਹਮਣੇ ਆਈ ਕਿ ਬਾਬਾ ਜੀ ਦੀ ਬਾਣੀ ਨੂੰ ਵਿਗਿਆਨਕ ਨਜ਼ਰੀਏ ਤੋਂ ਹੀ ਵਿਚਾਰਿਆ ਜਾਣਾ ਚਾਹੀਦਾ ਹੈ। ਵਿਗਿਆਨਕ ਨਜ਼ਰੀਏ ਦੇ ਸੰਦਰਭ ਵਿਚ ਜਨਮ ਦਿਨ ਵਾਲੇ ਦਿਨ ਪੰਡਤ ਜਵਾਹਰ ਲਾਲ ਨਹਿਰੂ ਬਾਰੇ ਵੀ ਚਰਚਾ ਹੋਈ।

ਰਚਨਾਵਾਂ ਦੇ ਦੌਰ ਵਿੱਚ ਸੰਧੇ ਸੁਖਵੀਰ ਨੇ 'ਜਿਨ੍ਹਾਂ ਪੱਥਰਾਂ ਨੂੰ ਬਾਬਾ ਪੰਜਾ ਲੱਗ ਗਿਆ ਤੇਰਾ' ਮਨਦੀਪ ਕੌਰ ਭੰਮਰਾ ਨੇ ਕਵਿਤਾ 'ਨਾਨਕ', ਸੁਰਜੀਤ ਸਿੰਘ ਜੀਤ ਨੇ ਗੀਤ 'ਧੰਨ ਬਾਬਾ ਨਾਨਕ ਤੇਰੀ ਵੱਡੀ ਕਮਾਈ' ਗੁਰੂ ਜੀ ਨਾਲ ਸੰਬੰਧਤ ਰਚਨਾਵਾਂ ਸਾਂਝੀਆਂ ਕੀਤੀਆਂ। ਇਸ ਦੇ ਨਾਲ ਹੀ ਸੁਰਿੰਦਰ ਕੈਲੇ ਨੇ ਮਿੰਨੀ ਕਹਾਣੀ 'ਦੇਹ ਤੇ ਹੱਕ' ਸੁਣਾਈ। ਕਰਮਜੀਤ ਗਰੇਵਾਲ ਦਾ ਗੀਤ 'ਇਸ ਗੱਲ ਬਾਰੇ ਸੋਚ', ਕਰਮ ਸਿੰਘ ਮਾਛੀਵਾੜਾ ਦਾ 'ਸੋਹਣੀ ਨਾਲੋਂ ਸੋਹਣੀ, 'ਇੰਜ. ਸੁਰਜਣ ਸਿੰਘ ਦੀ ਕਵਿਤਾ 'ਮੈਂ ਚਲਦਾ ਗਿਆ', ਗੁਰਸ਼ਰਨ ਸਿੰਘ ਨਰੂਲਾ ਨੇ ਗੀਤ, ਦਰਸ਼ਨ ਸਿੰਘ ਢੋਲਣ ਨੇ ਕਵਿਤਾ 'ਅਜ਼ਾਦੀ', ਮਲਕੀਤ ਸਿੰਘ ਮਾਲੜਾ ਨੇ ਕਵਿਤਾ 'ਭਾਈ ਲਹਿਣਾ ਜੀ', ਬਲਵਿੰਦਰ ਔਲਖ ਨੇ ਕਵਿਤਾ 'ਰਾਵਣ' ਅਤੇ ਭੁਪਿੰਦਰ ਸਿੰਘ ਚੌਕੀਮਾਨ ਨੇ ਸਾਹਿਤਕਾਰ ਦੀ ਸਮਾਜ ਵਿੱਚ ਭੂਮਿਕਾ ਬਾਰੇ ਵਿਚਾਰ ਸਾਂਝੇ ਕੀਤੇ। ਜਨਰਲ ਸਕੱਤਰ ਪਰਮਿੰਦਰ ਅਲਬੇਲਾ ਨੇ ਬਾਖ਼ੂਬੀ ਮੰਚ ਸੰਚਾਲਨ ਕੀਤਾ।

ਇਸੇ ਸਮੇਂ ਨਿੰਦਰ ਗਿੱਲ ਦੇ ਕਰੀਬੀ ਦੋਸਤ ਤਰਲੋਚਨ ਝਾਂਡੇ ਅਤੇ ਭਗਵਾਨ ਢਿੱਲੋਂ ਆਏ ਤੇ ਉਹਨਾ ਤੋਂ ਬਹੁਤ ਮਾੜੀ ਖਬਰ ਦਾ ਪਤਾ ਲੱਗਿਆ ਕਿ ਸਵੀਡਨ ਵਸਦੇ ਵਿਸ਼ਵ ਪੰਜਾਬੀ ਸਾਹਿਤ ਵਿਚਾਰ ਮੰਚ ਦੇ ਫਾਊਂਡਰ ਮੈਂਬਰ ਅਤੇ ਉੱਘੇ ਨਾਵਲਕਾਰ ਨਿੰਦਰ ਗਿੱਲ ਸਦੀਵੀ ਵਿਛੋੜਾ ਦੇ ਗਏ ਹਨ। ਉਹ ਕੁਝ ਦਿਨ ਪਹਿਲਾਂ ਹੀ ਆਪਣੇ ਪਿੰਡ ਜੰਡਾਲੀ ਆਏ ਸਨ। ਇਸ ਖਬਰ ਨਾਲ ਸਮੁੱਚੀ ਮੀਟਿੰਗ ਵਿੱਚ ਸੋਗ ਪਸਰ ਗਿਆ। ਖੜ੍ਹੇ ਹੋ ਕੇ ਗਹਿਰੇ ਦੁੱਖ ਦਾ ਇਜ਼ਹਾਰ ਕਰਦਿਆਂ ਸ਼ਰਧਾ ਸੁਮਨ ਅਰਪਿਤ ਕੀਤੇ।

# ਪਾਠਕਾਂ ਦੇ ਝਰੋਖੇ 'ਚੋਂ

## ਮੇਲਾ ਗਦਰੀ ਬਾਬਿਆਂ ਦਾ

13 ਨਵੰਬਰ ਦੇ 'ਐਤਵਾਰਤਾ' ਵਿਚ ਮੇਲਾ ਗਦਰੀ ਬਾਬਿਆਂ ਦੀ ਰਿਪੋਰਟ ਪੜ੍ਹ ਕੇ ਬਹੁਤ ਖੁਸ਼ੀ ਹੋਈ। ਇਸ ਇਤਿਹਾਸਕ ਮੇਲੇ ਵਿਚ ਨਾਟਕ ਖੇਡਣੇ, ਝੰਡੇ ਦਾ ਗੀਤ, ਬਾਬਾ ਨਜਮੀ ਦਾ ਲਾਹੌਰ ਤੋਂ ਸੁਨੇਹਾ ਪੜ੍ਹਿਆ ਜਾਣਾ ਆਦਿ ਸਾਰੀਆਂ ਗੱਲਾਂ ਨੇ ਲੋਕਾਂ ਦੇ ਮਨਾਂ ਵਿਚ ਆਪਣੀ ਥਾਂ ਬਣਾਈ ਹੈ । ਅਮੋਲਕ ਸਿੰਘ ਤੇ ਸਾਰੀ ਪ੍ਰਬੰਧਕੀ ਕਮੇਟੀ ਨੇ ਪੂਰੇ ਜ਼ੋਰ-ਸ਼ੋਰ ਨਾਲ ਗਦਰੀ ਬਾਬਿਆਂ ਦੇ ਮੇਲੇ ਨੂੰ ਸਫਲ ਬਣਾਇਆ ਹੈ । ਲੋਕ ਕਿਤਾਬਾਂ ਦੇ ਝੋਲੇ ਭਰ ਕੇ ਲੈ ਗਏ, ਇਹ ਮੇਲੇ ਦੀ ਬਹੁਤ ਵੱਡੀ ਪ੍ਰਾਪਤੀ ਹੈ। ਕਿਹਾ ਜਾਂਦਾ ਹੈ ਕਿ ਲੋਕ ਕਿਤਾਬਾਂ ਨਹੀ ਪੜ੍ਹਦੇ, ਪਰ ਮੇਲੇ ਵਿਵ ਵੱਡੀ ਗਿਣਤੀ ਵਿਚ ਕਿਤਾਬਾਂ ਦੀ ਵਿਕਰੀ ਹੋਣੀ, ਪੁਸਤਕ ਲਹਿਰ ਨੂੰ ਅੱਗੇ ਤੋਰਨ ਦਾ ਸਬੱਬ ਬਣੀ ਹੈ। ਨਿੰਦਰ ਨੇ ਗਾਰਗੀ ਦੇ ਪਿੰਡ ਸ਼ਹਿਣੇ ਗੇੜਾਂ ਲਾਉਣ ਦਾ ਕਥਾ ਵਾਂਗ ਬਿਰਤਾਂਤ ਪੇਸ਼ ਕੀਤਾ ਹੈ, ਬਹੁਤ ਚੰਗਾ ਲੱਗਾ। ਗਾਰਗੀ ਸਾਡਾ ਹਰਮਨਪਿਆਰਾ ਨਾਟਕਕਾਰ ਸੀ। ਉਹ ਸਹੀ ਅਰਥਾਂ ਵਿਚ ਲੋਕ ਸਾਹਿਤਕਾਰ ਸੀ। ਪੰਜਾਬ ਸਰਕਾਰ ਨੂੰ ਕੋਈ ਵੱਡਾ ਸਮਾਗਮ ਗਾਰਗੀ ਦੀ ਯਾਦ ਵਿਚ ਕਰਨਾ ਚਾਹੀਦਾ ਹੈ। ਡਾਕਟਰ ਦੀਪਤੀ ਨੇ 'ਹਾਦਸੇ, ਹਸਪਤਾਲ ਤੇ ਹਮਦਰਦੀ' ਵਿਚ ਵਰਤਮਾਨ ਦੀ ਕਾਹਲ ਭਰੀ ਜ਼ਿੰਦਗੀ ਵਿਚ ਵਾਪਰਦੇ ਹਾਦਸਿਆਂ ਦਾ ਜ਼ਿਕਰ ਕੀਤਾ ਹੈ। ਸਰਕਾਰ ਨੂੰ ਸੜਕੀ ਹਾਦਸੇ ਰੋਕਣ ਲਈ ਬਹੁਤ ਕੁਝ ਕਰਨਾ ਬਣਦਾ ਹੈ। ਅਖਬਾਰਾਂ ਵਿਚ ਰੋਜ਼ ਸਵੇਰੇ ਹਾਦਸਿਆਂ ਬਾਰੇ ਪੜ੍ਹ ਕੇ ਮਨ ਖੱਟਾ ਹੁੰਦਾ ਹੈ। ਕਈ ਵਾਰੀ ਤਾਂ ਛੋਟੇ-ਛੋਟੇ ਬੱਚੇ ਹਾਦਸਿਆਂ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਪਿਛੇ ਸਾਡੀਆਂ ਸੜਕੀ ਤੇ ਆਵਾਜਾਈ ਯੋਜਨਾਵਾਂ ਦੀ ਨਾਕਾਮੀ ਸਾਫ ਝਲਕਦੀ ਹੈ। ਪ੍ਰਸਿੱਧ ਆਲੋਚਕ ਬਲਦੇਵ ਧਾਲੀਵਾਲ ਦਾ ਨਵਾਂ ਸਫਰਨਾਮਾ ਕੰਜ ਕੁਆਰੀ ਧਰਤੀ (ਪੁਡੂਚੇਰੀ, ਅੰਡੇਮਾਨ) ਦੇ ਸਫਰ ਬਾਰੇ ਸਮੀਖਿਆ (ਪ੍ਰਭਜੋਤ ਕੌਰ) ਪੜ੍ਹ ਕੇ ਚੰਗੀ ਜਾਣਕਾਰੀ ਮਿਲੀ। ਧਾਲੀਵਾਲ ਦੇ ਇਸ ਸਫਰਨਾਮੇ ਦੇ ਕੁਝ ਪੰਨੇ ਪਿਛੇ ਜਿਹੇ ਅਖਬਾਰ ਵਿਚ ਪੜ੍ਹੇ ਸਨ। ਕਹਾਣੀਕਾਰ ਰਿਪੁਦਮਨ ਸਿੰਘ ਰੂਪ ਦੀ ਸਵੈ-ਜੀਵਨੀ 'ਝਖੜਾਂ ਵਿਚ ਝੂਲਦਾ ਰੁੱਖ' ਦੀ ਸਮੀਖਿਆ (ਅਤਰਜੀਤ) ਪੜ੍ਹ ਕੇ ਬਹੁਤ ਖੁਸ਼ੀ ਹੋਈ। ਰੂਪ ਸਾਹਿਬ ਦਾ ਸਾਰਾ ਜੀਵਨ ਸੰਘਰਸ਼ ਭਰਿਆ ਹੈ। ਰੂਪ ਦੇ ਜੀਵਨ ਵਿਚ ਵੱਡੇ ਭਰਾ ਪ੍ਰਸਿੱਧ ਕਹਾਣੀਕਾਰ ਸੰਤੋਖ ਸਿੰਘ ਧੀਰ ਦਾ ਬਹੁਤ ਪ੍ਰਭਾਵ ਹੈ। ਸੰਤੋਖ ਸਿੰਘ ਧੀਰ ਲੋਕਾਂ ਦਾ ਸਾਹਿਤਕਾਰ ਸੀ। ਸਾਰੇ ਪਰਵਾਰ ਨੇ ਸੰਤੋਖ ਸਿੰਘ ਧੀਰ ਦੇ ਜੀਵਨ ਤੋਂ ਸਿਖਿਆ ਲਈ ਹੈ। ਧੀਰ ਦਾ ਪਰਵਾਰ ਅਦਬੀ ਪਰਵਾਰ ਹੈ। ਰਿਪੁਦਮਨ ਸਿੰਘ ਰੂਪ ਦੀ ਇਸ ਸਵੈ-ਜੀਵਨੀ ਵਿਚ ਸੰਤੋਖ ਸਿੰਘ ਧੀਰ ਦਾ ਅਕਸ ਸਾਫ ਵੇਖਿਆ ਜਾ ਸਕਦਾ ਹੈ। ਸੁਕੀਰਤ ਦਾ 'ਔਕਸਫੋਰਡ ਦਾ ਦਿਨ' ਪੜ੍ਹ ਕੇ ਬਹੁਤ ਖੁਸ਼ੀ ਹੋਈ, ਵਡਮੁਲੀ ਜਾਣਕਾਰੀ ਮਿਲੀ।

**—ਪ੍ਰਿੰ. ਗੁਰਮੀਤ ਸਿੰਘ ਫਾਜ਼ਿਲਕਾ**

## ਬਾ-ਕਮਾਲ 'ਐਤਵਾਰਤਾ'

13 ਨਵੰਬਰ 2022 "ਐਤਵਾਰਤਾ" ਮੈਗਜ਼ੀਨ ਵਿੱਚ ਛਪੀਆਂ ਲਿਖਤਾਂ ਨੂੰ ਨੀਝ ਭਰੀ ਦ੍ਰਿਸ਼ਟੀ ਨਾਲ ਪੜਚੋਲਿਆਂ ਇੱਕ ਕੇਂਦਰੀ ਭਾਵ ਉਮੜ ਕੇ ਸਾਹਮਣੇ ਆਉਂਦਾ ਹੈ। ਚਾਹੇ ਗਦਰੀ ਬਾਬਿਆਂ ਦੇ ਮੇਲੇ ਦੀ ਗੱਲ ਹੋਵੇ, ਚਾਹੇ ਬਾਬਾ ਨਜਮੀ ਦੀ ਲਾਹੌਰੋਂ ਲਿਖੀ ਚਿੱਠੀ ਦੀ ਗੱਲ ਹੋਵੇ ਜਾਂ ਅਜੀਜ ਸਰੋਏ ਦੇ ਨਾਵਲ "ਆਪਣੇ ਲੋਕ" ਦੀ ਗੱਲ ਹੋਵੇ ਜਾਂ ਬਲਦੇਵ ਧਾਲੀਵਾਲ ਦੇ ਸਫਰਨਾਮਾ "ਚੰਨ ਤੇ ਤਾਰਾ" ਦੀ ਗੱਲ ਹੋਵੇ, ਉਹ ਹੈ "ਹਿੰਦੁਸਤਾਨ ਅਤੇ ਪਾਕਿਸਤਾਨ ਦੀ ਵੰਡ" ਖਾਸ ਕਰਕੇ ਪੰਜਾਬੀਅਤ ਦੀ ਵੰਡ, ਪੰਜਾਬ ਦੇ ਭਾਈਚਾਰੇ, ਸਾਹਿਤ, ਕਲਾਵਾਂ, ਰੰਗ-ਮੰਚ, ਮੇਲੇ, ਧਾਰਮਿਕ ਸਥਾਨ ਅਤੇ ਸੱਭਿਆਚਾਰ ਦੀ ਵੰਡ! ਆਜ਼ਾਦੀ ਲਿਆਉਣ ਲਈ ਸਭ ਤੋਂ ਵੱਧ ਮੁਸ਼ੱਕਤ ਪੰਜਾਬੀਆਂ ਅਤੇ ਬੰਗਾਲੀਆਂ ਨੇ ਕੀਤੀ । ਜੇਕਰ ਗਦਰ ਪਾਰਟੀ ਦੇ ਇਤਿਹਾਸ 'ਤੇ ਨਿਗਾਹ ਮਾਰੀ ਜਾਵੇ ਤਾਂ ਇੱਕ ਹੀ ਨਿਚੋੜ ਨਿਕਲਦਾ ਹੈ ਕਿ ਆਜ਼ਾਦੀ ਲਿਆਂਦੀ ਹੀ ਬੰਗਾਲੀਆਂ ਦੇ ਦਿਮਾਗ ਅਤੇ ਪੰਜਾਬੀਆਂ ਦੀ ਤਾਕਤ ਨੇ। ਦੇਸ਼ ਦੀ ਵੰਡ ਦਾ ਸੰਤਾਪ ਵੀ ਸਭ ਤੋਂ ਵੱਧ ਇਹਨਾਂ ਦੋਵੇਂ ਸੂਬਿਆਂ ਦੇ ਲੋਕਾਂ ਨੇ ਹੰਢਾਇਆ।

ਅਜਿਹੇ ਵਿਸ਼ਿਆਂ ਦੀ ਕਲਾਤਮਿਕ ਪੇਸ਼ਕਾਰੀ ਲਈ ਨਵਾਂ ਜ਼ਮਾਨਾ ਟੀਮ ਦਾ ਪਾਠਕ ਜਗਤ ਹਮੇਸ਼ਾ ਰਿਣੀ ਰਹੇਗਾ।

**— ਹਰਜੀਤ ਸਿੰਘ**

## ਆਉਂਦੇ ਐਤਵਾਰਤਾ 'ਚ ਵਿਸ਼ੇਸ਼

ਕੁਦਰਤ ਅਤੇ ਸਮਾਜਕ ਦਵੰਦਵਾਦ ਦੇ ਨੇਮ ਤੇ ਸੱਤਾ -10 : ਜਗਰੂਪ


ਕੌਣ ਸੀ ਸਾਵਰਕਰ ???? : ਜਗਵਿੰਦਰ ਜੋਧਾ

'ਸ਼ਾਮ ਦੀ ਸ਼ਾਖ਼ 'ਤੇ' ਦੀ ਪਰਖ ਪੜਚੋਲ : ਸ਼ਮਸ਼ੇਰ ਮੋਹੀ

ਸਮਕਾਲੀ ਮਿੰਨੀ ਕਹਾਣੀਆਂ ਤੇ ਹੋਰ ਬਹੁਤ ਕੁਝ

# ਸਮਕਾਲ

## ਆਪਣੀ ਆਵਾਜ਼ : ਨਵੰਬਰ 2022



ਸੁਰਿੰਦਰ ਸਿੰਘ ਸੁੰਨੜ ਦੇ 'ਸਾਡੀ ਧਾਰਮਿਕ ਜ਼ਿਦ' ਅਤੇ ਲਖਵਿੰਦਰ ਸਿੰਘ ਜੌਹਲ ਦੇ 'ਖ਼ੁਸ਼ੀ ਦਾ ਰਾਜ' ਨਾਲ ਇੱਕ ਅੰਕ ਆਰੰਭ ਹੁੰਦਾ ਹੈ। ਵਰਿਆਮ ਸਿੰਘ ਸੰਧੂ ਨੇ ਕਹਾਣੀਕਾਰ ਮਹਿੰਦਰ ਸਿੰਘ ਸਰਨਾ ਨੂੰ ਯਾਦ ਕਰਦਿਆਂ ਉਸ ਦੀਆਂ ਕਹਾਣੀਆਂ ਦਾ ਜ਼ਿਕਰ ਕੀਤਾ ਹੈ। ਇੱਕ ਕਹਾਣੀਕਾਰ ਵੱਲੋਂ ਆਪਣੇ ਤੋਂ ਪਹਿਲਾਂ ਦੇ ਕਹਾਣੀਕਾਰ ਨੂੰ ਯਾਦ ਕਰਨ ਦਾ ਇਹ ਅੰਦਾਜ਼ ਪਾਠਕਾਂ ਨੂੰ ਚੰਗਾ ਲੱਗੇਗਾ। ਪੰਜਾਬ ਦਾ ਉਜਾੜਾ (ਸੰਨ ਸੰਤਾਲੀ) ਅਤੇ ਇਸ ਨਾਲ ਜੁੜਿਆ ਸਾਡਾ ਪੰਜਾਬੀ ਸਾਹਿਤ ਅੱਜ ਪੌਣੀ ਸਦੀ ਬੀਤਣ ਉਪਰੰਤ ਵੀ ਸਾਡੀ ਮਾਨਸਿਕਤਾ 'ਤੇ ਹਾਵੀ ਹੈ। ਅਮਰਜੀਤ ਚੰਦਨ ਵੱਲੋਂ ਅਜਿਹੀ ਇੱਕ ਸੰਪਾਦਿਤ ਪੁਸਤਕ ਬਾਰੇ ਸੁਰਜੀਤ ਲੀ ਦਾ ਬਹੁਤ ਹੀ ਭਾਵਪੂਰਤ ਲੇਖ ਹੈ। ਰਿਪੁਦਮਨ ਸਿੰਘ ਰੂਪ ਦੀ 'ਬਾਦਸ਼ਾਹ', ਗੁਰਜੋਧ ਕੌਰ ਦੀ 'ਟੂਣਾ', ਜਸਵੀਰ ਮੰਗੂਵਾਲ ਦੀ 'ਵਾਇਰਸ', ਕਹਾਣੀਆਂ ਦੇ ਨਾਲ-ਨਾਲ ਮਿੰਨੀ ਕਹਾਣੀਆਂ ਵੀ ਇਸ ਅੰਕ ਦਾ ਹਿੱਸਾ ਬਣੀਆਂ ਹਨ। ਲਖਵਿੰਦਰ ਜੌਹਲ ਨੇ ਮੈਂ ਤੇ ਮੇਰੀ ਕਵਿਤਾ ਵਿੱਚ ਸਾਹਿਤ ਦਾ ਯਥਾਰਥ ਨਾਲ ਨਾਤਾ ਤਹਿ ਕਰਦਿਆਂ ਕਵਿਤਾ ਬਾਰੇ ਚਰਚਾ ਕਰਦਿਆਂ ਕਈ ਮਹੱਤਵਪੂਰਨ ਨੁਕਤੇ ਉਠਾਏ ਹਨ। ਲਹਿੰਦੇ ਪੰਜਾਬ ਦੀਆਂ ਬਾਲ ਕਹਾਣੀਆਂ, ਕਵਿਤਾਵਾਂ ਅਤੇ ਹੋਰ ਵੱਖ-ਵੱਖ ਸਾਹਿਤ ਵੰਨਗੀਆਂ ਦੇ ਨਾਲ-ਨਾਲ 'ਕਿਤਾਬਾਂ' ਵਾਲਾ ਸਥਾਈ ਕਾਲਮ ਵੀ ਹੈ। ਸਾਹਿਤਕ ਸਰਗਰਮੀਆਂ ਨੂੰ ਵੀ ਇਸ ਵਾਰ ਭਰਵੀਂ ਥਾਂ ਮਿਲੀ ਹੈ।

ਪੰਨੇ : 68, ਮੁੱਲ : 50 ਰੁਪਏ, ਸੰਪਾਦਕ : ਲਖਵਿੰਦਰ ਸਿੰਘ ਜੌਹਲ, ਸੰਪਰਕ : 693 ਗੁਰੂ ਤੇਗ਼ ਬਹਾਦਰ ਨਗਰ ਜਲੰਧਰ 144001, ਪੰਜਾਬ, ਮੋਬਾਈਲ : 98725-49506, 94171-94812

## ਵਰਿਆਮ : ਨਵੰਬਰ 2022



ਇਸ ਅੰਕ ਦੀ ਸੰਪਾਦਕੀ 'ਸਤਿਗੁਰੂ ਜਗਜੀਤ ਸਿੰਘ ਜੀ ਦੀ ਸੰਗੀਤ ਫੁਲਵਾੜੀ' ਵਿੱਚ ਗੁਰੂ ਜੀ ਬਾਰੇ ਉਨ੍ਹਾਂ ਦੇ ਸੰਗੀਤ ਪ੍ਰੇਮ ਬਾਰੇ ਭਰਪੂਰ ਜਾਣਕਾਰੀ ਮਿਲੇਗੀ। ਇਸ ਅੰਕ ਦਾ ਮੁੱਖ ਪੰਨਾ ਵੀ ਤਸਵੀਰਾਂ ਰਾਹੀਂ ਇਸ ਨੂੰ ਬਿਆਨ ਕਰਦਾ ਨਜ਼ਰ ਆਉਂਦਾ ਹੈ। ਬਾਨੀ ਸੰਪਾਦਕ ਜਗਦੀਸ਼ ਸਿੰਘ ਵਰਿਆਮ ਦੀ ਪੁਸਤਕ ਖਿੱਲਰੇ ਪੱਤਰੇ ਦੇ ਵੀਹਵੇਂ ਕਾਂਡ ਵਿੱਚ ਲਾਇਲਪੁਰ ਖ਼ਾਲਸਾ ਕਾਲਜ ਦੀ ਹਾਕੀ ਦੀ ਟੀਮ ਤੋਂ ਗੱਲ ਆਰੰਭ ਕਰਕੇ ਲਾਇਬਰੇਰੀ ਤੱਕ ਦੀਆਂ ਕਾਲਜ ਦੀਆਂ ਯਾਦਾਂ ਦੀ ਪੁਨਰ ਪੇਸ਼ਕਾਰੀ ਪਾਠਕਾਂ ਲਈ ਹੈ। ਗੁਰਬਚਨ ਸਿੰਘ ਭੁੱਲਰ ਦਾ ਸਤਿਗੁਰੂ ਜਗਜੀਤ ਸਿੰਘ ਜੀ ਬਾਰੇ ਲੰਮਾ ਲੇਖ ਹੈ। ਲਖਵਿੰਦਰ ਸਿੰਘ ਬਾਜਵਾ ਦੀ ਕਾਵਿਮਈ ਸ਼ਰਧਾਂਜਲੀ ਵੀ ਹੈ। ਵਰਿਆਮ ਸੰਧੂ ਨੇ ਆਪਣੀ ਪਾਕਿਸਤਾਨ ਫੇਰੀ ਦੀਆਂ ਉਹ ਯਾਦਾਂ ਸਾਂਝੀਆਂ ਕੀਤੀਆਂ ਹਨ, ਜੋ ਗੁਰੂ ਨਾਨਕ ਨਾਲ ਜੁੜੀਆਂ ਹੋਈਆਂ ਹਨ ਜਾਂ ਉਨ੍ਹਾਂ ਬਹਾਨੇ ਉਨ੍ਹਾਂ ਦੇ ਫ਼ਲਸਫ਼ੇ 'ਤੇ ਤੁਰਨ ਬਾਰੇ ਹਨ। ਕੂਕਾ ਲਹਿਰ ਦੇ ਅਮਰ ਨਾਇਕ ਵਾਲੇ ਇਸ ਵਾਰ ਦੇ ਕਾਲਮ ਵਿੱਚ ਸੁਵਰਨ ਸਿੰਘ ਵਿਰਕ ਨੇ 'ਮਾਤਾ ਜੱਸਾਂ ਜੀ' ਭਾਵਪੂਰਨ ਜ਼ਿਕਰ ਕੀਤਾ ਹੈ। ਦਵਿੰਦਰ ਸਿੰਘ ਗਿੱਲ (ਜੀਆ ਨੱਥਾ) ਨੇ ਪੰਜਾ ਸਾਹਿਬ ਦੇ ਸਾਕੇ ਨੂੰ ਸ਼ਤਾਬਦੀ ਸਾਲ ਵਿੱਚ ਯਾਦ ਕੀਤਾ ਹੈ। ਕੁਝ ਹੋਰ ਨਵੇਂ/ਸਥਾਈ ਕਾਲਮ ਵੀ ਹਨ।

ਪੰਨੇ : 50, ਮੁੱਲ : 40 ਰੁਪਏ, ਸੰਪਾਦਕ : ਡਾ. ਰਜਵੰਤ ਕੌਰ, ਸੰਪਰਕ : ਮਾਸਿਕ ਵਰਿਆਮ, ਲਾਡੋਵਾਲੀ ਰੋਡ ਜਲੰਧਰ 144001, (ਮੋ.) 98786-16996, 98143-18720

## ਚੰਗੀ ਖੇਤੀ : ਨਵੰਬਰ 2022



ਇਸ ਅੰਕ ਦੀ ਸੰਪਾਦਕੀ 'ਸੁਰੱਖਿਅਤ ਖੇਤੀ' ਉਪਰ ਕੇਂਦਰਿਤ ਹੋ ਕੇ ਲਿਖੀ ਹੈ। ਸਬਜ਼ੀਆਂ ਦੀ 'ਸੁਰੱਖਿਅਤ ਖੇਤੀ' ਉਪਰ ਜ਼ੋਰ ਦਿੰਦਿਆਂ ਇਸ ਬਾਰੇ ਸੰਕੇਤਕ ਰੂਪ ਵਿੱਚ ਕਈ ਇਸ਼ਾਰੇ ਕੀਤੇ ਹਨ। ਅੰਦਰਵਾਰ ਵੀ ਇਸ ਖੇਤੀ ਬਾਰੇ ਵਿਸਥਾਰ ਵਿੱਚ ਲੇਖ ਪੇਸ਼ ਹਨ। ਕਣਕ ਦੀ ਫ਼ਸਲ ਬਾਰੇ, ਇਸ ਦੀਆਂ ਬਿਮਾਰੀਆਂ ਬਾਰੇ ਅਤੇ ਹੋਰ ਫ਼ਸਲਾਂ ਬਾਰੇ ਵੀ ਭਰਪੂਰ ਜਾਣਕਾਰੀ ਹੈ। ਪਰਾਲੀ ਦੀ ਸਾਂਭ-ਸੰਭਾਲ, ਅੱਗ ਨਾ ਲਾਉਣ ਆਦਿ ਬਾਰੇ ਵੀ ਹੈ। ਬਾਗਬਾਨਾਂ ਦੀਆਂ ਸਮੱਸਿਆਵਾਂ ਦਾ ਵੀ ਹੱਲ ਦੱਸਿਆ ਹੈ। ਖੇਤੀਬਾੜੀ, ਅਨਾਜ, ਸੰਤੁਲਤ ਭੋਜਨ ਪ੍ਰਣਾਲੀ ਆਦਿ ਬਾਰੇ ਵੀ ਭਰਪੂਰ ਜਾਣਕਾਰੀ ਵਾਲੇ ਸਾਰੇ ਸਥਾਈ ਕਾਲਮ ਹਾਜ਼ਰ ਹਨ।

ਪੰਨੇ : 36, ਮੁੱਲ : 20 ਰੁਪਏ, ਸੰਪਾਦਕ : ਡਾ. ਜਗਵਿੰਦਰ ਸਿੰਘ, ਸੰਪਰਕ : ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ, (ਮੋ.) 82880-57707

## ਪ੍ਰਾਇਮਰੀ ਸਿੱਖਿਆ : ਨਵੰਬਰ 2022



ਪ੍ਰਾਇਮਰੀ ਦੇ ਵਿਦਿਆਰਥੀਆਂ ਨੂੰ ਸੰਬੋਧਤ ਇਹ ਮਾਸਿਕ ਪਰਚਾ ਆਪਣੀ ਸੰਪਾਦਕੀ 'ਡਾਇਨਾਸੋਰ ਜ਼ਿੰਦਾ ਹਨ..." ਨਾਲ ਆਰੰਭ ਹੁੰਦਾ ਹੈ। ਡਾ. ਕੁਲਬੀਰ ਸਿੰਘ ਸੂਰੀ ਦੀ ਬਾਲ ਕਹਾਣੀ, ਨਿਰਮਲ ਰੱਤਾ ਦੀ ਕਹਾਣੀ ਨਾਲ ਅੱਗੇ ਤੁਰਦਿਆਂ ਮਨਦੀਪ ਕੌਰ ਰਤਨ ਅਤੇ ਕਲਮਕਾਰਾਂ ਦੀਆਂ ਬਾਲ ਕਹਾਣੀਆਂ ਤੇ ਕਵਿਤਾਵਾਂ ਨਾਲ ਅੱਗੇ ਤੁਰਦਾ ਹੈ। ਜਾਣਕਾਰੀ ਭਰਪੂਰ ਇਹ ਰਚਨਾਵਾਂ ਬਾਲ ਮਨਾਂ ਨੂੰ ਟੁੰਬਦੀਆਂ ਹਨ।

ਪੰਨੇ : 32, ਮੁੱਲ : 20 ਰੁਪਏ, ਸੰਪਾਦਕ : ਦਰਸ਼ਨ ਸਿੰਘ ਬਨੂੜ, ਸੰਪਰਕ : ਪੰਜਾਬ ਸਕੂਲ ਸਿੱਖਿਆ ਬੋਰਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ 160062, ਫੋਨ : 0172-5227395

## ਪੰਖੜੀਆਂ : ਨਵੰਬਰ 2022

ਬਾਲ ਮਾਨਸਿਕਤਾ ਦਾ ਹਾਣੀ ਇਹ ਰਸਾਲਾ ਗੁਰੂ ਨਾਨਕ, ਭਗਤ ਸਿੰਘ, ਮੇਜਰ ਧਿਆਨ ਚੰਦ ਬਾਰੇ ਜਾਣਕਾਰੀ ਦਿੰਦਾ ਹੋਇਆ ਬਾਲ ਕਹਾਣੀਆਂ, ਬਾਲ ਕਵਿਤਾਵਾਂ ਅਤੇ ਬੱਚਿਆਂ ਦੀਆਂ ਹੋਰ ਭਾਵਨਾਤਮਕ ਲੋੜਾਂ ਦੀ ਪੂਰਤੀ ਕਰਦਾ ਨਜ਼ਰ ਆਵੇਗਾ। ਹਰਨੇਕ ਸਿੰਘ ਕਲੇਰ ਦੇ ਨਾਵਲ ਦਾ ਇੱਕ ਕਾਂਡ ਵੀ ਹੈ। 'ਖੇਡਾਂ ਵਤਨ ਪੰਜਾਬ ਦੀਆਂ-ਚੈਂਪੀਅਨ ਪੰਜਾਬ' ਦਾ ਲੋਗੋ ਮੁੱਖ ਪੰਨੇ 'ਤੇ ਭਾਵਪੂਰਤ ਲਗਦਾ ਹੈ।

ਪੰਨੇ : 36, ਮੁੱਲ : 20 ਰੁਪਏ, ਸੰਪਾਦਕ : ਦਰਸ਼ਨ ਸਿੰਘ ਬਨੂੜ, ਸੰਪਰਕ : ਪੰਜਾਬ ਸਕੂਲ ਸਿੱਖਿਆ ਬੋਰਡ, ਸਾਹਿਬਜ਼ਾਦਾ ਅਜੀਤ ਸਿੰਘ ਨਗਰ 160062, ਫੋਨ : 0172-5227395

***- ਹਰਜਿੰਦਰ ਅਟਵਾਲ (ਡਾ.)***

20-NOV-PAGE-1.qxd 11/19/2022 10:24 PM Page 1


ਐਤਵਾਰ, 20 ਨਵੰਬਰ, 2022
5 ਮੱਘਰ { ਨਾਨਕਸ਼ਾਹੀ 554 / ਬਿਕਰਮੀ 2079 }
ਜਿਲਦ/VOL. : 71
ਅੰਕ/NO. : 170

# ਨਵਾਂ ਜ਼ਮਾਨਾ

DAILY NAWAN ZAMANA • SUNDAY, 20 NOVEMBER, 2022
ਜਲੰਧਰ

‘ਨਵਾਂ ਜ਼ਮਾਨਾ’ ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ   Regd. No : Pb/JL-123/2021-23, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 14


## ਮਾਨ ਨੇ ਲੋਕਾਂ ਨੂੰ ਸਾਰੇ ਸਾਈਨ ਬੋਰਡ ਪੰਜਾਬੀ ’ਚ ਲਿਖਣ ਲਈ ਅੰਦੋਲਨ ਸ਼ੁਰੂ ਕਰਨ ਦਾ ਦਿੱਤਾ ਸੱਦਾ

**☛ 21 ਫਰਵਰੀ ਨੂੰ ਅੰਤਰਰਾਸ਼ਟਰੀ ਭਾਸ਼ਾ ਦਿਵਸ ਤੱਕ ਨਵੇਂ ਸਾਈਨ ਬੋਰਡ ਲਗਾਉਣ ਲਈ ਕਿਹਾ ☛ ਅੰਗਰੇਜ਼ੀ ਤੇ ਹੋਰ ਭਾਸ਼ਾਵਾਂ ਦੇ ਝੁੰਡ ’ਚ ਪੰਜਾਬੀਆਂ ਦੇ ਮਾਂ ਬੋਲੀ ਤੋਂ ਦੂਰ ਹੋਣ ’ਤੇ ਅਫ਼ਸੋਸ ਪ੍ਰਗਟਾਇਆ**



**ਅੰਮ੍ਰਿਤਸਰ, (ਜਸਬੀਰ ਪੱਟੀ)**-ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਆਪਣੀ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਦੁਹਰਾਉਂਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬੀਆਂ ਨੂੰ ਸੂਬੇ ਭਰ ਦੀਆਂ ਸਾਰੀਆਂ ਨਿੱਜੀ ਅਤੇ ਸਰਕਾਰੀ ਇਮਾਰਤਾਂ ’ਤੇ ਪੰਜਾਬੀ ਭਾਸ਼ਾ ਵਿੱਚ ਸਾਈਨ ਬੋਰਡ ਲਗਾਉਣ ਲਈ ਲਹਿਰ ਸ਼ੁਰੂ ਕਰਨ ਲਈ ਅੱਗੇ ਆਉਣ ਦਾ ਸੱਦਾ ਦਿੱਤਾ ਹੈ। ਮੁੱਖ ਮੰਤਰੀ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਪੰਜਾਬੀ ਭਾਸ਼ਾ ਮਹੀਨਾ ਮਨਾਉਣ ਸੰਬੰਧੀ ਰਾਜ ਪੱਧਰੀ ਸਮਾਗਮ ਦੌਰਾਨ ਇਕੱਠ ਨੂੰ ਸੰਬੋਧਨ ਕਰਦਿਆਂ ਮਹਾਰਾਸ਼ਟਰ, ਤਾਮਿਲਨਾਡੂ ਅਤੇ ਹੋਰ ਸੂਬਿਆਂ ਦੀਆਂ ਉਦਾਹਰਣਾਂ ਦਿੱਤੀਆਂ, ਜਿੱਥੇ ਲੋਕ ਆਪਣੀ ਮਾਂ ਬੋਲੀ ਦਾ ਸਤਿਕਾਰ ਕਰਦੇ ਹਨ। ਉਨ੍ਹਾਂ ਦੀਆਂ ਦੁਕਾਨਾਂ ਅਤੇ ਵਪਾਰਕ ਅਦਾਰਿਆਂ ’ਤੇ ਉਨ੍ਹਾਂ ਦੀ ਮਾਂ-ਬੋਲੀ ਵਿਚ ਸਾਈਨ ਬੋਰਡ ਲੱਗੇ ਹੋਏ ਹਨ। ਹੁਣ ਸਮਾਂ ਆ ਗਿਆ ਹੈ, ਜਦੋਂ ਪੰਜਾਬੀਆਂ ਨੂੰ ਵੀ ਇਸ ਨੇਕ ਰਵਾਇਤ ਨੂੰ ਅਪਣਾਉਣ ਲਈ ਅੱਗੇ ਆਉਣਾ ਚਾਹੀਦਾ ਹੈ। ਮਾਨ ਨੇ ਪੰਜਾਬੀਆਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਕਿ ਸਾਰੇ ਸਾਈਨ ਬੋਰਡਾਂ ’ਤੇ ਹੋਰ ਭਾਸ਼ਾਵਾਂ ਦੇ ਨਾਲ ਪੰਜਾਬੀ ਨੂੰ ਪ੍ਰਮੁੱਖਤਾ ਨਾਲ ਲਿਖਿਆ ਜਾਵੇ।

ਮੁੱਖ ਮੰਤਰੀ ਨੇ ਕਿਹਾ ਕਿ ਲੋਕ 21 ਫਰਵਰੀ ਨੂੰ ਅੰਤਰਰਾਸ਼ਟਰੀ ਭਾਸ਼ਾ ਦਿਵਸ ਤੋਂ ਪਹਿਲਾਂ ਪੰਜਾਬੀ ਵਿੱਚ ਸਾਈਨ ਬੋਰਡ ਲਾਉਣੇ ਯਕੀਨੀ ਬਣਾਉਣ। ਉਨ੍ਹਾ ਮਾਂ ਬੋਲੀ ਦੇ ਸਤਿਕਾਰ ਲਈ ਇਸ ਨੂੰ ਲੋਕ ਲਹਿਰ ਬਣਾਉਣ ਦੀ ਲੋੜ ’ਤੇ ਜ਼ੋਰ ਦਿੱਤਾ। ਉਹਨਾ ਕਿਹਾ ਕਿ ਸੂਝਵਾਨ ਪੰਜਾਬ ਵਾਸੀ 21 ਫਰਵਰੀ ਤੋਂ ਪਹਿਲਾਂ ਇਸ ਨੂੰ ਅਪਣਾ ਲੈਣਗੇ ਅਤੇ ਉਸ ਤੋਂ ਬਾਅਦ ਸਰਕਾਰ ਕਾਰਵਾਈ ਕਰੇਗੀ।

ਉਹਨਾ ਭਾਰਤ ਅਤੇ ਵਿਸ਼ਵ ਦੇ ਵੱਖ-ਵੱਖ ਹਿੱਸਿਆਂ ਵਿੱਚ ਵਸਦੇ ਪੰਜਾਬੀ ਭਾਈਚਾਰੇ ਨੂੰ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਵੱਡੇ ਪੱਧਰ ’ਤੇ ਪ੍ਰਫੁੱਲਤ ਕਰਨ ਦਾ ਸੱਦਾ ਦਿੱਤਾ। ਇਹ ਹਕੀਕਤ ਹੈ ਕਿ ਕੋਈ ਵੀ ਆਪਣੇ ਅਮੀਰ ਸੱਭਿਆਚਾਰ ਅਤੇ ਮਾਂ-ਬੋਲੀ ਤੋਂ ਦੂਰ ਨਹੀਂ ਰਹਿ ਸਕਦਾ। ਉਨ੍ਹਾ ਕਿਹਾ ਕਿ ਬਿਨਾਂ ਸ਼ੱਕ ਅੰਗਰੇਜ਼ੀ ਨੂੰ ਵਿਸ਼ਵ ਭਰ ਵਿੱਚ ਇਕ ਸੰਪਰਕ ਭਾਸ਼ਾ ਵਜੋਂ ਮਾਨਤਾ ਮਿਲੀ ਹੋਈ ਹੈ, ਪਰ ਇਸ ਭਾਸ਼ਾ ਨੂੰ ਸਾਡੀ ਮਾਂ-ਬੋਲੀ ਦੀ ਕੀਮਤ ’ਤੇ ਅੱਗੇ ਨਹੀਂ ਵਧਾਇਆ ਜਾਣਾ ਚਾਹੀਦਾ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਦੀ ਬਜਾਏ ਹਰੇਕ ਪੰਜਾਬੀ ਨੂੰ ਵਿਰਾਸਤ ਵਿੱਚ ਮਿਲੇ ਆਪਣੇ ਸ਼ਾਨਦਾਰ ਸੱਭਿਆਚਾਰਕ ਵਿਰਸੇ ’ਤੇ ਮਾਣ ਮਹਿਸੂਸ ਕਰਨਾ ਚਾਹੀਦਾ ਹੈ। ਉਨ੍ਹਾ ਕਿਹਾ ਕਿ ਪੰਜਾਬ ਮਹਾਨ ਗੁਰੂਆਂ, ਸੰਤਾਂ, ਪੀਰਾਂ-ਫ਼ਕੀਰਾਂ ਅਤੇ ਸ਼ਹੀਦਾਂ ਦੀ ਧਰਤੀ ਹੈ ਅਤੇ ਇਹ ਯੁੱਗਾਂ ਤੋਂ ਮਨੁੱਖਤਾ ਲਈ ਇੱਕ ਮਸ਼ਾਲ ਦਾ ਕੰਮ ਕਰਦਾ ਆ ਰਿਹਾ ਹੈ। ਜੇ ਕੋਈ ਆਪਣੀ ਮਾਂ ਬੋਲੀ ਨੂੰ ਭੁੱਲ ਜਾਂਦਾ ਹੈ ਤਾਂ ਇਹ ਸਰਾਪ ਹੈ, ਪਰ ਬਦਕਿਸਮਤੀ ਨਾਲ ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਦੇ ਲਾਲਚ ਵਿੱਚ ਪੰਜਾਬ ਵਾਸੀ ਆਪਣੀ ਮਾਂ ਬੋਲੀ ਤੋਂ ਦੂਰ ਹੁੰਦੇ ਜਾ ਰਹੇ ਹਨ। ਇਸ ਰੁਝਾਨ ਨੂੰ ਨੱਥ ਪਾਉਣ ਦੀ ਲੋੜ ਹੈ, ਕਿਉਂਕਿ ਇਹ ਇਕ ਪ੍ਰਮਾਣਤ ਤੱਥ ਹੈ ਕਿ ਮਨੁੱਖ ਆਪਣੀ ਮਾਂ-ਬੋਲੀ ਵਿਚ ਹੀ ਵਧੀਆ ਢੰਗ ਨਾਲ ਗੱਲਬਾਤ ਅਤੇ ਪ੍ਰਗਟਾਵੇ ਕਰ ਸਕਦਾ ਹੈ। ਮਾਨ ਨੇ ਕਿਹਾ ਕਿ ਮਾਨਸਕ ਗੁਲਾਮੀ ਕਾਰਨ ਅਸੀਂ ਅੱਜ ਵੀ ਅੰਗਰੇਜ਼ੀ ਭਾਸ਼ਾ ਦੀ ਉੱਤਮਤਾ ਵਿੱਚ ਵਿਸ਼ਵਾਸ ਰੱਖਦੇ ਹਾਂ, ਜਦੋਂ ਕਿ ਅਸਲੀਅਤ ਇਹ ਹੈ ਕਿ ਪੰਜਾਬੀ ਸਾਡੇ ਵਿੱਚੋਂ ਹਰ ਇਕ ਦੀ ਸ਼੍ਰੋਮਣੀ ਭਾਸ਼ਾ ਹੈ। ਉਹਨਾ ਕਿਹਾ ਕਿ ਬਹੁਤ ਸਾਰੇ ਮੁਲਕਾਂ ਵਿਚ ਪੰਜਾਬੀ ਭਾਸ਼ਾ ਦੀ ਵਰਤੋਂ ਕੀਤੀ ਜਾ ਰਹੀ ਹੈ, ਪਰ ਇੱਥੇ ਅਸੀਂ ਕਿਸੇ ਨਾ ਕਿਸੇ ਤਰ੍ਹਾਂ ਇਸ ਨੂੰ

● ਬਾਕੀ ਸਫ਼ਾ 10 ’ਤੇ

## ਪਹਾੜਾਂ ’ਤੇ ਬਰਫ਼ਬਾਰੀ ਕਾਰਨ ਵਧਣ ਲੱਗੀ ਠੰਢ



**ਨਵੀਂ ਦਿੱਲੀ** : ਜੰਮੂ-ਕਸ਼ਮੀਰ ਅਤੇ ਹਿਮਾਚਲ ਪ੍ਰਦੇਸ਼ ਦੇ ਪਹਾੜੀਆਂ ਇਲਾਕਿਆਂ ’ਚ ਬਰਫ਼ਬਾਰੀ ਸ਼ੁਰੂ ਹੋ ਚੁੱਕੀ ਹੈ, ਜਿਸ ਤੋਂ ਬਾਅਦ ਜ਼ਮੀਨੀ ਇਲਾਕਿਆਂ ’ਚ ਇਸ ਦਾ ਅਸਰ ਦੇਖਣ ਨੂੰ ਮਿਲਿਆ ਰਿਹਾ ਹੈ। ਸ਼ਨੀਵਾਰ ਸਵੇਰੇ 6.2 ਡਿਗਰੀ ਤਾਪਮਾਨ ਦੇ ਨਾਲ ਪੰਜਾਬ ਦਾ ਜਲੰਧਰ ਸਭ ਤੋਂ ਠੰਢਾ ਸ਼ਹਿਰ ਦਰਜ ਕੀਤਾ ਗਿਆ। ਮੌਸਮ ਵਿਭਾਗ ਅਨੁਸਾਰ ਆਉਣ ਵਾਲੇ ਦਿਨਾਂ ’ਚ ਪੰਜਾਬ ਦੇ ਸ਼ਹਿਰਾਂ ਦਾ ਤਾਪਮਾਨ 8 ਡਿਗਰੀ ਤੋਂ ਵੀ ਥੱਲੇ ਪਹੁੰਚ ਸਕਦਾ ਹੈ। ਪਹਾੜਾਂ ’ਤੇ ਪੈ ਰਹੀ ਬਰਫ਼ਬਾਰੀ ਕਾਰਨ ਪਹਾੜੀ ਇਲਾਕਿਆਂ ਵੱਲੋਂ ਵਗਣ ਵਾਲੀਆਂ ਹਵਾਵਾਂ ਦੇ ਚਲਦੇ ਮੌਸਮ ’ਚ ਬਦਲਾਅ ਸ਼ੁਰੂ ਹੋ ਗਿਆ ਹੈ। ਮੌਸਮ ਵਿਭਾਗ ਅਨੁਸਾਰ ਜਲੰਧਰ ਦਾ ਤਾਪਮਾਨ ਘੱਟੋ-ਘੱਟ 6.2 ਡਿਗਰੀ, ਬਠਿੰਡਾ 6.6 ਡਿਗਰੀ, ਗੁਰਦਾਸਪੁਰ 7.5 ਤੇ ਫਿਰੋਜ਼ਪੁਰ 8.8 ਡਿਗਰੀ ਦਰਜ ਕੀਤਾ ਗਿਆ।

## ਅਮਰਦੀਪ ਸਿੰਘ ਨੂੰ ਹੋਫਸਟ੍ਰਾ ’ਵਰਸਿਟੀ ਦਾ ਗੁਰੂ ਨਾਨਕ ਪੁਰਸਕਾਰ



**ਨਿਊਯਾਰਕ** : ਸਿੱਖ ਧਰਮ ਦੇ ਇਤਿਹਾਸ ਅਤੇ ਵਿਰਾਸਤ ’ਤੇ ਕੰਮ ਕਰਨ ਵਾਲੇ ਸਿੱਖ ਲੇਖਕ, ਖੋਜਕਾਰ ਅਤੇ ਫਿਲਮ ਨਿਰਮਾਤਾ ਨੂੰ ਹੋਫਸਟ੍ਰਾ ਯੂਨੀਵਰਸਿਟੀ ਦਾ 2022 ਦਾ ਗੁਰੂ ਨਾਨਕ ਅੰਤਰ ਧਰਮ ਪੁਰਸਕਾਰ ਦਿੱਤਾ ਗਿਆ ਹੈ।

ਅਮਰਦੀਪ ਸਿੰਘ, ਸਿੰਗਾਪੁਰ ’ਚ ਲੌਸਟ ਹੈਰੀਟੇਜ ਪ੍ਰੋਡਕਸ਼ਨ ਦੇ ਸਹਿ-ਪ੍ਰਬੰਧਕ ਨਿਰਦੇਸ਼ਕ ਅਤੇ ਸਹਿ-ਸੰਸਥਾਪਕ ਨੇ ਹਾਲ ਹੀ ਵਿੱਚ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਦੇਵ ਜੀ ਦੀਆਂ 16ਵੀਂ ਸਦੀ ਦੀਆਂ ਯਾਤਰਾਵਾਂ ਨੂੰ ਦਰਸਾਉਂਦੀ 24 ਐਪੀਸੋਡ ਦਸਤਾਵੇਜ਼ ਸੀਰੀਜ਼ ਪੂਰੀ ਕੀਤੀ ਹੈ।

## ਕਾਂਗਰਸ ਛੱਡ ਕੇ ਭਾਜਪਾ ’ਚ ਗਏ 4 ਆਗੂਆਂ ਨੂੰ ਐਕਸ ਸ਼੍ਰੇਣੀ ਦੀ ਸੁਰੱਖਿਆ

**ਚੰਡੀਗੜ੍ਹ** : ਪੰਜਾਬ ’ਚ ਹਾਲ ਹੀ ਵਿਚ ਕਾਂਗਰਸ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਏ ਚਾਰ ਆਗੂਆਂ ਦੀ ਸੁਰੱਖਿਆ ਵਧਾ ਦਿੱਤੀ ਗਈ ਹੈ। ਗ੍ਰਹਿ ਮੰਤਰਾਲੇ ਨੇ ਪੰਜਾਬ ’ਚ ਭਾਜਪਾ ਦੇ ਚਾਰ ਆਗੂਆਂ ਨੂੰ ਐੱਕਸ ਸ਼੍ਰੇਣੀ ਦੀ ਸੁਰੱਖਿਆ ਦਿੱਤੀ ਹੈ। ਇਨ੍ਹਾਂ ਆਗੂਆਂ ਦੀ ਜਾਨ ਨੂੰ ਖਤਰਾ ਦੱਸਿਆ ਜਾ ਰਿਹਾ ਹੈ। ਕੇਂਦਰੀ ਗ੍ਰਹਿ ਮੰਤਰਾਲੇ ਨੇ ਇਹ ਫੈਸਲਾ ਆਈ ਬੀ ਦੀ ਧਮਕੀਆਂ ਬਾਰੇ ਰਿਪੋਰਟ ਦੇ ਆਧਾਰ ’ਤੇ ਲਿਆ ਹੈ, ਜਿਨ੍ਹਾਂ ’ਚ ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਬਲਬੀਰ ਸਿੰਘ ਸਿੱਧੂ, ਗੁਰਪ੍ਰੀਤ ਸਿੰਘ ਕਾਂਗੜ ਸਾਬਕਾ ਕੈਬਨਿਟ ਮੰਤਰੀ, ਜਗਦੀਪ ਸਿੰਘ ਨਕਈ ਸਾਬਕਾ ਐੱਮ ਐੱਲ ਏ ਤੇ ਅਮਰਜੀਤ ਸਿੰਘ ਟਿੱਕਾ ਹਨ।

ਜ਼ਿਕਰਯੋਗ ਹੈ ਕਿ ਇਹ ਚਾਰੇ ਆਗੂ ਹਾਲ ਹੀ ’ਚ ਕਾਂਗਰਸ ਛੱਡ ਕੇ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋਏ ਹਨ। ਇਸ ਤੋਂ ਬਾਅਦ ਇਨ੍ਹਾਂ ਚਾਰ ਆਗੂਆਂ ਦੀ ਜਾਨ ਨੂੰ ਖਤਰਾ ਦੱਸਿਆ ਗਿਆ ਸੀ। ਆਈ ਬੀ ਨੂੰ ਰਿਪੋਰਟਾਂ ਮਿਲੀਆਂ ਸਨ ਕਿ ਇਨ੍ਹਾਂ ਨੇਤਾਵਾਂ ’ਤੇ ਕਿਸੇ ਵੇਲੇ ਵੀ ਹਮਲਾ ਹੋ ਸਕਦਾ ਹੈ। ਇਹੀ ਕਾਰਨ ਹੈ ਕਿ ਏਜੰਸੀ ਨੇ ਉਨ੍ਹਾਂ ਨੂੰ ਸੁਰੱਖਿਆ ਦੇਣ ਦੀ ਸਿਫਾਰਸ਼ ਕੀਤੀ ਅਤੇ ਕੇਂਦਰ ਸਰਕਾਰ ਨੇ ਇਸ ਨੂੰ ਮਨਜ਼ੂਰੀ ਦੇ ਦਿੱਤੀ।

## ਪੰਜਾਬ ’ਵਰਸਿਟੀ ਦਾ ਵਿਦਿਆਰਥੀ ਅੱਤਵਾਦੀ ਫੰਡਿੰਗ ਮਾਮਲੇ ’ਚ ਗ੍ਰਿਫਤਾਰ

**ਚੰਡੀਗੜ੍ਹ** : ਪੰਜਾਬ ਯੂਨੀਵਰਸਿਟੀ ਦੇ ਇੱਕ ਵਿਦਿਆਰਥੀ ਨੂੰ ਅੱਤਵਾਦੀ ਫੰਡਿੰਗ ਮਾਮਲੇ ’ਚ ਗ੍ਰਿਫਤਾਰ ਕੀਤਾ ਹੈ। ਮੁਲਜ਼ਮ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ’ਚ ਐੱਮ ਏ ਦਾ ਵਿਦਿਆਰਥੀ ਹੈ। ਮੁਲਜ਼ਮ ਦੀ ਪਛਾਣ ਅਰਸ਼ਦੀਪ ਦੇ ਤੌਰ ’ਤੇ ਹੋਈ ਹੈ, ਜੋ ਮੂਲ ਰੂਪ ’ਚ ਪੰਜਾਬ ਦੇ ਭਵਾਨੀਗੜ੍ਹ ਜ਼ਿਲ੍ਹਾ ਸੰਗਰੂਰ ਦਾ ਰਹਿਣ ਵਾਲਾ ਹੈ। ਮੁਲਜ਼ਮ ਨੂੰ ਸਟੇਟ ਸਪੈਸ਼ਲ ਅਪ੍ਰੇਸ਼ਨ ਸੈੱਲ ਨੇ ਗ੍ਰਿਫਤਾਰ ਕੀਤਾ ਹੈ। ਐੱਸ ਐੱਸ ਓ ਸੀ ਦੀ ਟੀਮ ਨੇ ਗੁਪਤ ਸੂਚਨਾ ’ਤੇ ਮੁਲਜ਼ਮ ਨੌਜਵਾਨ ਨੂੰ ਚੰਡੀਗੜ੍ਹ ਤੋਂ ਗ੍ਰਿਫਤਾਰ ਕੀਤਾ ਹੈ। ਮੁਲਜ਼ਮ ਅਰਸ਼ਦੀਪ ਵਿਦੇਸ਼ ’ਚ ਬੈਠੇ ਲਖਬੀਰ ਸਿੰਘ ਲੰਡਾ ਅਤੇ ਲਾਰੈਂਸ ਬਿਸ਼ਨੋਈ ਗੈਂਗ ਦੇ ਗੋਲਡੀ ਬਰਾੜ ਦਾ ਸਾਥੀ ਹੈ। ਇਸ ਤੋਂ ਇਲਾਵਾ ਵਿਦੇਸ਼ ਬੈਠੇ ਆਈ ਐੱਸ ਆਈ ਦੇ ਗੁੰਡੇ ਪੀ ਯੂ ਦੇ ਵਿਦਿਆਰਥੀ ਅਰਸ਼ਦੀਪ ਦੇ ਬੈਂਕ ਖਾਤੇ ’ਚ ਪੈਸੇ ਭੇਜ ਰਹੇ ਸਨ। ਮੁਲਜ਼ਮ ਦੀ ਗ੍ਰਿਫਤਾਰੀ ਉਸ ਦੇ ਬੈਂਕ ਖਾਤੇ ਦੇ ਵੇਰਵੇ ਦੇ ਆਧਾਰ ’ਤੇ ਕੀਤੀ ਗਈ ਹੈ। ਮੁਲਜ਼ਮ ਨੂੰ ਅਦਾਲਤ ’ਚ ਪੇਸ਼ ਕਰਕੇ ਤਿੰਨ ਦਿਨ ਦਾ ਰਿਮਾਂਡ ਲਿਆ ਗਿਆ ਹੈ। ਦੁਬਈ, ਅਮਰੀਕਾ, ਫਿਲਪੀਨਜ਼, ਇਟਲੀ ਅਤੇ ਮਲੇਸ਼ੀਆ ’ਚ ਵਸਦੇ ਪੰਜਾਬ ਦੇ ਮੂਲ ਨਿਵਾਸੀ ਆਈ ਐੱਸ ਆਈ ਨੂੰ ਫੰਡਿੰਗ ਅਤੇ ਹਥਿਆਰ ਸਪਲਾਈ ਕਰਨ ਲਈ ਕੰਮ ਕਰ ਰਹੇ ਸਲੀਪਰ ਸੈੱਲ ਰਾਹੀਂ ਮੁਲਜ਼ਮਾਂ ਨੂੰ ਟੈਰਰ ਫੰਡਿੰਗ ਕੀਤੀ ਜਾ ਰਹੀ ਸੀ। ਜਾਂਚ ਏਜੰਸੀ ਤੋਂ ਪਤਾ ਲੱਗਾ ਹੈ ਕਿ ਆਈ ਐੱਸ ਆਈ ਦੇ ਗੁਰਗੇ ਵੱਲੋਂ ਅਰਸ਼ਦੀਪ ਦੇ ਬੈਂਕ ਖਾਤੇ ’ਚ ਪੈਸੇ ਜਮ੍ਹਾਂ ਕਰਵਾਏ ਜਾ ਰਹੇ ਸਨ। ਉਸ ਦੇ ਬੈਂਕ ਖਾਤੇ ਦੀ ਜਾਣਕਾਰੀ ਦੇ ਆਧਾਰ ’ਤੇ ਹੀ ਉਸ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

## ਕੁੱਲ ਹਿੰਦ ਕਿਸਾਨ ਸਭਾ ਵੱਲੋਂ 26 ਦੇ ਰਾਜ ਭਵਨ ਵੱਲ ਮਾਰਚ ’ਚ ਹਜ਼ਾਰਾਂ ਕਿਸਾਨ ਹੋਣਗੇ ਸ਼ਾਮਲ : ਸਾਂਭਰ, ਨਿਹਾਲਗੜ੍ਹ




**ਲੁਧਿਆਣਾ (ਐੱਮ ਐੱਸ ਭਾਟੀਆ, ਰੈਕਟਰ ਕਥੂਰੀਆ)**- ਕੁੱਲ ਹਿੰਦ ਕਿਸਾਨ ਸਭਾ (ਅਜੈ ਭਵਨ) ਦੀ ਸੂਬਾ ਕਮੇਟੀ ਦੀ ਮੀਟਿੰਗ ਮੁੱਖ ਦਫਤਰ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਲੁਧਿਆਣਾ ਵਿਖੇ ਸੂਬਾ ਪ੍ਰਧਾਨ ਭੁਪਿੰਦਰ ਸਿੰਘ ਸਾਂਭਰ ਦੀ ਪ੍ਰਧਾਨਗੀ ਹੇਠ ਹੋਈ, ਜਿਸ ਨੂੰ ਸੰਬੋਧਨ ਕਰਦਿਆਂ ਸੂਬਾ ਜਨਰਲ ਸਕੱਤਰ ਨੇ ਆਉਣ ਵਾਲੇ ਸਮੇਂ ਵਿੱਚ ਜਥੇਬੰਦੀ ਵੱਲੋਂ ਕੀਤੇ ਜਾਣ ਵਾਲੇ ਮੁੱਖ ਕੰਮਾਂ ਦੀ ਜਾਣਕਾਰੀ ਦਿੱਤੀ। ਉਹਨਾਂ ਸੰਯੁਕਤ ਕਿਸਾਨ ਮੋਰਚੇ ਵੱਲੋਂ ਕਿਸਾਨ ਅੰਦੋਲਨ ਦੇ ਦੋ ਸਾਲ ਮੁਕੰਮਲ ਹੋਣ ’ਤੇ 26 ਨਵੰਬਰ ਨੂੰ ਗਵਰਨਰਾਂ ਨੂੰ ਕਿਸਾਨਾਂ ਨਾਲ ਸੰਬੰਧਤ ਮੰਗਾਂ—ਐੱਮ ਐੱਸ ਪੀ ’ਤੇ ਖਰੀਦ ਗਰੰਟੀ ਕਨੂੰਨ ਬਣਾਉਣ, ਲਖੀਮਪੁਰ ਖੀਰੀ ਵਿਖੇ ਸ਼ਹੀਦ ਹੋਏ ਕਿਸਾਨਾਂ ਦੇ ਦੋਸ਼ੀ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਨੀ ਦੀ ਵਜ਼ਾਰਤ ਵਿੱਚੋਂ ਬਰਖਾਸਤਗੀ ਅਤੇ ਗ੍ਰਿਫਤਾਰੀ, ਅੰਦੋਲਨ ਨਾਲ ਸੰਬੰਧਤ ਮੁੱਕਦਮੇ ਵਾਪਸ ਨਾ ਲੈਣ ਬਾਰੇ ਕੇਂਦਰ ਸਰਕਾਰ ਵੱਲੋਂ ਦਿੱਲੀ ਅੰਦੋਲਨ ਸਮਾਪਤ ਕਰਨ ਸਮੇਂ ਕੀਤੇ ਵਾਅਦੇ ਪੂਰੇ ਨਾ ਕਰਨ ’ਤੇ ਇਸ ਦਿਨ ਪੰਜਾਬ ਦੇ ਗਵਰਨਰ ਭਵਨ ਵੱਲ ਮਾਰਚ ਕਰਕੇ ਮੰਗ ਪੱਤਰ ਦੇਣ ਬਾਰੇ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ ਤੈਅ ਕੀਤੇ ਪ੍ਰੋਗਰਾਮ ਬਾਰੇ ਜਾਣਕਾਰੀ ਦਿੱਤੀ। ਪੰਜਾਬ ਨਾਲ ਸੰਬੰਧਤ ਮੰਗਾਂ ਦਰਿਆਈ ਪਾਣੀਆਂ ਤੇ ਪੰਜਾਬ ਦੇ ਜਮਹੂਰੀ ਹੱਕ ਤੇ ਯੂਨੀਵਰਿਸਟੀਆਂ ਦੇ ਉੱਪ ਕੁਲਪਤੀ ਦੇ ਮਾਮਲੇ ਵਿੱਚ ਦਖਲਅੰਦਾਜ਼ੀ ਅਤੇ ਹੋਰ ਪੰਜਾਬ ਨਾਲ ਸੰਬੰਧਤ ਮੰਗਾਂ ਬਾਰੇ ਮੰਗ ਪੱਤਰ ਦਿੱਤਾ ਜਾਵੇਗਾ। ਜਥੇਬੰਦੀ ਨੇ ਮੀਟਿੰਗ ਅੰਦਰ ਮਹੱਤਵਪੂਰਨ ਫੈਸਲਾ ਲੈਂਦਿਆਂ ਐਲਾਨ ਕੀਤਾ ਕਿ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਤੋਂ ਹਜ਼ਾਰਾਂ ਦੀ ਗਿਣਤੀ

● ਬਾਕੀ ਸਫ਼ਾ 10 ’ਤੇ

## ਅੱਜ-ਨਾਮਾ

ਮੋਹ ਪੰਜਾਬੀ ਦਾ ਜਾਗਿਆ ਠੀਕ ਹੋਇਆ,
ਦਿੱਤਾ ਹੁਕਮ ਭਗਵੰਤ ਸਿੰਘ ਮਾਨ ਬੇਲੀ।
ਬੋਰਡਾਂ ਉੱਪਰ ਪੰਜਾਬੀ ਨੂੰ ਲਿਖੋ ਪਹਿਲਾਂ,
ਇਸ ਦਾ ਲਵੇ ਨਹੀਂ ਹੋਰ ਅਸਥਾਨ ਬੇਲੀ।
ਅਮਲ ਵਿੱਚ ਕੋਤਾਹੀ ਨਹੀਂ ਕੋਈ ਕਰਨੀ,
ਅਧਿਕਾਰੀ ਰੱਖਣਗੇ ਆਪ ਧਿਆਨ ਬੇਲੀ।
ਬੁਰੀ ਗੱਲ ਨਹੀਂ ਕਿਸੇ ਨੂੰ ਅਸਾਂ ਕਹਿਣੀ,
ਘਰ ਵਿੱਚ ਹੋਵੇ ਪੰਜਾਬੀ ਦੀ ਸ਼ਾਨ ਬੇਲੀ।
ਗੁੜ੍ਹਤੀ ਵਿੱਚ ਇਹ ਮਿਲੀ ਪੰਜਾਬੀਆਂ ਨੂੰ,
ਥਾਂ ਪੰਜਾਬੀ ਦੀ ਕਿਹੜਾ ਕੋਈ ਲੈ ਸਕਦੈ।
ਸ਼ਾਨ ਪੰਜਾਬੀ ਦੀ ਰੱਖੂ ਨਾ ਯਾਦ ਜਿਹੜਾ,
ਉਸ ਨੂੰ ਸਿੱਟਾ ਫਿਰ ਭੁਗਤਣਾ ਪੈ ਸਕਦੈ।

-ਤੀਸ ਮਾਰ ਖਾਂ

## ਇਕਬਾਲ ਸਿੰਘ ਲਾਲਪੁਰਾ ਦੇ ਪੁੱਤ ’ਤੇ ਹਮਲਾ

**ਮੋਹਾਲੀ** : ਕੌਮੀ ਘੱਟ-ਗਿਣਤੀ ਕਮਿਸ਼ਨ ਦੇ ਚੇਅਰਮੈਨ ਅਤੇ ਭਾਜਪਾ ਆਗੂ ਇਕਬਾਲ ਸਿੰਘ ਲਾਲਪੁਰਾ ਦੇ ਬੇਟੇ ਅਜੈਵੀਰ ਲਾਲਪੁਰਾ ’ਤੇ ਹਮਲਾ ਹੋਣ ਦੀ ਜਾਣਕਾਰੀ ਸਾਹਮਣੇ ਆਈ ਹੈ। ਇਹ ਹਮਲਾ ਬੀਤੇ ਦਿਨ ਕੀਤਾ ਗਿਆ।

ਇਸ ਸੰਬੰਧੀ ਨੂਰਪੁਰ ਬੇਦੀ ਥਾਣੇ ਵਿੱਚ ਮਾਮਲਾ ਵੀ ਦਰਜ ਕਰ ਲਿਆ ਗਿਆ ਹੈ। ਅਜੈਵੀਰ ਦਾ ਕਹਿਣਾ ਹੈ ਕਿ ਉਸ ਦੀ ਗੱਡੀ ਨੂੰ ਕਿਸੇ ਹੋਰ ਗੱਡੀ ਵਿੱਚ ਸਵਾਰ 2 ਬਦਮਾਸ਼ਾਂ ਵੱਲੋਂ ਘੇਰਿਆ ਗਿਆ ਅਤੇ ਟੱਕਰਾਂ ਮਾਰੀਆਂ ਗਈਆਂ ਅਤੇ ਨਾਲ ਹੀ ਹਥਿਆਰ ਵੀ ਦਿਖਾਏ ਗਏ। ਇਸ ਤੋਂ ਬਾਅਦ ਨੂਰਪੁਰ ਬੇਦੀ ’ਚ ਮਾਮਲਾ ਦਰਜ ਕਰ ਲਿਆ ਗਿਆ ਹੈ। ਇਕਬਾਲ

● ਬਾਕੀ ਸਫ਼ਾ 10 ’ਤੇ




page-6-20-Nov-2022-G-Final-22.qxd 11/19/2022 10:38 PM Page 1



# 69ਵੇਂ ਭਾਰਤੀ ਸਹਿਕਾਰੀ ਸਪਤਾਹ ਮੌਕੇ ਜ਼ਿਲ੍ਹਾ ਪੱਧਰੀ ਸਮਾਰੋਹ ਕਰਵਾਇਆ



ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)-69ਵੇਂ ਭਾਰਤੀ ਸਹਿਕਾਰੀ ਸਪਤਾਹ ਮੌਕੇ 'ਦੀ ਅਜਨਾਲਾ ਸਹਿਕਾਰੀ ਮੰਡੀਕਰਣ ਸੰਸਥਾ ਅਜਨਾਲਾ' ਵੱਲੋਂ ਸਹਿਕਾਰਤਾਵਾਂ ਦਾ ਵਿਕਾਸ ਅਤੇ ਭਵਿੱਖ ਦੀਆਂ ਯੋਜਨਾਵਾਂ ਸਬੰਧੀ ਜਾਗਰੂਕ ਕਰਨ ਲਈ ਵਿਸ਼ੇਸ਼ ਸਮਾਰੋਹ ਕਰਵਾਇਆ ਗਿਆ, ਜਿਸ ਵਿੱਚ ਡਿਪਟੀ ਰਜਿਸਟਰਾਰ ਸਹਿਕਾਰੀ ਸਭਾਵਾਂ ਅੰਮ੍ਰਿਤਸਰ ਭੁਪਿੰਦਰ ਸਿੰਘ, ਸਹਿਕਾਰੀ ਮੰਡੀਕਰਣ ਸਭਾ ਅਜਨਾਲਾ ਦੇ ਚੇਅਰਮੈਨ ਸੁਖਜਿੰਦਰ ਸਿੰਘ ਗੁਜਰਪੁਰਾ ਅਤੇ ਮਾਰਕਫੈੱਡ ਦੇ ਜ਼ਿਲ੍ਹਾ ਮੈਨੇਜਰ ਗੁਰਪ੍ਰੀਤ ਸਿੰਘ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ।

ਇਸ ਮੌਕੇ ਹਾਜ਼ਰ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਜਿੱਥੇ ਸਹਿਕਾਰੀ ਸੰਸਥਾਵਾਂ ਵੱਲੋਂ ਕਿਸਾਨ ਭਲਾਈ ਯੋਜਨਾਵਾਂ ਦੇ ਵਿਸਥਾਰ ਤਹਿਤ ਦੱਸਿਆ ਗਿਆ ਉੱਥੇ ਹੀ ਕਿਸਾਨਾਂ ਨੂੰ ਭਵਿੱਖ ਅੰਦਰ ਖੇਤੀ ਲਾਗਤਾਂ ਦੇ ਮੁਕਾਬਲੇ ਵੱਧ ਮੁਨਾਫਾ ਲੈਣ ਬਾਰੇ ਵੀ ਪ੍ਰੇਰਿਤ ਕੀਤਾ ਗਿਆ ਅਤੇ ਕਿਸਾਨਾਂ ਦੀ ਆਰਥਿਕ ਹਾਲਤ ਨੂੰ ਹੋਰ ਉੱਚਾ ਚੁੱਕਣ ਲਈ ਸਹਿਕਾਰੀ ਬੈਂਕਾਂ ਵਿੱਚ ਕਿਸਾਨਾਂ ਦੇ ਬੀਮੇ, ਫਸਲੀ ਕਰਜ਼ਿਆਂ ਬਾਰੇ ਵੀ ਕਿਸਾਨਾਂ ਨੂੰ ਜਾਗਰੂਕ ਕੀਤਾ ਗਿਆ। ਮਾਹਿਰਾਂ ਨੇ ਕਿਸਾਨਾਂ ਨੂੰ ਖਰਚੇ ਘਟਾਉਣ ਅਤੇ ਫਸਲੀ ਚੱਕਰ ਵਿੱਚੋਂ ਬਾਹਰ ਨਿਕਲ ਲਈ ਸਹਿਕਾਰੀ ਸਭਾਵਾਂ ਦੀ ਮਦਦ ਲੈਣ ਦਾ ਹੋਕਾ ਦਿੰਦਿਆਂ ਕਿਸਾਨਾਂ ਨੂੰ ਖੇਤੀ ਸੰਦ ਸਹਿਕਾਰੀ ਸਭਾਵਾਂ ਤੋਂ ਲੈਣ ਬਾਰੇ ਚਾਨਣਾ ਪਾਇਆ। ਇਸ ਮੌਕੇ ਮੈਨੇਜਰ ਧਰਮਿੰਦਰ ਸਿੰਘ ਗੁੱਜਰਪੁਰਾ, ਦਵਿੰਦਰ ਸਿੰਘ, ਸ਼ਮਸ਼ੇਰ ਸਿੰਘ ਮਰਹਾਣਾ, ਜਸਵਿੰਦਰ ਸਿੰਘ, ਜਜਵਿੰਦਰ ਸਿੰਘ ਜੱਜ ਅਤੇ ਸੋਨੂੰ ਸਿੰਘ ਨੇ ਵੀ ਸ਼ਮੂਲੀਅਤ ਕੀਤੀ।

# ਅਗਨੀਵੀਰ ਵਾਯੂ ਦੀ ਭਰਤੀ ਲਈ ਉਮੀਦਵਾਰ 23 ਤੱਕ ਕਰ ਸਕਦੇ ਅਪਲਾਈ

ਲੁਧਿਆਣਾ (ਐੱਮ ਐੱਸ ਭਾਟੀਆ/ਰੋਕਟ ਕਥੂਰੀਆ) : ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਲੁਧਿਆਣਾ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਤੇ ਸਿਖਲਾਈ ਅਫ਼ਸਰ ਸ੍ਰੀ ਜੀਵਨਦੀਪ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤੀ ਹਵਾਈ ਸੈਨਾ ਵੱਲੋਂ ਅਗਨੀਵੀਰ (ਵਾਯੂ) ਦੀ ਭਰਤੀ ਲਈ ਉਮੀਦਵਾਰਾਂ ਤੋਂ ਆਨਲਾਈਨ ਅਰਜ਼ੀਆਂ ਦੀ ਮੰਗ ਕੀਤੀ ਗਈ ਹੈ। ਦਿਲਚਸਪੀ ਰੱਖਣ ਵਾਲੇ ਉਮੀਦਵਾਰ (ਲੜਕੇ ਤੇ ਲੜਕੀਆਂ ਦੋਵੇਂ) 23 ਨਵੰਬਰ 22 ਤੱਕ ਆਨਲਾਈਨ ਅਪਲਾਈ ਕਰ ਸਕਦੇ ਹਨ। ਉਮੀਦਵਾਰ ਆਨਲਾਈਨ ਫਾਰਮ ਰਾਹੀਂ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਬਿਨੈਕਾਰ ਦੀ ਉਮਰ ਸੀਮਾ 27 ਜੂਨ 2002 ਤੋਂ 27 ਦਸੰਬਰ 2005 ਤੱਕ (ਦੋਵੇਂ ਦਿਨਾਂ ਸਮੇਤ) 21 ਸਾਲ ਹੋਣੀ ਚਾਹੀਦੀ ਹੈ। ਉਨ੍ਹਾਂ ਦੱਸਿਆ ਕਿ ਇਸ ਅਸਾਮੀ ਲਈ ਉਮੀਦਵਾਰ ਬਾਰਵੀਂ ਗਣਿਤ, ਭੌਤਿਕ ਵਿਗਿਆਨ ਤੇ ਅੰਗਰੇਜ਼ੀ ਵਿੱਚ ਵਿੱਦਿਅਕ ਯੋਗਤਾ 50% ਅੰਕਾਂ ਨਾਲ ਪਾਸ ਕੀਤੀ ਹੈ ਜਾਂ 3 ਸਾਲ ਦਾ ਇੰਜੀਨੀਅਰਿੰਗ (ਮਕੈਨੀਕਲ, ਇਲੈਕਟ੍ਰੀਕਲ, ਇਲੈਕਟ੍ਰੋਨਿਕਸ, ਆਟੋਮੋਬਾਈਲ, ਕੰਪਿਊਟਰ ਸਾਇੰਸ ਤੇ ਇੰਸਟਰੂਮੈਂਟੇਸ਼ਨ ਟੈਕਨਾਲੋਜੀ ਤੇ ਸੂਚਨਾ ਤਕਨਾਲੋਜੀ) ਵਿੱਚ ਡਿਪਲੋਮਾ ਜਾਂ ਦੋ ਸਾਲਾਂ ਦਾ ਵੋਕੇਸ਼ਨਲ ਕੋਰਸ ਅਤੇ ਜਿਨ੍ਹਾਂ ਉਮੀਦਵਾਰਾਂ ਨੇ ਇਨ੍ਹਾਂ ਵਰਣਿਤ ਯੋਗਤਾਵਾਂ ਵਿੱਚ ਪ੍ਰੀਖਿਆ ਵਿੱਚ ਕੁੱਲ 50% ਅੰਕ ਪ੍ਰਾਪਤ ਕੀਤੇ ਹਨ ਤੇ ਅੰਗਰੇਜ਼ੀ ਵਿੱਚ ਵੀ 50% ਅੰਕ ਪ੍ਰਾਪਤ ਕੀਤੇ ਹਨ, ਉਹ ਉਮੀਦਵਾਰ ਇਸ ਅਹੁਦੇ ਲਈ ਯੋਗ ਹਨ। ਇਸ ਪ੍ਰੀਖਿਆ ਲਈ ਰਜਿਸਟ੍ਰੇਸ਼ਨ ਫੀਸ 250/- ਰੁਪਏ ਹੈ। ਅਗਨੀਵੀਰ ਅਸਾਮੀਆਂ ਲਈ ਉਮੀਦਵਾਰਾਂ ਦੇ ਦਾਖਲਾ ਟੈਸਟ 18 ਜਨਵਰੀ 2023 ਤੋਂ ਸ਼ੁਰੂ ਹੋਣਗੇ।

# ਇੰਤਕਾਲਾਂ ਦੇ ਬਕਾਇਆ ਕੇਸਾਂ ਦੇ ਨਿਪਟਾਰੇ ਲਈ ਕੈਂਪ ਭਲਕੇ

ਜਲੰਧਰ (ਸੁਰਿੰਦਰ ਕੁਮਾਰ) ਜਾਇਦਾਦਾਂ ਸਬੰਧੀ ਬਕਾਇਆ ਕੇਸਾਂ ਦੇ ਨਿਪਟਾਰੇ ਲਈ 21 ਨਵੰਬਰ ਨੂੰ ਤਹਿਸੀਲ ਜਲੰਧਰ-1 ਅਤੇ ਤਹਿਸੀਲ ਜਲੰਧਰ-2 ਵਿਖੇ ਵਿਸ਼ੇਸ਼ ਕੈਂਪ ਲਗਾਇਆ ਜਾ ਰਿਹਾ ਹੈ, ਜਿਸ ਵਿੱਚ ਪੰਜਾਬ ਦੇ ਮਾਲ ਮੰਤਰੀ ਬ੍ਰਮ ਸ਼ੰਕਰ ਜਿੰਪਾ ਅਤੇ ਵਿੱਤ ਕਮਿਸ਼ਨਰ ਮਾਲ ਕੇ.ਏ.ਪੀ. ਸਿਨਹਾ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਜਾਵੇਗੀ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਸਵੇਰੇ 10 ਵਜੇ ਤੋਂ ਸ਼ੁਰੂ ਹੋਣ ਵਾਲੇ ਇਸ ਕੈਂਪ ਵਿੱਚ ਤਹਿਸੀਲਦਾਰ ਜਲੰਧਰ-1, ਤਹਿਸੀਲਦਾਰ ਜਲੰਧਰ-2, ਨਾਇਬ ਤਹਿਸੀਲਦਾਰ ਜਲੰਧਰ-1 ਅਤੇ ਨਾਇਬ ਤਹਿਸੀਲਦਾਰ ਜਲੰਧਰ-2 ਵੱਲੋਂ ਲੋਕਾਂ ਦੀਆਂ ਜਾਇਦਾਦਾਂ ਦੇ ਇੰਤਕਾਲਾਂ ਸਬੰਧੀ ਮਾਮਲਿਆਂ ਦਾ ਮੌਕੇ 'ਤੇ ਫੈਸਲਾ ਕਰਕੇ ਉਨ੍ਹਾਂ ਨੂੰ ਰਾਹਤ ਪ੍ਰਦਾਨ ਕੀਤੀ ਜਾਵੇਗੀ। ਅਧਿਕਾਰੀਆਂ ਨੂੰ ਇਸ ਸਬੰਧੀ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਲੋਕਾਂ ਨੂੰ ਕੈਂਪ ਵਿੱਚ ਇੰਤਕਾਲ ਮਨਜ਼ੂਰ ਕਰਵਾਉਣ ਵਿੱਚ ਕੋਈ ਦਿੱਕਤ ਪੇਸ਼ ਨਾ ਆਵੇ, ਜਿਸ ਦੇ ਲਈ ਸਮੁੱਚੇ ਲੋੜੀਂਦੇ ਪ੍ਰਬੰਧ ਪਹਿਲਾਂ ਹੀ ਯਕੀਨੀ ਬਣਾਏ ਜਾਣ।

ਲੋਕਾਂ ਨੂੰ ਕੈਂਪ ਦਾ ਵੱਧ ਤੋਂ ਵੱਧ ਲਾਭ ਲੈਣ ਦਾ ਸੱਦਾ ਦਿੰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜਿਨ੍ਹਾਂ ਲੋਕਾਂ ਦੇ ਜਾਇਦਾਦਾਂ ਦੀ ਰਜਿਸਟਰੀ ਉਪਰੰਤ ਇੰਤਕਾਲ ਪੈਂਡਿੰਗ ਹਨ, ਉਹ ਕੈਂਪ ਵਿੱਚ ਸਮੇਂ ਸਿਰ ਪਹੁੰਚ ਕੇ ਸੁਵਿਧਾ ਦਾ ਲਾਭ ਲੈ ਸਕਦੇ ਹਨ। ਉਨ੍ਹਾਂ ਕਿਹਾ ਕਿ ਬਿਨੈਕਾਰ ਕੈਂਪ ਵਿੱਚ ਆਪਣੇ ਜ਼ਮੀਨ ਦੀ ਮਾਲਕੀ ਸਬੰਧੀ ਦਸਤਾਵੇਜ਼ ਨਾਲ ਲੈ ਕੇ ਆਉਣ।

# ਪੁਰਾਣੀ ਪੈਨਸ਼ਨ ਬਹਾਲੀ ਫੈਸਲੇ ਦਾ ਸੰਘਰਸ਼ ਕਮੇਟੀ ਵੱਲੋਂ ਸੁਆਗਤ

ਚੰਡੀਗੜ੍ਹ (ਨ ਜ਼ ਸ) ਪੰਜਾਬ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਬਹਾਲ ਕਰਨ ਦੇ ਫੈਸਲੇ ਦਾ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਪੰਜਾਬ ਸੁਆਗਤ ਕਰਦੀ ਹੈ। ਪੁਰਾਣੀ ਪੈਨਸ਼ਨ ਬਹਾਲੀ ਦੇ ਨੋਟੀਫਿਕੇਸ਼ਨ ਬਾਰੇ ਇਹ ਫੈਸਲਾ ਲੈ ਕੇ ਸਰਕਾਰ ਨੇ ਲੋਕਾਂ ਨੂੰ ਸਮਾਜਕ ਸੁਰੱਖਿਆ ਦੇਣ ਵਾਲੀ ਸਰਕਾਰ ਹੋਣ ਦਾ ਸਬੂਤ ਦਿੱਤਾ ਹੈ। ਸੂਬਾ ਕਨਵੀਨਰ ਜਸਵੀਰ ਤਲਵਾੜਾ, ਜਨਰਲ ਸਕੱਤਰ ਜਰਨੈਲ ਪੱਟੀ ਨੇ ਕਿਹਾ ਕਿ ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਸਰਕਾਰ ਤੋਂ ਇਹ ਉਮੀਦ ਰੱਖਦੀ ਹੈ ਕਿ ਉਸ ਦੁਆਰਾ ਲਾਗੂ ਕੀਤੀ ਜਾਣ ਵਾਲੀ ਸਕੀਮ 2004 ਤੋਂ ਪਹਿਲਾਂ ਵਾਲੀ "ਡਿਫਾਈਨਡ ਬੈਨੀਫਿਟ ਪੈਨਸ਼ਨ ਸਕੀਮ" ਹੀ ਹੋਵੇਗੀ ਅਤੇ ਇਸ ਵਿੱਚ ਕਿਸੇ ਤਰ੍ਹਾਂ ਦਾ ਲੁਕ ਲਪੇਟ ਨਹੀਂ ਹੋਵੇਗਾ। ਮੀਟਿੰਗ ਸੰਬੰਧੀ ਜਾਣਕਾਰੀ ਦਿੰਦੇ ਹੋਏ ਸੂਬਾ ਸਕੱਤਰ ਪ੍ਰਭਜੀਤ ਸਿੰਘ ਰਸੂਲਪੁਰ ਤੋਂ ਇਲਾਵਾ ਨਿਰਮਲ ਮੋਗਾ, ਪ੍ਰੇਮ ਠਾਕਰ, ਸੰਤ ਸੇਵਕ ਸਿੰਘ ਸਰਕਾਰੀਆ ਨੇ ਕਿਹਾ ਪੁਰਾਣੀ ਪੈਨਸ਼ਨ ਬਹਾਲ ਕਰਨਾ ਪੰਜਾਬ ਰਾਜ ਅਤੇ ਕਰਮਚਾਰੀਆਂ ਦੇ ਹਿਤਾਂ ਵਿਚ ਹੈ, ਹੁਣ ਪੰਜਾਬ ਦਾ ਖਜ਼ਾਨਾ ਵੀ ਭਰੇਗਾ ਅਤੇ ਦੋ ਲੱਖ ਪਰਵਾਰਾਂ ਦੇ ਘਰਾਂ ਚ ਖੁਸ਼ੀਆਂ ਵੀ ਆਉਣਗੀਆਂ। ਸੂਬਾਈ ਆਗੂਆਂ ਅਜੀਤਪਾਲ ਸਿੰਘ ਜੱਸੋਵਾਲ, ਜਸਵਿੰਦਰ ਸਿੰਘ ਜੱਸਾ , ਲਖਵਿੰਦਰ ਸਿੰਘ ਭੌਰ, ਵਰਿੰਦਰ ਵਿੱਕੀ, ਵਿਕਰਮ ਸਿੰਘ ਕੱਦੋਂ, ਸੱਤ ਪ੍ਰਕਾਸ਼, ਹਰਪ੍ਰੀਤ ਸਿੰਘ ਉਪਲ, ਸ਼ਿਵਪ੍ਰੀਤ ਪਟਿਆਲਾ, ਗੁਰਤੇਜ ਸਿੰਘ ਖਹਿਰਾ, ਗੁਰਦੀਪ ਚੀਮਾ, ਕੁਲਦੀਪ ਵਾਲੀਆ, ਸੰਜੀਵ ਧੂਤ, ਹਿੰਮਤ ਸਿੰਘ, ਪਰਮਿੰਦਰ ਪਾਲ ਸਿੰਘ ਫਗਵਾੜਾ, ਗੁਰਸਰਨ ਸਿੰਘ ਰਾਊਵਾਲ , ਗੁਰਪ੍ਰੀਤ ਸਿੰਘ ਰੰਗੀਲਪੁਰ ਨੇ ਸਰਕਾਰ ਦਾ ਧੰਨਵਾਦ ਕਰਦਿਆਂ ਮੰਗ ਕੀਤੀ ਹੈ ਕਿ ਜਲਦੀ ਤੋਂ ਜਲਦੀ ਪੁਰਾਣੀ ਪੈਨਸ਼ਨ ਬਹਾਲ ਕਰਨ ਦਾ ਨੋਟੀਫਿਕੇਸ਼ਨ ਡਿਫਾਈਨਡ ਬੈਨੀਫਿਟ ਸਕੀਮ ਐਕਟ 1972 ਮੁਤਾਬਕ ਹੀ ਜਾਰੀ ਕੀਤਾ ਜਾਵੇ ਤਾਂ ਜੋ ਪੰਜਾਬ ਦੇ ਤਕਰੀਬਨ ਦੋ ਲੱਖ ਲੋਕਾਂ ਦੀ ਸਮਾਜਕ ਸੁਰੱਖਿਆ ਅਤੇ ਬੁਢਾਪੇ ਦੀ ਡੰਗੋਰੀ ਵਾਪਸ ਆ ਸਕੇ।

# ਭਾਈ ਗਰੇਵਾਲ ਵੱਲੋਂ ਪਹਿਰੇਦਾਰੀ ਦੇ ਸੇਵਾ ਨਿਭਾਉਣ ਵਾਲੇ ਮੁਲਾਜ਼ਮਾਂ ਨਾਲ ਇਕੱਤਰਤਾ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਪਹਿਰੇਦਾਰੀ ਦੀ ਸੇਵਾ ਨਿਭਾਉਣ ਵਾਲੇ ਮੁਲਾਜ਼ਮਾਂ ਨਾਲ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਇਕੱਤਰਤਾ ਕਰਕੇ ਤਨਦੇਹੀ ਨਾਲ ਸੇਵਾ ਨਿਭਾਉਣ ਦੀ ਪ੍ਰੇਰਨਾ ਕੀਤੀ। ਇਸ ਦੌਰਾਨ ਭਾਈ ਗਰੇਵਾਲ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਪਰਿਕਰਮਾ ਅੰਦਰ ਸੇਵਾ ਨਿਭਾਉਣ ਸਮੇਂ ਸੁਚੇਤ ਰਹਿਣ ਲਈ ਆਖਿਆ। ਉਨ੍ਹਾਂ ਕਿਹਾ ਕਿ ਮੌਜੂਦਾ ਸਮੇਂ ਸੰਗਤ ਦੀ ਵਧਦੀ ਆਮਦ ਕਰਕੇ ਪਹਿਰੇਦਾਰੀ ਦੀ ਸੇਵਾ ਨਿਭਾਉਣ ਵਾਲੇ ਮੁਲਾਜ਼ਮਾਂ ਦੀ ਜ਼ੁੰਮੇਵਾਰੀ ਹੋਰ ਵੀ ਵਧ ਜਾਂਦੀ ਹੈ ਅਤੇ ਇਸ ਦੇ ਨਾਲ ਹੀ ਸੋਸ਼ਲ ਮੀਡੀਆ ਦੇ ਯੁੱਗ ਵਿਚ ਸਿੱਖੀ ਸਿਧਾਂਤਾਂ ਅਤੇ ਮਰਯਾਦਾ ਬਾਰੇ ਨਾ ਜਾਨਣ ਵਾਲੀ ਸੰਗਤ ਨੂੰ ਸਮਝਾਉਣਾ ਵੀ ਬੇਹੱਦ ਲਾਜ਼ਮੀ ਹੁੰਦਾ ਹੈ। ਉਨ੍ਹਾਂ ਕਿਹਾ ਕਿ ਸਮੇਂ ਦੀਆਂ ਤਬਦੀਲੀਆਂ ਦੇ ਮੱਦੇਨਜ਼ਰ ਸੰਗਤ ਦੀ ਭਾਵਨਾ ਅਤੇ ਪ੍ਰਬੰਧਕੀ ਕੁਸ਼ਲਤਾ ਦਾ ਸੁਮੇਲ ਬਣਾ ਕੇ ਰੱਖਿਆ ਜਾਵੇ ਤਾਂ ਜੋ ਸੰਗਤ ਚੰਗਾ ਸੁਨੇਹਾ ਲੈ ਕੇ ਜਾਵੇ। ਭਾਈ ਗਰੇਵਾਲ ਨੇ ਪਰਿਕਰਮਾ ਅੰਦਰ ਤਾਇਨਾਤ ਸੇਵਾਦਾਰਾਂ ਅਤੇ ਸੁਰੱਖਿਆ ਦਸਤੇ ਦੇ ਮੁਲਾਜ਼ਮਾਂ ਦੀ ਲਗਾਤਾਰ ਖੜ੍ਹੇ ਰਹਿ ਕੇ ਚੌਕਸੀ ਨਾਲ ਸੇਵਾ ਨਿਭਾਉਣ ਲਈ ਸ਼ਲਾਘਾ ਵੀ ਕੀਤੀ। ਇਸ ਮੌਕੇ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸਤਨਾਮ ਸਿੰਘ ਮਾਂਗਾਸਰਾਏ, ਵਧੀਕ ਮੈਨੇਜਰ ਨਿਸ਼ਾਨ ਸਿੰਘ, ਇੰਚਾਰਜ ਗੁਰਵੇਲ ਸਿੰਘ, ਪਰਿਕਰਮਾ ਵਿਚ ਸੇਵਾ ਨਿਭਾਉਣ ਵਾਲੇ ਸਮੂਹ ਨਿਗਰਾਨ ਅਤੇ ਸੇਵਾਦਾਰ ਮੌਜੂਦ ਸਨ।

## PUBLIC NOTICE

This is to inform and seek objection. If any from General Public that our client Makhtul Singh s/o S. Gurdial Singh, R/o Village-Khapar Kheri, Amritsar has sanctioned housing loan with LIC Housing Finance Ltd Area Office Amritsar and earlier S. Rajinder Singh s/o S. Amrik Singh, R/o 3265, Azad Road, Chheharta, Amritsar Owner of Property one plot private no. 14, having its measurement from north and south 44 feet 6 inch east and west 26 feet, total measuring 128.5 Sq.yds, Khasra Nos. 272 min, as per jamabandi for the year 2015-16, situated at Wadali Guru Urban Abadi Guru Amardass Colony, Tehsil and Distt. Amritsar inform that the old registry/Sale-deed has been lost on 14-9-2022 which is as follow 1) Original Sale-deed dated **29-1-2003, document no. 12418 in favour of Rajesh Kumar s/o Ram Avtar has been lost and in this regard DDR No. 025 dated 2-10-2022 regd. in P.S. Chheharta, Amritsar.** That in case any person having any claim, right, title, or interest in the above said property in any manner whatsoever by the way of sale, gift, lease, inheritance, exchange, mortgage, charge, lien, trust, position, easement, attachment, or other wise whatsoever, shall bring the same to the notice of undersigned in writing with supporting document/evidence with in a period of 15 days from the date of this notice, failing which such claim if any, shall be considered to be waived, Abandoned and it shall be presumed that no person has any claim or any nature in subsequent claim shall not bind our client or their successors/nominee/assignee in any manner whatsoever.

**J.K. SINGH**
Advocate
Ch. No. 110-B, Distt. Courts Amritsar
(M) 98886-73911

## Court Notice

In the Court of Ms. Divya Sharma Judicial Magistrate 1st Class Ludhiana

Next Date, Purpose of Case, orders and Judgments as well as other Case information is available on http://ecourt.gov.in

UP Money LTD Vs Baldev Singh

CNR No. PBLD03-030055-2019 Date : 20.12.2022

Publication issued to : 1. Baldev Singh S/o Bikkar Singh R/o V.P.O. Kangar, Distt. Bathinda, 2. Karamjit Kaur W/o Baldev Singh R/o Vill. Kangar Near Gurudwara Sahib Salabarpura, Bathinda-151108

Whereas it has proved the satisfaction of the Court that You, the above named accused/accused Persons can't be served in the ordinary way of service. Hence this proclamation under 82 of code of criminal procedure is hereby issued against you with a direction that you should appear Personally before this Court on 20.12.2022 at 10.00 A.M. or within 30 days from the date of publication of this proclamation

Take notice that in case of default on your part to appear as directed above the said case will be heard and determind as per law in your absence

For details Logon to https://highcourtchd.gov.in/?trs=district_notice&district=Ludhiana

Judicial Magistrate 1st Class Ludhiana
dated this day 15.11.2022




## ਨਿਲਾਮੀ ਨੋਟਿਸ

ਇੱਕ ਇਨੋਵਾ ਗੱਡੀ ਨੰਬਰ ਪੀ ਬੀ -08-ਡੀ ਜੀ-3749 ਮਾਡਲ, 2007 ਦੀ ਨਿਲਾਮੀ ਸਾਡੇ ਦਫਤਰ ਵਿੱਚ ਮਿਤੀ 28 ਨਵੰਬਰ 2022 ਦਿਨ ਸੋਮਵਾਰ ਨੂੰ ਸਵੇਰੇ 11.00 ਵਜੇ ਹੋਵੇਗੀ। ਸੰਪਰਕ ਕਰੋ : ਬਲਰਾਜ ਹਾਇਰ ਪਰਚੇਜ ਪ੍ਰਾਈਵੇਟ ਲਿਮਟਿਡ, 63-ਆਰ ਮਾਡਲ ਟਾਊਨ ਹੁਸ਼ਿਆਰਪੁਰ ਮੋਬਾਇਲ 94651-46850

## ਆਮ ਸੂਚਨਾ

ਮੈਂ, ਸਵਰਨ ਕੌਰ ਪਤਨੀ ਸਵਰਨ ਸਿੰਘ ਵਾਸੀ ਪਿੰਡ ਸੰਢਾਂਵਾਲ, ਤਹਿਸੀਲ ਸ਼ਾਹਕੋਟ, ਜ਼ਿਲ੍ਹਾ ਜਲੰਧਰ ਸੂਚਿਤ ਕਰਦੀ ਹਾਂ ਕਿ ਮੈਂ ਆਪਣੇ ਲੜਕੇ ਸਰਬਜੀਤ ਸਿੰਘ ਨੂੰ 17.01.2018 ਨੂੰ 'ਨਵਾਂ ਜ਼ਮਾਨਾ' ਰਾਹੀਂ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਉਹ ਮੇਰੀ ਸੇਵਾ ਕਰਦਾ ਹੈ। ਇਸ ਲਈ ਮੈਂ ਉਸ ਦੀ ਬੇਦਖਲੀ ਵਾਪਸ ਲੈਂਦੀ ਹਾਂ। ਸੰਬੰਧਤ ਨੋਟ ਕਰਨ।

ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਖੇਤੀਬਾੜੀ ਕੁਨੈਕਸ਼ਨ ਏ ਪੀ 17/0656-ਏ ਦੀ ਨਾਂਅ ਦੀ ਤਬਦੀਲੀ ਕਰਤਾਰ ਸਿੰਘ ਪੁੱਤਰ ਮੂਲਾ ਸਿੰਘ ਪਿੰਡ ਫਿਰੋਜ਼ ਸੰਘੋਵਾਲ ਤੋਂ ਤਰਸੇਮ ਸਿੰਘ ਪੁੱਤਰ ਕਰਤਾਰ ਸਿੰਘ ਪਿੰਡ ਫਿਰੋਜ਼ ਸੰਘੋਵਾਲ ਦੇ ਨਾਂਅ 'ਤੇ ਹੋਣ ਜਾ ਰਹੀ ਹੈ। ਜੇਕਰ ਇਸ ਸੰਬੰਧੀ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਇਹ ਇਸ਼ਤਿਹਾਰ ਛਪਣ ਦੇ 15 ਦਿਨਾਂ ਦੇ ਅੰਦਰ-ਅੰਦਰ ਬਿਜਲੀ ਦਫਤਰ ਬੇਗੋਵਾਲ ਨਾਲ ਰਾਬਤਾ ਕਾਇਮ ਕਰਨ। (6472)

ਮੈਂ, ਹਰੀਸ਼ ਕੁਮਾਰ ਪੁੱਤਰ ਸ੍ਰੀ ਦਵਾਰਕਾ ਦਾਸ ਵਾਸੀ 1105, ਗਲੀ ਲਾਲਾਂ ਵਾਲੀ, ਕਟੜਾ ਆਹਲੂਵਾਲਿਆ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਬਬੀਸ਼ (ਉਰਫ ਬਿੱਟੂ) ਅਤੇ ਉਸ ਦੀ ਪਤਨੀ ਰੇਖਾ, ਜੋ ਪਹਿਲਾਂ ਮੇਰੇ ਕਹਿਣੇ ਤੋਂ ਬਾਹਰ ਸਨ, ਹੁਣ ਉਹ ਮੇਰੇ ਕਹਿਣੇ ਵਿੱਚ ਹਨ। ਇਸ ਲਈ ਮੈਂ ਉਨ੍ਹਾਂ ਨੂੰ ਦਿੱਤੀ ਫਾਰਗਤੀ ਵਾਪਸ ਲੈਂਦਾ ਹਾਂ। ਹੁਣ ਉਹ ਮੇਰੀ ਚੱਲ-ਅਚੱਲ ਜਾਇਦਾਦ ਦੇ ਵਾਰਸ ਹੋਣਗੇ। ਸੰਬੰਧਤ ਨੋਟ ਕਰਨ। (ਨਾਰੰਗ)

## ਬੇਦਖਲੀ ਨੋਟਿਸ

ਅਸੀਂ, ਦੇਸ ਰਾਜ ਪੁੱਤਰ ਸ੍ਰੀ ਸੋਨੀ ਰਾਮ ਵਾ ਸੰਤੋਸ਼ ਰਾਣੀ ਪਤਨੀ ਸ੍ਰੀ ਦੇਸ ਰਾਜ ਵਾਸੀਆਨ ਪਿੰਡ ਨੰਗਲ ਕਰਾਰ ਖਾਂ, ਕੁੱਕੜ ਪਿੰਡ, ਜਲੰਧਰ ਆਪਣੀ ਸ਼ਾਦੀਸ਼ੁਦਾ ਲੜਕੀ ਸ਼ਵੇਤਾ ਨੂੰ ਕਹਿਣੇਕਾਰ ਨਾ ਹੋਣ ਕਾਰਨ ਆਪਣੀ ਸਾਰੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਜਾਂ ਸੰਬੰਧ ਰੱਖਣ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ। (ਅਰਪਿਤ)

ਮੈਂ, ਪਾਲ ਸਿੰਘ ਪੁੱਤਰ ਅਜੀਤ ਸਿੰਘ ਵਾਸੀ ਪਿੰਡ ਹਪੋਵਾਲ, ਤਹਿਸੀਲ ਬੰਗਾ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਆਪਣੇ ਬੇਟੇ ਸੁਖਵੀਰ ਸਿੰਘ ਅਤੇ ਨੂੰਹ ਹਰਜੀਤ ਕੌਰ ਨੂੰ ਮੇਰੇ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਅੱਜ ਤੋਂ ਬਾਅਦ ਮੇਰਾ ਇਨ੍ਹਾਂ ਨਾਲ ਕੋਈ ਵਾਸਤਾ ਨਹੀਂ ਹੈ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ। (ਅਰਪਿਤ)

ਮੈਂ, ਪਾਰਵਤੀ ਪਤਨੀ ਸਵ. ਨੀਰੂ ਵਾਸੀ ਮਕਾਨ ਨੰ. 106, ਮਧੂਬਨ ਕਾਲੋਨੀ, ਜਲੰਧਰ-1, ਜਲੰਧਰ (ਪੰਜਾਬ) ਸੂਚਿਤ ਕਰਦੀ ਹਾਂ ਕਿ ਮੇਰਾ ਪੁੱਤਰ ਜਗਦੀਸ਼ ਅਤੇ ਉਸ ਦੀ ਪਤਨੀ ਮਧੂ, ਜੋ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ। (ਅਰਪਿਤ)

ਮੈ ਪ੍ਰਿਯਾ ਪਤਨੀ ਲੇਟ ਸ੍ਰੀ ਨੰਦ ਕਿਸ਼ੋਰ ਵਾਸੀ ਗਲੀ ਨੰ: 4 ਮੇਨ ਬਜਾਰ , ਨਜਦੀਕ ਗੋਰਮਿੰਟ ਪ੍ਰਾਇਮਰੀ ਸਕੂਲ ਮੁਸਤਫਾਬਾਗ ਬਟਾਲਾ ਰੋਡ ਅੰਮ੍ਰਿਤਸਰ ਇਹ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਅਕਸ਼ਦੀਪ ਜੋ ਕਿ ਮੇਰੇ ਕਹਿਣੇ ਤੋ ਬਾਹਰ ਹੈ ।ਇਸਨੂੰ ਮੈ ਆਪਣੀ ਚੱਲ-ਅੱਚਲ ਜਾਇਦਾਦ ਤੋ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁੱਦ ਜਿੰਮੇਵਾਰ ਹੇਵੇਗਾ । ਇਸ ਨਾਲ ਮੇਰਾ ਕੋਈ ਤਲਕ ਵਾਸਤਾ ਨਹੀ ਹੋਵੇਗਾ।

ਮੈਂ ਨਿਸਾਨ ਸਿੰਘ ਪੁੱਤਰ ਸ੍ਰੀ ਸੂਰਤ ਸਿੰਘ ਵਾਸੀ ਪਿੰਡ ਸੇਰਪੁਰ ਡਾਕਖਾਨਾ ਸੇਖਵਾਂ ਤਹਿਸੀਲ ਬਟਾਲਾ ਜਿ ?ਲ੍ਹਾ ਗੁਰਦਾਸਪੁਰ। ਮੇਰਾ ਲੜਕਾ ਜਤਿੰਦਰ ਸਿੰਘ ਅਤੇ ਨੂੰਹ ਮਨਪ੍ਰੀਤ ਕੌਰ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹਨ ਅਤੇ ਆਪਣੀ ਮਨ ਮਰਜੀ ਕਰਦੇ ਹਨ । ਮੈ ਆਪਣੇ ਲੜਕੇ ਜਤਿੰਦਰ ਸਿੰਘ ਅਤੇ ਨੂੰਹ ਮਨਪ੍ਰੀਤ ਕੌਰ ਨੂੰ ਆਪਣੀ ਚਲ ਅੱਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਲੈਣ ਦੇਣ ਕਰਨ ਵਾਲੇ ਖੁਦ ਜ਼ਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਤ ਨੋਟ ਕਰਨ।

ਮੈਂ ਤੇਜ ਰਾਮ ਪੁੱਤਰ ਸੰਤ ਰਾਮ ਵਾਸੀ ਪਿੰਡ ਭੱਖੜੀ ਤਹਿਸੀਲ ਤੇ ਜਿਲਾ ਪਠਾਨਕੋਟ ਬਿਆਨ ਕਰਦਾਂ ਹਾਂ ਕਿ ਮੇਰਾ ਲੜਕਾ ਕੁਲਵਿੰਦਰ ਸਿੰਘ ਤੇ ਉਸਦੀ ਪਤਨੀ ਸੰਦੀਪ ਕੌਰ ਮੇਰੇ ਕਹਿਣੇ ਤੋ ਬਾਹਰ ਹਨ। ਇਸ ਲਈ ਮੈਂ ਇਨਾ ਦੋਵਾਂ ਨੂੰ ਅਪਣੀ ਚੱਲ-ਅਚੱਲ ਜਾਇਦਾਦ ਤੋ ਬੇਦਖਲ ਕਰਦਾਂ ਹਾਂ। ਇਨਾ ਨਾਲ ਲੈਣ ਦੇਣ ਕਰਨ ਵਾਲਾ ਖੁੱਦ ਜਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ ਲਖਵੀਰ ਸਿੰਘ ਪੁੱਤਰ ਸ੍ਰੀ ਜਗੀਰ ਸਿੰਘ ਵਾਸੀ ਪਿੰਡ ਚਾਹੜਕੇ ਜਿਲਾ ਜਲੰਧਰ ਬਿਆਨੀ ਹਾਂ ਕਿ ਮੇਰਾ ਲੜਕਾ ਰਤਨ ਸਿੰਘ ਅਤੇ ਉਸ ਦੀ ਪਤਨੀ ਬਲਜਿੰਦਰ ਕੌਰ ਮੇਰੇ ਕਹਿਣੇ ਵਿੱਚ ਨਾ ਹੋਣ ਕਾਰਨ ਮੈ ਇਨਾ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋ ਬੇਦਖਲ ਕਰ ਦਿੱਤਾ ਹੈ। ਇਨਾ ਨਾਲ ਲੈਣ ਦੇਣ ਕਰਨ ਵਾਲਾ ਖੁੱਦ ਜੁਮੇਵਾਰ ਹੋਵੇਗਾ। ਕਿਸੇ ਕਾਨੂੰਨੀ/ਪੁਲਿਸ ਕਾਰਵਾਈ ਦੇ ਇਹ ਦੋਵੇ ਖੁੱਦ ਜੁਮੇਵਾਰ ਹੋਣਗੇ।

ਮੈਂ, ਦਲਬੀਰ ਸਿੰਘ ਪੁੱਤਰ ਸ੍ਰੀ ਅਜੈਬ ਸਿੰਘ ਵਾਸੀ ਪਿੰਡ ਤਿੰਮੋਵਾਲ, ਤਹਿਸੀਲ ਬਾਬਾ ਬਕਾਲਾ ਸਾਹਿਬ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਗੁਰਪ੍ਰੀਤ ਸਿੰਘ ਤੇ ਉਸ ਦੀ ਪਤਨੀ ਕਵਲਜੀਤ ਕੌਰ (ਮੇਰੀ ਨੂੰਹ) ਤੇ ਉਨ੍ਹਾਂ ਦੇ ਬੱਚੇ ਸੁਖਮਨਪ੍ਰੀਤ ਸਿੰਘ (ਪੋਤਰਾ) ਤੇ ਰਹਿਮਤਪ੍ਰੀਤ ਕੌਰ (ਪੋਤਰੀ) ਮੇਰੇ ਅਤੇ ਮੇਰੀ ਪਤਨੀ ਚਰਨਜੀਤ ਕੌਰ ਦੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ, ਜੋ ਪਿੰਡ ਤਿੰਮੋਵਾਲ ਤੇ ਛੱਜਲਵੱਡੀ ਵਿਖੇ ਹੈ, ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਸੁਰਿੰਦਰ ਸਿੰਘ ਪੁੱਤਰ ਬਲਬੀਰ ਸਿੰਘ ਵਾਸੀ ਰਾਏਪੁਰ ਪੀਰ ਬਖਸ਼ਵਾਲਾ, ਜ਼ਿਲ੍ਹਾ ਕਪੂਰਥਲਾ ਸੂਚਿਤ ਕਰਦਾ ਹਾਂ ਕਿ ਮੇਰੀ ਪਤਨੀ ਬਲਵੀਰ ਕੌਰ ਤੇ ਬੇਟੇ ਲਵਪ੍ਰੀਤ ਸਿੰਘ, ਮਨਿੰਦਰਜੀਤ ਸਿੰਘ, ਸੁਰਜੀਤ ਸਿੰਘ ਮੇਰੇ ਕਹਿਣੇਕਾਰ ਵਿੱਚ ਨਹੀਂ ਹਨ। ਇਸ ਸਮੇਂ ਬੈਲਜੀਅਮ ਰਹਿ ਰਹੇ ਹਨ, ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਮੇਜਰ ਸਿੰਘ ਪੁੱਤਰ ਹਰਦਿਆਲ ਸਿੰਘ ਵਾਸੀ ਪਿੰਡ ਖੋਸਾ ਪਾਂਡੋ (ਮੋਗਾ) ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਗੁਰਦੀਪ ਸਿੰਘ ਉਮਰ 30 ਸਾਲ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

## Change of Name

I Gurinder Singh S/O Amarjit Singh and Surinder Kaur whose permanent address in India is WH 89 Kapurthala road Jalandhar Punjab 144008 India and is now living at 1 Benedict drive bedfont middlesex TW14 8JH England U.K hereby give notice of my intention to change my name to Gurinder Singh Kundi subject to the approval of the High Commission of India, London UK.

I Ajaduya Miyan s/o Chhagaudi Miyan R/o v+po Mandhali tehsil Banga district SBS Nagar have changed my minor son name from Raj Pal Paswan to Raj Pal Miyan all please note Behram kaler

I Ajaduya Miyan s/o Chhagaudi Miyan R/o v+po Mandhali tehsil Banga district SBS Nagar have changed my minor son name from Sajan Paswan to Sajan Miyan all please note

I Ajaduya Miyan s/o Chhagaudi Miyan R/o v+po Mandhali tehsil Banga district SBS Nagar have changed my minor daughter's name from Anju Paswan to Anju Khatun all please note

I Asha Paswan w/o Raju Paswan R/o v+po Mandhali tehsil Banga district SBS Nagar have changed my name Asha Paswan to Asha Khatun. My husband name Ajaduya Miyan . all please note.

I Ajaduya Miyan s/o Chhagaudi Miyan R/o v+po Mandhali tehsil Banga district SBS Nagar have changed my minor son name from Arjun Paswan to Arjun Miyan . all please note

I Sukhwinder Singh Nahal S/o Bahadar Singh Vill. Bhour, Tehsil Sultanpur Lodhi, Distt. Kapurthala Have Changed My Name Sukhwinder Singh Nahal to Sukhwinder Singh Concerned May Note.

I, Awantika Kaur D/o Pavitter Singh R/o C-17, Dr. Ambedkar Chowk, Doordarshan Staff Quarters Jalandhar, have changed my name from Awantika to Awantika Kaur. All concerned please note.

I, Geeta W/o Late Shri Gaya Prasad R/o Khalrahan Purwa, Bala Saraya, Bahraich, Uttar Pradesh-271825, Now at H.No. 508, Cheema Nagar, Jalandhar-144003, have changed my name from Geeta to Mayawati. Concerned note.

I Trilochan Singh S/o S. Harbhajan Singh Resident of H.No. 4154, Gali No. 5, Kot Baba Deep Singh, Chatiwind Gate, Amritsar. I have changed my name from Trilochan Singh to Tarlochan Singh Grover. All concerned please note

I HARPREET SINGH GILL S/O RANJIT SINGH R/O 123,NEAR GURDWARA BABA DEEP SINGH JI VILLAGE NATHUPUR GANDIWIND TARN TARAN HAVE CHANGED MY NAME FROM HARPREET SINGH GILL TO HARPREET SINGH

I Meenu W/o Sh. Anil Kumar Resident of 57, Gali No. 3, Batala Road, New Jawahar Nagar, Amritsar. I have changed my name from Meenu to Meenu Kataria.

Sandeep kaur W/O Ranjit Singh R/O HNO. 27 SHRI HARGOBIND AVENUE, NEAR RADHA SWAMI DERA,SHER SHAH SURI ROAD, CHHEHARTA,Amritsar I have changed my name Sandeep kaur to Sandeep kaur Sandhu

I, Ranjit Singh S/O Balwinder Singh R/O H. no. 275,Gali no.1, Moon Avenue, Majitha Road Amritsar I Have changed my name Ranjit Singh to Ranjit Singh Sandhu

I Davinder Singh S/o Kulwant Singh R/O VPO Khatkar Kalan SBS Nagar Punjab,India.My Name Is Davinder And My Surname Is Singh.i Have Changed My Name Now,I Am Known As Singh Davinder.

I, Hitherto Known As Balbir Singh S/O Ajit Singh Residing At Vpo Kharoudi, Tehsil Garhshankar, Distt. Hoshiarpur- 146107, Punjab, India Have Changed My Name And Shall Hereafter Be Known As Balvir Singh.

I, Malkit Singh S/O Sh. Tarsem Singh R/O V. Sehjowal Po. Nainowal Jattan Distt. Hoshiarpur Punjab India Have Changed The Name Of My Spelling From Malkit Singh To Malkiat Singh.

I Tarlochan Singh S/o S. Harbhajan Singh Resident of H.No. 4154, Gali No. 5, Kot Baba Deep Singh, Chatiwind Gate, Amritsar. I have changed my name from Tarlochan Singh to Tarlochan Singh Grover. All concerned please note

# ਅਵਾਰਾ ਤੇ ਬੇਲਗਾਮ ਪਸ਼ੂਆਂ ਦਾ ਯੋਗ ਪ੍ਰਬੰਧ ਹੋਵੇ : ਤਰਕਸ਼ੀਲ

ਸੰਗਰੂਰ (ਪ੍ਰਵੀਨ ਸਿੰਘ)-ਤਰਕਸ਼ੀਲ ਸੁਸਾਇਟੀ ਪੰਜਾਬ ਇਕਾਈ ਸੰਗਰੂਰ ਦੇ ਆਗੂਆਂ ਮਾਸਟਰ ਪਰਮ ਵੇਦ, ਗੁਰਦੀਪ ਸਿੰਘ ਲਹਿਰਾ, ਸੁਰਿੰਦਰਪਾਲ ਉੱਪਲੀ ਤੇ ਸੀਤਾ ਰਾਮ ਨੇ ਇਕ ਪ੍ਰੈੱਸ ਨੋਟ ਰਾਹੀਂ ਅਵਾਰਾ, ਬੇਸਹਾਰਾ ਤੇ ਬੇਲਗਾਮ ਪਸ਼ੂਆਂ ਤੇ ਜਾਨਵਰਾਂ ਦੇ ਯੋਗ ਤੇ ਢੁੱਕਵਾਂ ਪ੍ਰਬੰਧ ਕਰਨ ਦੀ, ਪੰਜਾਬ ਸਰਕਾਰ ਤੇ ਜ਼ਿਲ੍ਹਾ ਪ੍ਰਸ਼ਾਸਨ ਤੋਂ ਜ਼ੋਰਦਾਰ ਸ਼ਬਦਾਂ ਰਾਹੀਂ ਮੰਗ ਕੀਤੀ ਹੈ ਤਾਂ ਜੋ ਇਹ ਲੋਕਾਂ ਦੀ ਜਾਨ ਦਾ ਖੌਅ ਨਾ ਬਣਨ। ਭੁਟਾਲ ਕਲਾਂ ਦੇ ਪੰਚ ਤੇ ਪੰਜਾਬੀ ਟ੍ਰਿਬਿਊਨ ਦੇ ਸੀਨੀਅਰ ਪੱਤਰਕਾਰ ਦੇਵਿੰਦਰਪਾਲ ਦੇ ਬੇਟੇ ਦੀ ਇਨ੍ਹਾਂ ਆਵਾਰਾ ਪਸ਼ੂਆਂ ਰਾਹੀਂ ਹੋਈਆਂ ਮੌਤਾਂ 'ਤੇ ਡੂੰਘਾ ਦੁੱਖ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਜੇ ਇਹ ਪਸ਼ੂ ਬੇਲਗਾਮ ਨਾ ਫਿਰਦੇ ਹੁੰਦੇ ਤਾਂ ਕੀਮਤੀ ਜਾਨਾਂ ਬਚ ਜਾਂਦੀਆਂ। ਜਿਨ੍ਹਾਂ ਘਰਾਂ ਦੇ ਚਰਾਗ ਬੁੱਝ ਜਾਂਦੇ ਹਨ, ਉਸ ਥਾਂ 'ਤੇ ਖੜ ਕੇ ਦੇਖਣ ਨਾਲ ਹੀ ਦੁੱਖ ਮਹਿਸੂਸ ਕੀਤਾ ਜਾ ਸਕਦਾ ਹੈ, ਕਿਵੇਂ ਕਾਲਜੇ 'ਚੋਂ ਚੀਸਾਂ ਨਿਕਲਦੀਆਂ ਹਨ।

ਆਗੂਆਂ ਨੇ ਪਤੰਗਬਾਜ਼ੀ ਲਈ ਵਰਤੀ ਜਾਂਦੀ ਪਲਾਸਟਿਕ/ਚਾਈਨਾ ਡੋਰ ਦੀ ਵਰਤੋਂ ਦੀ ਵੀ ਸਖਤ ਮਨਾਹੀ ਦੀ ਮੰਗ ਕੀਤੀ ਹੈ। ਇਸ ਡੋਰ ਨਾਲ ਕਿਸੇ ਦੀਆਂ ਅਖੌਤੀ ਭਾਵਨਾਵਾਂ ਨਹੀਂ ਜੁੜੀਆਂ ਹੋਈਆਂ, ਸਿਰਫ ਲਾਲਚ ਜੁੜਿਆ ਹੋਇਆ ਹੈ। ਇਹ ਡੋਰ ਬਜ਼ਾਰ ਵਿੱਚ ਆ ਚੁੱਕੀਹੈ। ਇਸ ਦੀ ਵਰਤੋਂ ਨਾਲ ਹਰ ਸਾਲ ਕਈ ਮਨੁੱਖੀ ਤੇ ਪੰਛੀਆਂ ਦੀਆਂ ਕੀਮਤੀ ਜਾਨਾਂ ਜਾਂਦੀਆਂ ਹਨ, ਅੰਗ ਕੱਟੇ ਜਾਂਦੇ ਹਨ। ਇਸ ਨੂੰ ਰੋਕਣਾ ਬਹੁਤ ਹੀ ਸੌਖਾ ਹੈ, ਲੋੜ ਈਮਾਨਦਾਰੀ ਤੇ ਸੁਹਿਰਦਤਾ ਦੀ ਹੈ। ਸਥਾਨਕ ਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਲੋਕਾਂ ਦੀ ਜਾਨ-ਮਾਲ ਦੀ ਸੁਰੱਖਿਆ ਲਈ ਪਾਬੰਦ ਤੇ ਜ਼ਿੰਮੇਵਾਰ ਹੋਣਾ ਚਾਹੀਦਾ ਹੈ। ਸਰਕਾਰਾਂ ਬਦਲ ਜਾਂਦੀਆਂ ਹਨ, ਨਵੀਂ ਸਰਕਾਰ 'ਤੇ ਲੋਕਾਂ ਦੀਆਂ ਰੱਖੀਆਂ ਆਸਾਂ, ਉਮੀਦਾਂ ਧਰੀਆਂ ਧਰਾਈਆਂ ਰਹਿ ਜਾਂਦੀਆਂ ਹਨ।

## ਨਾਂਅ ਦੀ ਬਦਲੀ

ਮੈਂ, ਪੁਸਪਾ ਦੇਵੀ ਪਤਨੀ ਮੋਹਣ ਲਾਲ ਵਾਸੀ ਮੁਹੱਲਾ ਕਾਂਸੀ ਨਗਰ ਪਿੰਡ ਤੇ ਡਾਕਖਾਨਾ ਮੇਹਟਾਂ ਤਹਿਸੀਲ ਫਗਵਾੜਾ, ਜਿਲਾ ਕਪੂਰਥਲਾ ਸੂਚਿਤ ਕਰਦੀ ਹਾਂ ਕਿ ਪੁਸਪਾ ਦੇਵੀ ਅਤੇ ਕੁਸਮਾ ਦੇਵੀ ਮੇਰੇ ਨਾਮ ਹਨ। ਮੈਂ ਦੋਨਾਂ ਨਾਵਾਂ ਨਾਲ ਜਾਣੀ ਜਾਂਦੀ ਹਾਂ ਅਤੇ ਇੱਕ ਹੀ ਵਿਅਕਤੀ ਹਾਂ।

ਮੈਂ ਹਰਜੀਤ ਕੌਰ ਪੁੱਤਰੀ ਸ਼ੇਰ ਸਿੰਘ ਬਿਆਨ ਕਰਦੀ ਹਾਂ ਕਿ ਕਿ ਵਿਆਹ ਤੋਂ ਬਾਅਦ ਮੈਂ ਆਪਣਾ ਨਾਮ ਕੌਸ਼ੱਲਿਆ ਰੱਖ ਲਿਆ ਸੀ ਅਤੇ ਦੋਵੇਂ ਹੀ ਨਾਮ ਮੇਰੇ ਹਨ ਅਤੇ ਮੈਨੂੰ ਇਨ੍ਹਾਂ ਦੋਨੋਂ ਨਾਵਾਂ ਨਾਲ ਜਾਣਿਆ ਜਾਵੇ

## Change of Name

I,Kawaljit Kaur alias Kanwaljit W/O Tajinder Singh R/O 4824 B,Guru Arjan Dev Nagar, Putlighar,Amritsar,Punjab have changed my name to Kawaljit Kaur.Concerned note.

I,Simranjit Kaur D/O Avtar Singh W/O Davinder Singh R/O H.No.153 B,Gali No.9,Ganda Singh Colony,Tarn Taran Road,Amritsar, Punjab have changed my name from Simranjit Kaur to Simran Kaur.Concerned note.

I,Gulshan Kumar Sharma S/O Kewal Krishan R/O H.No.67,Gali No.2,Moon Avenue, Majitha Road,Amritsar,Punjab have changed my name from Gulshan Kumar Sharma to Gulshan Sharma .All concerned please note.

I Harmeen W/o S. Tarlochan Singh Resident of H.No. 4154, Lane No. 5, Kot Baba Deep Singh, Chatiwind Gate, Amritsar. I have changed my name from Harmeen to Harmeen Kaur. All concerned please note

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਕਿਸਾਨ ਅੰਦੋਲਨ ਦਾ ਫਤਿਹ ਦਿਵਸ ਮਨਾਉਂਦਿਆਂ ਸੰਘਰਸ਼ 'ਚ ਤੇਜੀ ਲਿਆਉਣ ਲਈ ਸੱਦਾ

ਮਾਹਿਲਪੁਰ-(ਸਫਰੀ) ਮਾਹਿਲਪੁਰ-ਚੱਬੇਵਾਲ ਦੇ ਸੰਯੁਕਤ ਕਿਸਾਨ ਮੋਰਚੇ ਦੇ ਸਮੂਹ ਸਮਰਥਕਾਂ ਵਲੋਂ ਮੇਨ ਚੌਂਕ ਮਾਹਿਲਪੁਰ ਵਿਖੇ ਇਕੱਠੇ ਹੋ ਕੇ ਕਿਸਾਨ ਅੰਦੋਲਨ ਦਾ ਫਤਹਿ ਦਿਵਸ ਮਨਾਇਆ ਗਿਆ। ਜਿਸ ਵਿੱਚ ਸਾਲ ਤੋਂ ਵੱਧ ਸਮਾਂ ਸ਼ਾਂਤਮਈ ਤੇ ਅਨੁਸਾਸਨ ਬੱਧ ਤਰੀਕੇ ਨਾਲ ਚੱਲੇ ਸੰਘਰਸ਼ ਨਾਲ ਸਬੰਧਤ ਯਾਦਾਂ ਨੂੰ ਤਾਜਾ ਕਰਦਿਆਂ ਕਿਰਤੀ ਲੋਕਾਂ ਦੇ ਸਿਦਕ ਸਬਰ ਤੇ ਏਕਤਾ ਨੂੰ ਸਲਾਹਿਆ ਗਿਆ ਤੇ ਧੋਖੇਬਾਜ ਹਾਕਮਾਂ ਵਲੋਂ ਕੀਤੀ ਜਾ ਰਹੀ ਵਾਅਦਾ ਖਿਲਾਫੀ ਦੀ ਘੋਰ ਨਿੰਦਿਆ ਕੀਤੀ ਗਈ। ਇਸ ਮੌਕੇ ਅੰਦੋਲਨ ਦੌਰਾਨ ਸ਼ਹਾਦਤਾਂ ਪ੍ਰਾਪਤ ਕਰ ਚੁੱਕੇ ਅੰਦੋਲਨਕਾਰੀਆਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਉਨ੍ਹਾਂ ਦੇ ਅਧੂਰੇ ਕਾਰਜ ਨੂੰ ਸਿਰੇ ਚਾੜ੍ਹਨ ਲਈ ਆਉਣ ਵਾਲੇ ਦਿਨਾਂ ਵਿੱਚ ਸੰਘਰਸ਼ ਨੂੰ ਹੋਰ ਵਧੇਰੇ ਤੇਜ ਕਰਨ ਲਈ ਸੱਦਾ ਵੀ ਦਿੱਤਾ ਗਿਆ।ਵੱਖ ਵੱਖ ਜਥੇਬੰਦੀਆਂ ਤੇ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਸੰਯੁਕਤ ਕਿਸਾਨ ਮੋਰਚੇ ਵਲੋਂ ਦਿੱਤੇ ਸੱਦੇ ਤਹਿਤ ਹਰ ਪ੍ਰੋਗਰਾਮ ਨੂੰ ਸਫਲ ਬਣਾਉਣ ਲਈ ਵੱਧ ਤੋਂ ਵੱਧ ਯੋਗਦਾਨ ਦੇਣ ਦਾ ਭਰੋਸਾ ਦਿਵਾਇਆ। ਪ੍ਰੋਗਰਾਮ ਦੀ ਸ਼ੁਰੂਆਤ ਮੌਕੇ ਗੀਤਕਾਰ ਗੁਰਮਿੰਦਰ ਕੈਂਡੋਵਾਲ ਨੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਬਣਦੀ ਜ਼ਿੰਮੇਵਾਰੀ ਨੂੰ ਸੰਭਾਲਣ, ਤਨਦੇਹੀ ਨਾਲ ਨਿਭਾਉਣ ਤੇ ਪੰਜਾਬ ਨੂੰ ਬਚਾਉਣ ਲਈ ਸੰਘਰਸ਼ਾਂ ਦੇ ਰਾਹ ਪੈਣ ਦਾ ਸੱਦਾ ਦਿੱਤਾ। ਕਿਸਾਨ ਆਗੂ ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ ਨੇ ਕਿਰਤੀ ਲੋਕਾਂ ਨੂੰ ਭਾਈਚਾਰਕ ਸਾਂਝ ਤੇ ਏਕਤਾ ਮਜਬੂਤ ਕਰਕੇ ਆਉਣ ਵਾਲੇ ਸਮੇਂ ਦੇ ਸੰਘਰਸ਼ਾਂ ਵਿੱਚ ਜੂਝਣ ਲਈ ਤਿਆਰ ਬਰ ਤਿਆਰ ਰਹਿਣ ਲਈ ਤੇ ਜਾਲਮ ਹਾਕਮਾਂ ਦਾ ਡੱਟ ਕੇ ਵਿਰੋਧ ਕਰਨ ਲਈ ਕਿਹਾ। ਉਨ੍ਹਾਂ ਕੇਂਦਰੀ ਹੁਕਮਰਾਨਾਂ ਨੂੰ ਮਿਹਨਤਕਸ਼ ਲੋਕਾਂ ਨਾਲ ਕੀਤੇ ਸਾਰੇ ਵਾਅਦੇ ਜਲਦ ਤੋਂ ਜਲਦ ਪੂਰਾ ਕਰਨ ਲਈ ਵੀ ਕਿਹਾ ਤੇ ਲੋਕਾਂ ਨੂੰ ਆਪਣੇ ਹੱਕਾਂ ਦੀ ਰਾਖੀ ਆਪ ਕਰਨ ਲਈ ਕਿਹਾ। ਉਨ੍ਹਾਂ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਕੋਈ ਵੀ ਜਾਲਮ ਸਰਕਾਰ ਜਾਂ ਲੁਟੇਰੇ ਸਰਮਾਏਦਾਰ ਅੱਜ ਤੱਕ ਮਿਹਨਤਕਸ ਲੋਕਾਂ ਨੂੰ ਹਰਾ ਨਹੀਂ ਸਕੇ ਤੇ ਕਿਰਤੀ ਲੋਕ ਹਮੇਸਾ ਜਿੱਤਾਂ ਪ੍ਰਾਪਤ ਕਰਦੇ ਰਹੇ ਨੇ ਤੇ ਆਪਣੀ ਏਕਤਾ ਦੇ ਬਲ ਆਉਣ ਵਾਲੇ ਸਮੇਂ ਵਿੱਚ ਵੀ ਜਿੱਤਾਂ ਪ੍ਰਾਪਤ ਕਰਦੇ ਰਹਿਣਗੇ। ਇਸ ਮੌਕੇ 'ਤੇ ਜਸਵਿੰਦਰ ਸਿੰਘ ਬੰਗਾ,ਪਰਮਿੰਦਰ ਸਿੰਘ ਪਿੰਦਾ,ਜੰਗ ਬਹਾਦਰ ਸਿੰਘ,ਖੁਸਵੰਤ ਸਿੰਘ ਬੈਂਸ,ਮਨੀ ਬਿਹਾਲਾ,ਜਸਵੀਰ ਸੀਰਾ ਸੋਨਾ,ਜੁਝਾਰ ਸਿੰਘ ਮਹਿਨਾ,ਰਾਜ ਕੁਮਾਰ ਭੋਲਾ, ਮਨਜਿੰਦਰ ਸਿੰਘ,ਗੁਰਪ੍ਰੀਤ ਸਿੰਘ,ਅਮਰੀਕ ਸਿੰਘ ਹੀਰ,ਮਲਕੀਤ ਸਿੰਘ,ਦਲਬੀਰ ਪੰਡਿਤ,ਦੀਪਾ ਮਾਹਿਲਪੁਰ,ਇਕਬਾਲ ਸਿੰਘ ਸਰਪੰਚ,ਪਵਿੱਤਰ ਸਿੰਘ,ਜਿੰਦਰ ਖਾਨਪੁਰੀ,ਦਿਲਸਰਨਪ੍ਰੀਤ ਸਿੰਘ, ਜਸਮੀਤ ਸਿੰਘ ਹੀਰ,ਮਲਕੀਤ ਸਿੰਘ ਬਾਹੋਵਾਲ,ਗੁਰਵਿੰਦਰ ਢੱਕੋਂ ਤੇ ਵੱਡੀ ਗਿਣਤੀ ਵਿੱਚ ਅੰਦੋਲਨ ਸਮਰਥਕ ਹਾਜਰ ਸਨ।

# ਕਰੀਮਪੁਰੀ ਦੇ ਪੰਜਾਬ ਇੰਚਾਰਜ ਲੱਗਣ 'ਤੇ ਬਸਪਾ ਵਰਕਰਾਂ ਦੇ ਹੌਂਸਲੇ ਬੁਲੰਦ ਹੋਏ : ਐਡਵੋਕੇਟ ਮਾਨਾ

ਹੁਸ਼ਿਆਰਪੁਰ (ਉ.ਪੀ.ਰਾਣਾ) ਨੌਜਵਾਨਾਂ ਦੇ ਹਮੇਸ਼ਾਂ ਹੌਂਸਲੇ ਬੁਲੰਦ ਰੱਖਣ ਵਾਲੇ ਅਤੇ ਹਰ ਵਰਕਰ ਦੇ ਦਿਲਾਂ ਦੀਆਂ ਭਾਵਨਾਵਾਂ ਦੀ ਕਦਰ ਕਰਨ ਵਾਲੇ ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ ਅਤੇ ਸਾਬਕਾ ਪ੍ਰਧਾਨ ਬਹੁਜਨ ਸਮਾਜ ਪਾਰਟੀ ਪੰਜਾਬ ਨੂੰ ਪੰਜਾਬ ਮਾਮਲਿਆਂ ਦੇ ਇੰਚਾਰਜ ਨਿਯੁੱਕਤ ਕਰਨ 'ਤੇ ਬਸਪਾ ਪੰਜਾਬ ਦੇ ਵਰਕਰਾਂ ਅੰਦਰ ਖੁਸ਼ੀ ਦੀ ਲਹਿਰ ਫੈਲ ਗਈ ਹੈ ਅਤੇ ਵਰਕਰਾਂ ਦੇ ਹੌਂਸਲੇ ਬੁਲੰਦ ਹੋਏ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਬਸਪਾ ਹਲਕਾ ਚੱਬੇਵਾਲ ਦੀ ਸਮੁੱਚੀ ਟੀਮ ਵਲੋਂ ਕਰੀਮਪੁਰੀ ਦੇ ਨਿਵਾਸ ਸਥਾਨ 'ਤੇ ਮੁਲਾਕਾਤ ਕਰਨ ਸਮੇਂ ਐਡਵੋਕੇਟ ਪਲਵਿੰਦਰ ਕੁਮਾਰ ਲਾਡੀ ਮਾਨਾ ਨੇ ਬਸਪਾ ਸੁਪਰੀਮੋ ਭੈਣ ਕੁਮਾਰੀ ਮਾਇਆਵਤੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਕਰੀਮਪੁਰੀ ਦੀ ਪੰਜਾਬ ਵਾਪਸੀ ਨਾਲ 2024 ਲੋਕ ਸਭਾ ਚੋਣਾਂ ਵਿੱਚ ਬਸਪਾ ਲਈ ਚੰਗੇ ਨਤੀਜੇ ਆਉਣਗੇ। ਉਨਾਂ ਕਿਹਾ ਕਰੀਮਪੁਰੀ ਦੀ ਅਗਵਾਈ ਵਿੱਚ ਬਸਪਾ ਵਰਕਰ ਇੱਕਜੁੱਟ ਹੋ ਕੇ ਸਾਹਿਬ ਕਾਂਸ਼ੀ ਰਾਮ ਦੇ ਅੰਦੋਲਨ ਨੂੰ ਪੂਰੀ ਇਮਾਨਦਾਰੀ ਤੇ ਮਿਹਨਤ ਨਾਲ ਚਲਾਉਂਦੇ ਰਹੇ ਹਨ ਅਤੇ ਹੁਣ ਆਉਣ ਵਾਲੇ ਸਮੇਂ ਵਿੱਚ ਹੋਰ ਚੰਗੇ ਢੰਗ ਨਾਲ ਮਿਸ਼ਨ ਨੂੰ ਅੱਗੇ ਲੈ ਕੇ ਜਾਣਗੇ। ਕਰੀਮਪੁਰੀ ਬਸਪਾ ਲਈ ਇੱਕ ਚੰਗਾ ਮਾਰਗ ਦਰਸ਼ਕ ਸਾਬਿਤ ਹੋਣਗੇ ਕਿਉਂਕਿ ਉਨਾਂ ਨੇ ਕੇਂਦਰੀ ਬਸਪਾ ਲੀਡਰਸ਼ਿਪ ਵਿੱਚ ਆਪਣਾ ਦ੍ਰਿੜ ਵਿਸ਼ਵਾਸ਼ ਬਣਾਕੇ ਰੱਖਿਆ ਹੈ ਅਤੇ ਭੈਣਜੀ ਮਾਇਆਵਤੀ ਅਤੇ ਬਸਪਾ ਪ੍ਰਤੀ ਕਦੀ ਕੋਈ ਟਿੱਪਣੀ ਜਾਂ ਬਿਆਨਬਾਜੀ ਨਾ ਕਰਕੇ ਇੱਕ ਇਮਾਨਦਾਰ ਸ਼ਖਸ਼ੀਅਤ ਵਾਲੀ ਮਿਸਾਲ ਪੈਦਾ ਕੀਤੀ ਹੈ। ਮਾਨਾ ਨੇ ਬਸਪਾ ਵਰਕਰਾਂ ਨੂੰ ਅਪੀਲ ਕੀਤੀ ਕਿ 2024 ਲਈ ਪੂਰੀ ਤਨਦੇਹੀ ਨਾਲ ਬਸਪਾ ਦਾ ਸਾਥ ਦਿਉ ਤਾਂ ਕਿ ਕੇਂਦਰ ਅਤੇ ਪੰਜਾਬ ਦੀਆਂ ਗਰੀਬ ਮਾਰੂ ਸਰਕਾਰਾਂ ਦਾ ਬੋਰੀਆ ਬਿਸਤਰਾ ਗੋਲ ਕੀਤਾ ਜਾ ਸਕੇ। ਇਸ ਸਮੇਂ ਹਲਕਾ ਜਨਰਲ ਸਕੱਤਰ ਸ਼ੁਦੇਸ਼ ਭੱਟੀ ਸਿੰਬਲੀ,ਵਿੱਕੀ ਬੰਗਾ ਬੀ ਵੀ ਐਫ,ਕੁਲਵਿੰਦਰ ਕੋਠੀ,ਰਕੇਸ਼ ਕਿੱਟੀ,ਪ੍ਰੇਮ ਸਿੰਘ ਖਾਲਸਾ,ਸੁਖਵਿੰਦਰ ਹੈਪੀ ਮੜੂਲੀ,ਡਾ.ਰਮੇਸ਼ ਕੁਮਾਰ,ਸੋਮ ਨਾਥ ਬੋਹਣ,ਰਾਮ ਸਰੂਪ ਬਿਲਾਸਪੁਰ,ਬਲਵੰਤ ਸਹਿਗਲ,ਚਰਨਜੀਤ ਸਿੰਘ,ਸਤਨਾਮ ਸਿੰਘ, ਸਰਪੰਚ ਚੰਨਣ ਰਾਮ ਕੋਠੀ,ਮਲਕੀਤ ਸਿੰਘ,ਰੋਹਿਤ ਮਾਨਾ ਹਾਜਰ ਸਨ।

# ਹਲਕਾ ਉੜਮੁੜ ਲਈ ਐੱਸ ਡੀ ਐਮ ਟਾਂਡਾ ਤੇ ਸ਼ਾਮਚੁਰਾਸੀ ਲਈ ਏ ਡੀ ਸੀ ਪੇਂਡੂ ਵਿਕਾਸ ਰਿਟਰਨਿੰਗ ਅਫ਼ਸਰ ਨਿਯੁਕਤ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਸੰਦੀਪ ਹੰਸ ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਨਵੀਂ ਦਿੱਲੀ ਵਲੋਂ ਵਿਧਾਨ ਸਭਾ ਚੋਣ ਹਲਕਾ-41 ਉੜਮੁੜ ਲਈ ਉਪ ਮੰਡਲ ਮੈਜਿਸਟਰੇਟ ਟਾਂਡਾ ਅਤੇ ਵਿਧਾਨ ਸਭਾ ਚੋਣ ਹਲਕਾ 42-ਸ਼ਾਮਚੁਰਾਸੀ ਲਈ ਵਧੀਕ ਡਿਪਟੀ ਕਮਿਸ਼ਨਰ-ਪੇਂਡੂ ਵਿਕਾਸ ਹੁਸ਼ਿਆਰਪੁਰ ਨੂੰ ਬਤੌਰ ਰਿਟਰਨਿੰਗ ਅਫ਼ਸਰ/ਚੋਣਕਾਰ ਰਜਿਸਟਰੇਸ਼ਨ ਅਫ਼ਸਰ ਨਿਯੁਕਤ ਕੀਤਾ ਜਾਂਦਾ ਹੈ। ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਪਹਿਲਾਂ ਵਿਧਾਨ ਸਭਾ ਚੋਣ ਹਲਕਾ-41 ਉੜਮੁੜ ਲਈ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਹੁਸ਼ਿਆਰਪੁਰ ਅਤੇ ਵਿਧਾਨ ਸਭਾ ਚੋਣ ਹਲਕਾ 42-ਸ਼ਾਮਚੁਰਾਸੀ ਲਈ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਹੁਸ਼ਿਆਰਪੁਰ ਨੂੰ ਬਤੌਰ ਰਿਟਰਨਿੰਗ ਅਫ਼ਸਰ/ ਚੋਣਕਾਰ ਰਜਿਸਟਰੇਸ਼ਨ ਅਫ਼ਸਰ ਨਿਯੁਕਤ ਕੀਤਾ ਗਿਆ ਸੀ।

## Court Notice

(U/o 5 Rule 20 CPC)

In the Court of Ms. Kamaldeep Kaur Civil Judge (Junior Division), Ludhiana

CNR No.PBLD-02-004268-2022 Next Date : 19.12.2022

ICICI Bank Limited Vs. Jaspal Singh

Publication issued to : Jaspal Singh S/o Sher Singh (Namdhari Aachar with Aath Rangan Wale) R/o Vill. Kaur, Khwajke, Ludhiana (East) Ludhiana (Punjab)-141007

2. Bhagwant Kaur W/o Sh. Jaspal Singh R/o Vill. Raur, Khwajke , Ludhiana (East) Ludhiana (Punjab)-141007

In above titled case, the defendant (s) respondent (s) could not be served. It is ordered that defendant (s)/respondent (s) should appear in person or through counsel on 19.12.2022 at 10.00 a.m.

For details Logon to https://highcourtchd.gov.in/?trs=district_notice&district=Ludhiana

Civil Judge (Junior Division), Ludhiana
Dated, this date of 05-11-2022

## Court Notice

Court Notice
(U/o 5 Rule 20 CPC)

In the Court of Ms. Suman Pathak Additional Civil Judge (Senior Division), Jagraon

CNR No.PBLDB0-000224-2021 Next Date : 29.11.2022

State Bank of India Vs. M/s Govind Sales through Vandhna Khanna

Publication issued to : 1. M/s Govind Sales through its Proprietor Vandhna Khanna Shop No. 42 Regal Market, Jagraon, Distt. Ludhiana, IInd Address : Vandhana Khanna W/o Jatindher Khanna R/o H.No. 2159 Agwar Gujjran Jagraon, Distt. Ludhiana 2. Bharat Khanna H.No. 2159 Agwar Gujjran Jagraon, Distt. Ludhiana

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 29.11.2022 at 10.00 a.m.

For details Logon to https://highcourtchd.gov.in/?trs=district_notice&district=Ludhiana

Additional Civil Judge (Senior Division), Jagraon
Dated, this date of 15-11-2022

## Court Notice

(U/o 5 Rule 20 CPC)
(Under Guardian and ward Act)

In the Court of Sh. Barjinder Pal Singh Principal Judge, Family Court S.A.S. Nagar

CNR No. PBSA01-006895-2022 Next Date : 10.01.2023

Gurpreet Kaur Kang Vs. Navjeet Singh

Petition U/S 13 of Hindu Marriage for dissolution of the marriage of the Parties by Passing a decree of divorce on account of mental and Physical cruelty and desertion

Notice to : Navjeet Singh S/o Sh. Balhar Singh R/o Vill. Kultham, Tehsil Banga, Distt. SBS Nagar (Nawan Shehar), Punjab

In above titled case, the defendant (s)/ respondent (s) could not be served. It is ordered that defendant (s)/respondent (s) should appear in person or through counsel on 10.01.2023 at 10.00 a.m.

For details Logon to https://www.highcourtchd.gov.in/?trs=district_notice&district=Mohali

Principal Judge, Family Court S.A.S. Nagar
Dated, this date of 19-11-2022

## Court Notice

Court Notice
(U/o 5 Rule 20 CPC)

In the Court of Ms. Mamta Kakkar Additional Civil Judge (Senior Division), Samana

CNR No. PBPTC0-000675-2022 Next Date : 7-12-2022

Arjan Singh Vs. General Public

Publication issued to : General Public : Samana

In above titled case, the defendant (s)/respondent (s) could not be served. It is ordered that defendant (s)/respondent (s) should appear in person or through counsel on 7.12.2022 at 10.00 a.m.

For details Logon to https://highcourtchd.gov.in/?trs=district_notice&district=Patiala

Additional Civil Judge (Senior Division), Samana

## Court Notice

(U/o 5 Rule 20 CPC)
(Under Guardian and ward Act)

In the Court of Ms. Surekha Dadwal Additional Civil Judge (Senior Division) Barnala

CNR No. PBBR02-001725-2022 Next Date : 25-11-2022

Paramjit Singh Vs. General Public

Application for seeking Permission of the sale of minor Property

Notice to : General Public Distt. Ludhiana (Application for seeking Permission of the sale of the minor's Property under section 8 of the Hindu Minority and Guardianship Act, 1956 read with section 29 of the Guardian and Ward Act, 1890)

In above titled case, the defendant (s) respondent (s) could not be served. It is ordered that defendant (s)/respondent (s) should appear in person or through counsel on 25.11.2022 at 10.00 a.m.

For details Logon to https://highcourtchd.gov.in/?trs=district_notice&district=Barnala

Additional Civil Judge (Senior Division) Barnala
Dated, this date of 18-11-2022

## ਉੱਤਰ ਰੇਲਵੇ
### ਈ-ਟੈਂਡਰ ਸੂਚਨਾ

ਨਿਵਿਦਾ ਸੂਚਨਾ ਪੱਤਰ ਨੰ:- 770-W/169/WA/FZR/2022-23 ਤਾਰੀਕ : 17.11.2022

ਸੀਨੀਅਰ ਮੰਡਲ ਇੰਜੀਨੀਅਰ-ਤੀਜਾ, ਫਿਰੋਜਪੁਰ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਹੇਠਾਂ ਲਿਖਤ ਈ-ਨਿਵਿਦਾਵਾਂ ਅੰਤਮ ਮਿਤੀ 04.11.2022 ਸਮਾਂ 15:00 ਵਜੇ ਤਕ www.ireps.gov.in ਤੇ ਮੰਗ ਕੀਤੀ ਜਾਂਦੀ ਹੈ। ਨਿਵਿਦਾਕਰਤਾ ਆਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹਨ ਅਤੇ ਐਸੇ ਕਿਸੇ ਵੀ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਠੇਕੇਦਾਰ ਟੈਂਡਰ ਫਾਰਮ ਦੀ ਬਿਆਨਾ ਰਾਸ਼ੀ ਦੀ ਜਗ੍ਹਾ ਦਾ ਭੁਗਤਾਨ www.ireps.gov.in ਪੋਰਟਲ 'ਤੇ ਉਪਲਬਧ ਆਨ ਲਾਈਨ ਸਾਧਨਾਂ ਦੇ ਮਾਧਿਅਮ ਨਾਲ ਜਿਵੇਂ ਨੈਟ ਬੈਕਿੰਗ, ਡੇਬਿਟ ਕਾਰਡ ਕਰੈਡਿਟ ਕਾਰਡ ਆਦਿ ਦੇ ਭੁਗਤਾਨ ਨਾਲ ਕਰ ਸਕਦੇ ਹਨ। ਡਿਮਾਂਡ ਡ੍ਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਮਾਧਿਅਮ ਨਾਲ ਭੁਗਤਾਨ ਦੀ ਇਜਾਜਤ ਨਹੀਂ ਹੈ।

| ਟੈਂਡਰ ਪ੍ਰਕਾਰ | ਟੈਂਡਰ ਅਨੁਭਾਗ | ਬੋਲੀ ਪ੍ਰਣਾਲੀ |
|---|---|---|
| ਖੁੱਲ੍ਹਾ | ਕੰਮ | ਏਕਲ ਬੋਲੀ ਪ੍ਰਣਾਲੀ |
| ਟੈਂਡਰ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਸਮਾਪਨ ਮਿਤੀ ਅਤੇ ਸਮਾਂ |
| 17.11.2022 | 25.11.2022 | 09.12.2022 / 15:00 ਵਜੇ |

| ਲ.ਨੰ. | ਨਿਵਿਦਾ ਨੰਬਰ | ਨਿਵਿਦਾ ਦਾ ਵੇਰਵਾ | | | |
|---|---|---|---|---|---|
| 1 | 283-2022-23-ADEN-II-ASR-DRM-FZR | ਫਿਰੋਜਪੁਰ ਮੰਡਲ ਵਿਚ ਟੀਬੀਆਰ 242.339 ਕਿਲੋਮੀਟਰ ਦਾ ਕੰਮ ਸਹਾਇਕ ਮੰਡਲ ਇੰਜੀਨੀਅਰ ਸੈਕਿੰਡ/ਅੰਮ੍ਰਿਤਸਰ ਦੇ ਤਹਿਤ ਆਉਣ ਵਾਲੇ ਅਧਿਕਾਰ ਖੇਤਰ ਵਿਚ ਸੀਨੀਅਰ ਸੈਕਸ਼ਨ ਇੰਜੀਨੀਅਰ/ਪੀਵੇਂ/ਅੰਮ੍ਰਿਤਸਰ ਦੇ ਸੈਕਸ਼ਨ ਵਿਚ ਅੰਮ੍ਰਿਤਸਰ, ਅਟਾਰੀ, ਵੇਰਕਾ, ਫਤੇਹਗੜ੍ਹ ਚੁਰਿਯਨ ਅਤੇ ਰਾਮਦਾਸ ਸਟੇਸ਼ਨਾਂ 'ਤੇ ਵਿਭਿੰਨ ਯਾਰਡ ਲਾਈਨਾਂ ਦੀ ਡੀਪ ਸਕ੍ਰੀਨਿੰਗ ਦਾ ਕੰਮ ਲਈ। | | | |
| | | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 14839844.53/- | 224200/- | 60 ਦਿਨ | 12 ਮਹੀਨੇ |
| | | ਸਮਾਨ ਨੇਚਰ ਦਾ ਕੰਮ-ਪੂਰਨ ਟ੍ਰੈਕ ਨਵੀਨੀਕਰਨ/ਪੂਰਨ ਰੇਲ ਨਵੀਨੀਕਰਨ/ਪੂਰਨ ਫਿਟਿੰਗ ਨਵੀਨੀਕਰਨ/ਪੂਰਨ ਟਰਨ ਆਊਟ ਨਵੀਨੀਕਰਨ, ਟ੍ਰੈਕ ਦੇ ਉਠਾਨ ਦੀ ਜਾਂਚ/ਛਨਾਈ, ਡਿਸਟ੍ਰੈਸਿੰਗ, ਟ੍ਰੈਕ ਮੇਂਟਨੇਂਸ ਮਸ਼ੀਨ ਦੇ ਪੂਰਵ ਅਤੇ ਬਾਅਦ ਦੇ ਕੰਮ ਅਤੇ ਟੀ-28 ਮਸ਼ੀਨ ਤੋਂ ਟਰਨ ਆਊਟ ਨਵੀਨੀਕਰਨ ਦਾ ਕੰਮ। | | | |
| 2 | 284-2022-23-ASR-1-DRM-FZR | ਸਹਾਇਕ ਮੰਡਲ ਇੰਜੀਨੀਅਰ-ਫਸਟ/ਅੰਮ੍ਰਿਤਸਰ ਦੇ ਤਹਿਤ ਅੰਮ੍ਰਿਤਸਰ ਵਿਚ (ਚਾਲਕ ਅਤੇ ਗਾਰਡ) ਦੇ ਲਈ 100 ਬੇਡ ਸਮਰਥਾ ਦਾ ਮਾਡਲ ਰਨਿੰਗ ਰੂਮ ਉਪਲਬਧ ਕਰਾਉਣਾ। | | | |
| | | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 2,44,91,319.19/- | 2,72,500/- | 60 ਦਿਨ | 12 ਮਹੀਨੇ |
| | | ਸਮਾਨ ਨੇਚਰ ਦਾ ਕੰਮ - ਭਵਨ/ਕਵਾਟਰਾਂ ਦਾ ਨਿਰਮਾਣ | | | |
| 3 | 285-2022-23-ADEN-II-ASR-DRM-FZR | ਸਹਾਇਕ ਮੰਡਲ ਇੰਜੀਨੀਅਰ-ਤੀਜਾ ਫਿਰੋਜਪੁਰ ਦੇ ਤਹਿਤ ਸਹਾਇਕ ਮੰਡਲ ਇੰਜੀਨੀਅਰ ਫਸਟ ਅਤੇ ਸੈਕਿੰਡ/ਅੰਮ੍ਰਿਤਸਰ ਦੇ ਸੈਕਸ਼ਨ ਵਿਚ ਪੁਲਾਂ ਦੀ ਮੁਰੰਮਤ ਅਤੇ ਰਖਰਖਾਅ ਦਾ ਕੰਮ ਕਰਨ ਲਈ। | | | |
| | | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 9299371.47/- | 186000/- | 60 ਦਿਨ | 10 ਮਹੀਨੇ |
| | | ਸਮਾਨ ਨੇਚਰ ਦਾ ਕੰਮ -ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ | | | |
| 4 | 286-2022-23-ASR-I-DRM-FZR | ਸਹਾਇਕ ਮੰਡਲ ਇੰਜੀਨੀਅਰ ਫਸਟ/ਅੰਮ੍ਰਿਤਸਰ ਦੇ ਤਹਿਤ ਅੰਮ੍ਰਿਤਸਰ ਵਿਚ ਵਾਸ਼ਿੰਗ ਲਾਈਨ ਨੰਬਰ 1,2 ਅਤੇ 4 ਦੇ ਡੈਮੇਜ ਕੈਟਵਾਕ ਦੀ ਮੁਰੰਮਤ ਅਤੇ ਕਰਮਚਾਰੀਆਂ ਦੇ ਲਈ ਡੈਮੇਜ ਜੈਕ ਆਰਚ ਛੱਤਾਂ/ਬੈਟੇਡ ਛੱਤਾਂ ਦੀ ਮੁਰੰਮਤ। ਟੀ-30, ਬਲਾਕ ਐਲ-38, ਐਲ-39, ਸੀ-31, 122, 16, 17, 18, 19 ਅੰਮ੍ਰਿਤਸਰ ਦੇ ਕਲੋਨੀ ਕੰਮ ਲਈ। | | | |
| | | ਵਿਗਿਆਪਨ ਮੁੱਲ (ਰੁ.) | ਬਿਆਨਾ ਰਾਸ਼ੀ | ਆਫਰ ਦੀ ਵੈਲੇਡਿਟੀ | ਸਮਾਪਤੀ ਦਾ ਸਮਾਂ |
| | | 7499585.20/- | 150000/- | 60 ਦਿਨ | 12 ਮਹੀਨੇ |
| | | ਸਮਾਨ ਨੇਚਰ ਦਾ ਕੰਮ -ਟ੍ਰੈਕ ਕੰਮ ਦੇ ਇਲਾਵਾ ਕੋਈ ਵੀ ਸਿਵਿਲ ਕੰਮ | | | |

ਨੋਟ : 1. ਨਿਵਿਦਾ ਪਾਉਣ ਤੋਂ ਪਹਿਲਾਂ ਨਿਵਿਦਾਕਰਤਾ ਨਿਵਿਦਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੇ ਵੀ ਸ਼ੁਧੀਪੱਤਰ ਦੀ ਜਾਂਚ ਕਰਨਗੇ।
2. ਹਿੰਦੀ ਵਿਚ ਕਿਸੇ ਵੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ। 3075/22

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

20-Nov-Page 7.qxd 11/19/2022 10:40 PM Page 1



# ਰਾਸਾ ਦੇ ਵਫਦ ਨੇ ਸਿੱਖਿਆ ਬੋਰਡ ਦੇ ਚੇਅਰਮੈਨ ਨਾਲ ਕੀਤੀ ਮੁਲਾਕਾਤ-ਦਿੱਤਾ ਮੰਗ ਪੱਤਰ



**ਮੋਹਾਲੀ (ਗੁਰਜੀਤ ਬਿੱਲਾ)** :- ਮਾਨਤਾ ਪ੍ਰਾਪਤ ਅਤੇ ਰੈਕੋਗਨਾਈਜ਼ਡ ਐਸੋਸੀਏਸ਼ਨ ਪੰਜਾਬ ( ਰਾਸਾ) ਦਾ ਵਫਦ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਦਫਤਰ ਵਿੱਚ ਚੇਅਰਮੈਨ ਪ੍ਰੋ. ਯੋਗਰਾਜ ਨੂੰ ਮਿਲਿਆ ਅਤੇ ਐਫੀਲੀਏਟਿਡ ਸਕੂਲ ਨੂੰ ਪੇਸ਼ ਮੁਸ਼ਕਲਾਂ ਅਤੇ ਪ੍ਰੀਖਿਆਵਾਂ ਸੁਚਾਰੂ ਢੰਗ ਨਾਲ ਕਰਵਾਉਣ ਲਈ ਮੰਗ ਪੱਤਰ ਦਿੱਤਾ ਗਿਆ। ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਰਾਸਾ ਦੇ ਜਨਰਲ ਸਕੱਤਰ, ਸੁਜੀਤ ਸ਼ਰਮਾ ਬੱਬਲੂ ਨੇ ਦੱਸਿਆ ਕਿ ਰਾਸਾ ਵੱਲੋਂ ਮੰਗ ਕੀਤੀ ਗਈ ਕਿ ਮਾਰਚ 2023 ਦੀਆਂ ਪ੍ਰੀਖਿਆਵਾਂ ਦੇ ਅਠਵੀਂ, ਦਸਵੀਂ,ਬਾਰ੍ਹਵੀਂ ਦੇ ਬੋਰਡ ਇਮਤਿਹਾਨਾਂ ਵਿੱਚ ਐਫੀਲੀਏਟਿਡ ਸਕੂਲ ਦੇ ਸਟਾਫ ਨੂੰ ਸੁਪਰਵਾਈਜ਼ਰ ਸਟਾਫ ਤੋਂ ਇਲਾਵਾ,ਸੁਪਰਡੈਂਟ, ਡਿਪਟੀ ਸੁਪਰਡੈਂਟ ਅਤੇ ਅਬਜ਼ਰਵਰ ਦੀਆਂ ਡਿਊਟੀਆਂ ਵੀ ਦਿੱਤੀਆਂ ਜਾਣ। ਪ੍ਰੀਖਿਆ ਕੇਂਦਰ ਬਣਾਉਣ ਲਈ ਸਕੂਲਾਂ ਕੋਲੋਂ ਸੈਂਟਰ ਲਈ ਸਹਿਮਤੀ ਜ਼ਰੂਰ ਲਈ ਜਾਵੇ ਤਾਂ ਜੋ ਸੈਂਟਰ ਦੂਰ ਬਣਨ ਜਾਂ ਹੋਰ ਅਸੁਵਿਧਾ ਤੋਂ ਵਿਦਿਆਰਥੀਆਂ ਨੂੰ ਬਚਾਇਆ ਜਾ ਸਕੇ। ਉਨ੍ਹਾਂ ਮੰਗ ਕੀਤੀ ਕਿ ਵਾਧੂ ਸੈਕਸ਼ਨ ਲੈਣ ਦੀ ਪ੍ਰਕ੍ਰਿਆ ਕਾਫੀ ਪੇਚੀਦਾ ਹੈ ਇਸ ਨੂੰ ਸਰਲ ਬਣਾਇਆ ਜਾਵੇ ਭਾਵ ਜੇਕਰ ਸਕੂਲ ਵੱਲੋਂ ਆਰਟਸ ਵਿਸ਼ਸ਼ ਦਾ ਸੈਕਸ਼ਨ ਮੰਗਿਆ ਗਿਆ ਹੈ ਤਾਂ ਉਸ ਕੋਲੋਂ ਸਾਇੰਸ ਅਤੇ ਕਾਮਰਸ ਵਿਸ਼ੇ ਨਾਲ ਸਬੰਧਿਤ ਬੇਲੋੜਾ ਡਾਟਾ ਲੈਣਾ ਸਕੂਲਾਂ ਨੂੰ ਮਹਿਜ ਪ੍ਰੇਸ਼ਾਨ ਕਰਨਾ ਪ੍ਰਤੀਤ ਹੁੰਦਾ ਹੈ। ਸੈਕਸ਼ਨ ਲਈ ਨਿਰਧਾਰਿਤ ਬੱਚਿਆਂ ਦੀ ਗਿਣਤੀ ਵਿੱਚ ਪਹਿਲਾਂ ਤੋਂ ਚੱਲੀ ਆ ਰਹੀ ਛੋਟ ਜਾਰੀ ਰੱਖੀ ਜਾਵੇ। ਨੈਸ਼ਨਲ ਓਪਨ ਸਕੂਲ ਦੀ ਤਰਜ਼ 'ਤੇ ਪੰਜਾਬ ਓਪਨ ਸਕੂਲ ਪ੍ਰਣਾਲੀ ਵਿੱਚ ਤਬਦੀਲੀਆਂ ਲਿਆਂਦੀਆਂ ਜਾਣ। ਇਸ ਵਿੱਚ ਮੈਡੀਕਲ, ਨਾਨ-ਮੈਡੀਕਲ ਗਰੁੱਪ ਵੀ ਸਾਮਿਲ ਕੀਤੇ ਜਾਣ। ਉਨ੍ਹਾਂ ਕਿਹਾ ਕਿ ਕੋਵਿਡ ਤੋਂ ਪਹਿਲਾਂ ਬਾਰ੍ਹਵੀਂ ਜਮਾਤ ਦੇ ਸਰਟੀਫਿਕੇਟ ਨਾਲ ਮਾਈਗ੍ਰੇਸ਼ਨ ਸਰਟੀਫਿਕੇਟ ਵੀ ਬੋਰਡ ਦੁਆਰਾ ਜਾਰੀ ਕੀਤਾ ਜਾਂਦਾ ਸੀ ਕੋਵਿਡ ਦੌਰਾਨ ਇਸ ਵਿੱਚ ਰੁਕਾਵਟ ਆਈ ਗਈ ਸੀ ਇਸ ਲਈ ਮਾਈਗਰੇਸ਼ਨ ਸਰਟੀਫਿਕੇਟ ਵੀ ਸਰਟੀਫਿਕੇਟਾਂ ਦੇ ਨਾਲ ਹੀ ਜਾਰੀ ਕੀਤਾ ਜਾਵੇ, ਇਸ ਦੀ ਫੀਸ ਦਾਖਲ ਵਿਚ ਸਮਿਲ ਕਰ ਲਈ ਜਾਵੇ। ਬੱਬਲੂ ਨੇ ਕਿਹਾ ਕਿ ਰਾਸਾ ਵੱਲੋਂ ਮੰਗ ਕੀਤੀ ਗਈ ਕਿ ਓਪਨ ਸਕੂਲ ਪ੍ਰਣਾਲੀ ਅਧੀਨ ਪ੍ਰੀਖਿਆ ਕੇਂਦਰ ਬਣਾਉਣ ਤੋਂ ਪਹਿਲਾਂ ਸਬੰਧਿਤ ਸਟੱਡੀ ਸੈਂਟਰ ਕੋਲੋਂ ਸੈਂਟਰ ਸਬੰਧੀ ਸਹਿਮਤੀ ਲੈ ਲਈ ਜਾਵੇ ਤਾਂ ਜੋ ਵਿਦਿਆਰਥੀਆਂ ਨੂੰ ਅਸੁਵਿਧਾ ਤੋਂ ਬਚਾਇਆ ਜਾ ਸਕੇ। ਪ੍ਰੀਖਿਆ ਕੇਂਦਰਾਂ ਵਿੱਚ ਪ੍ਰਾਈਵੇਟ ਸਕੂਲਾਂ ਵਿੱਚੋਂ ਸੁਪਰਡੈਂਟ ਅਤੇ ਡਿਪਟੀ ਸੁਪਰਡੈਂਟ ਲਗਾਏ ਜਾਣ ਅਤੇ ਸਰਕਾਰੀ ਸਕੂਲਾਂ ਵਾਂਗ ਐਫੀਲੀਏਟਿਡ ਸਕੂਲਾਂ ਨੂੰ ਵੀ ਵਿਸ਼ੇਸ਼ ਹਲਾਤਾਂ ਵਿਚ ਰੈਗੂਲਰ ਪ੍ਰਿੰਸੀਪਲ ਦੀ ਜਗ੍ਹਾ ਪ੍ਰਿੰਸੀਪਲ ਨਿਯੁਕਤ ਕਰਨ ਦੀ ਆਗਿਆ ਦਿੱਤੀ ਜਾਵੇ। ਉਨ੍ਹਾਂ ਦੱਸਿਆ ਕਿ ਚੇਅਰਮੈਨ ਵੱਲੋਂ ਕਿ ਉਹ ਜਲਦੀ ਹੀ ਇਨ੍ਹਾਂ ਬਾਰੇ ਵਿਚਾਰ ਕਰਨ ਲਈ ਜਲਦੀ ਹੀ ਪੈਨਲ ਮੀਟਿੰਗ ਬੁਲਾਉਣਗੇ। ਵਫਦ ਵਿੱਚ ਚੇਅਰਮੈਨ ਪ੍ਰਿੰ. ਗੁਰਦੀਪ ਸਿੰਘ ਰੰਧਾਵਾ, ਪ੍ਰਧਾਨ ਜਗਤਪਾਲ ਮਹਾਜਨ , ਸਕੱਤਰ ਸਿੰਘ ਸੰਧੂ, ਚਰਨਜੀਤ ਸਿੰਘ ਧਾਰੋਵਾਲ ਅਤੇ ਜਗਜੀਤ ਸਿੰਘ ਆਦਿ ਹਾਜ਼ਰ ਸਨ।

# ਐੱਮ ਜੀ ਐੱਨ ਪਬਲਿਕ ਸਕੂਲ 'ਚ 46ਵਾਂ ਸਾਲਾਨਾ ਇਨਾਮ ਵੰਡ ਸਮਾਰੋਹ



**ਜਲੰਧਰ ( ਇਕਬਾਲ ਸਿੰਘ ਉੱਭੀ )** ਐਮ.ਜੀ.ਐਨ. ਪਬਲਿਕ ਸਕੂਲ ਆਦਰਸ਼ ਨਗਰ ਵੱਲੋਂ 46ਵਾਂ ਸਾਲਾਨਾ ਇਨਾਮ ਵੰਡ ਸਮਾਰੋਹ ਆਯੋਜਿਤ ਕਰਵਾਇਆ ਗਿਆ। ਇਸ ਮੌਕੇ ਮੁੱਖ ਮਹਿਮਾਨ ਐਸ.ਡੀ.ਐਮ. ਅਤੇ ਅਡੀਸ਼ਨਲ ਕਮਿਸ਼ਨਰ ਜਗਦੀਪ ਸਹਿਗਲ , ਲੁਧਿਆਣਾ ਅਤੇ ਵਿਸ਼ੇਸ਼ ਮਹਿਮਾਨ ਔਕੂਰ ਕਿਡਜ਼ ਹਸਪਤਾਲ ਦੇ ਐਮ.ਡੀ. ਸ੍ਰੀਮਤੀ ਦਿਕਸ਼ਾ ਚੌਧਰੀ , ਚਰਨਜੀਤ ਸਿੰਘ ਰਾਏ ਸੇਵਾਮੁਕਤ ਚੇਅਰਮੈਨ, ਐਮਜੀਐਨ ਐਜੂਕੇਸ਼ਨਲ ਟਰੱਸਟ , ਮੁਖਤਿਆਰ ਸਿੰਘ ਦਹੀਆ ਸਕੱਤਰ, ਐਮ.ਜੀ.ਐਨ. ਐਜੂਕੇਸ਼ਨਲ ਟਰੱਸਟ ਮੈਨੇਜਰ ਐਮ.ਜੀ.ਐਨ. ਪਬਲਿਕ ਸਕੂਲ, ਆਦਰਸ਼ ਨਗਰ ,ਪ੍ਰਿੰਸੀਪਲ ਕੰਵਲਜੀਤ ਸਿੰਘ ਰੰਧਾਵਾ, ਸ੍ਰੀਮਤੀ ਸੰਗੀਤਾ ਭਾਟੀਆ ਅਕਾਦਮਿਕ ਕੋਆਰਡੀਨੇਟਰ ਅਤੇ ਸ੍ਰੀਮਤੀ ਸੁਖਮ (ਇੰਚਾਰਜ ਕੇ.ਜੀ.ਵਿੰਗ, ਸ੍ਰੀਮਤੀ ਅਮਰਦੀਪ ਕੌਰ ਕੋਆਰਡੀਨੇਟਰ ਸੀਨੀਅਰ ਸੈਕੰਡਰੀ , ਸ੍ਰੀਮਤੀ ਇੰਦਰਪ੍ਰੀਤ ਕੌਰ ਸੀ.ਬੀ.ਐਸ.ਸੀ.ਕੋਆਰਡੀਨੇਟਰ ਅਤੇ ਸਤਵਿੰਦਰ ਸਿੰਘ ਕੋਆਰਡੀਨੇਟਰ ਨੇ ਨਿੱਘਾ ਸਵਾਗਤ ਕੀਤਾ ਗਿਆ। ਮੁੱਖ ਮਹਿਮਾਨ ਜਗਦੀਪ ਸਹਿਗਲ ਨੇ ਇਨਾਮ ਜੇਤੂਆਂ ਅਤੇ ਸਮੁੱਚੇ ਐਮ.ਜੀ.ਐਨ. ਪਰਵਾਰ ਨੂੰ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦਿੱਤੀ ।

# ਭਗਵੰਤ ਮਾਨ ਸਰਕਾਰ ਨੇ ਸਾਬਕਾ ਫੌਜੀਆਂ ਨੂੰ ਕੀਤਾ ਅਪਮਾਨਤ- ਦਿਨੇਸ਼ ਕੁਮਾਰ



**ਫਗਵਾੜਾ, (ਡਾ. ਰਮਨ )** ਸਾਬਕਾ ਫੌਜੀਆਂ ਨੂੰ ਭਗਵੰਤ ਮਾਨ ਸਰਕਾਰ ਵਲੋਂ ਜਲੀਲ ਅਤੇ ਬੇਇਜ਼ਤ ਕਰਕੇ ਜੀ ਓ ਜੀ ਸਕੀਮ ਬੰਦ ਕੀਤੀ ਗਈ ਹੈ ਜਿਸ ਦੇ ਰੋਸ ਵਜੋਂ ਫਗਵਾੜਾ ਜੀ ਓ ਜੀ ਟੀਮ ਮੋਟਰ ਸਾਈਕਲਾਂ 'ਤੇ ਮਾਰਚ ਕਰਦਿਆਂ ਪੰਜਾਬ ਸਰਕਾਰ ਖਿਲਾਫ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਸਾਬਕਾ ਪੀ ਟੀ ਆਈ ਦਿਨੇਸ਼ ਕੁਮਾਰ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਲੋਂ ਸਾਬਕਾ ਫੌਜੀਆਂ ਜੀਓਜੀ 'ਤੇ ਝੂਠੀਆਂ ਤੋਹਮਤਾਂ ਲਾ ਕੇ ਕਿ ਇਹ ਆਪਣਾ ਕੰਮ ਸਹੀ ਨਹੀਂ ਕਰ ਰਹੇ ਕਹਿ ਕੇ 4300ਦੇ ਕਰੀਬ ਸਾਬਕਾ ਫੌਜੀਆਂ ਨੂੰ ਜੀਓਜੀ ਤੋਂ ਹਟਾ ਕੇ ਜਲੀਲ ਅਤੇ ਬੇਇੱਜ਼ਤ ਕਰਦਿਆਂ ਜੀਓਜੀ ਸਕੀਮ ਬੰਦ ਕਰ ਦਿੱਤੀ ਹੈ। ਜਿਸ ਦੇ ਰੋਸ ਵਜੋਂ ਜੀਓਜੀ ਟੀਮ ਫਗਵਾੜਾ ਦੇ ਸਮੂਹ ਸਾਬਕਾ ਫੌਜੀਆਂ ਵਲੋਂ ਡਾਕਟਰ ਬਾਬਾ ਭੀਮ ਰਾਓ ਅੰਬੇਡਕਰ ਪਾਰਕ ਤੋਂ ਮੋਟਰਸਾਈਕਲ ਮਾਰਚ ਆਰੰਭ ਕਰਕੇ ਸਿਵਲ ਹਸਪਤਾਲ ਫਗਵਾੜਾ ਅਤੇ ਹੁਸ਼ਿਆਰਪੁਰ ਰੋਡ ਤੋਂ ਹੁੰਦੇ ਹੋਏ ਦਾਣਾ ਮੰਡੀ ਤੱਕ ਪ੍ਰਦਰਸ਼ਨ ਕੀਤਾ ਗਿਆ ਹੈ। ਇਸ ਮੌਕੇ ਕਰਨਲ ਤਰਨਜੀਤ ਸਿੰਘ,,ਸੂਬੇਦਾਰ ਮੇਜਰ ਰਾਮ ਕਿਸ਼ਨ ,ਸੂਬੇਦਾਰ ਮੇਜਰ ਪ੍ਰੇਮ ਸਿੰਘ ਭੁੱਲਾਰਾਇ,ਲੈਫਟੀਨੈਂਟ ਮਖੱਣ ਸਿੰਘ, ਸੂਬੇਦਾਰ ਮੇਜਰ ਕੁਲਵੀਰ ਸਿੰਘ ,ਅੰਗਰੇਜ ਸਿੰਘ,ਕੈਪਟਨ ਹਰਚਰਨ ਸਿੰਘ,ਜਗੀਰ ਸਿੰਘ,ਹਰਜਿੰਦਰ ਸਿੰਘ,ਸੂਬੇਦਾਰ ਜੈ ਸ਼ਿਵ,ਮਨਮੋਹਨ ਸਿੰਘ,ਸੂਬੇਦਾਰ ਨਾਨਕ ਸਿੰਘ,ਉਕਾਰ ਸਿੰਘ,ਪਰਮਜੀਤ ਰਾਮ,ਕੈਪਟਨ ਰਾਮਪਾਲ, ਸਰੂਪ ਸਿੰਘ ਭਬਿਆਣਾ,ਕੈਪਟਨ ਤਰਲੋਕ ਸਿੰਘ ਪਾਂਸ਼ਟਾ,ਕੈਪਟਨ ਬਲਵਿੰਦਰ ਸਿੰਘ, ਅਜੀਤ ਸਿੰਘ ਨਸੀਰਾਬਾਦ,ਰਵਿੰਦਰ ਕੁਮਾਰ,ਪਰਮਜੀਤ ਰਾਮ ਨਰੂੜ ਅਤੇ ਹੋਰ ਜੀਓਜੀ ਟੀਮ ਦੇ ਮੈਂਬਰ ਵੀ ਹਾਜਰ ਸਨ।

# ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਇੰਡੀਆ ਵੱਲੋਂ ਜ਼ਿਲ੍ਹਾ ਪੁਲਸ ਦੇ ਇੱਕਪਾਸੜ ਵਤੀਰੇ ਦੀ ਨਿੰਦਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਸਿਵਲ ਹਸਪਤਾਲ ਹੁਸ਼ਿਆਰਪੁਰ ਵਿਚ ਮਰੀਜ਼ਾਂ ਨਾਲ ਹੁੰਦੇ ਮਾੜੇ ਵਤੀਰੇ ਦੀ ਕਵਰੇਜ ਕਰਨ ਗਏ ਪੱਤਰਕਾਰਾਂ ਨਾਲ ਐੱਸ ਐੱਮ ਓ ਅਤੇ ਮੈਡੀਕਲ ਸਟਾਫ ਵਿਵਾਦ ਵਿੱਚ ਪੱਤਰਕਾਰਾਂ ਖਿਲਾਫ ਪਰਚਾ ਦਰਜ ਕਰਨ ਦੇ ਜ਼ਿਲ੍ਹਾ ਪੁਲਸ ਦੀ ਇੱਕਪਾਸੜ ਕਾਰਵਾਈ ਦੇ ਤਿੱਖੇ ਪ੍ਰਤੀਕਰਮ ਦਿੰਦਿਆਂ ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਰਜਿ.ਇੰਡੀਆ ਪੰਜਾਬ ਦੇ ਪੰਜਾਬ ਪ੍ਰਧਾਨ ਬਲਵੀਰ ਸਿੰਘ ਸੈਣੀ ਅਤੇ ਚੇਅਰਮੈਨ ਪੰਜਾਬ ਜਸਵਿੰਦਰ ਸਿੰਘ ਆਜ਼ਾਦ ਨੇ ਜ਼ਿਲ੍ਹਾ ਹੁਸ਼ਿਆਰਪੁਰ ਪੁਲਸ ਅਤੇ ਜ਼ਿਲਾ ਪ੍ਰਸ਼ਾਸਨ ਨੂੰ ਐਤਵਾਰ ਸ਼ਾਮ 5 ਵਜੇ ਤੱਕ ਪੱਤਰਕਾਰਾਂ ਖਿਲਾਫ ਕੀਤੇ ਨਜਾਇਜ਼ ਪਰਚੇ ਰੱਦ ਕਰਨ ਦਾ ਅਲਟੀਮੇਟਮ ਦਿੱਤਾ ਹੈ ।ਸ਼ੁੱਕਰਵਾਰ ਵਿਸ਼ੇਸ਼ ਪ੍ਰੈੱਸ ਵਾਰਤਾ ਵਿੱਚ ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਰਜਿ. ਦੇ ਪੰਜਾਬ ਪ੍ਰਧਾਨ ਬਲਵੀਰ ਸਿੰਘ ਸੈਣੀ ਤੇ ਸੂਬਾ ਚੇਅਰਮੈਨ ਜਸਵਿੰਦਰ ਸਿੰਘ ਆਜ਼ਾਦ ਨੇ ਦੱਸਿਆ ਕਿ ਐੱਸ ਐੱਮ ਓ ਤੇ ਮੈਡੀਕਲ ਸਟਾਫ ਦੇ ਪੱਤਰਕਾਰਾਂ ਦੇ ਵਿਵਾਦ ਵਿੱਚ ਪੱਤਰਕਾਰਾਂ ਨੂੰ ਲਗਾਤਾਰ ਖਲਨਾਇਕ ਵੱਜੋਂ ਪੇਸ਼ ਕੀਤਾ ਜਾ ਰਿਹਾ ਹੈ। ਹੈਰਾਨੀਜਨਕ ਗੱਲ ਇਹ ਹੈ ਕਿ ਸਮਾਜ ਪ੍ਰਤੀ ਬਿਨਾਂ ਤਨਖਾਹ ਤੋਂ ਆਪਣੀ ਜ਼ਿੰਮੇਵਾਰੀ ਨਿਭਾ ਰਹੇ ਪੱਤਰਕਾਰ ਭਾਈਚਾਰੇ ਦੀ ਖਾਮੋਸ਼ੀ ਦੇ ਗਲਤ ਮਤਲਬ ਕੱਢੇ ਜਾ ਰਹੇ ਹਨ, ਜਦਕਿ ਪੱਤਰਕਾਰ ਭਾਈਚਾਰਾ ਕੇਵਲ ਸਮਾਜਕ ਸਾਰੋਕਾਰਾਂ ਨੂੰ ਪਹਿਲ ਦਿੰਦਿਆਂ ਇਸ ਮਸਲੇ ਦੇ ਸ਼ਾਂਤਮਈ ਹੱਲ ਦੇ ਹੱਕ ਵਿੱਚ ਯਤਨਸ਼ੀਲ ਰਿਹਾ ਹੈ। ਇਸ ਦੇ ਉਲਟ ਡਾਕਟਰ ਅਤੇ ਸਮੂਹ ਮੈਡੀਕਲ ਸਟਾਫ ਵੱਲੋਂ ਦਬਾਓ ਦੀ ਨੀਤੀ ਅਖਤਿਆਰ ਕਰਦਿਆਂ ਪੱਤਰਕਾਰਾਂ ਖਿਲਾਫ ਪਰਚੇ ਦਰਜ ਕਰਵਾਉਣ ਦੇ ਬਾਵਜੂਦ ਪਿਛਲੇ ਦਿਨਾਂ ਤੋਂ ਸਿਹਤ ਸੇਵਾਵਾਂ ਠੱਪ ਕਰਕੇ ਲੋਕਾਂ ਦੀ ਪਰੇਸ਼ਾਨੀ ਦਾ ਕਾਰਨ ਪੈਦਾ ਕਰ ਰਿਹਾ ਹੈ। ਪੰਜਾਬ ਪ੍ਰਧਾਨ ਬਲਵੀਰ ਸਿੰਘ ਸੈਣੀ ਤੇ ਸੂਬਾ ਚੇਅਰਮੈਨ ਜਸਵਿੰਦਰ ਸਿੰਘ ਅਜ਼ਾਦ ਨੇ ਦੱਸਿਆ ਕਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਇੰਡੀਆ ਰਜਿ. ਪੰਜਾਬ ਵੱਲੋਂ ਪੰਜਾਬ ਭਰ ਦੀਆਂ ਵੱਖ-ਵੱਖ ਪੱਤਰਕਾਰ ਐਸੋਸੀਏਸ਼ਨਾਂ ਅਤੇ ਭਰਾਤਰੀ ਜਥੇਬੰਦੀਆਂ ਨਾਲ ਰਾਬਤਾ ਕਾਇਮ ਕਰਕੇ ਰਲ ਕੇ ਜ਼ਿਲ੍ਹਾ ਪੁਲਸ ਦੀ ਪੱਖਪਾਤੀ ਤੇ ਇੱਕਪਾਸੜ ਕਾਰਵਾਈ ਖਿਲਾਫ ਜ਼ੋਰਦਾਰ ਤੇ ਤਿੱਖਾ ਸੰਘਰਸ਼ ਸ਼ੁਰੂ ਕਰਨ ਦੀ ਵਿਉਂਤਬੰਦੀ ਕੀਤੀ ਜਾ ਰਹੀ ਹੈ। ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਬਲਵੀਰ ਸਿੰਘ ਸੈਣੀ ਅਤੇ ਚੇਅਰਮੈਨ ਪੰਜਾਬ ਜਸਵਿੰਦਰ ਸਿੰਘ ਆਜ਼ਾਦ ਨੇ ਜ਼ਿਲ੍ਹਾ ਹੁਸ਼ਿਆਰਪੁਰ ਪੁਲਸ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਐਤਵਾਰ ਸ਼ਾਮ 5 ਵਜੇ ਤੱਕ ਪੱਤਰਕਾਰਾਂ ਖਿਲਾਫ ਕੀਤੇ ਨਜਾਇਜ਼ ਪਰਚੇ ਰੱਦ ਕਰਨ ਦਾ ਅਲਟੀਮੇਟਮ ਦਿੰਦਿਆਂ ਕਿਹਾ ਕਿ ਜੇਕਰ ਪੱਤਰਕਾਰਾਂ ਵੱਲੋਂ ਥਾਣਾ ਮਾਡਲ ਟਾਊਨ ਹੁਸ਼ਿਆਰਪੁਰ ਵਿੱਚ ਦਿੱਤੀ ਦਰਖਾਸਤ 'ਤੇ ਫੌਰੀ ਕਾਰਵਾਈ ਕਰਦਿਆਂ ਜ਼ਿੰਮੇਵਾਰ ਡਾਕਟਰਾਂ ਐੱਸ ਐੱਮ ਓ ਡਾ. ਸ਼ਵਾਤੀ, ਵਧੀਕ ਐੱਸ ਐੱਮ ਓ ਡਾ. ਸੁਨੀਲ ਭਗਤ, ਗੈਸ ਪਲਾਂਟ ਦੇ ਮੁਲਾਜ਼ਮ ਸਚਿਨ ਤੇ ਹੋਰਨਾਂ ਹਮਲਾਵਰਾਂ ਵੱਲੋਂ ਪੱਤਰਕਾਰਾਂ ਨਾਲ ਕੀਤੀ ਧੱਕੇਸ਼ਾਹੀ ਖਿਲਾਫ ਕੇਸ ਦਰਜ ਨਾ ਕੀਤਾ ਤਾਂ ਸੋਮਵਾਰ ਤੋਂ ਪੂਰੇ ਪੰਜਾਬ ਭਰ ਵਿੱਚ ਤਿੱਖਾ ਸੰਘਰਸ਼ ਅਰੰਭ ਕਰ ਦਿੱਤਾ ਜਾਵੇਗਾ, ਜਿਸ ਦੀ ਸਮੁੱਚੀ ਜ਼ਿੰਮੇਵਾਰੀ ਜ਼ਿਲ੍ਹਾ ਪ੍ਰਸ਼ਾਸਨ ਅਤੇ ਹੁਸ਼ਿਆਰਪੁਰ ਪੁਲਸ ਦੀ ਹੋਵੇਗੀ।

# ਮਗਨਰੇਗਾ ਲੇਬਰ ਮੂਵਮੈਂਟ ਨੇ ਏ ਡੀ ਸੀ ਵਿਕਾਸ ਨੂੰ ਦਿੱਤਾ ਯਾਦ ਪੱਤਰ



**ਮਾਹਿਲਪੁਰ - (ਸਫਰੀ)**— /ਮਗਨਰੇਗਾ ਮੇਟਾਂ,ਵਰਕਰਾਂ ਦੀਆਂ ਮੁਸ਼ਕਲਾਂ,ਮਨਰੇਗਾ ਐਕਟ ਨੂੰ ਲਾਗੂ ਕਰਵਾਉਣ, ਮੂਲ ਸੰਵਿਧਾਨਕ ਅਧਿਕਾਰਾਂ ਨੂੰ ਜਾਣਬੁਝ ਕੇ ਨਾ ਲਾਗੂ ਕਰਨ, ਲੇਬਰ ਐਕਟ ਅਨੁਸਾਰ ਉਜਰਤ ਨਾ ਦੇਣ ਆਦਿ ਮੁਸ਼ਕਲਾਂ ਨੂੰ ਲੈ ਕੇ ਵਫਦ ਜੈ ਗੋਪਾਲ ਧੀਮਾਨ ਅਤੇ ਜ਼ਿਲ੍ਹਾ ਪ੍ਰਧਾਨ ਪਰਮਿੰਦਰ ਕੁਮਾਰ ਤੇ ਬਲਾਕ 1 ਦੀ ਪ੍ਰਧਾਨ ਪਰਵੀਨ ਕੁਮਾਰੀ ਤੇ ਬਲਾਕ 2 ਦੀ ਪ੍ਰਧਾਨ ਇੰਦਰਜੀਤ ਕੌਰ ਤੇ ਮੂਵਮੈਂਟ ਦੀ ਮੁੱਖ ਸਲਾਹਕਰ ਸਤਨਾਮ ਕੌਰ ਦੀ ਅਗਵਾਈ ਵਿਚ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਦਰਬਾਰਾ ਸਿੰਘ ਰੰਧਾਵਾ ਨੂੰ ਮਿਲਿਆ ਅਤੇ ਪਿਛੱਲੇ ਸਮੇਂ ਤੋਂ ਲੱਟਕੀਆ ਆ ਰਹੀਆਂ ਮੰਗਾਂ ਨੂੰ ਲਾਗੂ ਕਰਲ ਸਬੰਧੀ ਮੰਗ ਪੱਤਰ ਸੌਂਪਿਆ ਧੀਮਾਨ ਨੇ ਦਸਿਆ ਕਿ ਮਨਰੇਗਾ ਐਕਟ ਅਤੇ ਮੂਲ ਸੰਵਿਧਾਨਕ ਅਧਿਕਾਰਾ ਦੀ ਹੇਠਲੇ ਪਧੱਰ 'ਤੇ ਅਣਦੇਖੀ ਕੀਤੀ ਜਾ ਰਹੀ ਹੈ ਜਿਸ ਕਾਰਨ ਮਨਰੇਗਾ ਦੇ ਕੰਮਾਂ ਵਿਚ ਪਾਰਦਰਸਤਾ ਸਵਾਲਾਂ ਦੇ ਘੇਰੇ ਵਿਚ ਖੜੀ ਹੋ ਗਈ ਹੈ। ਉਨ੍ਹਾਂ ਦਸਿਆ ਕਿ ਮਨਰੇਗਾ ਦੇ ਕੰਮਾਂ ਵਿਚ ਵੱਡੇ ਪਧੱਰ 'ਤੇ ਭ੍ਰਿਸ਼ਟਾਚਾਰ ਠਾਠਾਂ ਮਾਰ ਰਿਹਾ ਹੈ। ਭ੍ਰਿਸ਼ਟਾਚਾਰ ਦੇ ਸਬੂਤ ਦੇਣ ਦੇ ਬਾਵਜੂਦ ਹੇਠਲੇ ਪਧੱਰ 'ਤੇ ਨਾ ਤਾਂ ਕੋਈ ਕਾਰਵਾਈ ਹੋ ਰਹੀ ਹੈ ਤੇ ਨਾ ਤਾਂ ਕੋਈ ਪੜਤਾਲ। ਉਨ੍ਹਾਂ ਦਸਿਆ ਕਿ ਕੈਟਲ ਸ਼ੈਡਾਂ ਵਿਚ ਤਾਂ ਐਨਾ ਭ੍ਰਿਸ਼ਟਾਚਾਰ ਹੋਇਆ ਕਿ ਗਰੀਬਾਂ ਦੇ ਅਧਿਕਾਰਾਂ ਨੂੰ ਛਿੱਕੇ ਟੰਗ ਕੇ ਉਹ ਅਧਿਕਾਰ ਗਰੀਬਾਂ ਦੀ ਥਾਂ ਅਮੀਰਾਂ ਦੇ ਖਾਤੇ ਵਿਚ ਪਾ ਦਿੱਤੇ। ਪਿੰਡਾਂ ਵਿਚ ਸੋਸ਼ਲ ਆਡਿਟ ਵੀ ਪਿੰਡਾਂ ਵਿਚ ਦਸ ਕੇ ਨਹੀਂ ਕੀਤੇ। ਕਿੰਨੀ ਸ਼ਰਮ ਦੀ ਗੱਲ ਹੈ ਕਿ ਆਡਿਟ ਦੇ ਬਾਅਦ ਵੀ ਭ੍ਰਿਸ਼ਟਾਚਾਰ ਜਿਉਂ ਦਾ ਤਿਉਂ ਹੀ ਖੜਾ ਹੈ। ਉਨ੍ਹਾਂ ਕਿਹਾ ਕਿ ਆਡਿਟ ਵੀ ਭ੍ਰਿਸ਼ਟਾਚਾਰ ਦੀ ਭੇਂਟ ਚੜ੍ਹਿਆ ਤੇ ਜਾਣ ਬੁਝ ਕੇ ਕਾਗਜਾਂ ਵਿਚ ਸਾਫ ਸੁਥਰਾ ਅਕਸ ਬਣਾ ਕੇ ਪੰਜਾਬ ਸਰਕਾਰ ਦੀਆਂ ਅੱਖਾਂ ਵਿਚ ਘੱਟਾ ਪਾ ਦਿੱਤਾ। ਹੁਸ਼ਿਆਰਪੁਰ ਜ਼ਿਲ੍ਹੇ ਅੰਦਰ ਮਨਰੇਗਾ ਦੇ ਕੰਮ ਅਪਾਰਦਰਸ਼ਤਾ,ਭ੍ਰਿਸ਼ਟਾਚਾਰ ਅਤੇ ਸੰਵਿਧਾਨਕ ਵਿਤਕਰਿਆਂ ਦੀ ਭੇਂਟ ਚੜ੍ਹਿਆ ਪਿਆ ਹ । ਕਿੰਨੀ ਵੱਡੀ ਹੈਰਾਨੀ ਹੈ ਕਿ ਪੰਜਾਬ ਸਰਕਾਰ ਇਮਾਨਦਾਰ ਹੋਣ ਦੇ ਝੂਠੇ ਵਾਅਦੇ ਕਰਕੇ ਲੋਕਾਂ ਦੀਆਂ ਅੱਖਾਂ ਘੱਟਾ ਪਾ ਰਹੀ ਹੈ। ਉਲਟਾ ਭ੍ਰਿਸ਼ਟਾਚਾਰੀਆਂ ਨੂੰ ਬਚਾਉਣ ਵਿਚ ਲੱਗੀ ਹੋਈ ਹੈ। ਉਨ੍ਹਾਂ ਕਿਹਾ ਕਿ ਅਗਰ 10 ਦਿਨਾਂ ਇਨਸਾਫ ਨਾ ਦਿੱਤਾ ਤਾਂ ਮਾਨਯੋਗ ਹਾਈ ਕੋਰਟ ਦਾ ਦਰਵਾਜਾ ਖਟਖਟਾਇਆ ਜਾਵੇਗਾ। ਇਸ ਮੌਕੇ ਰਣਜੀਤ ਕੌਰ, ਕਮਲਜੀਤ ਕੌਰ, ਸੁਦੇਸ਼ ਕੁਮਾਰੀ, ਰਾਕੇਸ਼ ਬਾਲਾ, ਬਲਰਾਜ ਕੁਮਾਰ, ਨਿਰਮਲ ਕੌਰ, ਸੋਨੂ ਮਹਿਤਪੁਰ ਆਦਿ ਹਾਜਰ ਸਨ।

# ਲਾਕਰ ਤੋੜ ਕੇ 18 ਤੋਲੇ ਸੋਨੇ ਦੇ ਗਹਿਣੇ ਕੀਤੇ ਚੋਰੀ



**ਸੁਲਤਾਨਪੁਰ ਲੋਧੀ , (ਬਲਵਿੰਦਰ ਸਿੰਘ ਧਾਲੀਵਾਲ)**- ਥਾਣਾ ਕਬੀਰਪੁਰ ਅਧੀਨ ਪਿੰਡ ਵਾਟਾਂਵਾਲੀ ਖੁਰਦ ਵਿਖੇ ਸਾਬਕਾ ਸਰਪੰਚ ਤਰਸੇਮ ਸਿੰਘ ਦੀ ਕੋਠੀ 'ਚੋਂ ਬੀਤੀ ਰਾਤ ਚੋਰ ਗਿਰੋਹ ਵੱਲੋਂ ਲਾਕਰ ਤੋੜ ਕੇ 18 ਤੋਲੇ ਸੋਨੇ ਦੇ ਗਹਿਣੇ ਚੋਰੀ ਕਰ ਲਏ ਗਏ। ਸਾਰਾ ਪਰਵਾਰ ਕੋਠੀ ਨੂੰ ਜਿੰਦਰੇ ਲਗਾ ਕੇ ਨੇੜਲੇ ਪਿੰਡ ਰਣਧੀਰਪੁਰ ਵਿਖੇ ਇੱਕ ਵਿਆਹ ਸਮਾਗਮ 'ਚ ਭਾਗ ਲੈਣ ਗਏ ਸਨ। ਚੋਰੀ ਬਾਰੇ ਤਰਸੇਮ ਸਿੰਘ ਦੇ ਪਰਵਾਰ ਨੂੰ ਉਸ ਸਮੇ ਪਤਾ ਲੱਗਾ ਜਦੋਂ ਉਹ ਦੇਰ ਰਾਤ ਨੂੰ ਘਰ ਵਾਪਸ ਪਰਤੇ। ਥਾਣਾ ਕਬੀਰਪੁਰ ਦੇ ਮੁਖੀ ਐਸ.ਐਚ.ਓ. ਲਖਵਿੰਦਰ ਸਿੰਘ , ਏ.ਐਸ.ਆਈ. ਮਨਜਿੰਦਰ ਸਿੰਘ ਅਤੇ ਹੋਰ ਪੁਲਸ ਕਰਮਚਾਰੀ ਸਵੇਰੇ ਪਿੰਡ ਵਾਟਾਂਵਾਲੀ ਖੁਰਦ ਪਹੁੰਚੇ ਤੇ ਵਾਰਦਾਤ ਬਾਰੇ ਜਾਂਚ ਸ਼ੁਰੂ ਕਰ ਦਿੱਤੀ । ਸਾਬਕਾ ਸਰਪੰਚ ਤਰਸੇਮ ਸਿੰਘ ਨੇ ਦੱਸਿਆ ਕਿ ਘਰ ਦੇ ਬਾਹਰਲੇ ਗੇਟ ਨੂੰ ਜਿੰਦਰਾ ਲੱਗਾ ਹੋਇਆ ਸੀ ਤੇ ਚੋਰ ਪਿਛਲੇ ਪਾਸਿਓਂ ਪੌੜੀ ਲਗਾ ਕੇ ਘਰ ਦੀ ਛੱਤ 'ਤੇ ਚੜ੍ਹੇ ਤੇ ਘਰ ਅੰਦਰ ਦਾਖਲ ਹੋਏ ।ਜਿਸ ਤੋਂ ਬਾਅਦ ਚੋਰਾਂ ਨੇ ਲਾਕਰ ਦਾ ਜਿੰਦਰਾ ਤੋੜਿਆ ਅਤੇ 18 ਤੋਲੇ ਗਹਿਣੇ ਅਤੇ ਘਰ ਅੰਦਰ ਪਿਆ ਐਮ.ਆਈ. ਕੰਪਨੀ ਦਾ 1 ਮੋਬਾਇਲ ਵੀ ਚੋਰੀ ਕਰ ਲਿਆ ਤੇ ਫਰਾਰ ਹੋ ਗਏ।

# ਬਾਲ ਭਲਾਈ ਕਮੇਟੀ ਤੇ ਜੁਵੇਨਾਇਲ ਜਸਟਿਸ ਬੋਰਡ ਸੰਬੰਧੀ ਅਸਾਮੀਆਂ ਲਈ ਅਰਜ਼ੀਆਂ ਦੀ ਮੰਗ

**ਚੰਡੀਗੜ੍ਹ, (ਗੁਰਜੀਤ ਬਿੱਲਾ)**—ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਪੰਜਾਬ ਦੇ ਬੱਚਿਆਂ ਦੀ ਭਲਾਈ ਲਈ ਲਗਾਤਾਰ ਯਤਨ ਕਰ ਰਹੀ ਹੈ। ਇਸੇ ਲੜੀ ਤਹਿਤ ਸਮਾਜਿਕ ਸੁਰੱਖਿਆ ਵਿਭਾਗ ਵੱਲੋਂ ਬਾਲ ਭਲਾਈ ਕਮੇਟੀ, ਜੁਵੇਨਾਇਲ ਜਸਟਿਸ ਬੋਰਡ ਸਬੰਧੀ ਅਸਾਮੀਆਂ ਦੀ ਭਰਤੀ ਲਈ ਅਰਜ਼ੀਆਂ ਦੀ ਮੰਗ 21 ਨਵੰਬਰ ਤੱਕ ਕੀਤੀ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਬਾਰੇ ਮੰਤਰੀ ਡਾ.ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਬੱਚਿਆਂ ਦੀ ਭਲਾਈ ਸਕੀਮਾਂ ਨੂੰ ਲਾਗੂ ਕਰਨ ਲਈ ਬਾਲ ਭਲਾਈ ਕਮੇਟੀ ਦੇ ਚੇਅਰਮੈਨ ਤੇ ਮੈਂਬਰ ਅਤੇ ਜੁਵੇਨਾਇਲ ਜਸਟਿਸ ਬੋਰਡ ਦੇ ਮੈਂਬਰ ਦੀ ਭਰਤੀ ਕੀਤੀ ਜਾਣੀ ਹੈ ਤਾਂ ਜੋ ਸਮੇਂ ਸਿਰ ਬੱਚਿਆਂ ਦੀ ਭਲਾਈ ਸਕੀਮਾਂ ਨੂੰ ਲਾਗੂ ਕਰਕੇ ਸਬੰਧਤਾਂ ਨੂੰ ਲਾਭ ਮਿਲ ਸਕੇ। ਡਾ.ਬਲਜੀਤ ਕੌਰ ਨੇ ਦੱਸਿਆ ਕਿ ਇਹਨਾਂ ਅਸਾਮੀਆਂ ਲਈ ਚਾਹਵਾਨ ਉਮੀਦਵਾਰ ਹੋਰ ਵੇਰਵਿਆਂ ਲਈ ਵਿਭਾਗ ਦੀ ਵੈਬਸਾਈਟ 'ਤੇ ਲਾਗਇਨ ਕਰ ਸਕਦੇ ਹਨ।

ਪੰਜਾਬ ਸਰਕਾਰ ਵੱਲੋਂ ਭਰਤੀ ਨੋਟਿਸ ਲਈ ਜੇਕਰ ਭਵਿੱਖ ਵਿੱਚ ਕੋਈ ਸੋਧ ਕੀਤੀ ਜਾਂਦੀ ਹੈ ਤਾਂ ਉਹ ਵੈਬਸਾਈਟ 'ਤੇ ਪ੍ਰਕਾਸ਼ਿਤ ਕੀਤੀ ਜਾਵੇਗੀ। ਇਹਨਾਂ ਅਸਾਮੀਆਂ ਨੂੰ ਭਰਨ ਦੇ ਚਾਹਵਾਨ ਉਮੀਦਵਾਰ ਆਪਣੀਆਂ ਅਰਜ਼ੀਆਂ 21 ਨਵੰਬਰ 2022 ਤੱਕ ਭੇਜ ਸਕਦੇ ਹਨ।

# ਪੰਜੌੜਾ ਵਿਖੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਵਿਸ਼ਾਲ ਨਗਰ ਕੀਰਤਨ ਸਜਾਏ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਪੰਜੌੜਾ ਵਿਖੇ ਗੁਰਦੁਆਰਾ ਮਹਾਦਿਆਣਾ ਸਾਹਿਬ ਦੇ ਅਸਥਾਨ ਤੋਂ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪਰਵਾਸੀ ਭਾਰਤੀਆਂ ਅਤੇ ਇਲਾਕੇ ਦੇ ਸਹਿਯੋਗ ਨਾਲ ਜਗਤ ਗੁਰੂ, ਨਿਰੰਕਾਰੀ ਜੋਤਿ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ਾਲ ਨਗਰ ਕੀਰਤਨ ਸਜਾਏ ਗਏ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਥੇਦਾਰ ਭੁਪਿੰਦਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਧੰਨ ਧੰਨ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਨਾਲ ਵਿਸ਼ਾਲ ਨਗਰ ਕੀਰਤਨ ਵੱਖ ਵੱਖ ਪੜਾਵਾਂ ਤੋਂ ਹੁੰਦਾ ਹੋਇਆ ਸ਼ਾਮ ਨੂੰ ਸਮਾਪਤ ਹੋਇਆ। ਪੰਜ ਪਿਆਰੇ, ਪੰਜ ਨਿਸ਼ਾਨਚੀ, ਫੌਜੀ ਬੈਂਡ, ਗੱਤਕਾ ਅਖਾੜਾ, ਸ਼ਬਦੀ ਜਥੇ ਪਾਲਕੀ ਸਾਹਿਬ ਨਾਲ ਨਾਲ ਚੱਲ ਰਹੇ ਸਨ। ਵੱਖ ਵੱਖ ਪੜਾਵਾਂ ਵਿੱਚ ਸਵਾਗਤੀ ਗੇਟ ਲਗਾ ਕੇ ਫੁੱਲਾਂ ਦੀ ਵਰਖਾ ਕਰ ਕੇ ਸੰਗਤਾਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਜਥੇਦਾਰ ਬਾਬਾ ਗੁਰਮੀਤ ਸਿੰਘ ਕਾਰ ਸੇਵਾ ਨਡਾਲੋਂ, ਸੰਤ ਬਾਬਾ ਜਸਪਾਲ ਸਿੰਘ ਪੰਜੌੜਾ, ਜਥੇਦਾਰ ਜਸਵੀਰ ਸਿੰਘ ਭੱਟੀ ਨਡਾਲੋਂ, ਬਾਬਾ ਜਰਨੈਲ ਸਿੰਘ ਖਾਲਸਾ ਨਡਾਲੋਂ ਆਦਿ ਨੇ ਵਿਸ਼ੇਸ਼ ਤੌਰ 'ਤੇ ਪੁੱਜ ਕੇ ਹਾਜ਼ਰੀ ਭਰੀ। ਭਾਈ ਖੜਕ ਸਿੰਘ ਪਠਾਨਕੋਟ ਕਵੀਸ਼ਰੀ ਜਥਾ, ਭਾਈ ਗੁਰਭੇਜ ਸਿੰਘ ਚਵਿੰਡਾ ਪ੍ਰਭਾਤ ਫੇਰੀ ਜਥਾ ਨੇ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਵੱਖ ਵੱਖ ਪੜਾਵਾਂ 'ਤੇ ਸੰਗਤਾਂ ਵੱਲੋਂ ਲੰਗਰ ਲਗਾਏ ਗਏ। ਇਸ ਮੌਕੇ ਪ੍ਰਬੰਧਕ ਕਮੇਟੀ ਵੱਲੋਂ ਸਹਿਯੋਗੀਆਂ ਨੂੰ ਸਿਰਪਾਓ ਦੇ ਕੇ ਸਨਮਾਨਿਤ ਕੀਤਾ। ਪ੍ਰਧਾਨ ਭੁਪਿੰਦਰ ਸਿੰਘ ਨੇ ਦੱਸਿਆ ਕਿ 20 ਨਵੰਬਰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ, ਉਪਰੰਤ ਦੀਵਾਨ ਹਾਲ ਪੰਥ ਪ੍ਰਸਿੱਧ ਰਾਗੀ ਜਥੇ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਪ੍ਰਧਾਨ ਨੰਬਰਦਾਰ ਭੁਪਿੰਦਰ ਸਿੰਘ, ਜਰਨੈਲ ਸਿੰਘ, ਸੁਰਿੰਦਰ ਸਿੰਘ, ਸੂਬੇਦਾਰ ਮਨਜੀਤ ਸਿੰਘ,ਜਿੰਦਰ ਸਿੰਘ, ਹਰਪਾਲ ਸਿੰਘ, ਕਰਨਦੀਪ ਸਿੰਘ, ਪ੍ਰਭਦੀਪ ਸਿੰਘ, ਜਥੇਦਾਰ ਪਰਮਜੀਤ ਸਿੰਘ ਪੰਜੌੜਾ, ਜਥੇਦਾਰ ਕਮਲਜੀਤ ਸਿੰਘ ਸੈਣੀ ਸਾਬਕਾ ਸਰਪੰਚ ਪੰਜੌੜਾ, ਯੁਵਰਾਜ ਸਿੰਘ, ਬਲਜਿੰਦਰ ਸਿੰਘ ਖਾਲਸਾ ਪੰਚ, ਚਰਨਜੀਤ ਸਿੰਘ ਸਾਬਕਾ ਸਰਪੰਚ ਪੰਜੌੜਾ,ਚਰਨਜੀਤ ਸਿੰਘ ਖਾਲਸਾ ਹਾਜਰ ਸਨ।

# ਪਿੰਡ ਮੁਰਾਦਪੁਰ ਨਰਿਆਲ 'ਚ ਦੋ ਰੋਜ਼ਾ ਵਾਲੀਬਾਲ ਟੂਰਨਾਮੈਂਟ ਸ਼ੁਰੂ



**ਅੱਡਾ ਸਰਾਂ (ਕਾਜਲ )**- ਥਿਆੜਾ ਸਪੋਰਟਸ ਕਲੱਬ ਵੱਲੋਂ ਪਿੰਡ ਮੁਰਾਦਪੁਰ ਨਰਿਆਲ ਵਿਚ ਕਰਵਾਇਆ ਜਾ ਰਿਹਾ ਦੋ ਰੋਜ਼ਾ ਸੂਬਾ ਪੱਧਰੀ ਵਾਲੀਬਾਲ ਟੂਰਨਾਮੈਂਟ ਅੱਜ ਧੂਮ ਧੜੱਕੇ ਨਾਲ ਸ਼ੁਰੂ ਹੋ ਗਿਆ । ਪ੍ਰਧਾਨ ਸੁਰਿੰਦਰ ਸਿੰਘ ਥਿਆੜਾ, ਮੀਤ ਪ੍ਰਧਾਨ ਸੰਜੀਵ ਸਿੰਘ ਮੌਲਾ ਅਤੇ ਮਾਸਟਰ ਜਰਨੈਲ ਸਿੰਘ ਦੀ ਦੇਖ-ਰੇਖ ਵਿਚ ਕਰਵਾਏ ਜਾ ਰਹੇ ਇਸ ਟੂਰਨਾਮੈਂਟ ਦਾ ਉਦਘਾਟਨ ਸਾਬਕਾ ਮੰਤਰੀ ਸੰਗਤ ਸਿੰਘ ਗਿਲਜੀਆਂ ਨੇ ਕੀਤਾ ।ਇਸ ਮੌਕੇ ਗਿਲਜੀਆਂ ਨੇ ਕਲੱਬ ਵੱਲੋਂ ਖੇਡ ਅਤੇ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਦੇ ਕੀਤੇ ਜਾ ਰਹੇ ਉੱਦਮਾਂ ਦੀ ਸਲਾਘਾ ਕੀਤੀ । ਉਨ੍ਹਾਂ ਆਖਿਆ ਕਿ ਮੌਜੂਦਾ ਸਮੇਂ ਵਿਚ ਬੱਚਿਆਂ ਅਤੇ ਨੌਜਵਾਨਾਂ ਨੂੰ ਖੇਡਾਂ ਵੱਲ ਲਾਉਣਾ ਬੇਹੱਦ ਜ਼ਰੂਰੀ ਹੈ ।ਇਸ ਦੌਰਾਨ ਉਦਘਾਟਨੀ ਮੈਚ ਵਿਚ ਭਾਗੋਵਾਲ ਦੀ ਟੀਮ ਨੇ ਝੱਜ ਦੀ ਟੀਮ ਨੂੰ ਹਰਾਇਆ ।ਇਸ ਮੌਕੇ ਪ੍ਰਧਾਨ ਸੁਰਿੰਦਰ ਸਿੰਘ ਥਿਆੜਾ ਨੇ ਦੱਸਿਆ ਕਿ ਟੂਰਨਾਮੈਂਟ ਦੇ ਆਖਰੀ ਦਿਨ ਮੁੱਖ ਮਹਿਮਾਨ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ, ਵਿਧਾਇਕ ਜਸਵੀਰ ਸਿੰਘ ਰਾਜਾ, ਵਿਧਾਇਕ ਕਰਮਵੀਰ ਸਿੰਘ ਘੁੰਮਣ ਜੇਤੂ ਖਿਡਾਰੀਆਂ ਨੂੰ ਇਨਾਮ ਦੇਣਗੇ ।ਇਸ ਦੌਰਾਨ ਜ਼ਿਲਾ ਪੁਲਸ ਮੁਖੀ ਸਰਤਾਜ ਸਿੰਘ ਚਾਹਲ ਵਿਸ਼ੇਸ਼ ਮਹਿਮਾਨ ਹੋਣਗੇ ।ਉਨ੍ਹਾਂ ਦੱਸਿਆ ਕਿ ਜੇਤੂ ਟੀਮ ਨੂੰ 1 ਲੱਖ ਰੁਪਏ ਅਤੇ ਉਪਜੇਤੂ ਟੀਮ ਨੂੰ 75 ਹਜ਼ਾਰ ਰੁਪਏ ਦਿੱਤੇ ਜਾਣਗੇ ।ਇਸ ਮੌਕੇ ਸੰਮਤੀ ਮੈਂਬਰ ਹੁਸ਼ਿਆਰ ਸਿੰਘ ਥਿਆੜਾ, ਪ੍ਰਧਾਨ ਗੁਰਦੁਆਰਾ ਕਮੇਟੀ ਬਲਵੀਰ ਸਿੰਘ, ਰਵਿੰਦਰ ਪਾਲ ਸਿੰਘ ਗੋਰਾ, ਨੰਬਰਦਾਰ ਅਮਰੀਕ ਸਿੰਘ, ਅਨਮੋਲਦੀਪ ਸਿੰਘ ਥਿਆੜਾ, ਉਂਕਾਰ ਸਿੰਘ ਕਾਰੀ, ਪੰਡਿਤ ਨਰੇਸ਼ ਕੁਮਾਰ, ਗੁਰਦੀਪ ਸਿੰਘ, ਇੰਸਪੈਕਟਰ ਪਰਮਜੀਤ ਸਿੰਘ ਥਿਆੜਾ, ਗੁਰਮਿੰਦਰ ਸਿੰਘ ਥਿਆੜਾ, ਅਮਰੀਕ ਸਿੰਘ ਮੀਕਾ, ਮਾਸਟਰ ਰਿੰਪੀ, ਜਗਦੇਵ ਸਿੰਘ ਨੰਬਰਦਾਰ, ਸਤਨਾਮ ਸਿੰਘ, ਬਿੱਲਾ ਥਿਆੜਾ, ਹੈਪੀ ਥਿਆੜਾ, ਪੰਡਿਤ ਨਰਿਆਲ ਆਦਿ ਮੌਜੂਦ ਸਨ ।

# ਖੇਡਾਂ 'ਚ ਰੂਪਨਗਰ ਦੀਆਂ ਲੜਕੀਆਂ ਨੇ ਝੰਡੇ ਗੱਡੇ



**ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)** ਬਾਬਾ ਅਜੀਤ ਸਿੰਘ ਯੂਥ ਕਲੱਬ ਨੇ ਵਤਨ ਖੇਡਾਂ ਪੰਜਾਬ ਦੀਆਂ ਵਿੱਚ 19-21 ਵਰਗ ਦੇ ਗਰੁੱਪ ਵਿੱਚ ਸੰਗਰੂਰ ਵਿਖੇ ਹੋਈਆਂ ਖੇਡਾਂ ਵਿੱਚ ਰੂਪਨਗਰ ਦੇ ਪਿੰਡ ਬਜਰੂੜ ਦੀਆਂ ਕੁੜੀਆਂ ਨੇ ਦੂਜਾ ਸਥਾਨ ਪ੍ਰਾਪਤ ਕੀਤਾ ਹੈ। ਜਿਸ ਨੂੰ ਦੇਖਦਿਆਂ ਬਾਬਾ ਅਜੀਤ ਸਿੰਘ ਯੂਥ ਕੱਲਬ ਦੇ ਪ੍ਰਧਾਨ ਰਜੀਵ ਸ਼ਰਮਾ, ਪ੍ਰਧਾਨ ਬਲਜੀਤ ਸਿੰਘ ਦੀ ਅਗਵਾਈ ਹੇਠ ਇਹਨਾਂ ਲੜਕੀਆਂ ਅਤੇ ਇਨਾਂ ਦੇ ਕੋਚ ਗੁਰਬਿੰਦਰ ਸਿੰਘ ਪੀ ਟੀ ਆਈ ਨੂੰ ਵਿਸ਼ੇਸ਼ ਤੌਰ 'ਤੇ ਪਿੰਡ ਬਜਰੂੜ ਦੇ ਸਮਾਰਟ ਸੀਨੀਅਰ ਸੈਕੰਡਰੀ ਸਕੂਲ ਵਿੱਚ ਸਨਮਾਨਤ ਕੀਤਾ ਗਿਆ। ਇਸ ਦੌਰਾਨ ਕਲੱਬ ਦੇ ਪ੍ਰਧਾਨ ਨੇ ਆਪਣੇ ਸੰਬੋਧਨ 'ਚ ਕਿਹਾ ਕਿ ਇਨਾਂ ਕੁੜੀਆਂ ਨੇ ਜਿੱਥੇ ਜ਼ਿਲ੍ਹੇ ਰੂਪਨਗਰ ਦਾ ਨਾਂਅ ਰੋਸ਼ਨ ਕੀਤਾ ਉਥੇ ਹੀ ਪਿੰਡ ਤੇ ਇਨਾਂ ਲੜਕੀਆਂ ਦੇ ਮਾਤਾ ਪਿਤਾ ਦਾ ਨਾਂਅ ਵੀ ਰੋਸ਼ਨ ਹੋਇਆ ਹੈ। ਉਨ੍ਹਾਂ ਦੱਸਿਆ ਕਿ ਇਹਨਾਂ ਲੜਕੀਆਂ ਨੇ ਆਪਣੇ ਕੋਚ ਦੇ ਦੱਸੇ ਮਾਰਗ 'ਤੇ ਚੱਲ ਕੇ ਸਖ਼ਤ ਮਿਹਨਤ ਕਰਕੇ ਇਹ ਮੁਕਾਮ ਹਾਸਲ ਕੀਤਾ ਹੈ ਜੋ ਕਿ ਕਾਬਲੇ ਤਾਰੀਫ ਹੈ। ਪ੍ਰਿੰਸੀਪਲ ਵਰਿੰਦਰ ਸ਼ਰਮਾ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰਧਾਨ ਬਲਜੀਤ ਸਿੰਘ, ਖ਼ਜ਼ਾਨਚੀ ਗੁਰਪ੍ਰੀਤ ਸਿੰਘ, ਬਜਰੂੜ ਸਕੂਲ ਦੇ ਪ੍ਰਿੰਸੀਪਲ ਵਰਿੰਦਰ ਸ਼ਰਮਾ ਅਤੇ ਉਨ੍ਹਾਂ ਦਾ ਸਟਾਫ ਹਾਜ਼ਰ ਸੀ।

# ਪਾਣੀ ਬਚਾਓ ਪੈਸੇ ਕਮਾਓ ਸਕੀਮ ਤਹਿਤ ਪਿੰਡ ਮਾਣਕ, ਨੱਲ ਤੇ ਨਸੀਰਪੁਰ 'ਚ ਰਜਿਸਟ੍ਰੇਸ਼ਨ ਕੈਂਪ



**ਜਲੰਧਰ (ਸੁਰਿੰਦਰ ਕੁਮਾਰ)** ਧਰਤੀ ਹੇਠਲੇ ਪਾਣੀ ਨੂੰ ਹੋਰ ਹੇਠਾਂ ਜਾਣ ਤੋਂ ਰੋਕਣ ਲਈ ਸਰਕਾਰ ਵੱਲੋਂ ਚਲਾਈ ਜਾ ਰਹੀ ਪਾਣੀ ਬਚਾਓ ਪੈਸੇ ਕਮਾਓ ਸਕੀਮ ਤਹਿਤ ਕਿਸਾਨਾਂ ਦੀ ਰਜਿਸਟ੍ਰੇਸ਼ਨ ਲਈ ਲਗਾਏ ਜਾ ਰਹੇ ਕੈਂਪਾਂ ਦੀ ਲੜੀ ਤਹਿਤ ਸ਼ਨੀਵਾਰ ਨੂੰ ਬਲਾਕ ਲੋਹੀਆਂ ਦੇ ਪਿੰਡ ਮਾਣਕ, ਨੱਲ ਅਤੇ ਨਸੀਰਪੁਰ ਵਿਖੇ ਕੈਂਪ ਲਗਾਇਆ ਜਾ ਰਿਹਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਸਕੀਮ ਤਹਿਤ ਰਜਿਸਟਰ ਹੋਣ ਵਾਲੇ ਕਿਸਾਨਾਂ ਨੂੰ ਉਨ੍ਹਾਂ ਦੀ ਮੋਟਰ ਦੀ ਸਮਰੱਥਾ ਦੇ ਹਿਸਾਬ ਨਾਲ ਖਪਤ ਕੀਤੇ ਬਿਜਲੀ ਦੇ ਯੂਨਿਟ ਨਿਯਤ ਕਰ ਦਿੱਤੇ ਜਾਂਦੇ ਹਨ। ਇਸ ਉਪਰੰਤ ਸੰਬੰਧਤ ਕਿਸਾਨ ਦੀ ਮੋਟਰ 'ਤੇ ਇਕ ਮੀਟਰ ਲਾ ਦਿੱਤਾ ਜਾਂਦਾ ਹੈ ਅਤੇ ਨਿਯਤ ਕੀਤੇ ਬਿਜਲੀ ਦੇ ਯੂਨਿਟਾਂ ਦੀ ਖਪਤ ਤੋਂ ਘੱਟ ਵਰਤੇ ਯੂਨਿਟਾਂ ਦੇ ਅਨੁਪਾਤ ਅਨੁਸਾਰ ਰਾਸ਼ੀ ਸਿੱਧੀ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਤਬਦੀਲ ਕੀਤੀ ਜਾਂਦੀ ਹੈ। ਉਨ੍ਹਾਂ ਅੱਗੇ ਦੱਸਿਆ ਕਿ ਖੇਤ ਦੇ ਮਾਲਕ ਤੋਂ ਇਲਾਵਾ ਕਾਸ਼ਤਕਾਰ ਵੀ ਆਪਣਾ ਨਾਂਅ ਦਸਤਾਵੇਜ਼ਾਂ ਦੇ ਆਧਾਰ 'ਤੇ ਇਸ ਸਕੀਮ ਤਹਿਤ ਦਰਜ ਕਰਵਾ ਸਕਦੇ ਹਨ। ਜਸਪ੍ਰੀਤ ਸਿੰਘ ਨੇ ਕਿਹਾ ਕਿ ਇਸ ਸਕੀਮ ਦਾ ਮਕਸਦ ਪਾਣੀ ਦੀ ਬੱਚਤ ਦੇ ਨਾਲ-ਨਾਲ ਕਿਸਾਨਾਂ ਦੀ ਮਦਦ ਕਰਨਾ ਵੀ ਹੈ। ਕਿਸਾਨਾਂ ਨੂੰ ਇਸ ਸਕੀਮ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਕਰਦਿਆਂ ਉਨ੍ਹਾਂ ਕਿਹਾ ਕਿ ਕਿਸਾਨ ਇਸ ਸਕੀਮ ਨੂੰ ਅਪਣਾ ਕੇ ਵਿੱਤੀ ਲਾਭ ਲੈਣ ਤੋਂ ਇਲਾਵਾ ਧਰਤੀ ਹੇਠਲੇ ਪਾਣੀ ਦੀ ਸੰਭਾਲ ਵਿੱਚ ਯੋਗਦਾਨ ਵੀ ਪਾ ਸਕਦੇ ਹਨ। ਉਨ੍ਹਾਂ ਕਿਸਾਨਾਂ ਨੂੰ ਸਕੀਮ ਦਾ ਲਾਭ ਲੈਣ ਲਈ ਕੈਂਪ ਵਿੱਚ ਵਧ-ਚੜ੍ਹ ਕੇ ਪਹੁੰਚਣ ਦਾ ਸੱਦਾ ਦਿੰਦਿਆਂ ਬੈਂਕ ਦੀ ਕਾਪੀ ਅਤੇ ਟਿਊਬਵੈੱਲ ਕੁਨੈਕਸ਼ਨ ਦੀ ਕਾਪੀ ਨਾਲ ਲੈ ਕੇ ਆਉਣ ਲਈ ਕਿਹਾ।

# ਇਨੋਵਾ ਸਵਾਰ ਲੁਟੇਰਿਆਂ ਵੱਲੋਂ ਬੂੰਦਕ ਦੀ ਨੋਕ 'ਤੇ ਲੁੱਟਾਂ

**ਸੁਲਤਾਨਪੁਰ ਲੋਧੀ (ਬਲਵਿੰਦਰ ਸਿੰਘ ਧਾਲੀਵਾਲ)**-ਬੀਤੀ ਰਾਤ ਇੱਕ ਇਨੋਵਾ ਸਵਾਰ ਲੁਟੇਰਿਆਂ ਵੱਲੋਂ ਸੁਲਤਾਨਪੁਰ ਲੋਧੀ-ਕਪੂਰਥਲਾ ਮਾਰਗ 'ਤੇ ਸਥਿਤ ਸ਼ਰਾਬ ਦੇ ਠੇਕੇ ਤੋਂ ਲੁੱਟ ਕੀਤੀ ਗਈ। ਉਕਤ ਲੁਟੇਰਿਆਂ ਨੇ ਹਲਕੇ ਵਿੱਚ ਹੋਰ ਵੀ ਕਈ ਵਾਰਦਾਤਾਂ ਨੂੰ ਅੰਜਾਮ ਦਿੱਤਾ।

ਸ਼ਰਾਬ ਦੇ ਠੇਕੇ 'ਤੇ ਤਾਇਨਾਤ ਕਰਮਚਾਰੀ ਸ਼ਮੀ ਪੁੱਤਰ ਯਸ਼ਪਾਲ ਵਾਸੀ ਹਿਮਾਚਲ ਅਤੇ ਰਾਮ ਸਰੂਪ ਨਿਵਾਸੀ ਸੁਲਤਾਨਪੁਰ ਲੋਧੀ ਨੇ ਦੱਸਿਆ ਕਿ ਬੀਤੀ ਰਾਤ ਇੱਕ ਇਨੋਵਾ ਕਾਰ 'ਚ ਸਵਾਰ ਹੋ ਕੇ 5 ਅਣਪਛਾਤੇ ਨੌਜਵਾਨ ਆਏ ਅਤੇ ਆਉਂਦੇ ਸਾਰ ਹੀ ਸਾਡੇ 'ਤੇ ਰਾਈਫਲ ਤਾਣ ਕੇ ਸਾਡੇ ਕੋਲੋਂ ਗਲਾ ਖੋਹ ਲਿਆ, ਜਿਸ ਵਿੱਚ ਲਗਭਗ 7 ਹਜਾਰ ਰੁਪਏ ਨਗਦ ਸੀ। ਰਾਮ ਸਰੂਪ ਨੇ ਦੱਸਿਆ ਕਿ ਮੇਰੀ ਜੇਬ 'ਚ 2 ਹਜ਼ਾਰ ਰੁਪਏ ਨਗਦ ਅਤੇ ਮੇਰਾ ਪਰਸ ਵੀ ਖੋਹ ਕੇ ਲੈ ਗਏ ਅਤੇ ਸਾਡੇ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰਕੇ ਸਾਨੂੰ ਜ਼ਖ਼ਮੀ ਕਰ ਦਿੱਤਾ।

ਇਸ ਤੋਂ ਬਾਦ ਉਕਤ ਲੁਟੇਰੇ ਡੱਲਾ ਰੋਡ 'ਤੇ ਵਰਿੰਦਰ ਮੋਮੀ ਨਿਵਾਸੀ ਡੱਲਾ ਤੋਂ ਵੀ 25000 ਹਜ਼ਾਰ ਰੁਪਏ ਅਤੇ ਮੋਬਾਇਲ ਖੋਹ ਕੇ ਲੈ ਗਏ। ਥਾਣਾ ਸੁਲਤਾਨਪੁਰ ਲੋਧੀ ਪੁਲਸ ਵੱਲੋਂ ਉਕਤ ਲੁਟੇਰਿਆਂ ਦਾ ਪਿੱਛਾ ਕੀਤਾ ਗਿਆ ਅਤੇ ਉਨ੍ਹਾਂ ਵਿਚਕਾਰ ਮੁਕਾਬਲਾ ਵੀ ਹੋਇਆ। ਮਿਲੀ ਜਾਣਕਾਰੀ ਮੁਤਾਬਕ ਪੁਲਸ ਨੇ ਇਕ ਲੁਟੇਰੇ ਨੂੰ ਅਤੇ ਇਨੋਵਾ ਗੱਡੀ ਨੂੰ ਕਾਬੂ ਕਰ ਲਿਆ ਹੈ।

# ਲੁਠੇੜੀ ਸਕੂਲ 'ਚ ਜਾਗਰੂਕਤਾ ਰੈਲੀ ਕੱਢੀ



**ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੁਠੇੜੀ ਵਿਖੇ ਸੀਨੀਅਰ ਲੈਕਚਰਰ ਦਵਿੰਦਰ ਸਿੰਘ ਮਕੜੌਨਾ ਦੀ ਅਗਵਾਈ ਹੇਠ ਸਵੀਪ ਜਾਗਰੂਕਤਾ ਰੈਲੀ ਕੱਢੀ ਗਈ, ਜਿਸ ਨੂੰ ਤਹਿਸੀਲਦਾਰ ਚੇਤਨ ਬੰਗੜ ਅਤੇ ਨਾਇਬ ਤਹਿਸੀਲਦਾਰ ਦਲਵਿੰਦਰ ਸਿੰਘ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਰੈਲੀ ਵਿੱਚ ਬੱਚਿਆਂ ਨੇ ਸਰਸਰੀ ਚੋਣ ਸੁਧਾਈ ਦੇ ਸੰਬੰਧ ਵਿੱਚ ਨਾਹਰੇ ਲਗਾਏ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੰਜਾਬੀ ਮਾਸਟਰ ਅਤੇ ਮੀਡੀਆ ਇੰਚਾਰਜ ਧਰਮਿੰਦਰ ਸਿੰਘ ਭੰਗੂ ਨੇ ਦੱਸਿਆ ਕਿ ਰੈਲੀ ਵਿੱਚ ਸਵੀਪ ਨੋਡਲ ਅਫਸਰ ਰਾਬਿੰਦਰ ਸਿੰਘ ਰੱਬੀ ਨੇ ਵਿਦਿਆਰਥੀਆਂ ਨੂੰ ਆ ਕੇ ਸੰਵਿਧਾਨ, ਵੋਟਾਂ ਅਤੇ ਵੋਟਾਂ ਦੀ ਮਹੱਤਤਾ ਬਾਰੇ ਦੱਸਿਆ। ਉਨ੍ਹਾਂ ਵਿਦਿਆਰਥੀਆਂ ਨੂੰ ਇਸ ਸੰਬੰਧੀ ਪ੍ਰਸ਼ਨ ਵੀ ਪੁੱਛੇ। ਜੇਤੂ ਬੱਚਿਆਂ ਅਮਨਿੰਦਰ ਸਿੰਘ, ਰਾਜਦੀਪ ਸਿੰਘ, ਸਤਵਿੰਦਰ ਸਿੰਘ, ਹਰਸ਼ਵੀਰ ਸਿੰਘ, ਕਿਰਨਜੀਤ ਕੌਰ, ਦਮਨਪ੍ਰੀਤ ਕੌਰ, ਤਰਨਵੀਰ ਕੌਰ, ਸੋਨੀਆ, ਤਰਨਪ੍ਰੀਤ ਕੌਰ, ਤਰਨਵੀਰ ਸਿੰਘ, ਜਸਕਰਨ ਸਿੰਘ ਅਤੇ ਦਿਲਵੀਰ ਸਿੰਘ ਨੂੰ ਸਾਹਿਤਕ ਮੈਗਜ਼ੀਨ ਅਤੇ ਮੈਡਲ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਲੈਕਚਰਰ ਮਧੂ ਬਾਲਾ, ਸਰੀਨਾ ਰਾਏ, ਡਾ. ਬਲਜੀਤ ਕੌਰ, ਮੋਨਿਕਾ ਸ਼ਰਮਾ, ਲਖਵਿੰਦਰ ਸਿੰਘ, ਸੁਰਮੁਖ ਸਿੰਘ, ਜਸਵਿੰਦਰ ਕੌਰ, ਵਰਿੰਦਰ ਵਰਮਾ, ਹਰਿੰਦਰ ਕੁਮਾਰ, ਰਵਿੰਦਰ ਕੁਮਾਰ, ਮੋਨਿਕਾ ਗੁਪਤਾ, ਮਨਪ੍ਰੀਤ ਕੌਰ ਅਤੇ ਸੁਸ਼ਮਿਤਾ ਨੇ ਵੀ ਸ਼ਿਰਕਤ ਕੀਤੀ।

# ਇਨਸਾਨ ਨੂੰ ਨਾਮ-ਸਿਮਰਨ ਦਾ ਜਾਪ ਰੋਜ਼ਾਨਾ ਸਵੇਰੇ-ਸ਼ਾਮ ਕਰਨਾ ਚਾਹੀਦਾ : ਬਾਬਾ ਸ਼ੇਰ ਸਿੰਘ

**ਟਾਂਡਾ ਉੜਮੁੜ (ਜਸਵਿੰਦਰ ਸੰਧੂ ,ਉਂਕਾਰ ਸਿੰਘ )**- ਸ੍ਰਿਸ਼ਟੀ ਦੇ ਸਿਰਜਣਹਾਰ ਪਰਮ ਪਿਤਾ ਪਰਮੇਸ਼ਵਰ ਨੇ ਤਾਂ ਹਰ ਇਨਸਾਨ ਨੂੰ ਆਪਣਾ ਹੀ ਰੁਤਬਾ ਦੇ ਕੇ ਇਸ ਸੰਸਾਰ ਵਿਚ ਭੇਜਿਆ ਸੀ ਪਰ ਇਨਸਾਨ ਨੇ ਇਸ ਮਾਇਆਵੀ ਸੰਸਾਰ ਵਿਚ ਆ ਕੇ ਆਪਣੀ ਅਲੱਗ ਹੀ ਪਛਾਣ ਬਣਾ ਲਈ ਹੈ ਅਤੇ ਮੈਂ ਮੇਰੀ ਦੇ ਜਾਲ 'ਚ ਫਸ ਕੇ ਮਾੜੇ ਕਰਮਾਂ ਦਾ ਭੰਡਾਰ ਇਕੱਠਾ ਕਰੀ ਜਾ ਰਿਹਾ ਹੈ। ਇਸ ਮਨੁੱਖੀ ਜਨਮ ਦੇ ਅਸਲ ਮਕਸਦ ਪ੍ਰਭੂ ਦੇ ਨਾਮ-ਸਿਮਰਨ ਨੂੰ ਇਨਸਾਨ ਭੁਲਾਈ ਬੈਠਾ ਹੈ, ਜਿਸ ਨੇ ਇਸ ਆਵਾਗਮਨ ਦੇ ਚੱਕਰ ਤੋਂ ਹਮੇਸ਼ਾ ਲਈ ਨਿਜਾਤ ਦੇਣੀ ਹੈ। ਇਸ ਲਈ ਇਨਸਾਨ ਨੂੰ ਹਰ ਸਮੇਂ ਪ੍ਰਭੂ ਦਾ ਸਿਮਰਨ ਜ਼ਰੂਰ ਕਰਨਾ ਚਾਹੀਦਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਸਾਵਰ ਪੀਰ ਸੱਚੀ ਦਰਗਾਹ ਅਹੀਆਪੁਰ ਵਿਖੇ ਜੇਠੇ ਵੀਰਵਾਰ ਨੂੰ ਸਜਾਏ ਗਏ ਦਰਬਾਰ 'ਚ ਬੈਠੀ ਸੰਗਤ ਨੂੰ ਗੁਰੂ ਚਰਨਾਂ ਨਾਲ ਜੁੜਨ ਦੀ ਪ੍ਰੇਰਨਾ ਦਿੰਦੇ ਹੋਏ ਦਰਬਾਰ ਦੇ ਮੁੱਖ ਸੇਵਾਦਾਰ ਬਾਬਾ ਸ਼ੇਰ ਸਿੰਘ ਜੀ ਘੋੜੀਆਂ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਕਿਹਾ ਕਿ ਇਹ ਸਰੀਰ ਤਾਂ ਨਾਸ਼ਵਾਨ ਹੈ, ਜਿਸ ਵੀ ਕਿਸੇ ਨੇ ਇਸ ਦੁਨੀਆ ਵਿਚ ਇਨਸਾਨੀ ਜਾਮਾ ਧਾਰਨ ਕੀਤਾ ਹੈ ਉਸ ਦੀ ਇਕ ਦਿਨ ਮੌਤ ਤਾਂ ਨਿਸਚਤ ਹੀ ਹੈ, ਇਸ ਲਈ ਹਰ ਇਨਸਾਨ ਨੂੰ ਚੰਗੇ ਕਰਮ ਕਰਦੇ ਅਤੇ ਆਪਣੇ ਸਮਾਜਿਕ ਫਰਜ਼ ਨਿਭਾਉਂਦੇ ਹੋਏ ਗੁਰੂ ਵੱਲੋਂ ਬਖਸ਼ੇ ਗਏ ਨਾਮ-ਸਿਮਰਨ ਦਾ ਜਾਪ ਰੋਜ਼ਾਨਾ ਸਵੇਰੇ-ਸ਼ਾਮ ਜ਼ਰੂਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਹ ਇਨਸਾਨੀ ਜਾਮਾ ਬੜੇ ਹੀ ਭਾਗਾਂ ਨਾਲ ਪ੍ਰਾਪਤ ਹੁੰਦਾ ਹੈ, ਇਸ ਇਨਸਾਨੀ ਜਾਮੇ ਲਈ ਤਾਂ ਦੇਵੀ-ਦੇਵਤੇ ਵੀ ਤਰਸਦੇ ਹਨ ਤਾਂ ਜੋ ਪ੍ਰਭੂ ਸਿਮਰਨ ਕਰ ਸਕਣ। ਇਸ ਲਈ ਇਸ ਜਾਮੇ ਦਾ ਵੱਧ ਤੋਂ ਵੱਧ ਫਾਇਦਾ ਉਠਾਉਂਦੇ ਹਰ ਸਮੇਂ ਚਲਦੇ-ਫਿਰਦੇ ਪ੍ਰਭੂ ਦਾ ਜਾਪ ਕਰਦੇ ਰਹਿਣਾ ਚਾਹੀਦਾ ਹੈ। ਬਾਬਾ ਸ਼ੇਰ ਸਿੰਘ ਨੇ ਆਪਣੇ ਪ੍ਰਵਚਨਾਂ ਰਾਹੀਂ ਕਿਹਾ ਕਿ ਹਰ ਇਨਸਾਨ ਨੂੰ ਧਾਰਮਿਕ ਸਥਾਨਾਂ 'ਤੇ ਜਾ ਕੇ ਸੰਤ ਮਹਾਂਪੁਰਸ਼ਾਂ ਦੇ ਸਤਿਸੰਗ ਸੁਣਨੇ ਚਾਹੀਦੇ ਹਨ ਅਤੇ ਉਸ 'ਤੇ ਅਮਲ ਕਰਦੇ ਹੋਏ ਉਨ੍ਹਾਂ ਵੱਲੋਂ ਦਰਸਾਏ ਮਾਰਗ 'ਤੇ ਚੱਲਣਾ ਚਾਹੀਦਾ ਹੈ ਤਾਂ ਜੋ ਇਸ ਮਨੁੱਖੀ ਜਾਮੇ ਦਾ ਪੂਰਾ ਫਾਇਦਾ ਉਠਾਉਂਦੇ ਹੋਏ 84 ਦੇ ਗੇੜ ਤੋਂ ਛੁਟਕਾਰਾ ਮਿਲ ਸਕੇ। ਸਾਰਾ ਦਿਨ ਬਾਬਾ ਜੀ ਦਾ ਅਤੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ ਬੀਬੀ ਬਲਜੀਤ ਕੌਰ, ਮੀਰ ਕਮਲ ਸਾਬਰੀ, ਡਾ. ਮੀਰ ਹਸਨ, ਦੇਵੀਕਾ, ਰਾਜੇਸ਼ ਜਸਰਾ, ਬਲਜੀਤ ਸਿੰਘ, ਹਰਮੀਤ ਸਿੰਘ, ਗੁਰਸਰਨ ਕੌਰ, ਗੁਰਸੇਵਕ ਕੌਰ ਅਤੇ ਹੋਰ ਸੰਗਤ ਨੇ ਦਰਬਾਰ ਵਿੱਚ ਆਪਣੀ ਹਾਜ਼ਰੀ ਲਗਵਾ ਕੇ ਬਾਬਾ ਜੀ ਦਾ ਆਸ਼ੀਰਵਾਦ ਪ੍ਰਾਪਤ ਕੀਤਾ।

# ਸਿਵਲ ਹਸਪਤਾਲ 'ਚ 415 ਮਰੀਜ਼ਾਂ ਦੀ ਕੀਤੀ ਜਾਂਚ ਤੇ 45 ਜੁਬਾੜੇ ਲਗਾਏ



**ਫਿਲੌਰ (ਨਿਰਮਲ)** ਪੰਜਾਬ ਸਰਕਾਰ ਤੇ ਸਿਹਤ ਵਿਭਾਗ ਦੀਆਂ ਹਦਾਇਤਾਂ ਤੇ ਹਰ ਸਾਲ ਦੀ ਤਰ੍ਹਾਂ ਪੰਦਰਵਾੜਾ ਮੈਡਮ ਡਕਾਟਰ ਰੋਹਿਣੀ ਗੋਇਲ ਐਸ ਐਮ ਓ ਦੀ ਅਗਵਾਈ 'ਚ 34ਵਾਂ ਜਾਂਚ ਕੈਪ ਲਗਾਇਆ ਗਿਆ। ਜਿਸ ਵਿੱਚ 415 ਮਰੀਜਾਂ ਦੀ ਜਾਂਚ ਕੀਤੀ ਗਈ ਅਤੇ ਜਰੂਰਤਮੰਦ 45 ਮਰੀਜਾਂ ਦੇ ਜੁਬਾੜੇ ਲਗਾਏ ਗਏ। ਇਸ ਮੌਕੇ ਜ਼ਿਲ੍ਹਾ ਡੈਂਟਲ ਸਿਹਤ ਅਫਸਰ ਡਾ. ਬਲਜੀਤ ਰੂਬੀ ਕੈਂਪ ਦੌਰਾਨ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਨੇ ਕਿਹਾ ਕਿ ਅਗਲਾ ਕੈਂਪ ਫਰਵਰੀ ਮਹੀਨੇ ਲਗਾਇਆ ਜਾਵੇਗਾ। ਇਸ ਮੌਕੇ ਡਾਕਟਰ ਕੁਲਦੀਪ ਰਾਏ, ਡਾਕਟਰ ਅਮਰਜੀਤ ਸਿੰਘ, ਡਾਕਟਰ ਵਿਕਰਮ ਤੇ ਹੋਰ ਸਟਾਫ ਹਾਜਰ ਸੀ।

# ਜਮਹੂਰੀ ਕਿਸਾਨ ਸਭਾ ਦੀ ਮੀਟਿੰਗ 'ਚ ਫਤਿਹ ਦਿਵਸ ਅਤੇ ਰਾਜ ਭਵਨ ਵੱਲ ਮਾਰਚ ਸੰਬੰਧੀ ਲਏ ਅਹਿਮ ਫੈਸਲੇ



**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)** ਜਮਹੂਰੀ ਕਿਸਾਨ ਸਭਾ ਜ਼ਿਲ੍ਹਾ ਰੋਪੜ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਕਾਮਰੇਡ ਮੋਹਣ ਸਿੰਘ ਧਮਾਣਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਦੌਰਾਨ ਪਿਛਲੇ ਸਮੇਂ ਦੌਰਾਨ ਕੀਤੀਆਂ ਗਈਆਂ ਸਰਗਰਮੀਆਂ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ ਅਤੇ ਅੱਗੇ ਲਈ 19 ਨਵੰਬਰ ਨੂੰ ਦਿੱਲੀ ਮੋਰਚਾ ਫਤਿਹ ਦਿਵਸ ਮਨਾਉਣ ਲਈ ਨੂਰਪੁਰਬੇਦੀ ਅਤੇ ਘਨੌਲੀ ਵਿਖੇ ਕੈਂਡਲ ਮਾਰਚ ਕਰਨ ਦੇ ਫੈਸਲੇ ਦੇ ਨਾਲ ਸ਼ਾਮ ਸਮੇਂ ਸਾਰੇ ਘਰਾਂ ਤੇ ਦੀਪਮਾਲਾ ਕਰਨ ਦਾ ਵੀ ਫੈਸਲਾ ਲਿਆ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਜਨਰਲ ਸਕੱਤਰ ਜਰਨੈਲ ਸਿੰਘ ਘਨੌਲਾ, ਅਨੰਦਪੁਰ ਸਾਹਿਬ ਤਹਿਸੀਲ ਦੇ ਪ੍ਰਧਾਨ ਮਾਸਟਰ ਗੁਰਨੈਬ ਸਿੰਘ ਜੇਤੇਵਾਲ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ 26 ਨਵੰਬਰ ਵਾਲੇ ਇਤਿਹਾਸਕ ਦਿਨ ਕਿਸਾਨੀ ਮੋਰਚੇ ਨਾਲ ਸੰਬੰਧਤ ਮੰਗਾਂ ਮਨਾਉਣ ਲਈ ਚੰਡੀਗੜ੍ਹ ਵਿਖੇ ਰਾਜ ਭਵਨ ਵੱਲ ਜੋ ਮਾਰਚ ਕੀਤਾ ਜਾਵੇਗਾ ਉਸ ਵਿੱਚ ਜ਼ਿਲ੍ਹੇ ਭਰ ਵਿੱਚੋਂ ਸਭਾ ਦੇ ਸੈਂਕੜੇ ਕਾਰਕੁੰਨ ਸ਼ਾਮਲ ਹੋਣਗੇ । ਇਹ ਵੀ ਫੈਸਲਾ ਲਿਆ ਗਿਆ ਕਿ ਸਭਾ ਦੀ ਮੈਂਬਰਸ਼ਿਪ ਵਿੱਚ ਵਾਧਾ ਕਰਕੇ ਤਹਿਸੀਲਾਂ ਅਤੇ ਜ਼ਿਲ੍ਹੇ ਦੀਆਂ ਜਥੇਬੰਦਕ ਕਾਨਫਰੰਸਾਂ ਕੀਤੀਆਂ ਜਾਣਗੀਆਂ। ਇਨਾਂ ਕਾਨਫਰੰਸਾਂ ਵਿੱਚ ਕਿਸਾਨਾਂ ਅਤੇ ਆਮ ਲੋਕਾਂ ਦੀਆਂ ਮੰਗਾਂ ਨੂੰ ਉਭਾਰ ਕੇ ਉਨ੍ਹਾਂ ਨੂੰ ਹੱਲ ਕਰਵਾਉਣ ਲਈ ਸੰਘਰਸ਼ ਕੀਤਾ ਜਾਵੇਗਾ। ਉਨਾਂ ਤੋਂ ਇਲਾਵਾ ਮੀਟਿੰਗ ਵਿੱਚ ਕ੍ਰਿਪਾਲ ਸਿੰਘ ਭੱਟੋ, ਮੋਹਣ ਸਿੰਘ ਬਹਾਦਰਪੁਰ, ਸੋਹਣ ਸਿੰਘ ਕੰਧੋਲਾ, ਸ਼ਮਸ਼ੇਰ ਸਿੰਘ ਹਵੇਲੀ, ਰਾਮ ਲੋਕ ਬਹਾਦਰਪੁਰ, ਕਿਸ਼ਨ ਸਿੰਘ ਡੋਗਰ, ਅਮਰੀਕ ਸਿੰਘ ਸਮੀਰੋਵਾਲ, ਧਰਮਪਾਲ ਸੈਣੀਮਾਜਰਾ, ਛੋਟੂ ਰਾਮ ਜੱਟਪੁਰ, ਸੁਰਿੰਦਰ ਸਿੰਘ ਪੰਨੂ, ਦਰਸ਼ਨ ਸਿੰਘ ਬੜਵਾ ਅਤੇ ਧਰਮਪਾਲ ਟਿੱਬਾ ਟੱਪਰੀਆਂ ਹਾਜ਼ਰ ਸਨ।

ਇੱਕ ਮਤੇ ਰਾਹੀ ਮੰਗ ਵੀ ਕੀਤੀ ਕਿ ਜੋ ਪੁਲਸ ਥਾਣਾ ਨੰਗਲ ਵਿਖੇ ਨਜਾਇਜ਼ ਮਾਈਨਿੰਗ ਖਿਲਾਫ ਸੰਘਰਸ਼ ਕਰ ਰਹੇ ਕਮੇਟੀ ਮੈਂਬਰਾਂ 'ਤੇ ਕੇਸ ਦਰਜ ਕੀਤੇ ਗਏ ਹਨ ਉਨ੍ਹਾਂ ਕੇਸਾਂ ਨੂੰ ਇਸ ਕਰਕੇ ਰੱਦ ਕੀਤਾ ਜਾਵੇ ਕਿਉਂਕਿ ਇਹ ਕੇਸ ਬਦਲਾਖੋਰੀ ਦੀ ਨੀਤੀ ਨਾਲ ਦਰਜ ਕੀਤੇ ਗਏ ਹਨ ਜਿਨ੍ਹਾਂ ਵਿੱਚ ਕੋਈ ਵੀ ਸਚਾਈ ਨਹੀਂ ।

# ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਓਰੋ ਨੇ ਲਗਾਇਆ ਰਜਿਸਟ੍ਰੇਸ਼ਨ ਕੈਂਪ

**ਐਸ.ਏ.ਐਸ ਨਗਰ (ਗੁਰਜੀਤ ਬਿੱਲਾ)**-ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਓਰੋ, ਐਸ.ਏ.ਐਸ ਨਗਰ ਵਲੋਂ ਜ਼ਿਲ੍ਹਾ ਭਾਸ਼ਾ ਦਫਤਰ, ਐਸ.ਏ.ਐਸ. ਨਗਰ ਵਿਖੇ ਸਟੈਨੋਗ੍ਰਾਫੀ ਦੀ ਕਲਾਸਾਂ ਲਗਾ ਰਹੇ ਪ੍ਰਾਰਥੀਆਂ ਲਈ ਰਜਿਸਟ੍ਰੇਸ਼ਨ ਕੈਂਪ ਦਾ ਆਯੋਜਨ ਕੀਤਾ ਗਿਆ ਅਤੇ ਵਿਦਿਆਰਥੀਆਂ ਦੀ ਕੈਰੀਅਰ ਟਾਕ ਵੀ ਕੀਤੀ ਗਈ। ਇਸ ਮੌਕੇ ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਤੇ ਸਿਖਲਾਈ ਅਫਸਰ ਡਿੰਪਲ ਥਾਪਰ ਅਤੇ ਮਿਸ ਨਬੀਹਾ ਕੈਰੀਅਰ ਕਾਊਂਸਲਰ ਵਲੋਂ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਰੋਜ਼ਗਾਰ ਦੇ ਮੌਕੇ ਅਤੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰਨ ਬਾਰੇ ਉਤਸਾਹਿਤ ਕੀਤਾ ਗਿਆ।

ਵਧੇਰੇ ਜਾਣਕਾਰੀ ਦਿੰਦਿਆਂ ਡਿੰਪਲ ਥਾਪਰ, ਰੋਜ਼ਗਾਰ ਉਤਪੱਤੀ, ਹੁਨਰ ਵਿਕਾਸ ਤੇ ਸਿਖਲਾਈ ਅਫਸਰ ਨੇ ਵਿਦਿਆਰਥੀਆਂ ਨੂੰ ਬਿਊਰੋ ਵਲੋਂ ਦਿੱਤੀਆਂ ਜਾਂਦੀਆਂ ਸੁਵਿਧਾਵਾਂ ਬਾਰੇ ਜਾਣੂੰ ਕਰਵਾਉਂਦਿਆਂ ਦੱਸਿਆ ਕਿ ਪੰਜਾਬ ਸਰਕਾਰ ਦੇ ਘਰ-ਘਰ ਰੋਜਗਾਰ ਮਿਸ਼ਨ ਅਧੀਨ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਲੋਂ ਪਲੇਸਮੈਂਟ ਕੈਂਪ, ਸਵੈ-ਰੋਜਗਾਰ ਕੈਂਪ, ਸਕਿੱਲ ਕੈਂਪ ਆਦਿ ਦਾ ਆਯੋਜਨ ਸਮੇਂ-ਸਮੇਂ ਤੇ ਕੀਤਾ ਜਾਂਦਾ ਹੈ ਤਾਂ ਜੋ ਜ਼ਿਲ੍ਹੇ ਦੇ ਬੇਰੁਜਗਾਰ ਨੌਜਵਾਨਾਂ ਨੂੰ ਵੱਧ ਤੋਂ ਵੱਧ ਰੋਜਗਾਰ ਦੇ ਅਵਸਰ ਮੁਹੱਈਆ ਕਰਵਾਏ ਜਾ ਸਕਣ ਅਤੇ ਉਨ੍ਹਾਂ ਨੂੰ ਆਰਥਿਕ ਪੱਖੋਂ ਆਤਮਨਿਰਭਰ ਬਣਾਇਆ ਜਾ ਸਕੇ।

# ਨੰਗਲ (ਖੇੜਾ) ਵਿਖੇ ਸਾਲਾਨਾ ਬਰਸੀ ਸਮਾਗਮ ਤੇ 47ਵੇਂ ਸਲਾਨਾ ਜੋੜ ਮੇਲੇ ਦਾ ਸ਼ੁੱਭ ਆਰੰਭ



**ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ )** ਡੇਰਾ ਸੰਤ ਬਾਬਾ ਪਾਰਸ ਨਾਥ ਜੀ 'ਤਪੱਸਵੀ' ਪਿੰਡ ਨੰਗਲ (ਖੇੜਾ) ਵਿਖੇ ਸਾਲਾਨਾ ਬਰਸੀ ਸਮਾਗਮ ਅਤੇ 47ਵਾਂ ਸਲਾਨਾ ਜੋੜ ਮੇਲਾ ਡੇਰੇ ਦੇ ਸੰਚਾਲਕ ਸੰਤ ਟੈਹਿਲ ਨਾਥ ਅਤੇ ਬੀਬੀ ਆਸ਼ਾ ਦੇਵੀ ਦੀ ਰਹਿਨੁਮਾਈ ਹੇਠ ਸਮੂਹ ਗ੍ਰਾਮ ਪੰਚਾਇਤ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਸ਼ੁਰੂ ਕਰਵਾਇਆ ਗਿਆ।

ਤਿੰਨ ਰੋਜਾ ਸਮਾਗਮ ਦੇ ਪਹਿਲੇ ਦਿਨ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਏ। ਡੇਰੇ ਦੇ ਮੁੱਖ ਸੇਵਾਦਾਰ ਮੁਕੇਸ਼ ਨਾਥ ਨੇ ਦੱਸਿਆ ਕਿ 19 ਨਵੰਬਰ ਦਿਨ ਸ਼ਨੀਵਾਰ ਨੂੰ ਸਵੇਰੇ 10 ਵਜੇ ਸ੍ਰੀ ਨਿਸ਼ਾਨ ਸਾਹਿਬ ਨੂੰ ਚੋਲਾ ਪਹਿਨਾਇਆ ਜਾਵੇਗਾ ਅਤੇ ਰਾਤ 8 ਤੋਂ 11 ਵਜੇ ਤਕ ਕੀਰਤਨ ਦਰਬਾਰ ਹੋਵੇਗਾ। ਜਿਸ ਵਿਚ ਉੱਚ ਕੋਟੀ ਦੇ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਨਗੇ। ਸਮਾਗਮ ਦੇ ਆਖਰੀ ਦਿਨ ਐਤਵਾਰ 10 ਨਵੰਬਰ ਨੂੰ ਸਵੇਰੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਦੁਪਿਹਰ 1 ਤੋਂ 3 ਵਜੇ ਤੱਕ ਸੰਤ ਪ੍ਰਵਚਨ ਹੋਣਗੇ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ। ਇਸ ਮੌਕੇ ਬੀਬੀ ਤਰਸੇਮ ਕੌਰ ਰੁੜਕੀ, ਸੋਹਨ ਲਾਲ, ਨੀਲਮ, ਸੀਮਾ, ਹਰਬੰਸ ਕੌਰ, ਜਿੰਦਰ, ਬਿਮਲਾ, ਰਵਿੰਦਰ ਚਾਹਲ, ਖੀਮਾ ਸੁਮਨ, ਵਰਿੰਦਰ ਕੁਮਾਰ, ਲੈਂਬਰ ਸਿੰਘ, ਮਾਨਵੀ ਸੁਮਨ ਆਦਿ ਹਾਜਰ ਸਨ।

# ਗਾਇਕ ਸਰਬਜੀਤ ਨਿੱਕਾ ਦਾ ਸਿੰਗਲ ਟਰੈਕ 'ਇਸ਼ਕੇ ਦੀ ਸੱਟ' ਰਿਲੀਜ਼ ਲਈ ਤਿਆਰ

**ਫਗਵਾੜਾ (ਡਾ. ਰਮਨ )** ਸੰਗੀਤ ਦੀ ਦੁਨੀਆ ਵਿੱਚ ਪੰਜਾਬੀ ਸੱਭਿਆਚਾਰ ਨੂੰ ਨਿਖਾਰ ਕੇ ਰੱਖਣ ਵਾਲੇ ਮਰਹੂਮ ਗੀਤਕਾਰ ਸਾਜਣ ਰਾਏਕੋਟੀ ਦੇ ਲਾਡਲੇ ਸ਼ਾਗਿਰਦ ਮੇਸ਼ੀ ਮਹਿਰਮ ਫਿਲੌਰੀ ਦੀ ਪੇਸ਼ਕਸ਼ ਅਤੇ ਗਾਇਕ ਸਰਬਜੀਤ ਨਿੱਕਾ ਦੀ ਸੁਰੀਲੀ ਆਵਾਜ਼ ਵਿਚ ਰਿਕਾਰਡ 'ਇਸ਼ਕੇ ਦੀ ਸੱਟ' ਗੀਤ ਜਲਦੀ ਹੀ ਜਨਤਾ ਦੀ ਕਚਹਿਰੀ ਵਿੱਚ ਪੇਸ਼ ਹੋਣ ਜਾ ਰਿਹਾ ਹੈ। ਜੋ ਕਿ ਯੂ-ਟਿਯੂਬ ਚੈਨਲ ਆਈ.ਆਰ ਰਿਕਾਰਡਜ ਰਾਹੀ ਜਨਤਕ ਕੀਤਾ ਜਾਵੇਗਾ। ਇਸ ਪ੍ਰੋਜੈਕਟ ਨੂੰ ਤਿਆਰ ਕਰਨ ਵਾਲੇ ਸੋਨੂੰ ਮੱਟੂ ਨੇ ਦੱਸਿਆ ਕਿ ਮੇਸ਼ੀ ਮਹਿਰਮ ਫਿਲੌਰੀ ਆਪਣੇ ਉਸਤਾਦ ਸਾਜਣ ਰਾਏਕੋਟੀ ਦੇ ਪੂਰਨਿਆਂ 'ਤੇ ਚਲਦਿਆਂ ਪੰਜਾਬੀ ਸੱਭਿਆਚਾਰ ਨੂੰ ਨਿਖਾਰਨ ਲਈ ਯੋਗ ਉਪਰਾਲੇ ਕਰ ਰਹੇ ਹਨ। ਉਹਨਾਂ ਦੱਸਿਆ ਕਿ ਇਸ ਗੀਤ ਦੇ ਬੋਲ ਲਖਵਿੰਦਰ ਗਿੱਲ ਦੀ ਕਲਮ ਤੋਂ ਲਿਖੇ ਗਏ ਹਨ ਜਿਸ ਨੂੰ ਹੈਰੀ ਅਮਿਤ ਨੇ ਆਪਣੇ ਸੰਗੀਤ ਨਾਲ ਸ਼ਿਗਾਰੀਆ ਹੈ। ਗੀਤ ਦਾ ਵੀਡੀਓ ਫਿਲਮਾਂਕਣ ਮਲਕੀਤ ਸਿੰਘ ਵਲੋਂ ਬਹੁਤ ਹੀ ਖੂਬਸੂਰਤੀ ਨਾਲ ਕੀਤਾ ਗਿਆ ਹੈ। ਉਨ੍ਹਾਂ ਇਸ ਪ੍ਰੋਜੈਕਟ ਨੂੰ ਸਫਲ ਬਨਾਉਣ ਵਿਚ ਸਹਿਯੋਗ ਦੇਣ ਲਈ ਸੰਦਲ ਸਟੂਡੀਓ ਦੇ ਦੀਪਕ ਨਾਹਰ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਵੀ ਕੀਤਾ।



# ਕਿਸਾਨਾਂ ਵਿਰੁੱਧ ਮੁੱਖ ਮੰਤਰੀ ਦਾ ਦਿੱਤਾ ਬਿਆਨ ਮੰਦਭਾਗਾ-ਸੰਯੁਕਤ ਕਿਸਾਨ ਮੋਰਚਾ

## ☛ ਕਿਸਾਨੀ ਮੰਗਾਂ ਨੂੰ ਲੈ ਕੇ ਚੱਲ ਰਿਹਾ ਅਣਮਿੱਥੇ ਸਮੇਂ ਦਾ ਧਰਨਾ ਚੌਥੇ ਦਿਨ ਵੀ ਜਾਰੀ ਰਿਹਾ ☛ ਜਗਜੀਤ ਸਿੰਘ ਡੱਲੇਵਾਲ ਮੰਗਾਂ ਮਨਵਾਉਣ ਲਈ ਮਰਨ ਵਰਤ 'ਤੇ ਬੈਠੇ



ਮਾਨਸਾ (ਆਤਮਾ ਸਿੰਘ ਪਮਾਰ)-ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਵੱਲੋਂ ਕਿਸਾਨੀ ਮੰਗਾਂ ਨੂੰ ਲੈ ਕੇ ਚੱਲ ਰਹੇ ਅਣਮਿੱਥੇ ਸਮੇਂ ਦਾ ਧਰਨਾਂ ਚੌਥੇ ਦਿਨ ਵਿੱਚ ਸ਼ਾਮਿਲ ਹੋ ਗਿਆ। ਮੋਰਚੇ ਦੇ ਸੀਨੀਅਰ ਆਗੂ ਜਗਜੀਤ ਸਿੰਘ ਡੱਲੇਵਾਲ ਮੰਗਾਂ ਮਨਵਾਉਣ ਲਈ ਮਰਨ ਵਰਤ ਉੱਤੇ ਬੈਠ ਗਏ ਹਨ, ਪਰ ਮੁੱਖ ਮੰਤਰੀ ਧਰਨਿਆਂ ਨੂੰ ਰਿਵਾਜ ਦੱਸ ਰਿਹਾ ਹੈ ਅਤੇ ਫੰਡ ਇਕੱਠਾ ਕਰਨ ਦਾ ਸਾਧਨ ਕਹਿ ਕੇ ਕਿਸਾਨਾਂ ਦਾ ਮਖੌਲ ਉਡਾ ਰਿਹਾ ਹੈ। ਇਸ ਵਿਰੋਧ ਵਿੱਚ ਪ੍ਰਤੀਕਿਰਿਆ ਦਿੰਦਿਆਂ ਸੂਬਾ ਜਨਰਲ ਸਕੱਤਰ ਕਾਕਾ ਸਿੰਘ ਕੋਟੜਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਜੋ ਬਿਆਨ ਦਿੱਤਾ ਗਿਆ, ਉਸ ਉੱਤੇ ਤੰਜ ਕੱਸਦਿਆਂ ਕਿਸਾਨ ਆਗੂ ਨੇ ਕਿਹਾ ਕਿ ਜਦੋਂ ਭਗਵੰਤ ਸਿੰਘ ਮਾਨ ਅੰਨਾ ਹਜ਼ਾਰੇ ਦੇ ਦਿੱਲੀ ਅੰਦੋਲਨ ਸਮੇਂ ਬੱਸਾਂ ਭਰ ਕੇ ਲੋਕਾਂ ਨੂੰ ਲੈ ਕੇ ਜਾਂਦਾ ਰਿਹਾ ਤਾਂ ਫਿਰ ਕੀ ਇਹ ਫੰਡ ਇਕੱਠਾ ਕਰਨ ਦਾ ਜ਼ਰੀਆ ਸੀ। ਇਕ ਸੰਵਿਧਾਨਕ ਅਹੁਦੇ ਉੱਤੇ ਬੈਠ ਕੇ ਮੁੱਖ ਮੰਤਰੀ ਨੂੰ ਅਜਿਹੇ ਬਿਆਨ ਸ਼ੋਭਾ ਨਹੀਂ ਦਿੰਦੇ ਅਤੇ ਉਨ੍ਹਾਂ ਦੀ ਅਕਲ ਦਾ ਜਨਾਜ਼ਾ ਕੱਢਦੇ ਹਨ। ਅਜਿਹੇ ਬਿਆਨ ਦੀ ਰੀਤ ਚਲਾਏ ਬਗੈਰ ਧਰਨਾਕਾਰੀਆਂ ਦੀਆਂ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਕਰਨੀਆਂ ਚਾਹੀਦੀਆਂ ਹਨ।

ਗੌਰਤਲਬ ਹੈ ਕਿ ਸਰਕਾਰ ਵੱਲੋਂ ਮੰਨੀਆਂ ਹੋਈਆਂ ਮੰਗਾਂ ਜਿਵੇਂ ਕਿ ਗੁਲਾਬੀ ਸੁੰਡੀ ਨਾਲ ਨੁਕਸਾਨੇ ਨਰਮੇ ਦਾ ਮੁਆਵਜ਼ਾ, ਬਰਸਾਤ ਨਾਲ ਨੁਕਸਾਨੇ ਝੋਨੇ ਦਾ ਮੁਆਵਜ਼ਾ ਤੇ ਚਾਈਨਾ ਵਾਇਰਸ ਨਾਲ ਨੁਕਸਾਨੇ ਦਾ ਮੁਆਵਜ਼ਾ, ਕਿਸਾਨਾਂ ਉੱਪਰ ਪਰਾਲੀ ਦੇ ਕੀਤੇ ਪਰਚੇ ਤੇ ਫਰਦ ਵਿੱਚ ਰੈੱਡ ਐਂਟਰੀਆਂ ਰੱਦ ਕਰਵਾਉਣਾ, ਜੁਮਲਾ ਮਾਲਕਾਨ ਜ਼ਮੀਨ ਦੇ ਮਾਲਕ ਕਿਸਾਨਾਂ ਨੂੰ ਉਨ੍ਹਾਂ ਦਾ ਮਾਲਕੀ ਹੱਕ ਦਿਵਾਉਣਾ, ਗੁਰੂ ਕਾਸ਼ੀ ਯੂਨੀਵਰਸਿਟੀ ਦੇ ਹਜ਼ਾਰਾਂ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਕਰਨ ਵਾਲੇ ਦੋਸ਼ੀ ਵੀ ਸੀ ਉੱਪਰ ਕਾਰਵਾਈ ਕਰਵਾਉਣਾ, 5 ਨਵੰਬਰ ਨੂੰ ਖੰਡ ਮਿੱਲਾਂ ਚਾਲੂ ਕਰਨ ਦਾ ਵਾਅਦਾ ਕਰਕੇ ਮੁਕਰਨ ਦੇ ਰੋਸ ਤੇ ਖੰਡ ਮਿੱਲਾਂ ਨੂੰ ਤੁਰੰਤ ਚਾਲੂ ਕਰਨ ਦੀ ਮੰਗ ਨੂੰ ਲੈ ਕੇ ਸੜਕਾਂ ਉੱਤੇ ਉੱਤਰੇ ਹੋਏ ਕਿਸਾਨ ਲਗਾਤਾਰ ਮਜ਼ਬੂਤੀ ਨਾਲ ਤਿੰਨ ਕੋਨੀਆਂ ਪੁਲ ਮਾਨਸਾ, ਧਰੇੜੀ ਜੱਟਾਂ ਟੋਲ ਪਲਾਜ਼ਾ ਰਾਜਪੁਰਾ ਪਟਿਆਲਾ ਰੋਡ, ਟਹਿਣਾ ਟੀ ਪੁਆਇੰਟ ਫਰੀਦਕੋਟ, ਅੰਮ੍ਰਿਤਸਰ ਸਾਹਿਬ, ਮੁਕੇਰੀਆਂ ਤੇ ਬੀਬੀਆਂ ਭੈਣਾਂ ਤਲਵੰਡੀ ਸਾਬੋ ਵਿਖੇ ਉਸ ਤਰ੍ਹਾਂ ਹੀ ਮਜ਼ਬੂਤੀ ਨਾਲ ਡਟੀਆਂ ਹੋਈਆਂ ਹਨ। ਕੰਮ ਦਾ ਜ਼ੋਰ ਹੋਣ ਦੇ ਬਾਵਜੂਦ ਧਰਨਾਕਾਰੀ ਸ਼ਿੱਦਤ ਨਾਲ ਸੰਘਰਸ਼ ਲੜ ਰਹੇ ਹਨ।

ਇਸ ਮੌਕੇ ਗੁਰਚਰਨ ਸਿੰਘ ਭੀਖੀ ਸੂਬਾ ਪ੍ਰਧਾਨ ਭਾਕਿਯੂ ਮਾਨਸਾ, ਲਖਵੀਰ ਸਿੰਘ ਅਕਲੀਆ ਜ਼ਿਲ੍ਹਾ ਪ੍ਰਧਾਨ ਮਾਨਸਾ, ਬਲੌਰ ਸਿੰਘ ਭਦੌੜ ਜ਼ਿਲ੍ਹਾ ਪ੍ਰਧਾਨ ਬਰਨਾਲਾ, ਸੁਰਜੀਤ ਸਿੰਘ ਜ਼ਿਲ੍ਹਾ ਪ੍ਰਧਾਨ ਸੰਗਰੂਰ, ਮੱਖਣ ਸਿੰਘ, ਜਗਦੇਵ ਸਿੰਘ ਭੈਣੀ ਬਾਘਾ, ਯੋਧਾ ਸਿੰਘ ਨੰਗਲਾ ਆਦਿ ਨੇ ਵੀ ਸੰਬੋਧਨ ਕੀਤਾ।

# ਮ੍ਰਿਤਕ ਲੜਕੀ ਦੇ ਪਰਵਾਰਕ ਮੈਂਬਰਾਂ ਨੇ ਮੁਲਜ਼ਮਾਂ ਦੀ ਗ੍ਰਿਫਤਾਰੀ ਨੂੰ ਲੈ ਕੇ ਘੇਰਿਆ ਥਾਣਾ



ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)-ਬੀਤੇ ਸ਼ੁੱਕਰਵਾਰ ਨੂੰ ਪਤੀ ਤੇ ਸੱਸ ਸਹੁਰੇ ਤੋਂ ਪ੍ਰੇਸ਼ਾਨ ਹੋ ਕੇ ਇੱਕ ਅਧਿਆਪਕਾ ਵੱਲੋਂ ਸ੍ਰੀ ਦਰਬਾਰ ਸਾਹਿਬ ਦੇ ਸਰੋਵਰ ਵਿੱਚ ਛਲਾਂਗ ਲਗਾ ਕੇ ਆਤਮ ਹੱਤਿਆ ਕਰ ਲਈ ਸੀ, ਜਿਸ ਤੋਂ ਬਾਅਦ ਪੁਲਸ ਨੇ ਮ੍ਰਿਤਕ ਲੜਕੀ ਦੇ ਪਰਿਵਾਰਕ ਮੈਂਬਰਾਂ ਦੇ ਬਿਆਨਾਂ ਦੇ ਅਧਾਰ 'ਤੇ ਲੜਕੀ ਦੇ ਪਤੀ ਤੇ ਸੱਸ-ਸਹੁਰੇ ਵਿਰੁੱਧ ਮਾਮਲਾ ਤਾਂ ਦਰਜ ਕਰ ਲਿਆ ਸੀ, ਪਰ ਮੁਲਜ਼ਮਾਂ ਦੀ ਗ੍ਰਿਫਤਾਰੀ ਨਾ ਹੋਣ ਕਰਕੇ ਲੜਕੀ ਦੇ ਪਰਿਵਾਰਕ ਮੈਂਬਰਾਂ ਅਤੇ ਸ਼ਹਿਰ ਦੇ ਮੋਹਤਵਰਾਂ ਵੱਲੋਂ ਸ਼ਨੀਵਾਰ ਸਵੇਰੇ ਥਾਣਾ ਸਿਟੀ ਸ੍ਰੀ ਮੁਕਤਸਰ ਸਾਹਿਬ ਸਾਹਮਣੇ ਧਰਨਾ ਲਾ ਲਿਆ ਗਿਆ।

ਇਸ ਮੌਕੇ ਜਾਣਕਾਰੀ ਦਿੰਦਿਆਂ ਮ੍ਰਿਤਕ ਲੜਕੀ ਦੇ ਪਿਤਾ ਨੇ ਦੱਸਿਆ ਕਿ ਉਕਤ ਮੁਲਜ਼ਮ ਉਨ੍ਹਾਂ ਦੀ ਲੜਕੀ ਤੋਂ ਦਹੇਜ ਦੀ ਮੰਗ ਕਰਦੇ ਸੀ, ਜਿਸ ਤੋਂ ਪਰੇਸ਼ਾਨ ਹੋ ਕੇ ਉਸ ਨੇ ਸ਼ੁੱਕਰਵਾਰ ਦੀ ਸਵੇਰੇ ਸਰੋਵਰ ਵਿੱਚ ਛਲਾਂਗ ਲਗਾ ਕੇ ਆਤਮ ਹੱਤਿਆ ਕਰ ਲਈ। ਇਸ ਮੌਕੇ ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਜਿੰਨਾ ਚਿਰ ਉਕਤ ਮੁਲਜ਼ਮਾਂ ਦੀ ਗ੍ਰਿਫਤਾਰੀ ਨਹੀਂ ਹੁੰਦੀ, ਉਨਾ ਚਿਰ ਨਾ ਤਾਂ ਉਹ ਆਪਣੀ ਲੜਕੀ ਦਾ ਪੋਸਟ ਮਾਰਟਮ ਕਰਵਾਉਣਗੇ ਤੇ ਨਾ ਹੀ ਅੰਤਿਮ ਸੰਸਕਾਰ ਕਰਨਗੇ। ਇਕ ਘੰਟੇ ਦੇ ਚੱਲੇ ਇਸ ਧਰਨੇ ਤੋਂ ਬਾਅਦ ਪਰਿਵਾਰਕ ਮੈਂਬਰਾਂ ਦੀ ਡੀ ਐੱਸ ਪੀ ਨਾਲ ਮੀਟਿੰਗ ਹੋਈ, ਜਿਸ 'ਤੇ ਉਨ੍ਹਾਂ ਪਰਿਵਾਰ ਵਾਲਿਆਂ ਨੂੰ ਵਿਸ਼ਵਾਸ ਦਿਵਾਇਆ ਕਿ ਦੋ ਦਿਨਾਂ ਦੇ ਅੰਦਰ ਅੰਦਰ ਉਹ ਉਕਤ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲੈਣਗੇ, ਜਿਸ ਤੋਂ ਬਾਅਦ ਪਰਿਵਾਰਕ ਮੈਂਬਰਾਂ ਨੇ ਧਰਨਾ ਚੁੱਕ ਦਿੱਤਾ। ਇਸ ਮੌਕੇ ਸਾਬਕਾ ਵਿਧਾਇਕ ਕੰਵਰਜੀਤ ਸਿੰਘ ਰੋਜ਼ੀ ਬਰਕੰਦੀ, ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਰਾਜੇਸ਼ ਗੋਰਾ ਪਠੇਲਾ, ਸਮਾਜ ਸੇਵੀ ਅਸ਼ੋਕ ਚੁੱਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਲੜਕੀ ਦੇ ਪਰਿਵਾਰਕ ਮੈਂਬਰ ਤੇ ਸ਼ਹਿਰ ਵਾਸੀ ਮੌਜੂਦ ਸਨ।

# ਬਾਹਰਲੇ ਰਾਜਾਂ ਤੋਂ ਆਏ ਬਾਸਮਤੀ ਦੇ ਟਰੱਕਾਂ ਨੂੰ ਰੋਕਿਆ

## ☛ ਟਰੱਕ ਡਰਾਈਵਰਾਂ ਵੱਲੋਂ ਅੰਤਰਰਾਜੀ ਹੱਦ 'ਤੇ ਦਿੱਲੀ-ਸੰਗਰੂਰ ਕੌਮੀ ਮੁੱਖ ਮਾਰਗ ਜਾਮ ☛ ਟੋਕਨ ਸਕੀਮ ਦਾ ਪੋਰਟਲ ਖੁੱਲ੍ਹਣ ਮਗਰੋਂ ਆਵਾਜਾਈ ਬਹਾਲ

ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)-ਪੰਜਾਬ ਦੇ ਵਪਾਰੀਆਂ ਵੱਲੋਂ ਬਾਹਰਲੇ ਰਾਜਾਂ ਤੋਂ ਖਰੀਦ ਕੇ ਲਿਆਂਦੀ ਜਾ ਰਹੀ ਬਾਸਮਤੀ ਦੇ ਟਰੱਕਾਂ ਨੂੰ ਫੂਡ ਸਪਲਾਈ ਵਿਭਾਗ ਵੱਲੋਂ ਸ਼ੁਰੂ ਕੀਤੀ ਗਈ ਸਕੀਮ ਦੇ ਟੋਕਣ ਨਾ ਹੋਣ ਕਰਕੇ ਪੰਜਾਬ-ਹਰਿਆਣਾ ਅੰਤਰਰਾਜੀ ਹੱਦ 'ਤੇ ਪਿੰਡ ਢਾਬੀ ਗੁੱਜਰਾਂ ਬੈਰੀਅਰ ਉਤੇ ਰੋਕ ਦਿੱਤਾ ਗਿਆ। ਵਿਭਾਗ ਵੱਲੋਂ ਬੀਤੇ ਕੱਲ੍ਹ ਤੋਂ ਢਾਈ-ਤਿੰਨ ਸੌ ਦੀ ਗਿਣਤੀ ਵਿੱਚ ਰੋਕ ਲਏ ਗਏ। ਇਨ੍ਹਾਂ ਟਰੱਕਾਂ ਦੇ ਸੂਬੇ ਅੰਦਰ ਪ੍ਰਵੇਸ਼ ਦੀ ਕੀਤੀ ਗਈ ਮਨਾਹੀ ਨੂੰ ਲੈ ਕੇ ਟਰੱਕ ਚਾਲਕਾਂ ਤੇ ਵਪਾਰੀਆਂ ਨੇ ਗੁੱਸੇ ਵਿੱਚ ਆ ਕੇ ਦਿੱਲੀ-ਸੰਗਰੂਰ ਕੌਮੀ ਮੁੱਖ ਮਾਰਗ ਉਤੇ ਟ੍ਰੈਫਿਕ ਜਾਮ ਕਰ ਦਿੱਤੀ। ਇਸ ਦੌਰਾਨ ਇਕੱਤਰ ਟਰੱਕਾਂ ਚਾਲਕਾਂ ਨੇ ਸੂਬੇ ਦੀ ਆਮ ਆਦਮੀ ਪਾਰਟੀ ਦੀ ਅਗਵਾਈ ਵਾਲੀ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ। ਸਥਿਤੀ ਤਣਾਅਪੂਰਨ ਬਣਨ ਉਪਰੰਤ ਮੌਕੇ 'ਤੇ ਪੁੱਜੇ ਸਿਵਲ ਤੇ ਪੁਲਸ ਪ੍ਰਸ਼ਾਸਨ ਅਧਿਕਾਰੀਆਂ ਵੱਲੋਂ ਕੀਤੀਆਂ ਗਈਆਂ ਕੋਸ਼ਿਸ਼ਾਂ ਮਗਰੋਂ ਫੂਡ ਸਪਲਾਈ ਵਿਭਾਗ ਵੱਲੋਂ ਟੋਕਣ ਲੈਣ ਲਈ ਬਣਾਇਆ ਗਿਆ ਪੋਰਟਲ ਖੋਲ੍ਹਣ ਮਗਰੋਂ ਟੋਕਣ ਕੱਟੇ ਜਾਣ ਦਾ ਕੰਮ ਸ਼ੁਰੂ ਹੋਣ 'ਤੇ ਜਾਮ ਖੋਲ੍ਹਿਆ ਗਿਆ।

ਰੋਸ ਪ੍ਰਦਰਸ਼ਨ ਕਰ ਰਹੇ ਟਰੱਕ ਡਰਾਈਵਰਾਂ ਨੇ ਪਵਨਦੀਪ ਸਿੰਘ, ਬਸੰਤ ਸਿੰਘ, ਮਨਪ੍ਰੀਤ ਸਿੰਘ, ਰਣਬੀਰ ਸਿੰਘ, ਤੀਰਥ ਰਾਮ, ਤੇਜਿੰਦਰ ਸਿੰਘ, ਗੋਰਾ ਸਿੰਘ ਆਦਿ ਨੇ ਦੱਸਿਆ ਕਿ ਹਰਿਆਣਾ, ਦਿੱਲੀ ਤੇ ਉੱਤਰਾਖੰਡ ਅਤੇ ਯੂ ਪੀ ਆਦਿ ਤੋਂ ਵਪਾਰੀਆਂ ਵੱਲੋਂ ਖਰੀਦ ਕੇ ਪੰਜਾਬ ਲਿਆਂਦੀ ਜਾ ਰਹੀ ਬਾਸਮਤੀ ਦੇ ਟਰੱਕਾਂ ਨੂੰ ਢਾਬੀ ਗੁੱਜਰਾਂ ਬਾਰਡਰ ਉੱਤੇ ਪਿਛਲੇ ਪੰਜ ਦਿਨਾਂ ਤੋਂ ਰੋਕਿਆ ਹੋਇਆ ਹੈ, ਜਿਸ ਕਰਕੇ ਨਾ ਸਿਰਫ ਵਪਾਰੀ ਪ੍ਰੇਸ਼ਾਨ ਹੈ, ਸਗੋਂ ਟਰੱਕ ਚਾਲਕ ਸਰੀਰਕ ਤੇ ਮਾਨਸਿਕ ਮੁਸ਼ਕਲ ਵਿੱਚੋਂ ਲੰਘ ਰਹੇ ਹਨ। ਉਨ੍ਹਾਂ ਦੱਸਿਆ ਕਿ ਕਈ ਕਈ ਦਿਨਾਂ ਤੋਂ ਖੜੇ ਟਰੱਕਾਂ ਵਿੱਚ ਪਈ ਬਾਸਮਤੀ ਦਾ ਵਜ਼ਨ ਘਟਣ ਸਮੇਤ ਰੋਟੀ ਪਾਣੀ ਦੇ ਖਰਚੇ ਵੀ ਡਰਾਈਵਰਾਂ ਨੂੰ ਪੱਲਿਉਂ ਕਰਨੇ ਪੈ ਰਹੇ ਹਨ। ਉਨ੍ਹਾਂ ਦੋਸ਼ ਲਗਾਇਆ ਕਿ ਵਿਭਾਗ ਜਾਣ-ਬੁੱਝ ਕੇ ਟੋਕਣ ਨਾ ਕੱਟ ਕੇ ਉਨ੍ਹਾਂ ਨੂੰ ਪ੍ਰੇਸ਼ਾਨ ਕਰ ਰਿਹਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰੇਮੀ ਸਿੰਘ, ਜਸਵਿੰਦਰ ਸਿੰਘ, ਨਿਰਮਲ ਸਿੰਘ, ਸੋਨੀ ਧਾਲੀਵਾਲ, ਚਮਕੌਰ ਸਿੰਘ, ਜਗਤਾਰ ਸਿੰਘ ਤੇ ਰਤਨ ਕੁਮਾਰ ਆਦਿ ਹਾਜ਼ਰ ਸਨ।



## ਕਾਤਰਾਂ

### ਸੱਜਣ ਸਿੰਘ ਨਮਿੱਤ ਅੰਤਿਮ ਅਰਦਾਸ ਅੱਜ

ਲੌਂਗੋਵਾਲ, (ਪ੍ਰਦੀਪ ਸੱਪਲ, ਕੁਲਦੀਪ ਅਤਰੀ)-ਸਲਾਇਟ ਡੀਮੰਡ ਯੂਨੀਵਰਸਿਟੀ ਟੂ ਬੀ ਲੌਂਗੋਵਾਲ ਦੇ ਲੋਕ ਸੰਪਰਕ ਅਧਿਕਾਰੀ ਡਾ. ਅਜੇਪਾਲ ਸਿੰਘ ਦੇ ਪਿਤਾ ਜੀ ਸ੍ਰ. ਸੱਜਣ ਸਿੰਘ ਸਾਬਕਾ ਖੁਰਾਕ ਸਪਲਾਈ ਅਧਿਕਾਰੀ ਅਕਾਲ ਚਲਾਣਾ ਕਰ ਗਏ ਹਨ। ਉਨ੍ਹਾ ਦੇ ਅਕਾਲ ਚਲਾਣੇ 'ਤੇ ਡਾਇਰੈਕਟਰ ਸਲਾਇਟ ਪ੍ਰੋ. ਸ਼ੈਲੇਂਦਰ ਜੈਨ, ਸਮੂਹ ਡੀਨ, ਵੱਖ-ਵੱਖ ਵਿਭਾਗਾਂ ਦੇ ਮੁਖੀਆਂ, ਸਲਾਇਟ ਇੰਪਲਾਈਜ਼ ਐਸੋਸੀਏਸ਼ਨ, ਫੈਕਲਟੀ, ਸੀਨੀਅਰ ਪ੍ਰੈੱਸ ਕਲੱਬ ਲੌਂਗੋਵਾਲ, ਪ੍ਰੈੱਸ ਕਲੱਬ, ਸਲਾਇਟ ਵਿਦਿਆਰਥੀਆਂ ਤੇ ਵਸਨੀਕਾਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਸ੍ਰ. ਸੱਜਣ ਸਿੰਘ ਨਮਿੱਤ ਅੰਤਿਮ ਅਰਦਾਸ 20 ਨਵੰਬਰ ਐਤਵਾਰ ਨੂੰ ਗੁਰਦੁਆਰਾ ਮਹਿਲ ਮੁਬਾਰਕ ਸੰਗਰੂਰ ਵਿਖੇ 12 ਤੋਂ 1 ਵਜੇ ਦਰਮਿਆਨ ਹੋਵੇਗੀ।

### ਅੱਜ ਬਿਜਲੀ ਬੰਦ ਰਹੇਗੀ

ਮੂਨਕ (ਰਾਜਪਾਲ ਸਿੰਗਲਾ)-ਨਜ਼ਦੀਕ ਪੈਂਦੇ ਪਿੰਡ ਬਲਰਾ ਗਰਿੱਡ ਵਿਖੇ 66 ਕੇ ਵੀ ਲਾਈਨ ਦੀ ਮੈਂਟੀਨੈਂਸ ਨੂੰ ਲੈ ਕੇ 20 ਨਵੰਬਰ ਐਤਵਾਰ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਬਿਜਲੀ ਰਹੇਗੀ ਬੰਦ। ਇਸ ਸੰਬੰਧੀ ਪਾਵਰਕਾਮ ਬਿਜਲੀ ਗਰਿੱਡ ਮੂਨਕ ਦੇ ਐੱਸ ਡੀ ਓ ਦਵਿੰਦਰ ਕੁਮਾਰ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ 66 ਕੇ ਵੀ ਲਾਈਨ ਦੀ ਮੈਂਟੀਨੈਂਸ ਕਰਨ ਕਰਕੇ ਬਲਰਾਜ ਫੀਡਰ ਦੇ ਨਾਲ ਨਾਲ ਇਲਾਕੇ ਦੇ ਪਿੰਡਾਂ ਦੀ ਬਿਜਲੀ ਸਪਲਾਈ ਸਵੇਰ 9 ਵਜੇ ਤੋਂ ਸ਼ਾਮ 5 ਵਜੇ ਤੱਕ ਬੰਦ ਰਹੇਗੀ। ਇਸ ਦੇ ਨਾਲ ਹੀ ਉਨ੍ਹਾ ਕਿਹਾ ਕਿ ਬਿਜਲੀ ਬੰਦ ਦਾ ਸਮਾਂ ਮੌਕੇ ਦੇ ਹਾਲਾਤਾਂ ਨੂੰ ਦੇਖਦਿਆਂ ਸਮੇਂ ਵਿੱਚ ਵਾਧਾ ਘਾਟਾ ਵੀ ਹੋ ਸਕਦਾ ਹੈ।

### ਅੱਖਾਂ ਦਾ ਮੁਫਤ ਚੈੱਕਅੱਪ ਤੇ ਆਪ੍ਰੇਸ਼ਨ ਕੈਂਪ ਅੱਜ

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਨੇਤਰਦਾਨ ਮਹਾਦਾਨ ਸ਼੍ਰੀ ਮਹੰਤ ਰਾਮ ਨਰਾਇਣ ਗੀਰੀ ਜੀ ਤ੍ਰਿਵੈਣੀ ਗਿਰੀ ਆਸ਼ਰਮ ਦੇ ਆਸ਼ੀਰਵਾਦ ਨਾਲ ਪੁਨਰਜੋਤੀ ਆਈ-ਡੋਨੇਸ਼ਨ ਸੋਸਾਇਟੀ ਵੱਲੋਂ 66ਵਾਂ ਅੱਖਾਂ ਦਾ ਚੈੱਕਅੱਪ ਤੇ ਆਪ੍ਰੇਸ਼ਨ (ਲੈਂਜ) ਕੈਂਪ 20 ਨਵੰਬਰ ਐਤਵਾਰ ਨੂੰ ਸਵੇਰੇ 9 ਵਜੇ ਤੋਂ 1 ਵਜੇ ਤੱਕ ਸੰਤ ਤਿਰਵੈਣੀ ਗਿਰੀ ਪੁਨਰਜੋਤੀ ਆਈ ਹਸਪਤਾਲ ਨੇੜੇ ਬੱਸ ਸਟੈਂਡ, ਵਿਖੇ ਸਵ: ਅਮਰ ਨਾਥ, ਸਵ: ਪਵਨ ਕੁਮਾਰ (ਬੱਲੂ) ਦੀ ਯਾਦ ਵਿੱਚ ਉਨ੍ਹਾਂ ਦੇ ਪਰਵਾਰ ਵੱਲੋਂ ਲਗਾਇਆ ਜਾ ਰਿਹਾ ਹੈ। ਇਸ ਦੀ ਜਾਣਕਾਰੀ ਦਿੰਦਿਆਂ ਸੋਸਾਇਟੀ ਦੇ ਪ੍ਰਧਾਨ ਰਾਕੇਸ਼ ਤਾਇਲ ਨੇ ਦੱਸਿਆ ਕਿ ਜੋ ਮਰੀਜ਼ ਆਪ੍ਰੇਸ਼ਨ ਲਈ ਚੁਣੇ ਜਾਣਗੇ, ਉਨ੍ਹਾਂ ਦਾ ਸਾਰਾ ਇਲਾਜ ਖਰਚ ਹਸਪਤਾਲ ਸੁਸਾਇਟੀ ਵੱਲੋਂ ਕੀਤਾ ਜਾਵੇਗਾ। ਦਵਾਈਆਂ ਤੇ ਕਾਲੀਆਂ ਐਨਕਾਂ ਮੁਫਤ ਦਿੱਤੀਆਂ ਜਾਣਗੀਆ।

### ਕਿਰਤੀ ਕਿਸਾਨ ਯੂਨੀਅਨ ਦੀ ਮੀਟਿੰਗ

ਮੋਗਾ (ਅਮਰਜੀਤ ਬੱਬਰੀ)-ਕਿਰਤੀ ਕਿਸਾਨ ਯੂਨੀਅਨ ਦੀ ਭਰਵੀਂ ਮੀਟਿੰਗ ਪਿੰਡ ਲੰਡੇ ਵਿਖੇ ਹੋਈ ਪ੍ਰੈੱਸ ਸਕੱਤਰ ਸਰਵਣ ਸਿੰਘ ਦੀ ਪ੍ਰਧਾਨਗੀ ਵਿੱਚ ਹੋਈ, ਜਿਸ ਵਿੱਚ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤਹਿਤ ਵੱਖ ਵੱਖ ਕਿਸਾਨੀ ਮੁੱਦਿਆਂ ਤੇ 26 ਨਵੰਬਰ ਨੂੰ ਚੰਡੀਗੜ੍ਹ ਦੇ ਅੰਬ ਸਾਹਿਬ ਗੁਰਦੁਆਰਾ ਵਿਖੇ ਇਕੱਠੇ ਹੋ ਕੇ ਰਾਜ ਭਵਨ ਵੱਲ ਕੀਤੇ ਜਾਣ ਵਾਲੇ ਮਾਰਚ 'ਚ ਸ਼ਾਮਲ ਹੋਇਆ ਜਾਵੇਗਾ ਬਾਰੇ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਮੀਤ ਪ੍ਰਧਾਨ ਚਮਕੌਰ ਸਿੰਘ ਰੋਡੇ ਨੇ ਕਿਹਾ ਕਿ ਕਿਸਾਨ ਆਪਣੀਆਂ ਮੰਗਾਂ ਨੂੰ ਲੈ ਕੇ 26 ਨਵੰਬਰ ਨੂੰ ਵੱਡੀ ਗਿਣਤੀ 'ਚ ਚੰਡੀਗੜ੍ਹ ਦੇ ਮਾਰਚ ਵਿੱਚ ਸ਼ਾਮਲ ਹੋਣਗੇ। ਇਸ ਮੌਕੇ ਸੀਨੀਅਰ ਕਿਸਾਨ ਆਗੂ ਰਤਨ ਸਿੰਘ ਲੰਡੇ ਨੇ ਮੀਟਿੰਗ 'ਚ ਪਹੁੰਚੇ ਹੋਏ ਲੋਕਾਂ ਦਾ ਧੰਨਵਾਦ ਕੀਤਾ। ਇਸ ਮੌਕੇ ਹਰਬੰਸ ਸਿੰਘ, ਜੀਤ ਸਿੰਘ, ਮਲਕੀਤ ਸਿੰਘ, ਚਮਕੌਰ ਸਿੰਘ, ਭੋਲਾ ਸਿੰਘ, ਜਗਰੂਪ ਸਿੰਘ, ਰਣਜੀਤ ਸਿੰਘ, ਹਰਦੀਪ ਸਿੰਘ, ਗੁਰਮੇਲ ਸਿੰਘ, ਅਜੈਬ ਸਿੰਘ, ਗੁਲਜਾਰ ਸਿੰਘ, ਜੱਸਾ ਸਿੰਘ ਆਦਿ ਹਾਜ਼ਰ ਸਨ।

# ਸੂਚਨਾ ਤਕਨਾਲੋਜੀ ਦੇ ਖੇਤਰ 'ਚ ਰੁਜ਼ਗਾਰ ਦੇ ਮੌਕਿਆਂ ਸੰਬੰਧੀ ਵਿਦਿਆਰਥੀਆਂ ਨੂੰ ਦਿੱਤੀ ਜਾਣਕਾਰੀ





ਧੂਰੀ (ਸੁਖਦੇਵ ਧੂਰੀ)-ਯੂਨੀਵਰਸਿਟੀ ਕਾਲਜ ਬੇਨੜਾ ਵਿਖੇ ਪ੍ਰਿੰਸੀਪਲ ਡਾ. ਬਾਲ ਕ੍ਰਿਸ਼ਨ ਦੀ ਅਗਵਾਈ ਵਿੱਚ ਕੈਰੀਅਰ ਤੇ ਪਲੇਸਮੈਂਟ ਸੈੱਲ ਵੱਲੋਂ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਜੀਓ ਕੰਪਨੀ ਦੀ ਟੀਮ ਵੱਲੋਂ ਸੂਚਨਾ ਤਕਨਾਲੋਜੀ ਦੇ ਖੇਤਰ ਵਿੱਚ ਰੁਜ਼ਗਾਰ ਦੇ ਮੌਕਿਆਂ ਸੰਬੰਧੀ ਵਿਦਿਆਰਥੀਆਂ ਨੂੰ ਜਾਣਕਾਰੀ ਦਿੱਤੀ ਗਈ।

ਸੈਮੀਨਾਰ ਦੀ ਸ਼ੁਰੂਆਤ ਦੌਰਾਨ ਕਾਲਜ ਪ੍ਰਿੰਸੀਪਲ ਨੇ ਜੀਓ ਕੰਪਨੀ ਦੀ ਸਮੁੱਚੀ ਟੀਮ ਨੂੰ ਜੀ ਆਇਆਂ ਨੂੰ ਕਿਹਾ। ਮੁੱਖ ਬੁਲਾਰੇ ਸ੍ਰੀ ਗੌਰਵ ਬਾਂਸਲ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਅਜੋਕਾ ਸੰਸਾਰ ਸੂਚਨਾ ਤਕਨਾਲੋਜੀ ਦਾ ਸੰਸਾਰ ਹੈ ਤੇ ਵਿਦਿਆਰਥੀਆਂ ਨੂੰ ਵੀ ਸੂਚਨਾ ਤਕਨਾਲੋਜੀ ਦੇ ਖੇਤਰ ਨਾਲ ਜੁੜਨਾ ਚਾਹੀਦਾ ਹੈ। ਇਸ ਖੇਤਰ ਵਿੱਚ ਪੜ੍ਹਾਈ ਦੇ ਨਾਲ ਨਾਲ ਕਮਾਈ ਦੇ ਅਥਾਹ ਮੌਕੇ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਆਪਣੇ ਦੇਸ਼ ਵਿੱਚ ਰਹਿ ਕੇ ਵੀ ਵਧੀਆ ਰੋਜ਼ਗਾਰ ਦੇ ਮੌਕੇ ਹਾਸਲ ਕੀਤੇ ਜਾ ਸਕਦੇ ਹਨ। ਜੀਓ ਕੰਪਨੀ ਅਜਿਹੇ ਅਨੇਕਾਂ ਮੌਕੇ ਵਿਦਿਆਰਥੀਆਂ ਨੂੰ ਪ੍ਰਦਾਨ ਕਰਦੀ ਹੈ। ਇਸ ਸਮੇਂ ਜੀਓ ਟੀਮ ਨੇ ਵਿਦਿਆਰਥੀਆਂ ਨੂੰ ਰਜਿਟ੍ਰੇਸ਼ਨ ਕਰਨ ਲਈ ਪ੍ਰੇਰਿਤ ਕੀਤਾ ਤੇ 50 ਦੇ ਕਰੀਬ ਵਿਦਿਆਰਥੀਆਂ ਨੇ "ਸਮਾਰਟ ਸੇਲਜ਼ ਟਰੇਨੀ" ਦੇ ਤੌਰ 'ਤੇ ਰਜਿਸਟ੍ਰੇਸ਼ਨ ਕਰਵਾਈ। ਕੈਰੀਅਰ ਤੇ ਪਲੇਸਮੈਂਟ ਸੈੱਲ ਦੇ ਕਨਵੀਨਰ ਡਾ. ਅਮਿਤਾ ਜੈਨ ਨੇ ਜੀਓ ਟੀਮ ਦਾ ਧੰਨਵਾਦ ਕੀਤਾ ਤੇ ਮੰਚ ਸੰਚਾਲਕ ਦੀ ਭੂਮਿਕਾ ਡਾ. ਜਸਬੀਰ ਸਿੰਘ ਨੇ ਨਿਭਾਈ। ਇਸ ਮੌਕੇ ਪਰਮਜੀਤ ਸਿੰਘ ਡਿਪਟੀ ਮੈਨੇਜਰ, ਅਮਰਜੀਤ ਸਿੰਘ, ਅਜੀਤ ਕੁਮਾਰ, ਡਾ. ਚਮਕੌਰ ਸਿੰਘ, ਡਾ. ਗਗਨਦੀਪ ਸਿੰਘ, ਡਾ. ਰਾਕੇਸ਼ ਕੁਮਾਰ, ਇੰਜ: ਵਰਿੰਦਰ ਕੁਮਾਰ, ਅਮਨਦੀਪ ਕੌਰ ਤੇ ਰਾਜਿੰਦਰ ਸਿੰਘ ਮੌਜੂਦ ਸਨ।

# ਪੰਜਾਬ ਦੇ ਸਿੱਖਿਆ ਮਾਡਲ ਨੂੰ ਸਿਖਰਾਂ 'ਤੇ ਲਿਜਾਣ ਲਈ ਅਧਿਆਪਕ ਸਰਕਾਰ ਨੂੰ ਸਹਿਯੋਗ ਦੇਣ : ਹਰਜੋਤ ਬੈਂਸ

## ਸਿੱਖਿਆ ਮੰਤਰੀ ਨੇ ਬਾਬਾ ਬੰਦਾ ਸਿੰਘ ਬਹਾਦਰ ਇੰਜਨੀਅਰਿੰਗ ਕਾਲਜ ਵਿਖੇ ਰਾਜ ਪੱਧਰੀ ਟੀਚਰ ਫੈਸਟ 'ਚ ਕੀਤੀ ਸ਼ਿਰਕਤ




ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਅਧਿਆਪਕ ਦਾ ਰੁਤਬਾ ਦੁਨੀਆ ਵਿੱਚ ਸਭ ਤੋਂ ਵੱਡਾ ਹੁੰਦਾ ਹੈ ਅਤੇ ਸਿਹਤਮੰਦ ਸਮਾਜ ਦੀ ਸਿਰਜਣਾ ਲਈ ਅਧਿਆਪਕ ਇੱਕ ਨਿਰਮਾਤਾ ਵਾਂਗ ਕੰਮ ਕਰਦੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੇ ਸਕੂਲ ਸਿੱਖਿਆ, ਜਲ ਸਰੋਤ, ਖਣਨ ਤੇ ਭੂ-ਵਿਗਿਆਨ ਅਤੇ ਜੇਲ੍ਹਾਂ ਬਾਰੇ ਮੰਤਰੀ ਸ੍ਰ. ਹਰਜੋਤ ਸਿੰਘ ਬੈਂਸ ਨੇ ਬਾਬਾ ਬੰਦਾ ਸਿੰਘ ਬਹਾਦਰ ਇੰਜਨੀਅਰਿੰਗ ਕਾਲਜ ਵਿਖੇ ਕਰਵਾਏ ਜਾ ਰਹੇ ਰਾਜ ਪੱਧਰੀ ਟੀਚਰ ਫੈਸਟ ਨੂੰ ਸੰਬੋਧਨ ਕਰਦਿਆਂ ਕੀਤਾ। ਸਰਕਾਰੀ ਸਕੂਲਾਂ ਦੇ ਬੁਨਿਆਦੀ ਢਾਂਚੇ ਦੀਆਂ ਕਮੀਆਂ ਬਾਰੇ ਬੋਲਦਿਆਂ ਸਿੱਖਿਆ ਮੰਤਰੀ ਨੇ ਕਿਹਾ ਕਿ ਪੰਜਾਬ ਦੇ ਸਰਕਾਰੀ ਸਕੂਲਾਂ ਨੂੰ ਆਪਸ ਵਿੱਚ ਮਿਲ ਜੁਲ ਕੇ ਸਿਖਰਾਂ 'ਤੇ ਪਹੁੰਚਾਉਣ ਲਈ ਆਮ ਆਦਮੀ ਪਾਰਟੀ ਦੀ ਸਰਕਾਰ ਦਿਨ ਰਾਤ ਮਿਹਨਤ ਕਰ ਰਹੀ ਹੈ ਅਤੇ ਇਸ ਕੰਮ ਅਧਿਆਪਕਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਉਨ੍ਹਾਂ ਅਧਿਆਪਕਾਂ ਨੂੰ ਕਿਹਾ ਕਿ ਪਿਛਲੀਆਂ ਕਮੀਆਂ ਦੂਰ ਕਰਨ ਲਈ ਅਧਿਆਪਕ ਤੇ ਸਰਕਾਰ ਆਪਸ ਵਿੱਚ ਮਿਲ ਕੇ ਕੰਮ ਕਰਨਗੇ ਤੇ ਛੇਤੀ ਹੀ ਲੋਕਾਂ ਨੂੰ ਇੱਕ ਵਿਕਸਤ ਪੰਜਾਬ ਦੇਖਣ ਨੂੰ ਮਿਲੇਗਾ। ਉਨ੍ਹਾਂ ਅਧਿਆਪਕਾਂ ਨੂੰ ਕਿਹਾ ਕਿ ਅਧਿਆਪਕ ਵਰਗ ਦੀਆਂ ਹਰੇਕ ਲੋੜਾਂ ਬਾਰੇ ਸਰਕਾਰ ਭਲੀ ਭਾਂਤ ਜਾਣੂ ਹੈ, ਪ੍ਰੰਤੂ ਇਸ ਕੰਮ ਵਿੱਚ ਥੋੜ੍ਹਾ ਸਮਾਂ ਜ਼ਰੂਰ ਲੱਗੇਗਾ, ਪਰ ਇਹ ਕੰਮ ਹੋਵੇਗਾ ਜ਼ਰੂਰ। ਉਨ੍ਹਾਂ ਅਧਿਆਪਕਾਂ ਨੂੰ ਇਹ ਵੀ ਕਿਹਾ ਕਿ ਅਧਿਆਪਕ ਖੰਡਰ ਨੂੰ ਸਿੱਖਿਆ ਦਾ ਮੰਦਿਰ ਬਣਾ ਦਿੰਦੇ ਹਨ ਤੇ ਇਸ ਲਈ ਤੁਸੀਂ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ 28 ਲੱਖ ਬੱਚਿਆਂ ਦੇ ਰੋਸ਼ਨ ਭਵਿੱਖ ਵਾਸਤੇ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਆਪਣੇ ਫਰਜ਼ ਨਿਭਾਓ। ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਬਾਰੇ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਨੇ ਪੁਰਾਣੀ ਪੈਨਸ਼ਨ ਸਕੀਮ ਲਾਗੂ ਕੀਤੀ ਤੇ ਕੱਚੇ ਮੁਲਾਜ਼ਮ ਪੱਕੇ ਕੀਤੇ। ਉਨ੍ਹਾਂ ਇਹ ਵੀ ਕਿਹਾ ਕਿ ਹਾਲ ਦੀ ਘੜੀ ਪੰਜਾਬ ਸਰਕਾਰ ਰਿਸ਼ਵਤਖੋਰੀਆਂ ਵਿੱਚ ਗਿਆ ਪੰਜਾਬ ਦਾ ਪੈਸਾ ਵਾਪਸ ਲਿਆ ਰਹੀ ਹੈ ਤੇ ਇਹ ਜ਼ਿੰਮੇਵਾਰੀ ਸਰਕਾਰ ਦੀ ਹੈ।

ਹਲਕਾ ਫਤਹਿਗੜ੍ਹ ਸਾਹਿਬ ਤੋਂ ਵਿਧਾਇਕ ਐਡਵੋਕੇਟ ਲਖਵੀਰ ਸਿੰਘ ਰਾਏ ਨੇ ਕਿਹਾ ਕਿ ਅਜਿਹੇ ਫੈਸਟ ਕਰਵਾਉਣੇ ਵਿਦਿਆਰਥੀਆਂ ਲਈ ਸ਼ੁੱਭ ਸੰਕੇਤ ਹਨ, ਜਿਨ੍ਹਾਂ ਵਿੱਚ ਅਧਿਆਪਕਾਂ ਨੇ ਆਪਣੀ ਸੋਚ ਅਨੁਸਾਰ ਮਾਡਲ ਤਿਆਰ ਕਰਕੇ ਸ਼ਲਾਘਾਯੋਗ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ ਨੂੰ ਮੋਹਰੀ ਬਣਾ ਕੇ ਚੱਲ ਰਹੀ ਹੈ ਤੇ ਸਮਾਜ ਦੇ ਵਿਕਾਸ ਵਿੱਚ ਇਸ ਦਾ ਅਹਿਮ ਯੋਗਦਾਨ ਹੋਵੇਗਾ। ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਕਿਹਾ ਕਿ ਪੰਜਾਬ ਦੀਆਂ ਜੇਲ੍ਹਾਂ ਵਿੱਚ ਕੈਦੀਆਂ ਤੇ ਹਵਾਲਾਤੀਆਂ ਵੱਲੋਂ ਮੋਬਾਇਲ ਫੋਨਾਂ ਦੀ ਕੀਤੀ ਜਾਣ ਵਾਲੀ ਵਰਤੋਂ ਰੋਕਣ ਲਈ ਸੂਬਾ ਸਰਕਾਰ ਵੱਲੋਂ ਜੇਲ੍ਹਾਂ 'ਚ ਦੁਨੀਆ ਦੇ ਬੈਸਟ ਜੈਮਰ ਲਗਾਏ ਜਾਣਗੇ ਤੇ ਫਤਹਿਗੜ੍ਹ ਸਾਹਿਬ, ਮੁਹਾਲੀ, ਨਵਾਂਸ਼ਹਿਰ ਤੇ ਜਲੰਧਰ 'ਚ ਪੰਜਾਬ ਦੀ ਅਤਿ ਸੁਰੱਖਿਅਤ ਜੇਲ੍ਹ ਦਾ ਨਿਰਮਾਣ ਕੀਤਾ ਜਾਵੇਗਾ, ਜਿਸ 'ਚ ਹਵਾਲਾਤੀਆਂ ਤੇ ਕੈਦੀਆਂ ਦੇ ਪੇਸ਼ੀ ਭੁਗਤਣ ਲਈ ਅਦਾਲਤ ਦਾ ਪ੍ਰਬੰਧ ਹੋਵੇਗਾ ਤੇ ਮਾਨਯੋਗ ਜੱਜ, ਜਿਸ ਜੇਲ੍ਹ ਵਿੱਚ ਜਾ ਕੇ ਕੈਦੀਆਂ ਦੇ ਕੇਸਾਂ ਦੀ ਸੁਣਵਾਈ ਕਰਨਗੇ। ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੇ ਸਰਵਪੱਖੀ ਵਿਕਾਸ ਦੇ ਨਾਲ ਨਾਲ ਲੋਕਾਂ ਦੀ ਭਲਾਈ ਵਾਸਤੇ ਦਿਨ-ਰਾਤ ਗੰਭੀਰਤਾ ਨਾਲ ਕੰਮ ਕਰ ਰਹੀ ਹੈ ਤੇ ਆਉਂਦੇ ਸਮੇਂ ਦੌਰਾਨ ਲੋਕਾਂ ਨੂੰ ਬਦਲਿਆ ਹੋਇਆ ਪੰਜਾਬ ਦੇਖਣ ਨੂੰ ਮਿਲੇਗਾ।

ਇਸ ਮੌਕੇ ਪ੍ਰਿੰਸੀਪਲ ਸਕੱਤਰ ਸਕੂਲ ਸਿੱਖਿਆ ਪੰਜਾਬ ਜਸਪ੍ਰੀਤ ਤਲਵਾੜ, ਵਿਸ਼ੇਸ਼ ਸਕੱਤਰ ਵਰਿੰਦਰ ਕੁਮਾਰ, ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ ਪੰਜਾਬ ਗੌਰੀ ਪ੍ਰਾਸਰ, ਡਿਪਟੀ ਕਮਿਸ਼ਨਰ ਸ੍ਰੀਮਤੀ ਪਰਨੀਤ ਸ਼ੇਰਗਿੱਲ, ਜ਼ਿਲ੍ਹਾ ਪੁਲਸ ਮੁਖੀ ਡਾ. ਰਵਜੋਤ ਗਰੇਵਾਲ, ਹਰਪ੍ਰੀਤ ਸਿੰਘ ਅਟਵਾਲ ਐੱਸ ਡੀ ਐੱਮ ਫਤਹਿਗੜ੍ਹ ਸਾਹਿਬ, ਡਾਇਰੈਕਟਰ ਐੱਸ ਈ ਆਰ ਟੀ ਡਾ. ਮਨਿੰਦਰ ਸਿੰਘ, ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀ ਸੁਸ਼ੀਲ ਨਾਥ, ਉੱਪ ਜ਼ਿਲ੍ਹਾ ਸਿੱਖਿਆ ਅਫਸਰ ਸ੍ਰੀ ਸਮਸ਼ੇਰ ਸਿੰਘ, ਪ੍ਰਿੰਸੀਪਲ ਡਾਇਟ ਸ੍ਰੀ ਆਨੰਦ ਗੁਪਤਾ, ਐਡਵੋਕੇਟ ਅਮਰਿੰਦਰ ਸਿੰਘ, ਰਛਪਿੰਦਰ ਸਿੰਘ, ਪ੍ਰਿੰਸੀਪਲ ਜਸਵੀਰ ਸਿੰਘ, ਪੂਰਨ ਚੰਦ ਸਹਿਗਲ ਹਾਜ਼ਰ ਸਨ।

# ਡਵੀਜ਼ਨਲ ਕਮਿਸ਼ਨਰ ਵੱਲੋਂ ਤਲਵੰਡੀ ਸਾਬੋ ਦੇ ਦਫ਼ਤਰੀ ਕੰਮਾਂ ਦਾ ਨਿਰੀਖਣ



ਤਲਵੰਡੀ ਸਾਬੋ, (ਜਗਦੀਪ ਗਿੱਲ)-ਡਵੀਜ਼ਨਲ ਕਮਿਸ਼ਨਰ ਫ਼ਰੀਦਕੋਟ ਸ਼੍ਰੀ ਚੰਦਰ ਗੈਂਦ ਵੱਲੋਂ ਬਠਿੰਡਾ ਜ਼ਿਲ੍ਹੇ ਦਾ ਦੌਰਾ ਕੀਤਾ ਗਿਆ, ਜਿਸ ਤਹਿਤ ਤਲਵੰਡੀ ਸਾਬੋ ਦੇ ਉੱਪ ਮੰਡਲ ਮੈਜਿਸਟ੍ਰੇਟ ਤੇ ਤਹਿਸੀਲ ਦਫ਼ਤਰਾਂ ਦੇ ਕੰਮਾਂ ਦਾ ਨਿਰੀਖਣ ਕੀਤਾ ਗਿਆ। ਇਸ ਮੌਕੇ ਉਨ੍ਹਾਂ ਅਧਿਕਾਰੀਆਂ ਨੂੰ ਦਿਸ਼ਾ-ਨਿਰਦੇਸ਼ ਦਿੰਦਿਆਂ ਬਕਾਇਆਂ ਕੇਸਾਂ ਨੂੰ ਜਲਦ ਨਿਪਟਾਉਣ ਲਈ ਲੋੜੀਂਦੇ ਆਦੇਸ਼ ਦਿੱਤੇ।

ਡਵੀਜ਼ਨਲ ਕਮਿਸ਼ਨਰ ਸ੍ਰੀ ਚੰਦਰ ਗੈਂਦ ਨੇ ਦੌਰੇ ਦੌਰਾਨ ਦਫ਼ਤਰ ਉੱਪ ਮੰਡਲ ਮੈਜਿਸਟ੍ਰੇਟ ਤਲਵੰਡੀ ਸਾਬੋ ਵਿਖੇ ਉਪ ਮੰਡਲ ਮੈਜਿਸਟ੍ਰੇਟ ਤੋਂ ਇਲਾਵਾ ਸਬੰਧਤ ਤਹਿਸੀਲ ਦਫ਼ਤਰਾਂ ਨਾਲ ਸਬੰਧਤ ਜਮ੍ਹਾਂਬੰਦੀ ਕੇਸਾਂ, ਅਦਾਲਤੀ ਕੇਸਾਂ, ਰਜਿਸਟ੍ਰੇਸ਼ਨ ਕੇਸਾਂ ਤੇ ਵਸੂਲੀ ਕੇਸਾਂ ਆਦਿ ਦੀ ਜਾਂਚ ਪੜਤਾਲ ਕੀਤੀ। ਇਸ ਦੌਰਾਨ ਡਵੀਜ਼ਨਲ ਕਮਿਸ਼ਨਰ ਸ੍ਰੀ ਚੰਦਰ ਗੈਂਦ ਨੇ ਅਧਿਕਾਰੀਆਂ ਨੂੰ ਆਦੇਸ਼ ਦਿੰਦਿਆਂ ਕਿਹਾ ਕਿ ਬਕਾਇਆ ਕੇਸਾਂ ਨੂੰ ਜਲਦ ਬਿਨ੍ਹਾਂ ਕਿਸੇ ਦੇਰੀ ਦੇ ਨਿਪਟਾਇਆ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਆਪਣੇ ਕੰਮਾਂ ਸਬੰਧੀ ਦਫ਼ਤਰਾਂ ਵਿੱਚ ਆਉਣ ਵਾਲੇ ਆਮ ਲੋਕਾਂ ਨੂੰ ਪੂਰਾ ਮਾਣ-ਸਤਿਕਾਰ ਦਿੱਤਾ ਜਾਵੇ ਤੇ ਉਨ੍ਹਾਂ ਦੇ ਕੰਮ-ਕਾਜ ਵਿੱਚ ਕਿਸੇ ਤਰ੍ਹਾਂ ਦੀ ਦੇਰੀ ਜਾਂ ਅਣਗਹਿਲੀ ਨਾ ਵਰਤੀ ਜਾਵੇ। ਇਸ ਮੌਕੇ ਉੱਪ ਮੰਡਲ ਮੈਜਿਸਟ੍ਰੇਟ ਤਲਵੰਡੀ ਸਾਬੋ ਸਾਰੰਗਪ੍ਰੀਤ ਸਿੰਘ ਔਜਲਾ, ਤਹਿਸੀਲਦਾਰ ਤਨਵੀਰ ਕੌਰ, ਨਾਇਬ ਤਹਿਸੀਲਦਾਰ ਗੁਰਪ੍ਰੀਤ ਕੌਰ ਸਮੇਤ ਐੱਸ.ਡੀ.ਐੱਮ, ਅਤੇ ਤਹਿਸੀਲ ਦਫਤਰ ਦੇ ਹੋਰ ਕਰਮਚਾਰੀ ਹਾਜ਼ਰ ਸਨ।

# ਨਸ਼ਾ ਤਸਕਰਾਂ ਤੇ ਸ਼ਰਾਰਤੀ ਅਨਸਰਾਂ ਨੂੰ ਥਾਣਾ ਮੁਖੀ ਵੱਲੋਂ ਤਾੜਨਾ



ਜਲਾਲਾਬਾਦ, (ਦਹੂਜਾ)-ਪੰਜਾਬ ਸਰਕਾਰ ਸੂਬੇ ਦੇ ਜ਼ਿਲ੍ਹਿਆਂ ਦੇ ਐੱਸ.ਐੱਸ.ਪੀਜ਼ ਵੱਲੋਂ ਤੇ ਡੀ.ਐੱਸ.ਪੀ. ਅਤੁਲ ਸੋਨੀ ਦੇ ਦਿਸ਼ਾ-ਨਿਰਦੇਸ਼ਾਂ ਦੇ ਚੱਲਦਿਆਂ ਨਸ਼ਿਆਂ ਤੇ ਸ਼ਰਾਰਤੀ ਅਨਸਰਾਂ ਖਿਲਾਫ ਸਰਚ ਅਭਿਆਨ ਚਲਾਇਆ ਗਿਆ ਹੈ, ਜਿਸ 'ਚ ਕਾਫੀ ਹੱਦ ਤੱਕ ਪੁਲਸ ਪ੍ਰਸ਼ਾਸਨ ਸਫਲ ਵੀ ਰਿਹਾ ਹੈ। ਉਸੇ ਤਹਿਤ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਥਾਣਾ ਸਦਰ ਦੇ ਐੱਸ.ਐੱਚ.ਓ. ਹਰਬੰਸ ਲਾਲ ਨੇ ਕਿਹਾ ਕਿ ਨਸ਼ੇ, ਭਿਰਸ਼ਟਾਚਾਰ, ਦੱੜੇ-ਸੱਟੇ, ਜੂਆ ਤੇ ਸ਼ਰਾਰਤੀ ਅਨਸਰਾਂ 'ਤੇ ਠੱਲ੍ਹ ਪਾਉਣ ਲਈ ਜ਼ਿਲ੍ਹੇ ਭਰ 'ਚ ਸਰਚ ਅਭਿਆਨ ਚੱਲ ਰਹੇ ਹੈ। ਉਨ੍ਹਾ ਕਿਹਾ ਕਿ ਉਕਤ ਸ਼ਰਾਰਤੀ ਅਨਸਰਾਂ ਨੂੰ ਕਿਸੇ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾ ਪਿੰਡਾਂ ਦੇ ਪੰਚਾਂ, ਸਰਪੰਚਾਂ ਨੂੰ ਵੀ ਅਪੀਲ ਕੀਤੀ ਕਿ ਤੁਹਾਡੇ ਆਲੇ-ਦੁਆਲੇ ਕਿਤੇ ਵੀ ਕੋਈ ਕ੍ਰਾਇਮ ਜਿਵੇਂ ਕੇ ਨਸ਼ਾ, ਜੂਆ, ਦੜਾ ਸੱਟਾ ਜਾਂ ਕੋਈ ਸ਼ਰਾਰਤੀ ਅਨਸਰ ਕਿਸੇ ਤਰ੍ਹਾਂ ਦਾ ਕ੍ਰਾਇਮ ਕਰਦਾ ਦਿਖਾਈ ਦਿੰਦਾ ਹੈ ਤਾਂ ਉਹ ਤੁਰੰਤ ਉਨ੍ਹਾਂ ਨੂੰ ਸੂਚਿਤ ਕਰਨ ਤੇ ਸੂਚਿਤ ਕਰਨ ਵਾਲੇ ਦਾ ਨਾਮ ਵੀ ਗੁਪਤ ਰੱਖਿਆ ਜਾਵੇ ਤੇ ਉਕਤ ਅਨਸਰਾਂ 'ਤੇ ਬਣਦੀ ਸਖਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾ ਕਿਹਾ ਕਿ ਪੁਲਸ ਪ੍ਰਸ਼ਾਸਨ ਵੱਲੋਂ ਲਗਾਤਾਰ ਨਸ਼ਾ ਤਸਕਰਾਂ ਖਿਲਾਫ ਛਾਪੇਮਾਰੀ ਕੀਤੀ ਜਾ ਰਹੀ ਹੈ ਤੇ ਬੀਤੇ ਦਿਨ ਡੀ.ਐੱਸ.ਪੀ. ਸਾਹਿਬ ਦੀ ਅਗਵਾਈ 'ਚ 32 ਪਿੰਡਾਂ 'ਚ ਸਰਚ ਅਭਿਆਨ ਦੌਰਾਨ ਹਜ਼ਾਰਾਂ ਲੀਟਰ ਲਾਹਣ, ਚਿੱਟਾ, ਨਾਜਾਇਜ਼ ਸ਼ਰਾਬ, ਬਿਨਾਂ ਨੰਬਰੀ ਮੋਟਰਸਾਈਕਲ ਤੇ ਹੋਰ ਗੈਰ-ਕਾਨੂੰਨੀ ਸਾਮਾਨ ਬਰਾਮਦ ਕੀਤਾ ਹੈ।

# ਅਧਿਆਪਕ ਆਗੂਆਂ ਦੀਆਂ ਬਦਲੇ ਦੀ ਭਾਵਨਾ ਨਾਲ ਦੂਰ-ਦੁਰਾਡੇ ਕੀਤੀਆਂ ਬਦਲੀਆਂ ਦੀ ਸਖਤ ਨਿੰਦਾ

ਸੰਗਰੂਰ/ਲੌਂਗੋਵਾਲ (ਪ੍ਰਵੀਨ ਸਿੰਘ, ਪ੍ਰਦੀਪ ਸੱਪਲ)-ਡੀ.ਈ.ਓ. (ਐਲੀ. ਤੇ ਸੈਕੰ.) ਸੰਗਰੂਰ ਕੁਲਤਰਨ ਸਿੰਘ ਵੱਲੋਂ ਬਦਲਾ-ਲਊ ਕਾਰਵਾਈ ਤਹਿਤ ਡੈਮੋਕ੍ਰੇਟਿਕ ਟੀਚਰਜ਼ ਫਰੰਟ (ਡੀ.ਟੀ.ਐੱਫ.) ਸੰਗਰੂਰ ਦੇ ਜ਼ਿਲ੍ਹਾ ਪ੍ਰਧਾਨ ਬਲਬੀਰ ਚੰਦ ਲੌਂਗੋਵਾਲ ਤੇ ਸੀਨੀਅਰ ਮੀਤ ਪ੍ਰਧਾਨ ਦਾਤਾ ਨਮੋਲ ਦੀ ਬਦਲੀ ਡੀ. ਪੀ. ਆਈ. ਪੰਜਾਬ ਤੋਂ ਦੂਰ-ਦੁਰਾਡੇ ਸਟੇਸ਼ਨਾਂ 'ਤੇ ਕਰਵਾ ਦਿੱਤੀ ਗਈ ਹੈ।

ਜ਼ਿਕਰਯੋਗ ਹੈ ਕਿ ਪਿਛਲੇ ਦਿਨਾਂ ਤੋਂ ਲਗਾਤਾਰ ਡੀ.ਟੀ.ਐੱਫ. ਸੰਗਰੂਰ ਹੋਰ ਭਰਾਤਰੀ ਜਥੇਬੰਦੀਆਂ, ਸਕੂਲਾਂ ਦੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਸਮੇਤ ਉਕਤ ਡੀ.ਈ.ਓ. ਖਿਲਾਫ ਸੰਘਰਸ਼ ਵਿੱਚ ਸੀ। ਡੀ.ਈ.ਓ. ਵੱਲੋਂ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਦੇ ਵਿੱਦਿਅਕ ਟੂਰਾਂ ਦੀਆਂ ਪ੍ਰਵਾਨਗੀਆਂ ਦੇ ਮਸਲੇ ਨੂੰ ਲਗਾਤਾਰ ਲਮਕਾਇਆ ਜਾ ਰਿਹਾ ਸੀ। ਪਿਛਲੇ ਦਿਨੀਂ ਡੀ.ਟੀ.ਐੱਫ. ਵੱਲੋਂ ਹੋਰ ਜਨਤਕ ਜਮਹੂਰੀ ਜਥੇਬੰਦੀਆਂ, ਸਕੂਲਾਂ ਦੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਨਾਲ ਲੈ ਕੇ ਉਕਤ ਡੀ.ਈ.ਓ. ਖਿਲਾਫ ਸਖਤ ਸੰਘਰਸ਼ ਕੀਤਾ ਗਿਆ। ਸਾਰਾ ਮਾਮਲਾ ਜ਼ਿਲ੍ਹਾ ਪ੍ਰਸ਼ਾਸਨ ਦੇ ਧਿਆਨ ਵਿੱਚ ਵੀ ਲਿਆਂਦਾ ਗਿਆ। ਜ਼ਿਲ੍ਹਾ ਪ੍ਰਸ਼ਾਸਨ ਨੇ ਡੀ.ਈ.ਓ. ਦੀ ਅਤਿਅੰਤ ਢਿੱਲੀ ਕਾਰਵਾਈ ਤੇ ਨਕਾਰਾਤਮਕ ਵਤੀਰੇ 'ਤੇ ਉਸ ਦੀ ਝਾੜ-ਝੰਬ ਕੀਤੀ ਸੀ ਤੇ ਉਸ ਨੂੰ ਮਸਲਾ ਹੱਲ ਕਰਨ ਤੱਕ ਸਟੇਸ਼ਨ ਨਾ ਛੱਡਣ ਦੀ ਹਦਾਇਤ ਕੀਤੀ ਸੀ। ਲੋਕਾਂ ਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਦਬਾਅ ਹੇਠ ਉਕਤ ਡੀ.ਈ.ਓ. ਨੂੰ ਵਿੱਦਿਅਕ ਟੂਰਾਂ ਦੀਆਂ ਪ੍ਰਵਾਨਗੀਆਂ ਮੌਕੇ 'ਤੇ ਜਾਰੀ ਕਰਨੀਆਂ ਪਈਆਂ ਸਨ। ਇਸ ਗੱਲ ਦੀ ਖਿਝ 'ਚ ਇਸ ਨਕਾਰਾਤਮਕ ਸੋਚ ਵਾਲੇ ਡੀ.ਈ.ਓ. ਨੇ ਬਦਲਾ-ਲਊ ਤਰੀਕੇ ਨਾਲ ਡੀ.ਟੀ.ਐੱਫ. ਦੇ ਉਕਤ ਜ਼ਿਲ੍ਹਾ ਆਗੂਆਂ 'ਤੇ ਸਾਜ਼ਿਸ਼ੀ ਤਰੀਕੇ ਨਾਲ ਐੱਫ.ਆਈ.ਆਰ. ਦਰਜ ਕਰਵਾ ਕੇ ਉਨ੍ਹਾਂ ਦੀਆਂ ਦੂਰ-ਦੁਰਾਡੇ ਬਦਲੀਆਂ ਕਰਵਾ ਦਿੱਤੀਆਂ ਹਨ।

ਡੀ.ਈ.ਓ. ਦੀ ਉਕਤ ਕਾਰਵਾਈ ਦੀ ਜ਼ਿਲ੍ਹੇ ਦੀਆਂ ਸਮੁੱਚੀਆਂ ਜਨਤਕ ਜਥੇਬੰਦੀਆਂ ਦੇ ਆਗੂਆਂ-ਗੁਰਚਰਨ ਖੋਖਰ ਬੀ. ਕੇ. ਯੂ. (ਉਗਰਾਹਾਂ), ਸੰਜੀਵ ਮਿੰਟੂ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਸੰਗਰੂਰ, ਲਖਵੀਰ ਲੱਖੀ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ, ਜਗਦੀਸ਼ ਲਾਲ ਛਾਜਲਾ ਅੰਬੇਡਕਰੀ ਚੇਤਨਾ ਮੰਚ, ਸਵਰਨਜੀਤ ਸਿੰਘ ਜਮਹੂਰੀ ਅਧਿਕਾਰ ਸਭਾ ਪੰਜਾਬ, ਮਾਸਟਰ ਪਰਮਵੇਦ ਤਰਕਸ਼ੀਲ ਸੁਸਾਇਟੀ ਪੰਜਾਬ, ਰਾਕੇਸ਼ ਕੁਮਾਰ ਸ਼ਹੀਦ ਊਧਮ ਸਿੰਘ ਵਿਚਾਰ ਮੰਚ, ਬਬਲੂ ਸੰਗਰੂਰ ਪੀ. ਐੱਸ. ਯੂ. (ਲਲਕਾਰ), ਰਮਨ ਕਾਲਾਝਾੜ ਪੀ. ਐੱਸ. ਯੂ. (ਰੰਧਾਵਾ), ਮਨਜੀਤ ਨਮੋਲ ਪੀ. ਆਰ. ਐੱਸ. ਯੂ., ਜੁਝਾਰ ਸਿੰਘ ਸ਼ਹੀਦ ਭਗਤ ਸਿੰਘ ਲਾਇਬ੍ਰੇਰੀ ਲੌਂਗੋਵਾਲ, ਸਕੂਲਾਂ ਦੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੇ ਸਖਤ ਨਿਖੇਧੀ ਕੀਤੀ ਹੈ ਤੇ ਜ਼ਿਲ੍ਹਾ ਹੈੱਡਕੁਆਰਟਰ ਸੰਗਰੂਰ 'ਤੇ ਅੱਜ ਕਰੜਾ ਸੰਘਰਸ਼ ਉਲੀਕਿਆ ਹੈ ਅਤੇ ਬਦਲੀਆਂ ਰੱਦ ਹੋਣ ਤੱਕ ਤੇ ਇਸ ਡੀ.ਈ.ਓ. ਖਿਲਾਫ ਸਖਤ ਕਾਰਵਾਈ ਹੋਣ ਤੱਕ ਸੰਘਰਸ਼ ਕਰਨ ਦੀ ਚੇਤਾਵਨੀ ਦਿੱਤੀ ਹੈ।

# ਦਰਜਾ ਚਾਰ ਮੁਲਾਜ਼ਮਾਂ ਨੇ ਡੀ ਸੀ ਨੂੰ ਮੁੱਖ ਮੰਤਰੀ ਦੇ ਨਾਂਅ ਦਿੱਤਾ ਮੰਗ ਪੱਤਰ

ਫਰੀਦਕੋਟ (ਰਛਪਾਲ ਸਿੰਘ)-ਦਿ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪੰਜਾਬ ਦੇ ਸੱਦੇ 'ਤੇ ਜ਼ਿਲ੍ਹਾ ਫਰੀਦਕੋਟ ਦੇ ਮੁਲਾਜ਼ਮਾਂ ਨੇ ਜ਼ਿਲ੍ਹਾ ਪ੍ਰਧਾਨ ਨਛੱਤਰ ਸਿੰਘ ਭਾਣਾ ਦੀ ਅਗਵਾਈ ਹੇਠ ਮੁੱਖ ਮੰਤਰੀ ਪੰਜਾਬ ਸਰਕਾਰ ਦੇ ਨਾਂਅ ਇੱਕ ਮੰਗ ਪੱਤਰ ਫਰੀਦਕੋਟ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਮੈਡਮ ਡਾ. ਰੂਹੀ ਦੁੱਗ ਨੂੰ ਸੌਂਪਿਆ ਗਿਆ। ਮਾਨਯੋਗ ਡਿਪਟੀ ਕਮਿਸ਼ਨਰ ਨੇ ਮੰਗ ਪੱਤਰ ਪੰਜਾਬ ਸਰਕਾਰ ਨੂੰ ਭੇਜਣ ਦਾ ਭਰੋਸਾ ਦਿਵਾਇਆ। ਇਸ ਮੰਗ ਪੱਤਰ ਵਿੱਚ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਵੱਖ ਵੱਖ ਵਿਭਾਗਾਂ ਵਿੱਚ ਕੰਮ ਕਰਦੇ ਸਮੂਹ ਕੱਚੇ, ਠੇਕਾ ਆਧਾਰਤ, ਡੇਅਲੀ ਵੇਜਿਜ਼ ਤੇ ਆਊਟ ਸੋਰਸ ਮੁਲਾਜ਼ਮਾਂ ਨੂੰ ਬਿਨਾਂ ਸ਼ਰਤ ਰੈਗੂਲਰ ਕੀਤਾ ਜਾਵੇ, ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਦਾ ਨੋਟੀਫਿਕੇਸ਼ਨ ਤੁਰੰਤ ਜਾਰੀ ਕੀਤਾ ਜਾਵੇ, ਛੇਵੇਂ ਤਨਖਾਹ ਕਮਿਸ਼ਨ ਦਾ ਬਕਾਇਆ ਤੇ ਡੀ ਏ ਦੀ ਕਿਸ਼ਤ 38 ਫੀਸਦੀ ਤੁਰੰਤ ਦਿੱਤੀ ਜਾਵੇ ਆਦਿ ਮੰਗਾਂ ਤੁਰੰਤ ਪ੍ਰਵਾਨ ਕੀਤੀਆਂ ਜਾਣ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੁਲਾਜ਼ਮ ਆਗੂ ਰਮੇਸ਼ ਢੈਪਈ ਚੇਅਰਮੈਨ, ਇਕਬਾਲ ਸਿੰਘ ਸੂਬਾ ਮੀਤ ਪ੍ਰਧਾਨ ਪਸ਼ੂ ਪਾਲਣ ਵਿਭਾਗ, ਰਵਿੰਦਰ ਕੁਮਾਰ, ਭੋਲਾ ਸਿੰਘ, ਜੰਗਜੀਤ ਸਿੰਘ, ਇਕਬਾਲ ਸਿੰਘ ਰਣ ਸਿੰਘ ਵਾਲਾ ਤੇ ਰਾਕੇਸ਼ ਕੁਮਾਰ ਆਦਿ ਸ਼ਾਮਲ ਸਨ।

# ਇੰਸਪੈਕਟਰ ਲੀਗਲ ਮੈਟਰੋਲੋਜੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ

ਬਰਨਾਲਾ (ਰਜਿੰਦਰ ਬਰਾੜ/ਗੁਰਪ੍ਰੀਤ ਸਿੰਘ)-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੂਬੇ 'ਚੋਂ ਭ੍ਰਿਸ਼ਟਾਚਾਰ ਨੂੰ ਜੜ੍ਹੋਂ ਖ਼ਤਮ ਕਰਨ ਦੇ ਉਦੇਸ਼ ਨਾਲ ਵਿੱਢੀ ਮੁਹਿੰਮ ਤਹਿਤ ਪੰਜਾਬ ਵਿਜੀਲੈਂਸ ਬਿਊਰੋ ਨੇ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਬਰਨਾਲਾ ਵਿਖੇ ਤਾਇਨਾਤ ਇੰਸਪੈਕਟਰ ਲੀਗਲ ਮੈਟਰੋਲੋਜੀ (ਮਾਪ ਤੇ ਤੋਲ) ਵਰਿੰਦਰਪਾਲ ਸ਼ਰਮਾ ਨੂੰ 4,380 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਮੁਲਜ਼ਮ ਵਰਿੰਦਰਪਾਲ ਸ਼ਰਮਾ ਨੂੰ ਲੀਗਲ ਮੈਟਰੋਲੋਜੀ ਵਿਭਾਗ ਦੇ ਲਾਇਸੰਸਸ਼ੁਦਾ ਮੁਰੰਮਤਸਾਜ਼ (ਰਿਪੇਅਰਰ) ਪੰਕਜ ਕੁਮਾਰ ਦੀ ਸ਼ਿਕਾਇਤ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਉਨ੍ਹਾ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕੇ ਦੋਸ਼ ਲਾਇਆ ਹੈ ਕਿ ਉਕਤ ਇੰਸਪੈਕਟਰ ਲੀਗਲ ਮੈਟਰੋਲੋਜੀ ਉਸ ਕੋਲੋਂ ਫਿਟਨੈੱਸ ਸਰਟੀਫਿਕੇਟ ਜਾਰੀ ਕਰਨ ਲਈ ਪ੍ਰਤੀ ਧਰਮ ਕੰਡਾ ਰਿਸ਼ਵਤ ਦੀ ਮੰਗ ਕਰ ਰਿਹਾ ਹੈ। ਉਨ੍ਹਾ ਦੱਸਿਆ ਕਿ ਮੁਲਜ਼ਮ ਇੰਸਪੈਕਟਰ ਪਹਿਲਾਂ ਵੀ ਉਸ ਤੋਂ 4900 ਰੁਪਏ ਬਤੌਰ ਰਿਸ਼ਵਤ ਲੈ ਚੁੱਕਾ ਹੈ। ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤਕਰਤਾ ਵੱਲੋਂ ਦਿੱਤੀ ਸੂਚਨਾ ਦੀ ਤਸਦੀਕ ਕਰਨ ਉਪਰੰਤ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਤੇ ਉਪਰੋਕਤ ਮੁਲਜ਼ਮ ਇੰਸਪੈਕਟਰ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਸ਼ਿਕਾਇਤਕਰਤਾ ਤੋਂ 4,380 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਉਨ੍ਹਾ ਦੱਸਿਆ ਕਿ ਮੁਲਜ਼ਮ ਖਿਲਾਫ ਵਿਜੀਲੈਂਸ ਬਿਊਰੋ ਦੇ ਥਾਣਾ ਪਟਿਆਲਾ ਵਿਖੇ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ।

# ਪੰਜਾਬ 'ਚ ਅਮਨ ਕਾਨੂੰਨ ਦੀ ਸਥਿਤੀ ਡਾਵਾਂਡੋਲ, ਦਿਨ ਦਿਹਾੜੇ ਹੁੰਦੇ ਨੇ ਕਤਲ : ਖੰਨਾ

## ਗੈਰ-ਤਜਰਬੇਕਾਰ ਲੋਕਾਂ ਦੇ ਹੱਥ 'ਚ ਆ ਗਈ ਸਰਹੱਦੀ ਸੂਬੇ ਦੀ ਵਾਗਡੋਰ : ਕਾ. ਚੋਪੜਾ







ਸੰਗਰੂਰ (ਪ੍ਰਵੀਨ)-8 ਕੁ ਮਹੀਨੇ ਪਹਿਲਾਂ ਪੰਜਾਬ ਦੇ ਲੋਕਾਂ ਨੇ ਬੜੇ ਚਾਵਾਂ ਤੇ ਮਲਾਰਾਂ ਨਾਲ ਰਿਵਾਇਤੀ ਪਾਰਟੀਆਂ 'ਤੇ ਭਰੋਸਾ ਕਰਨ ਦੀ ਥਾਂ ਨਵੀਂ ਰਾਜਨੀਤਕ ਪਾਰਟੀ ਆਮ ਆਦਮੀ ਪਾਰਟੀ 'ਤੇ ਭਰੋਸਾ ਕਰਦਿਆਂ ਪੰਜਾਬ ਜਿਹੇ ਸਰਹੱਦੀ ਸੂਬੇ ਦੀ 117 ਮੈਂਬਰੀ ਵਿਧਾਨ ਸਭਾ ਵਿੱਚ 92ਵੇਂ ਸੀਟਾਂ ਜਿਤਾ ਕੇ ਪੰਜਾਬ ਵਿਧਾਨ ਸਭਾ ਵਿੱਚ ਭੇਜਿਆ। ਚੋਣਾਂ ਸਮੇਂ ਆਮ ਆਦਮੀ ਪਾਰਟੀ ਦੇ ਲੋਕਾਂ ਨੂੰ ਭਗਤ ਸਿੰਘ ਦੇ ਨਾਂਅ 'ਤੇ ਨਾਅਰੇ ਲਾਉਂਦਿਆਂ ਪੰਜਾਬ ਅੰਦਰ ਰਾਜਨੀਤਕ ਬਦਲਾਅ ਦਾ ਨਾਅਰਾ ਦਿੰਦਿਆਂ ਵੋਟ ਦੀ ਮੰਗ ਕੀਤੀ ਸੀ। ਪੰਜਾਬ ਦੇ ਲੋਕਾਂ ਨੇ ਵੱਡਾ ਬਹੁਮੱਤ ਦੇ ਕੇ ਇਹ ਇੱਛਾਵਾਂ ਪਾਲੀਆਂ ਸੀ ਕਿ ਸ਼ਾਇਦ ਇਹ ਨਵੀਂ ਪਾਰਟੀ ਉਨ੍ਹਾਂ ਦੀਆਂ ਇੱਛਾਵਾਂ 'ਤੇ ਖਰਾ ਉੱਤਰੇਗੀ। ਪਿਛਲੇ 7-8 ਮਹੀਨਿਆਂ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਚੱਲ ਰਹੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਸੱਤਾ 'ਤੇ ਚੱਲਦਿਆਂ ਕਬੱਡੀ ਖਿਡਾਰੀ ਨੰਗਲ ਅੰਬੀਆਂ ਦਾ ਕਤਲ ਹੋ ਜਾਣਾ ਪੰਜਾਬ 'ਚ ਬਹੁਤ ਵੱਡੀ ਘਟਨਾ ਸੀ। ਘਟਨਾਵਾਂ ਦਾ ਸਿਲਸਿਲਾ ਇਥੇ ਹੀ ਨਹੀਂ ਰੁਕਿਆ, ਗਾਇਕ ਸਿੱਧੂ ਮੂਸੇਵਾਲਾ ਦਾ ਕਤਲ ਉਸ ਤੋਂ ਵੀ ਵੱਡੀ ਘਟਨਾ ਆਖੀ ਜਾ ਸਕਦੀ ਹੈ। ਅੰਮ੍ਰਿਤਸਰ ਜਿਹੇ ਸਰਹੱਦੀ ਜ਼ਿਲ੍ਹੇ ਵਿੱਚ ਘਣੀ ਆਬਾਦੀ ਵਾਲੀ ਥਾਂ 'ਤੇ ਭਾਰੀ ਪੁਲਸ ਫੋਰਸ ਦੇ ਹੁੰਦਿਆਂ ਸ਼ਿਵ ਸੈਨਾ ਦੇ ਆਗੂ ਸੁਧੀਰ ਸੂਰੀ ਦਾ ਕਤਲ ਪੰਜਾਬੀਆਂ ਨੂੰ ਹਲੂਣ ਦੇਣ ਵਾਲਾ ਕਤਲ ਕਿਹਾ ਜਾਂਦਾ ਹੈ। ਅਜਿਹੀ ਹੀ ਘਟਨਾ ਡੇਰਾ ਪ੍ਰੇਮੀ ਪ੍ਰਦੀਪ ਦਾ ਕਤਲ ਸ਼ਰੇਆਮ ਬਜ਼ਾਰ ਵਿੱਚ ਹੋ ਜਾਣਾ ਅਮਨ ਕਾਨੂੰਨ ਦੀ ਸਥਿਤੀ 'ਤੇ ਸਵਾਲੀਆ ਚਿੰਨ੍ਹ ਲਾਉਂਦਾ ਹੈ। ਇਨ੍ਹਾਂ ਘਟਨਾਵਾਂ 'ਤੇ ਪੰਜਾਬ ਦੇ ਮੁੱਖ ਮੰਤਰੀ ਦੀ ਹਲਕੀ ਜਿਹੀ ਪ੍ਰਤੀਕਿਰਿਆ ਨੇ ਪੰਜਾਬੀਆਂ ਦੇ ਮਨਾਂ 'ਤੇ ਹੋਰ ਵੱਡੀ ਠੇਸ ਮਾਰੀ ਕਿ ਛੋਟੀਆਂ ਮੋਟੀਆਂ ਘਟਨਾਵਾਂ ਹੁੰਦੀਆਂ ਰਹਿੰਦੀਆਂ ਹਨ। ਇਥੋਂ ਹੀ ਸਰਕਾਰ ਦੀ ਗੰਭੀਰਤਾ ਦਾ ਪਤਾ ਲੱਗਦਾ ਹੈ।

ਭਾਜਪਾ ਦੇ ਸੀਨੀਅਰ ਆਗੂ ਤੇ ਸਾਬਕਾ ਵਿਧਾਇਕ ਸ੍ਰੀ ਅਰਵਿੰਦ ਖੰਨਾ ਦਾ ਪੰਜਾਬ ਦੀ ਸਥਿਤੀ ਨੂੰ ਲੈ ਕੇ ਕਹਿਣਾ ਹੈ ਕਿ ਇਨ੍ਹਾਂ ਘਟਨਾਵਾਂ ਨੂੰ ਛੋਟੀ-ਮੋਟੀ ਘਟਨਾ ਦੱਸਣਾ ਜਾਂ ਗੰਭੀਰਤਾ ਨਾਲ ਨਾ ਲੈਣਾ ਆਮ ਆਦਮੀ ਪਾਰਟੀ ਦੀ ਸਰਕਾਰ 'ਤੇ ਗੰਭੀਰ ਸਵਾਲ ਖੜੇ ਕਰਦਾ ਹੈ। ਪੰਜਾਬ ਦੇ ਲੋਕਾਂ ਨੇ ਬੜੇ ਚਾਅ ਨਾਲ 92 ਦੇ ਕਰੀਬ ਵਿਧਾਇਕਾਂ ਨੂੰ ਜਿਤਾ ਕੇ ਵਿਧਾਨ ਸਭਾ ਵਿੱਚ ਭੇਜਿਆ। ਪੰਜਾਬ ਦੇ ਲੋਕ ਹੁਣ ਇਸ ਸਰਕਾਰ ਦੀ ਕਾਰਗੁਜ਼ਾਰੀ ਤੋਂ ਇਹ ਮਹਿਸੂਸ ਕਰਨ ਲੱਗ ਗਏ ਹਨ ਕਿ ਇਨ੍ਹਾਂ ਨੂੰ ਪ੍ਰਸ਼ਾਸਨਕ ਜਾਂ ਸਰਕਾਰ ਚਲਾਉਣ ਦਾ ਕੋਈ ਤਜਰਬਾ ਨਹੀਂ ਹੈ, ਇਸੇ ਕਾਰਨ ਪੰਜਾਬ ਅੰਦਰ ਅਮਨ ਕਾਨੂੰਨ ਦੀ ਸਥਿਤੀ ਸਰਕਾਰ ਦੇ ਕੰਟਰੋਲ ਹੇਠ ਨਹੀਂ ਹੈ।

ਸਾਬਕਾ ਵਿਧਾਇਕ ਕਾ. ਚੰਦ ਚੋਪੜਾ ਨੇ ਪੰਜਾਬ ਦੀ ਅਮਨ ਕਾਨੂੰਨ ਦੀ ਸਥਿਤੀ ਬਾਰੇ ਬੋਲਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਗੈਰ-ਤਜਰਬੇਕਾਰ ਸਰਕਾਰ ਹੈ ਤੇ ਪੰਜਾਬ ਇੱਕ ਸਰਹੱਦੀ ਸੂਬਾ ਹੈ। ਇਥੇ ਕੋਈ ਤਜਰਬੇਕਾਰ ਪਾਰਟੀ ਜਾਂ ਵਿਅਕਤੀ ਹੀ ਹੋਣਾ ਚਾਹੀਦਾ, ਜਿਹੜਾ ਇਸ ਸਰਹੱਦੀ ਸੂਬੇ ਦੇ ਅਮਨ ਕਾਨੂੰਨ ਦੀ ਸਥਿਤੀ ਨੂੰ ਕੰਟਰੋਲ ਹੇਠ ਰੱਖ ਸਕੇ। ਉਨ੍ਹਾ ਕਿਹਾ ਕਿ ਆਮ ਆਦਮੀ ਪਾਰਟੀ ਦੇ ਕਿਸੇ ਵੀ ਵਜ਼ੀਰ ਕੋਲ ਵਜ਼ਾਰਤ ਚਲਾਉਣ ਦਾ ਕੋਈ ਵੀ ਤਜਰਬਾ ਨਹੀਂ ਹੈ, ਇਸ ਕਾਰਨ ਪੁਲਸ ਸਮੇਤ, ਸਿਵਲ ਪ੍ਰਸ਼ਾਸਨਕ ਅਧਿਕਾਰੀ ਉਨ੍ਹਾਂ ਦੇ ਕੰਟਰੋਲ ਹੇਠ ਨਹੀਂ ਹਨ। ਇਸ ਤਰ੍ਹਾਂ ਦੀ ਅਮਨ ਕਾਨੂੰਨ ਦੀ ਖਰਾਬ ਸਥਿਤੀ ਚਿੰਤਾਜਨਕ ਤੇ ਪੰਜਾਬ ਦੇ ਲੋਕਾਂ ਲਈ ਘਾਤਕ ਸਿੱਧ ਹੋ ਰਹੀ ਹੈ।

ਵਿਜੈ ਗੁਪਤਾ ਆਗੂ ਇੰਡਸਟਲਿਸਟ ਦਾ ਕਹਿਣਾ ਹੈ ਕਿ ਸਾਡਾ ਪੰਜਾਬ ਸਰਹੱਦੀ ਸੂਬਾ ਹੈ ਤੇ ਪੰਜਾਬ ਦੇ ਲੋਕ ਅਮਨ ਤੇ ਸ਼ਾਂਤੀ ਨਾਲ ਰਹਿਣਾ ਚਾਹੁੰਦੇ ਹਨ। ਅਮਨ ਕਾਨੂੰਨ ਦੀ ਸਥਿਤੀ ਪੰਜਾਬ ਸਰਕਾਰ ਦੇ ਹੱਥੋਂ ਨਿਕਲਦੀ ਜਾ ਰਹੀ ਹੈ, ਜਿਸ 'ਤੇ ਪੰਜਾਬ ਦੇ ਲੋਕ ਚਿੰਤਤ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਇਹ ਸਰਕਾਰ ਤੁਰੰਤ ਇਸ ਵੱਲ ਧਿਆਨ ਦੇਵੇ ਤਾਂ ਜੋ ਪੰਜਾਬ ਦਾ ਮਾਹੌਲ ਖਰਾਬ ਹੋਣ ਤੋਂ ਬਚਾਇਆ ਜਾ ਸਕਦਾ ਹੈ।

# ਪੰਜਾਬ ਰਾਜ ਸਕੂਲ ਖੇਡਾਂ : ਸਾਈ ਵਿੰਗ ਬਾਦਲ ਨੇ ਵਾਲੀਬਾਲ 'ਚ ਪਹਿਲਾ ਸਥਾਨ ਮੱਲਿਆ



ਬਰਨਾਲਾ (ਰਜਿੰਦਰ ਬਰਾੜ/ਗੁਰਪ੍ਰੀਤ ਸਿੰਘ)-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਧਨੌਲਾ ਵਿਖੇ ਚੱਲ ਰਹੀਆਂ 66ਵੀਆਂ ਪੰਜਾਬ ਰਾਜ ਸਕੂਲ ਖੇਡਾਂ ਅੰਡਰ 19 ਵਾਲੀਬਾਲ (ਲੜਕੀਆਂ ਦੇ ਮੁਕਾਬਲੇ) ਦੌਰਾਨ ਤੀਜੇ ਦਿਨ ਰੌਚਕ ਮੁਕਾਬਲੇ ਵੇਖਣ ਨੂੰ ਮਿਲੇ। ਡੀ. ਐੱਮ. ਸਪੋਰਟਸ ਬਰਨਾਲਾ ਸਿਮਰਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਡੀ.ਈ.ਓ. ਸੈਕੰਡਰੀ ਬਰਨਾਲਾ ਸਰਬਜੀਤ ਸਿੰਘ ਤੂਰ ਦੀ ਅਗਵਾਈ ਵਿੱਚ ਚੱਲ ਰਹੇ ਮੁਕਾਬਲਿਆਂ ਦੌਰਾਨ ਅੱਜ ਹੋਏ ਫਾਈਨਲ ਮੁਕਾਬਲੇ ਵਿੱਚ ਸਾਈ ਵਿੰਗ ਬਾਦਲ ਨੇ ਸਪੋਰਟਸ ਸਕੂਲ ਘੁੱਦਾ ਨੂੰ 32 ਦੇ ਫਰਕ ਨਾਲ ਹਰਾ ਕੇ ਪਹਿਲਾ ਸਥਾਨ ਹਾਸਲ ਕੀਤਾ, ਜਦਕਿ ਸ੍ਰੀ ਮੁਕਤਸਰ ਸਾਹਿਬ ਨੇ ਤੀਜਾ ਤੇ ਲੁਧਿਆਣਾ ਦੀ ਟੀਮ ਨੇ ਚੌਥਾ ਸਥਾਨ ਹਾਸਲ ਕੀਤਾ ਹੈ। ਇਸ ਤੋਂ ਇਲਾਵਾ ਅੱਜ ਸ਼ੁਰੂ ਹੋਏ ਲੜਕਿਆਂ ਦੇ ਮੁਕਾਬਲੇ ਵਿੱਚ ਮਾਲੇਰਕੋਟਲਾ ਨੇ ਸੰਗਰੂਰ, ਮਾਨਸਾ ਨੇ ਫਰੀਦਕੋਟ, ਲੁਧਿਆਣਾ ਨੇ ਬਰਨਾਲਾ, ਸ੍ਰੀ ਮੁਕਤਸਰ ਸਾਹਿਬ ਨੇ ਫਹਿਤਗੜ੍ਹ ਸਾਹਿਬ, ਪਟਿਆਲਾ ਨੇ ਬਠਿੰਡਾ, ਪਠਾਨਕੋਟ ਨੇ ਰੂਪ ਨਗਰ ਨੂੰ ਹਰਾਇਆ। ਇਸ ਮੌਕੇ ਪ੍ਰਿੰਸੀਪਲ ਸੰਤੋਖ ਸਿੰਘ ਗਿੱਲ, ਪ੍ਰਿੰਸੀਪਲ ਸੁਖਮਿੰਦਰਪਾਲ ਸਿੰਘ ਬਰਾੜ, ਜਗਰੂਪ ਸਿੰਘ ਪੀ.ਏ.ਯੂ. ਲੁਧਿਆਣਾ, ਬੂਟਾ ਸਿੰਘ ਢਿੱਲੋਂ, ਸੁਖਵਿੰਦਰ ਸਿੰਘ ਮੁੰਦਰੀ, ਵਿਕਰਮ ਸਿੰਘ ਧਨੌਲਾ ਤੇ ਨਰਿਪਜੀਤ ਸਿੰਘ ਜਵੰਧਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਕੇ ਖਿਡਾਰੀਆਂ ਦੀ ਹੌਸਲਾ ਅਫਜ਼ਾਈ ਕੀਤੀ।

ਇਸ ਮੌਕੇ ਪ੍ਰਿੰਸੀਪਲ ਬਲਜਿੰਦਰਪਾਲ ਸਿੰਘ, ਪ੍ਰਿੰਸੀਪਲ ਰਾਕੇਸ਼ ਕੁਮਾਰ, ਪ੍ਰਿੰਸੀਪਲ ਸੀਮਾ ਰਾਣੀ, ਪ੍ਰਿੰਸੀਪਲ ਨੀਰਜਾ, ਪ੍ਰਿੰਸੀਪਲ ਭਾਰਤੀ ਨੰਦਾ, ਹੈੱਡ ਮਾਸਟਰ ਪ੍ਰਦੀਪ ਕੁਮਾਰ, ਬੀ.ਐੱਮ. ਸਪੋਰਟਸ ਪਰਮਜੀਤ ਕੌਰ ਸਮੇਤ ਵੱਖ-ਵੱਖ ਸਕੂਲਾਂ ਦੇ ਸਰੀਰਕ ਸਿੱਖਿਆ ਅਧਿਆਪਕ, ਟੀਮ ਇੰਚਾਰਜ ਤੇ ਵੱਖ-ਵੱਖ ਜ਼ਿਲ੍ਹਿਆਂ ਤੋਂ ਆਏ ਹੋਏ ਖਿਡਾਰੀ ਮੌਜੂਦ ਸਨ।

# ਮੁਲਾਜ਼ਮ ਮੰਗਾਂ ਨੂੰ ਲੈ ਕੇ ਜਥੇਬੰਦੀਆਂ ਵੱਲੋਂ ਖ਼ਜ਼ਾਨਾ ਮੰਤਰੀ ਦੀ ਕੋਠੀ ਅੱਗੇ ਰੋਸ ਮੁਜ਼ਾਹਰਾ 25 ਨੂੰ

## ਚੰਡੀਗੜ੍ਹ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਦਫਤਰ ਅੱਗੇ ਰੋਸ ਪ੍ਰਦਰਸ਼ਨ 29 ਨੂੰ



**ਸੰਗਰੂਰ, (ਪ੍ਰਵੀਨ ਸਿੰਘ) :** ਇਥੇ ਪ.ਸ.ਸ.ਫ. ਤੇ ਦੀ ਕਲਾਸ ਫੋਰ ਗੌ: ਇੰਪ: ਯੂਨੀਅਨ ਜ਼ਿਲ੍ਹਾ ਸੰਗਰੂਰ ਦੀ ਅਹਿਮ ਮੀਟਿੰਗ ਕਲਾਸ ਫੋਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਮੇਲਾ ਸਿੰਘ ਪੁੰਨਾਂਵਾਲ ਤੇ ਫੈਡਰੇਸ਼ਨ ਦੇ ਜ਼ਿਲ੍ਹਾ ਪ੍ਰਧਾਨ ਸੀਤਾ ਰਾਮ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ। ਫੈਡਰੇਸ਼ਨ ਦੇ ਸੂਬਾ ਪ੍ਰਧਾਨ ਤੇ ਕਲਾਸ ਫੋਰ ਯੂਨੀਅਨ ਦੇ ਸੂਬਾਈ ਸਕੱਤਰ ਜਨਰਲ ਰਣਜੀਤ ਸਿੰਘ ਰਾਣਵਾਂ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਰਾਣਵਾਂ ਤੇ ਪੁੰਨਾਂਵਾਲ ਨੇ ਦੱਸਿਆ ਕਿ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਵੱਲੋਂ ਸਿਵਲ ਸਰਜਨ ਸੰਗਰੂਰ ਦੀਆਂ ਝੂਠੀਆਂ ਸ਼ਿਕਾਇਤਾਂ ਦੇ ਅਧਾਰ 'ਤੇ ਪਹਿਲਾਂ ਸੀਨੀ: ਸਹਾਇਕ ਕੰਵਰਜੀਤ ਸਿੰਘ, ਜੋ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਜ਼ਿਲ੍ਹਾ ਸੰਗਰੂਰ ਦੇ ਜਨਰਲ ਸਕੱਤਰ ਤੇ ਸੂਬਾ ਕਾਰਜਕਾਰਨੀ ਦੇ ਮੈਂਬਰ ਹਨ, ਦੀ ਬਦਲੀ ਬਿਨਾਂ ਕੋਈ ਪੜਤਾਲ ਜਾਂ ਕਰਮਚਾਰੀ ਦਾ ਪੱਖ ਸੁਣਨ 'ਤੇ ਸੰਗਰੂਰ ਤੋਂ ਫਾਜ਼ਿਲਕਾ ਜ਼ਿਲ੍ਹੇ ਦੀ ਕਰ ਦਿੱਤੀ ਸੀ, ਹੁਣ ਫੈਡਰੇਸ਼ਨ ਦੇ ਆਗੂ ਰਣਜੀਤ ਸਿੰਘ (ਕਲਰਕ) ਨੂੰ ਸੰਗਰੂਰ ਤੋਂ ਨਵਾਂ ਸ਼ਹਿਰ ਬਦਲ ਦਿੱਤਾ ਗਿਆ ਹੈ, ਜੋ ਸਰਾਸਰ ਧੱਕਾ ਹੈ ਤੇ ਟਰੇਡ ਯੂਨੀਅਨ ਅਧਿਕਾਰਾਂ 'ਤੇ ਛਾਪਾ ਹੈ। ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਸੂਬਾ ਸੀਨੀ: ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਮੰਗਵਾਲ ਜ਼ਿਲ੍ਹਾ ਪ੍ਰਧਾਨ ਸੀਤਾ ਰਾਮ ਸ਼ਰਮਾ, ਜਨਰਲ ਸਕੱਤਰ ਰਮੇਸ਼ ਕੁਮਾਰ, ਐਡੀ: ਜਨਰਲ ਸਕੱਤਰ ਹੰਸ ਰਾਜ ਦੀਦਾਰਗੜ੍ਹ ਨੇ ਸਾਂਝੇ ਬਿਆਨ ਰਾਹੀਂ ਕਿਹਾ ਕਿ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਮੁਲਾਜ਼ਮਾਂ ਦੀਆਂ ਮੰਗਾਂ ਸਬੰਧੀ ਜਥੇਬੰਦੀ ਨੂੰ 25 ਦਿਨ ਬੀਤ ਜਾਣ ਦੇ ਬਾਵਜੂਦ ਮੀਟਿੰਗ ਲਈ ਸਮਾਂ ਨਹੀਂ ਦਿੱਤਾ, ਉਲਟਾ ਯੂਨੀਅਨ (ਫੈਡਰਸ਼ਨ) ਆਗੂਆਂ ਨੂੰ ਪ੍ਰੇਸ਼ਾਨ ਕਰਨ ਲਈ ਦੂਰ-ਦੁਰਾਡੇ ਜ਼ਿਲ੍ਹਿਆਂ ਵਿੱਚ ਤਬਦੀਲ ਕੀਤਾ ਜਾ ਰਿਹਾ। ਬੀਤੇ ਦਿਨੀਂ ਇੱਕ ਆਗੂ ਰਣਜੀਤ ਸਿੰਘ ਕਲਰਕ ਨੂੰ ਸੰਗਰੂਰ ਤੋਂ ਨਵਾਂ ਸ਼ਹਿਰ ਬਦਲ ਦਿੱਤਾ ਗਿਆ ਹੈ, ਕਈ ਆਗੂਆਂ ਨੂੰ ਬਦਲਣ ਲਈ ਬੋਗਸ ਮਹੌਲ ਤਿਆਰ ਕੀਤਾ ਜਾ ਰਿਹਾ। ਆਗੂਆਂ ਨੇ ਕਿਹਾ ਕਿ ਰੈਗੂਲਰ ਦਰਜਾ-3 ਤੇ 4 ਮੁਲਾਜ਼ਮਾਂ ਅਤੇ ਠੇਕਾ ਕਰਮੀਆਂ ਦੀਆਂ ਮੰਗਾਂ, ਮੁਸ਼ਕਲਾਂ ਦਾ ਨਿਪਟਾਰਾ ਨਹੀਂ ਕੀਤਾ ਜਾ ਰਿਹਾ, ਪੰਜਾਬ ਸਰਕਾਰ ਦੀਆਂ ਮੰਗਾਂ ਪ੍ਰਤੀ ਵੀ ਭਗਵੰਤ ਮਾਨ ਸਰਕਾਰ ਮੰਗਾਂ ਲਾਗੂ ਕਰਨ ਦੇ ਨੋਟੀਫਿਕੇਸ਼ਨ ਜਾਰੀ ਕਰਨ ਦੀ ਬਜਾਏ ਮੀਡੀਆ ਬਿਆਨਾਂ ਰਾਹੀਂ ਹੀ ਡੰਗ ਟਪਾਈ ਕੀਤੀ ਜਾ ਰਹੀ ਹੈ, ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ, ਪਰਾਣੀ ਪੈਨਸ਼ਨ ਸਕੀਮ ਲਾਗੂ ਕਰਨ, ਬੰਦ ਕੀਤੇ ਭੱਤੇ ਬਹਾਲ ਕਰਨ, ਡੀ ਏ ਤੇ ਤਨਖਾਹ ਸਕੇਲਾਂ ਦਾ ਬਕਾਇਆ ਦੇਣ, ਤਨਖਾਹ ਸਕੇਲਾਂ ਦੀਆਂ ਤਰੁਟੀਆਂ ਦੂਰ ਕਰਨ, ਪੈਨਸ਼ਨਰਾਂ ਨੂੰ 2.59 ਦਾ ਗੁਣਾਂਕ ਦੇਣ, 200 ਰੁਪੈ ਜੱਜੀਆ ਟੈਕਸ ਬੰਦ ਕਰਨ ਆਦਿ ਮੰਗਾਂ ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ, ਜਿਸ ਕਾਰਨ ਕਰਮਚਾਰੀਆਂ ਵਿੱਚ ਰੋਸ ਵਧ ਰਿਹਾ ਹੈ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਵੱਲੋਂ ਮੰਗਾਂ ਦਾ ਮੰਗ ਪੱਤਰ ਭੇਜ ਕੇ ਮੰਗ ਕੀਤੀ ਗਈ ਸੀ ਕਿ ਮੰਗਾਂ ਦਾ ਨਿਪਟਾਰਾ ਗੱਲਬਾਤ ਰਾਹੀਂ ਕੀਤਾ ਜਾਵੇ। ਆਗੂਆਂ ਕਿਹਾ ਕਿ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵੱਲੋਂ ਮੰਗਾਂ ਦੇ ਨਿਪਟਾਰੇ ਲਈ ਜਥੇਬੰਦੀ ਨਾਲ ਮੀਟਿੰਗ ਦਾ ਸਮਾਂ ਵੀ ਨੀਯਤ ਨਹੀਂ ਕੀਤਾ ਗਿਆ, ਇਸ ਕਰਕੇ ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਵੱਲੋਂ ਫੈਸਲਾ ਕੀਤਾ ਗਿਆ ਕਿ ਖਜ਼ਾਨਾ ਮੰਤਰੀ ਦੀ ਕੋਠੀ ਅੱਗੇ 25 ਨਵੰਬਰ ਨੂੰ ਰੋਸ ਮੁਜ਼ਾਹਰਾ ਕੀਤਾ ਜਾਵੇਗਾ ਤੇ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਦੇ ਸਥਿਤ ਦਫਤਰ ਸੈਕਟਰ-34 ਚੰਡੀਗੜ੍ਹ ਵਿਖੇ 29 ਨਵੰਬਰ ਨੂੰ ਕਾਲੇ ਚੋਲੇ ਪਾ ਕੇ 151 ਮੈਂਬਰੀ ਨੁਮਾਇੰਦਾ ਰੋਸ ਧਰਨਾ ਦਿੱਤਾ ਜਾਵੇਗਾ। ਆਗੂਆਂ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਕਿਰਤ ਵਿਭਾਗ (ਕਿਰਤ ਸ਼ਾਖਾ) ਵੱਲੋਂ ਕਿਰਤ ਕਾਨੂੰਨਾਂ ਦੀ ਪਾਲਣਾ ਕਰਨ ਸਬੰਧੀ ਹਦਾਇਤਾਂ ਨੂੰ ਵੀ ਅਣਗੌਲਿਆ ਕੀਤਾ ਜਾ ਰਿਹਾ, ਵਧੇ ਰੇਟਾਂ ਦਾ ਬਕਾਇਆ ਨਹੀਂ ਦਿੱਤਾ ਜਾ ਰਿਹਾ, ਲੰਮੇਂ ਅਰਸੇ ਤੋਂ ਆਊਟ ਸੋਰਸ ਅਧੀਨ ਡਿਊਟੀ ਕਰਦੇ ਸਫਾਈ ਸੇਵਕਾਂ ਦਾ ਠੇਕੇਦਾਰਾਂ ਵੱਲੋਂ ਤੁੱਛ ਤਨਖਾਹਾਂ ਦੇ ਕੇ ਆਰਥਿਕ ਸ਼ੋਸ਼ਣ ਜਾਰੀ ਹੈ। ਇਸ ਸਬੰਧੀ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਵੱਲੋਂ ਸਿਹਤ ਤੇ ਪਰਿਵਾਰ ਕਲਿਆਣ ਮੰਤਰੀ ਸ: ਚੇਤਨ ਸਿੰਘ ਜੌੜੇਮਾਜਰਾ ਨੂੰ ਵੀ ਲਿਖੇ ਪੱਤਰ ਰਾਹੀਂ ਮੰਗ ਕੀਤੀ ਗਈ ਹੈ ਕਿ ਅਧਿਕਾਰੀਆਂ ਵੱਲੋਂ ਮੁਲਾਜ਼ਮਾਂ ਨਾਲ ਕੀਤੀਆਂ ਜਾ ਰਹੀਆਂ ਧੱਕੇਸ਼ਾਹੀਆਂ ਨੂੰ ਤੁਰੰਤ ਰੋਕਿਆ ਜਾਵੇ ਤੇ ਨਜਾਇਜ਼ ਬਦਲੀ ਰੱਦ ਕਰਕੇ ਹੱਕੀ ਮੰਗਾਂ ਦਾ ਨਿਪਟਾਰਾ ਕੀਤਾ ਜਾਵੇ, ਜੇਕਰ ਜਲਦੀ ਇਨਸਾਫ ਨਾ ਕੀਤਾ ਤਾਂ ਸੰਘਰਸ਼ ਤੇਜ਼ ਕੀਤਾ ਜਾਵੇਗਾ। ਮੀਟਿੰਗ ਵਿੱਚ ਬਿੱਕਰ ਸਿੰਘ ਸਿਬੀਆ, ਮੁਹੰਮਦ ਸਰੀਫ, ਗੁਰਚਰਨ ਸਿੰਘ (ਨਹਿਰੀ) ਕੇਵਲ ਸਿੰਘ ਗੁੱਜਰਾਂ, ਨਾਜਰ ਸਿੰਘ ਈਸੜਾ, ਗਮਧੂਰ ਸਿੰਘ (ਜੰਗਲਾਤ), ਦਵਿੰਦਰ ਸਿੰਘ, ਬੀਰਾ ਸਿੰਘ (ਸੁਨਾਮ), ਬਲਦੇਵ ਹਥਨ (ਜਲ ਸਪਲਾਈ), ਰਾਜੂ ਮੰਡੀ ਬੋਰਡ, ਗੁਲਤੇਜ਼ ਸ਼ਰਮਾ, ਗੁਰਮੀਤ ਸਿੰਘ ਮਿੰਡਾ (ਫੂਡ ਸਪਲਾਈ), ਸਤਪਾਲ ਮੌੜ, ਅਮਰਜੀਤ ਸਿੰਘ (ਹੈਲਥ), ਜਗਜੀਤ ਸਿੰਘ (ਨਹਿਰੀ) ਹਾਜ਼ਰ ਸਨ।

# ਮੁੱਖ ਮੰਤਰੀ ਦੇ ਬਿਆਨ ਤੋਂ ਉਨ੍ਹਾਂ ਦਾ ਕਿਸਾਨ ਵਿਰੋਧੀ ਚਿਹਰਾ ਨੰਗਾ ਹੋਇਆ : ਕਿਸਾਨ ਆਗੂ



**ਮਾਨਸਾ (ਆਤਮਾ ਸਿੰਘ ਪਮਾਰ)**-ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਵੱਲੋਂ ਸ਼ਹੀਦ ਕਿਸਾਨਾਂ ਦੇ ਪਰਿਵਾਰਕ ਮੈਂਬਰਾਂ ਨੂੰ ਮੁਆਵਜ਼ਾ ਤੇ ਸਰਕਾਰੀ ਨੌਕਰੀ, ਗੁਲਾਬੀ ਸੁੰਡੀ ਨਾਲ ਨੁਕਸਾਨੇ ਨਰਮੇ, ਬਰਸਾਤ ਨਾਲ ਨੁਕਸਾਨੇ ਝੋਨੇ ਦਾ ਮੁਆਵਜ਼ਾ ਤੇ ਚਾਈਨਾ ਵਾਇਰਸ ਨਾਲ ਨੁਕਸਾਨੇ, ਕਿਸਾਨਾਂ ਉੱਪਰ ਪਰਾਲੀ ਦੇ ਕੀਤੇ ਪਰਚੇ ਤੇ ਰੈਡ ਐਂਟਰੀਆਂ ਰੱਦ ਕਰਵਾਉਣ, ਜੁਮਲਾ ਮਾਲਕਾਨ ਜ਼ਮੀਨ ਦੇ ਮਾਲਕ ਕਿਸਾਨਾਂ ਨੂੰ ਉਨ੍ਹਾਂ ਦਾ ਮਾਲਕੀ ਹੱਕ ਦਿਵਾਉਣ, ਗੁਰੂ ਕਾਸ਼ੀ ਯੂਨੀਵਰਸਿਟੀ ਦੇ ਹਜ਼ਾਰਾਂ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਕਰਨ ਵਾਲੇ ਦੋਸ਼ੀ ਵੀ ਸੀ ਉੱਪਰ ਕਾਰਵਾਈ ਕਰਵਾਉਣ ਲਈ 5 ਨਵੰਬਰ ਨੂੰ ਖੰਡ ਮਿੱਲਾਂ ਚਾਲੂ ਕਰਨ ਦਾ ਵਾਅਦਾ ਕਰਕੇ ਮੁਕਰਨ ਦੇ ਰੋਸ ਅਤੇ ਖੰਡ ਮਿੱਲਾਂ ਨੂੰ ਤੁਰੰਤ ਚਾਲੂ ਕਰਨ ਦੀ ਮੰਗ ਨੂੰ ਲੈ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਤਾਇਨਾਤ ਜ਼ਮੀਨਾਂ ਦਾ ਮੁਆਵਜ਼ਾ ਵੰਡਣ ਵਿੱਚ ਘਪਲੇਬਾਜ਼ੀ ਕਰਨ ਵਾਲੇ ਕਥਿਤ ਦੋਸ਼ੀ ਐੱਸ ਡੀ ਐੱਮ ਉੱਪਰ ਕਾਰਵਾਈ ਕਰਵਾਉਣ ਆਦਿ ਮੰਗਾਂ ਨੂੰ ਲੈ ਕੇ ਸੜਕਾਂ ਉੱਤੇ ਉੱਤਰੇ ਹੋਏ ਕਿਸਾਨ ਲਗਾਤਾਰ ਦੂਜੇ ਦਿਨ ਵੀ ਮਜ਼ਬੂਤੀ ਨਾਲ ਤਿੰਨ ਕੋਨੀਆਂ ਪੁਲ ਮਾਨਸਾ, ਧਰੇੜੀ ਜੱਟਾਂ ਟੋਲ ਪਲਾਜ਼ਾ ਰਾਜਪੁਰਾ ਪਟਿਆਲਾ ਰੋਡ, ਟਹਿਣਾ ਟੀ ਪੁਆਇੰਟ ਫਰੀਦਕੋਟ, ਅੰਮ੍ਰਿਤਸਰ ਸਾਹਿਬ, ਮੁਕੇਰੀਆਂ ਤੇ ਬੀਬੀਆਂ ਭੈਣਾਂ ਤਲਵੰਡੀ ਸਾਬੋ ਵਿਖੇ ਉਸ ਤਰ੍ਹਾਂ ਹੀ ਮਜ਼ਬੂਤੀ ਨਾਲ ਡਟੀਆਂ ਹੋਈਆਂ ਹਨ। ਸੂਬਾ ਆਗੂ ਕਾਕਾ ਸਿੰਘ ਕੋਟੜਾ ਨੇ ਕਿਹਾ ਕਿ ਜਿਸ ਤਰ੍ਹਾਂ ਦਾ ਬਿਆਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਦਿੱਤਾ ਗਿਆ ਹੈ, ਤੋਂ ਸਿੱਧ ਹੁੰਦਾ ਹੈ ਕਿ ਸਰਕਾਰ ਬੁਖਲਾ ਗਈ ਹੈ ਤੇ ਸਰਕਾਰ ਮੀਟਿੰਗ ਵਿੱਚ ਮੰਨੀਆਂ ਹੋਈਆਂ ਮੰਗਾਂ ਤੋਂ ਪਿੱਛੇ ਹਟ ਰਹੀ ਹੈ ਅਤੇ ਸੰਯੁਕਤ ਮੋਰਚਾ (ਗੈਰ-ਰਾਜਨੀਤਕ) ਪੰਜਾਬ ਨੂੰ ਕੋਈ ਸਖ਼ਤ ਕਦਮ ਚੁੱਕਣ ਲਈ ਤੇ ਪੰਜਾਬ ਦੇ ਲੋਕਾਂ ਨੂੰ ਸੜਕਾਂ ਉੱਪਰ ਉਤਰਨ ਲਈ ਮਜਬੂਰ ਕਰ ਰਹੀ ਹੈ ਅਤੇ ਉਨ੍ਹਾਂ ਦੇ ਇਸ ਬਿਆਨ ਤੋਂ ਇਹ ਵੀ ਸਿੱਧ ਹੁੰਦਾ ਹੈ ਕਿ ਸਰਕਾਰ ਅੰਦਰ ਖਾਤੇ ਕੋਈਆਂ ਸਾਜ਼ਿਸ਼ਾਂ ਰਚ ਰਹੀ ਹੈ, ਜਿਸ ਤੋਂ ਸਰਕਾਰ ਦਾ ਕਿਸਾਨ ਵਿਰੋਧੀ ਚਿਹਰਾ ਨੰਗਾ ਹੋ ਰਿਹਾ ਹੈ ਅਤੇ ਸਰਕਾਰ ਦੀ ਕਿਸਾਨਾਂ ਨਾਲ ਕੀਤੇ ਇਹ ਵਾਅਦਿਆਂ ਖ਼ਿਲਾਫ਼ੀ ਤੇ ਸਰਕਾਰ ਵੱਲੋਂ 2 ਅਗਸਤ ਤੇ 6 ਅਕਤੂਬਰ ਨੂੰ ਹੋਈਆਂ ਮੀਟਿੰਗਾਂ ਵਿੱਚ ਮੰਨੀਆਂ ਮੰਗਾਂ ਸਬੰਧੀ ਸਰਕਾਰ ਵੱਲੋਂ ਨੋਟੀਫਿਕੇਸ਼ਨ ਜਾਰੀ ਨਾ ਕਰਨ ਕਰਕੇ ਹੀ ਕਿਸਾਨ ਸੜਕਾਂ 'ਤੇ ਉੱਤਰੇ ਹੋਏ ਹਨ। ਇਸ ਮੌਕੇ ਲਖਵੀਰ ਸਿੰਘ ਅਕਲੀਆ ਜ਼ਿਲ੍ਹਾ ਪ੍ਰਧਾਨ ਮਾਨਸਾ, ਬਲਦੇਵ ਸਿੰਘ ਸੰਦੋਹਾ ਜ਼ਿਲ੍ਹਾ ਪ੍ਰਧਾਨ ਬਠਿੰਡਾ, ਸੁਰਜੀਤ ਸਿੰਘ ਜ਼ਿਲ੍ਹਾ ਪ੍ਰਧਾਨ ਸੰਗਰੂਰ, ਮੱਖਣ ਸਿੰਘ, ਜਗਦੇਵ ਸਿੰਘ ਭੈਣੀ ਬਾਘਾ ਆਦਿ ਹਾਜ਼ਰ ਸਨ।

## ਕਾਤਰਾਂ

### ਬਰੌਡਵੇ ਸਕੂਲ 'ਚ ਦੰਦਾਂ ਤੇ ਅੱਖਾਂ ਦਾ ਜਾਂਚ ਕੈਂਪ




**ਮਹਿਲ ਕਲਾਂ, (ਗੁਰਪ੍ਰੀਤ ਅਣਖੀ, ਬਲਵਿੰਦਰ ਵਜੀਦਕੇ)**-ਬਰੌਡਵੇ ਪਬਲਿਕ ਸਕੂਲ ਮਨਾਲ ਵਿਖੇ ਦੋ ਰੋਜ਼ਾ ਦੰਦਾਂ ਤੇ ਅੱਖਾਂ ਦਾ ਜਾਂਚ ਕੈਂਪ ਸੰਸਥਾ ਦੇ ਚੇਅਰਮੈਨ ਰਣਜੀਤ ਸਿੰਘ ਚੀਮਾ ਦੀ ਅਗਵਾਈ ਹੇਠ ਲਗਾਇਆ ਗਿਆ। ਇਸ ਮੌਕੇ ਸੀ ਐੱਮ ਸੀ ਲੁਧਿਆਣਾ ਦੇ ਮਾਹਰ ਡਾਕਟਰਾਂ ਦੀ ਟੀਮ ਨੇ ਜਾਂਚ ਦੌਰਾਨ ਪਹਿਲੀ ਤੋਂ ਬਾਰਵੀਂ ਸ਼੍ਰੇਣੀ ਤੱਕ ਦੇ ਵਿਦਿਆਰਥੀਆਂ ਦੇ ਦੰਦਾਂ ਤੇ ਅੱਖਾਂ ਦੀ ਜਾਂਚ ਕੀਤੀ ਗਈ। ਜਿਹੜੇ ਵਿਦਿਆਰਥੀਆਂ ਵਿੱਚ ਸੰਬੰਧਤ ਬੀਮਾਰੀ ਦੇ ਲੱਛਣ ਪਾਏ ਗਏ, ਉਨ੍ਹਾਂ ਨੂੰ ਸਲਾਹ ਦੇ ਕੇ ਇਲਾਜ ਲਈ ਪ੍ਰੇਰਿਤ ਕੀਤਾ ਗਿਆ ਅਤੇ ਲੋੜਵੰਦਾਂ ਨੂੰ ਦਵਾਈਆਂ ਦਿੱਤੀਆਂ ਗਈਆਂ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਮੁਹੰਮਦ ਆਰਿਫ ਸੈਫੀ ਨੇ ਡਾਕਟਰਾਂ ਦੀ ਟੀਮ ਦਾ ਧੰਨਵਾਦ ਕਰਦਿਆਂ ਕਿਹਾ ਕਿ ਭਵਿੱਖ ਵਿੱਚ ਵੀ ਅਜਿਹੇ ਕੈਂਪ ਨਿਰੰਤਰ ਲਗਾਏ ਜਾਂਦੇ ਰਹਿਣਗੇ।

### ਸਕੂਲ 'ਚੋਂ ਮਿਡ ਡੇ ਮੀਲ ਦਾ ਸਮਾਨ ਚੋਰੀ

**ਫਿਰੋਜ਼ਪੁਰ (ਅਸ਼ੋਕ ਸ਼ਰਮਾ) :** ਸਰਕਾਰੀ ਸਕੂਲ ਮਿਸ਼ਰੀਵਾਲਾ ਵਿਖੇ ਅਣਪਛਾਤੇ ਵਿਅਕਤੀਆਂ ਵੱਲੋਂ ਮਿੱਡ ਦੇ ਮੀਲ ਦਾ ਸਾਮਾਨ ਚੋਰੀ ਕਰਨ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਘੱਲ ਖੁਰਦ ਪੁਲਸ ਨੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਗੁਣਵੰਤ ਕੌਰ ਸੈਂਟਰ ਹੈੱਡ ਟੀਚਰ ਸਰਕਾਰੀ ਸਕੂਲ ਮਿਸ਼ਰੀ ਵਾਲਾ ਨੇ ਦੱਸਿਆ ਕਿ 1 ਨਵੰਬਰ 2022 ਨੂੰ ਸਰਕਾਰੀ ਸਕੂਲ ਮਿਸ਼ਰੀ ਵਾਲਾ ਵਿਖੇ ਬੱਚਿਆਂ ਨੂੰ ਦੇਣ ਲਈ ਸਰਕਾਰ ਵੱਲੋਂ ਮਿੱਡ ਡੇ ਮੀਲ ਰਾਸ਼ਨ ਮੁਹੱਈਆ ਕਰਵਾਇਆ ਗਿਆ ਸੀ। ਬੀਤੀ 3-4 ਨਵੰਬਰ 2022 ਦੀ ਦਰਮਿਆਨੀ ਰਾਤ ਨੂੰ ਅਣਪਛਾਤੇ ਵਿਅਕਤੀਆਂ ਨੇ ਸਕੂਲ ਦੇ ਤਾਲੇ ਤੋੜ ਕੇ ਇਨਵੈਰਟਰ ਸਮੇਤ ਬੈਟਰਾ, ਡੀ ਵੀ ਆਰ, ਸੁੱਕਾ ਰਾਸ਼ਨ ਕਣਕ, ਚਾਵਲ, ਦਾਲਾਂ ਆਦਿ ਤੇ ਗੈਸ ਸਿਲੰਡਰ ਚੋਰੀ ਕਰਕੇ ਲੈ ਗਏ ਤੇ ਜਾਂਦੇ ਹੋਏ ਸਕੂਲ ਵਿੱਚ ਲੱਗੇ ਕੈਮਰਿਆਂ ਦੀਆਂ ਤਾਰਾਂ ਕੱਟ ਗਏ, ਜਿਸ ਦੀ ਕੁੱਲ ਮਲੀਤੀ 18 ਹਜ਼ਾਰ ਰੁਪਏ ਹੈ। ਇਸ ਮਾਮਲੇ ਦੀ ਜਾਂਚ ਕਰ ਰਹੇ ਏ ਐੱਸ ਆਈ ਜਸਪਾਲ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀਆਂ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### ਸਿੱਖਿਆ ਵਿਭਾਗ ਦੇ ਤਾਨਾਸ਼ਾਹੀ ਰਵੱਈਏ ਦੀ ਨਿੰਦਾ

**ਛਾਜਲੀ, (ਜਸਵੀਰ ਲਾਡੀ)**-ਅੰਬਡਕਾਰੀ ਚੇਤਨਾ ਮੰਚ ਤੇ ਅਧਿਆਪਕ ਆਗੂ ਮਾਸਟਰ ਜਗਦੀਸ਼ ਲਾਲ ਨੇ ਆਪਣੇ ਪ੍ਰੈੱਸ ਨੋਟ ਰਾਹੀਂ ਸਿੱਖਿਆ ਵਿਭਾਗ ਵੱਲੋਂ ਅਧਿਆਪਕ ਆਗੂਆਂ 'ਤੇ ਕੀਤੀ ਕਾਰਵਾਈ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਕਿਹਾ ਕਿ ਅਧਿਆਪਕ ਸ੍ਰੀ ਬਲਬੀਰ ਚੰਦ ਲੌਂਗੋਵਾਲ ਤੇ ਦਾਤਾ ਸਿੰਘ ਨਮੋਲ, ਜੋ ਅਧਿਆਪਕ ਮਸਲਿਆਂ 'ਤੇ ਲੜਨ ਵਾਲੇ ਮੂਹਰਲੀ ਕਤਾਰ ਦੇ ਆਗੂ ਹਨ। ਸਿੱਖਿਆ ਵਿਭਾਗ ਦੇ ਤਾਨਾਸ਼ਾਹੀ ਰਵੱਈਏ ਤਹਿਤ ਅਫਸਰਾਂ ਨੇ ਉਨ੍ਹਾਂ ਦੀ ਅਵਾਜ਼ ਨੂੰ ਬੰਦ ਕਰਨ ਲਈ ਬਦਲਾ-ਲਊ ਨੀਤੀ ਦੇ ਰੂਪ ਵਿੱਚ ਉਨ੍ਹਾਂ 'ਤੇ ਪਰਚਾ ਦਰਜ ਕਰਵਾ ਕੇ ਉਨ੍ਹਾਂ ਦੀਆਂ ਬਦਲੀਆਂ ਦੂਰ-ਦੁਰਾਡੇ ਸਥਾਨਾਂ 'ਤੇ ਕਰ ਦਿੱਤੀਆਂ ਹਨ। ਇਹ ਕਾਰਵਾਈ ਲੋਕਰਾਜੀ ਹੱਕਾਂ 'ਤੇ ਸਿੱਧਾ ਹਮਲਾ ਹੈ, ਜਿਸ ਨੂੰ ਕਿਸੇ ਵੀ ਹਲਾਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਅੰਬੇਡਕਾਰੀ ਚੇਤਨਾ ਮੰਚ ਇਸ ਕਾਰਵਾਈ ਦੀ ਸਖਤ ਆਲੋਚਨ ਕਰਦਿਆਂ ਇਸ ਨੂੰ ਵਾਪਸ ਲੈਣ ਦੀ ਮੰਗ ਕਰਦਾ ਹੈ। ਅਜਿਹਾ ਨਾ ਹੋਣ ਦੀ ਸੂਰਤ ਵਿੱਚ ਮੰਚ ਸੜਕਾਂ 'ਤੇ ਉੱਤਰ ਕੇ ਸੰਘਰਸ਼ ਕਰਨ ਤੋਂ ਸੰਕੋਚ ਨਹੀਂ ਕਰਗਾ, ਕਿਸੇ ਵੀ ਨਫੇ ਨੁਕਸਾਨ ਦਾ ਜ਼ਿੰਮੇਵਾਰ ਸਿੱਖਿਆ ਵਿਭਾਗ ਤੇ ਸਰਕਾਰ ਹੋਵੇਗੀ।

### ਇੰਗਲਿਸ਼ ਸਟੂਡੀਓ ਨੇ ਲਵਾਇਆ ਅਸਟਰੇਲੀਆ ਦਾ ਸਟੱਡੀ ਵੀਜ਼ਾ

**ਬਾਘਾ ਪੁਰਾਣਾ (ਮਨੀ ਸਿੰਗਲਾ)**-ਇੰਗਲਿਸ਼ ਸਟੂਡੀਓ ਸੰਸਥਾ ਜੋ ਕਿ ਕੋਟਕਪੂਰਾ ਰੋਡ ਬਾਘਾ ਪੁਰਾਣਾ ਵਿਖੇ ਪੈਟ੍ਰੋਲ ਪੰਪ ਦੇ ਸਾਹਮਣੇ ਹੈ, ਇਥੇ ਵਿਦਿਆਰਥੀਆਂ ਨੂੰ ਸਾਰੀਆਂ ਆਧੁਨਿਕ ਤੇ ਬੁਨਿਆਦੀ ਸਹੂਲਤਾਂ ਪ੍ਰਧਾਨ ਕੀਤੀਆਂ ਜਾਂਦੀਆਂ ਹਨ। ਇਥੇ ਆਈਲਟਸ ਕਰਕੇ ਵਿਦਿਆਰਥੀ ਆਪਣੇ ਵਿਦੇਸ਼ ਜਾਣ ਦੇ ਸੁਪਨਿਆਂ ਨੂੰ ਸਾਕਾਰ ਕਰ ਰਹੇ ਹਨ, ਇਸ ਵਾਰ ਇਸ ਸੰਸਥਾ ਦੇ ਵਿਦਿਆਰਥੀ ਰਾਜਵਿੰਦਰ ਸਿੰਘ ਪੁੱਤਰ ਜਗਸੀਰ ਸਿੰਘ ਵਾਸੀ ਮਾਹਲਾ ਕਲਾਂ ਦਾ ਅਸਟਰੇਲੀਆ ਦਾ ਸਟਡੀ ਵੀਜ਼ਾ ਲਾਟਰੋਬ ਯੂਨੀਵਰਸਿਟੀ ਵਿੱਚ 20% ਵਜ਼ੀਫੇ (ਸਕਾਲਰਸ਼ਿਪ) ਨਾਲ ਲਗਵਾਇਆ ਹੈ। ਸੰਸਥਾ ਦੇ ਮੁਖੀ ਪੰਕਜ ਬਾਂਸਲ ਤੇ ਗੌਰਵ ਕਾਲੜਾ ਨੇ ਵਿਦਿਆਰਥੀ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

# ਐਸੋਸੀਏਸ਼ਨ ਆਫ ਇੰਜੀਨੀਅਰ ਦੀ ਡਵੀਜ਼ਨ ਪੱਧਰੀ ਚੋਣ

**ਮੂਨਕ (ਰਾਜਪਾਲ ਸਿੰਗਲਾ)**-ਐਸੋਸੀਏਸ਼ਨ ਆਫ ਇੰਜੀਨੀਅਰ (ਏ ਓ ਜੇ ਈ) ਦੀ ਡਵੀਜ਼ਨ ਪੱਧਰੀ ਇੱਕ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਮੂਨਕ, ਲਹਿਰਾਗਾਗਾ ਸ਼ਹਿਰੀ, ਬਗਾ ਤੇ ਅਰਬਨ ਲਹਿਰਾ ਦੇ ਜੇ ਈਜ਼ ਸ਼ਾਮਲ ਹੋਏ। ਇਨ੍ਹਾਂ ਸਾਰੇ ਮੁਲਾਜ਼ਮਾਂ ਦੀ ਸਹਿਮਤੀ ਦੇ ਨਾਲ ਲੋਕਲ ਕਮੇਟੀ ਦੀ ਮੌਜੂਦਗੀ ਵਿੱਚ ਸਰਬਸੰਮਤੀ ਨਾਲ ਜੇ ਈ ਗੁਰਪ੍ਰੀਤ ਸਿੰਘ (ਐੱਸ ਡੀ ਮੂਨਕ) ਨੂੰ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਦੇ ਨਾਲ ਹੀ ਜੇ ਈ ਨਪਿੰਦਰ ਸਿੰਘ ਨੂੰ ਸਕੱਤਰ, ਜੇ ਈ ਹਰਦੀਪ ਸਿੰਘ ਨੂੰ ਖਜ਼ਾਨਚੀ, ਜੇ ਈ ਗੁਰਪ੍ਰੀਤ ਸਿੰਘ (ਐੱਸ ਡੀ ਬਗਾ) ਨੂੰ ਸੰਯੁਕਤ ਸਕੱਤਰ ਤੇ ਜੇ ਈ ਬਟੂ ਨੂੰ ਮੀਤ ਪ੍ਰਧਾਨ ਚੁਣਿਆ ਗਿਆ। ਇਸ ਮੌਕੇ ਜੇ ਈ ਕੁਲਵਿੰਦਰ ਸਿੰਘ, ਕੁਲਦੀਪ ਸਿੰਘ, ਬੂਟਾ ਸਿੰਘ, ਨਿਰਮਲ ਸਿੰਘ, ਰਾਮ ਬਖਸ, ਖੁਸ਼ਵਿੰਦਰ ਸਿੰਘ, ਸੰਦੀਪ ਸਿੰਘ, ਹਰਦੀਪ ਸਿੰਘ ਤੇ ਹੋਰ ਵੀ ਜੇ ਈਜ਼ ਨੇ ਭਾਗ ਲਿਆ।



# ਸਿੰਗਲ ਯੂਜ਼ ਪਲਾਸਟਿਕ ਲਿਫਾਫਿਆਂ ਸੰਬੰਧੀ ਦੁਕਾਨਦਾਰਾਂ ਨੂੰ ਕੀਤਾ ਜਾਗਰੂਕ

## ਪ੍ਰਸ਼ਾਸਨਕ ਅਧਿਕਾਰੀਆਂ ਲਿਫਾਫੇ ਜ਼ਬਤ ਕਰਕੇ ਕੱਟੇ ਚਲਾਨ



**ਨਾਭਾ, (ਵਰਿੰਦਰ ਵਰਮਾ)**-ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਗਰ ਕੌਂਸਲ ਰਾਜਪੁਰਾ ਤੇ ਨਾਭਾ ਦੀਆਂ ਟੀਮਾਂ ਵੱਲੋਂ ਸਿੰਗਲ ਯੂਜ਼ ਪਲਾਸਟਿਕ ਦੇ ਲਿਫਾਫਿਆਂ ਨੂੰ ਬੰਦ ਕਰਨ ਸਬੰਧੀ ਲੋਕਾਂ ਨੂੰ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਨਗਰ ਕੌਂਸਲ ਇੰਸਪੈਕਟਰ ਵਿਕਾਸ ਚੌਧਰੀ ਰਾਜਪੁਰਾ, ਨਗਰ ਕੌਂਸਲ ਨਾਭਾ ਇੰਸਪੈਕਟਰ ਗੁਰਿੰਦਰਪਾਲ ਸਿੰਘ ਤੇ ਸੈਨੇਟਰੀ ਬਰਾਂਚ ਨਾਭਾ ਸੁਪਰਵਾਈਜ਼ਰ ਤੇਜਾ ਸਿੰਘ ਵੱਲੋਂ 8 ਦੇ ਕਰੀਬ ਦੁਕਾਨਦਾਰਾਂ ਦੇ ਚਲਾਨ ਕੱਟੇ ਗਏ। ਉਨ੍ਹਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਸਰਕਾਰਾਂ ਵੱਲੋਂ ਸਿੰਗਲ ਯੂਜ਼ ਪਲਾਸਟਿਕ ਦੇ ਲਿਫਾਫਿਆਂ ਨੂੰ ਬੰਦ ਕਰਨ ਦੇ ਹੁਕਮ ਦਿੱਤੇ ਗਏ ਹਨ। ਇਸ ਨੂੰ ਲੈ ਕੇ ਅੱਜ ਸ਼ਹਿਰ ਦੇ ਵੱਖ-ਵੱਖ ਭਾਗਾਂ ਵਿੱਚ ਦੁਕਾਨਦਾਰ, ਰੇਹੜੀ ਚਾਲਕ ਤੇ ਆਉਣ ਜਾਣ ਵਾਲੇ ਰਾਹਗੀਰਾਂ ਨੂੰ ਪ੍ਰੇਰਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪਲਾਸਟਿਕ ਦੇ ਲਿਫਾਫਿਆਂ ਤੋਂ ਕਈ ਤਰ੍ਹਾਂ ਦੀਆਂ ਜਾਨਲੇਵਾ ਬਿਮਾਰੀਆਂ ਤਾਂ ਫੈਲਦੀਆਂ ਹੀ ਹਨ, ਬਲਕਿ ਆਸ-ਪਾਸ ਦੀ ਗੰਦਗੀ ਵੀ ਫੈਲਦੀ ਹੈ। ਉਨ੍ਹਾਂ ਕਿਹਾ ਕਿ ਪਲਾਸਟਿਕ ਅਜਿਹਾ ਧਾਤੂ ਹੈ, ਜੋ ਕਿ ਜ਼ਮੀਨ ਹੇਠ ਕਈ ਦਹਾਕੇ ਦੱਬਣ ਬਾਅਦ ਵੀ ਸਲਾਮਤ ਰਹਿੰਦਾ ਹੈ, ਜਦਕਿ ਇਸ ਨੂੰ ਅੱਗ ਨਾਲ ਸੜਾਉਣ ਤੇ ਵਾਤਾਵਰਣ 'ਚ ਫੈਲਦੇ ਗੰਦਲੀਆਂ ਗੈਸਾਂ ਵਾਲਾ ਜ਼ਹਿਰੀਲਾ ਧੂੰਆਂ ਫੈਲਣ ਨਾਲ ਆਮ ਲੋਕਾਂ ਵਿੱਚ ਦਮਾ, ਛਾਤੀ ਦੇ ਰੋਗਾਂ ਦਾ ਫੈਲਾਅ ਵਧ ਰਿਹਾ ਹੈ। ਇਸ ਤੋਂ ਇਲਾਵਾ ਗਲੀਆਂ, ਨਾਲੀਆਂ ਵਿੱਚ ਰੁਲਦੇ ਪਲਾਸਟਿਕ ਦੇ ਲਿਫਾਫਿਆਂ ਕਾਰਨ ਗੰਦੇ ਪਾਣੀ ਦੀ ਨਿਕਾਸੀ ਵਿੱਚ ਅੜਿੱਕਾ ਪੈਦਾ ਹੁੰਦਾ ਹੈ, ਜਿਸ ਨਾਲ ਬਰਸਾਤੀ ਮੌਸਮ ਦੌਰਾਨ ਕਈ ਥਾਈਂ ਹੜ੍ਹਾਂ ਦੀ ਸਥਿਤੀ ਵੀ ਪੈਦਾ ਹੋ ਜਾਂਦੀ ਹੈ। ਉਨ੍ਹਾਂ ਲੋਕਾਂ ਨੂੰ ਆਪਣੇ ਬਚਾਓ ਲਈ ਆਪ ਹੀ ਸਰਗਰਮ ਹੋਣ ਦੀ ਪ੍ਰੇਰਨਾ ਦਿੰਦਿਆਂ ਕਿਹਾ ਕਿ ਪਲਾਸਟਿਕ ਦੇ ਬਰਤਨਾਂ ਵਿੱਚ ਗਰਮ ਖਾਣਾ ਨਾ ਖਾਧਾ ਜਾਵੇ ਤੇ ਪਲਾਸਟਿਕ ਦੀ ਜਗ੍ਹਾ ਸਟੀਲ ਦੇ ਬਰਤਨ ਦਾ ਇਸਤੇਮਾਲ ਕੀਤਾ ਜਾਵੇ। ਪਲਾਸਟਿਕ ਦੇ ਕੱਪ ਵਿੱਚ ਚਾਹ ਪੀਣ ਦੀ ਬਜਾਏ ਕੁੱਲੜ ਦਾ ਇਸਤੇਮਾਲ ਕੀਤਾ ਜਾਵੇ। ਉਨ੍ਹਾਂ ਆਮ ਲੋਕਾਂ ਨੂੰ ਪ੍ਰੇਰਿਤ ਕਰਦਿਆਂ ਕਿਹਾ ਕਿ ਪਲਾਸਟਿਕ ਸਾਮਾਨ ਤੇ ਕਚਰੇ ਨੂੰ ਖੁੱਲ੍ਹੇ ਥਾਂ ਵਿੱਚ ਨਾ ਸੁੱਟਿਆ ਜਾਵੇ। ਪਾਣੀ ਪੀਣਾ ਹੋਵੇ ਤਾਂ ਪਲਾਸਟਿਕ ਦੀ ਬੋਤਲ ਦੀ ਜਗਾ ਤਾਂਬੇ, ਸਟੀਲ ਤੇ ਕੱਚ ਦੀ ਬੋਤਲ ਦਾ ਇਸਤੇਮਾਲ ਕੀਤਾ ਜਾਵੇ। ਜੇਕਰ ਲੋਕ ਆਪਣੇ ਆਪ ਸਾਵਧਾਨੀ ਰੱਖਣਗੇ ਤਾਂ ਪਲਾਸਟਿਕ ਦੇ ਇਸ ਜਾਨਲੇਵਾ ਖਤਰੇ ਤੋਂ ਦੂਰ ਰਹਿਣਗੇ ਤੇ ਨਾਲ-ਨਾਲ ਸਿਹਤਮੰਦ ਵੀ ਰਹਿ ਸਕਣਗੇ। ਉਨ੍ਹਾ ਕਿਹਾ ਇਹ ਲਿਫਾਫੇ ਨਾਲੀਆਂ ਵਿੱਚ ਫਸ ਕੇ ਪਾਣੀ ਦੀ ਨਿਕਾਸੀ ਨੂੰ ਰੋਕਦੇ ਹਨ, ਜਿਸ ਨਾਲ ਲੋਕਾਂ ਨੂੰ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਘਰ ਦਾ ਸਾਮਾਨ ਲੈਣ ਲਈ ਕੱਪੜੇ ਦਾ ਥੈਲਾ ਜ਼ਰੂਰ ਲੈ ਕੇ ਆਉਣ। ਇਸ ਮੌਕੇ ਹਿਮਾਂਸ਼ੂ ਸਿੰਗਲਾ ਅਜੇ ਕੁਮਾਰ, ਹੈਪੀ, ਕ੍ਰਿਸ਼ਨ ਕੁਮਾਰ, ਲਖਵੀਰ ਸਿੰਘ, ਸਸਪਾਲ, ਕਾਲਾ, ਜੈਮਲ ਆਦਿ ਹਾਜ਼ਰ ਸਨ।

# ਬਲੌਜ਼ਮਜ਼ 'ਚ ਨੰਨ੍ਹੇ-ਮੁੰਨਿਆਂ ਦਾ 'ਔਰੇਂਜ ਡੇਅ' ਮਨਾਇਆ

**ਜਗਰਾਓਂ (ਅਮਿਤ ਖੰਨਾ) :** ਬਲੌਜ਼ਮਜ਼ ਕਾਨਵੈਂਟ ਸਕੂਲ ਵਿਖੇ ਪਲੇਅਵੇਅ ਦੇ ਬੱਚਿਆਂ ਵੱਲੋਂ 'ਔਰੇਂਜ਼ ਡੇਅ' ਮਨਾਇਆ ਗਿਆ, ਜਿਸ ਵਿੱਚ ਬੱਚਿਆਂ ਨੇ ਸੰਤਰੀ ਰੰਗ ਦੇ ਕੱਪੜੇ ਪਾਏ ਤੇ ਇਸੇ ਰੰਗ ਦੇ ਪਕਵਾਨ ਵੀ ਲੈ ਕੇ ਆਏ। ਇਸ ਤੋਂ ਇਲਾਵਾ ਬੱਚੇ ਖਿਡੌਣੇ ਵੀ ਸੰਤਰੀ ਰੰਗ ਦੇ ਹੀ ਲੈ ਕੇ ਆਏ ਅਤੇ ਇਸ ਦਿਨ ਨੂੰ ਹੋਰ ਵੀ ਰੰਗੀਨ ਬਣਾ ਦਿੱਤਾ। ਬੱਚਿਆਂ ਵੱਲੋਂ ਇਸੇ ਤਹਿਤ ਸੰਤਰੀ ਰੰਗ ਦੀਆਂ ਹੋਰ ਚੀਜ਼ਾਂ ਦੀ ਪਛਾਣ ਕਰਨੀ ਵੀ ਸਿੱਖੀ ਗਈ, ਜਿਸ ਨਾਲ ਉਨ੍ਹਾਂ ਨੂੰ ਰੰਗ ਪਛਾਨਣ ਵਿੱਚ ਮਦਦ ਮਿਲੀ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਡਾ: ਅਮਰਜੀਤ ਕੌਰ ਨਾਜ਼ ਨੇ ਦੱਸਿਆ ਕਿ ਆਪਣੀ ਨਿੱਕੀ ਫੁੱਲਵਾੜੀ ਵਿੱਚ ਆਪਣੇ ਇਨ੍ਹਾਂ ਨੰਨ੍ਹੇ-ਮੁੰਨਿਆਂ ਦੀਆਂ ਹਰ ਤਰ੍ਹਾਂ ਦੀਆਂ ਗਤੀਵਿਧੀਆਂ ਮਨ ਨੂੰ ਤਰੋ-ਤਾਜ਼ਾ ਕਰ ਦਿੰਦੀਆਂ ਹਨ। ਇਨ੍ਹਾਂ ਛੋਟੇ-ਛੋਟੇ ਬੱਚਿਆਂ ਨੇ ਆਪਣੀ ਪੜ੍ਹਾਈ ਦੇ ਸ਼ੁਰੂਆਤੀ ਦਿਨਾਂ ਦੌਰਾਨ ਹੀ ਇਨ੍ਹਾਂ ਗਤੀਵਿਧੀਆਂ ਰਾਹੀ ਬਹੁਤ ਕੁਝ ਸਿੱਖ ਜਾਣਾ ਹੈ ਜੋ ਕਿ ਇਹਨਾਂ ਦੇ ਆਉਣ ਵਾਲੀ ਜ਼ਿੰਦਗੀ ਵਿਚ ਕੰਮ ਆਵੇਗਾ। ਇਸ ਮੌਕੇ ਸਕੂਲ ਦੀ ਮੈਨੇਜਿੰਗ ਕਮੇਟੀ ਵਿੱਚ ਅਜਮੇਰ ਸਿੰਘ ਰੱਤੀਆਂ ਤੇ ਸਤਵੀਰ ਸਿੰਘ ਨੇ ਬੱਚਿਆਂ ਦੀ ਰੰਗ ਪਛਾਨਣ ਦੀ ਇਸ ਗਤੀਵਿਧੀ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਇਸ ਤਰ੍ਹਾਂ ਦੀਆਂ ਛੋਟੀਆਂ-ਛੋਟੀਆਂ ਗਤੀਵਿਧੀਆਂ ਰਾਹੀਂ ਹੀ ਬੱਚੇ ਉੱਚ ਪੱਧਰ ਦੇ ਮੁਕਾਬਲਿਆਂ ਵਿੱਚ ਭਾਗ ਲੈਣ ਯੋਗ ਬਣਦੇ ਹਨ।

# ਸਬ ਇੰਸਪੈਕਟਰ ਗੁਰਬਚਨ ਸਿੰਘ ਨੇ ਚਾਰਜ ਸੰਭਾਲਿਆ

**ਮਹਿਲ ਕਲਾਂ (ਬਲਵਿੰਦਰ ਵਜੀਦਕੇ)** ਸੀ.ਆਈ.ਸਟਾਫ਼ ਹੰਡਿਆਇਆ ਤੋਂ ਬਦਲ ਕੇ ਆਏ ਸਬ ਇੰਸਪੈਕਟਰ ਗੁਰਬਚਨ ਸਿੰਘ ਨੇ ਥਾਣਾ ਠੁੱਲੀਵਾਲ ਵਿਖੇ ਚਾਰਜ ਸੰਭਾਲਣ ਉਪਰੰਤ ਪਹਿਲੀ ਮਿਲਣੀ ਕੀਤੀ। ਇਸ ਮੌਕੇ ਨਵੇਂ ਥਾਣਾ ਮੁਖੀ ਗੁਰਬਚਨ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਜੋ ਜ਼ਿੰਮੇਵਾਰੀ ਮੈਨੂੰ ਥਾਣਾ ਠੁੱਲੀਵਾਲ ਵਿਖੇ ਥਾਣਾ ਮੁਖੀ ਵਜੋਂ ਸੌਂਪੀ ਗਈ ਹੈ, ਉਸ ਨੂੰ ਮੈਂ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਵਾਂਗਾ। ਉਨ੍ਹਾਂ ਕਿਹਾ ਕਿ ਪੁਲਸ ਥਾਣਾ ਠੁੱਲੀਵਾਲ ਦੇ ਅਧਿਕਾਰ ਖੇਤਰ ਅਧੀਨ ਪੈਂਦੇ ਪਿੰਡਾਂ ਦੇ ਚੁਣੇ ਹੋਏ ਸਰਪੰਚਾਂ ਪੰਚਾਂ ਤੇ ਹੋਰ ਮੋਹਤਬਰ ਵਿਅਕਤੀਆਂ ਨੂੰ ਪੂਰਾ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ ਅਤੇ ਇਨਸਾਫ਼ ਲੈਣ ਲਈ ਆਏ ਲੋਕਾਂ ਨਾਲ ਕਿਸੇ ਵੀ ਪ੍ਰਕਾਰ ਦੀ ਕੋਈ ਵਧੀਕੀ ਨਹੀਂ ਹੋਣ ਦਿੱਤੀ ਜਾਵੇਗੀ ਅਤੇ ਬਣਦਾ ਇਨਸਾਫ਼ ਦਿੱਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਨਸ਼ਿਆਂ ਦਾ ਕਾਰੋਬਾਰ ਕਰਨ ਵਾਲਿਆਂ ਨੂੰ ਕਿਸੇ ਵੀ ਹਾਲਤ ਵਿਚ ਬਖਸ਼ਿਆ ਨਹੀਂ ਜਾਵੇਗਾ ਤੇ ਨਸ਼ਿਆਂ ਦਾ ਕਾਰੋਬਾਰ ਕਰਨ ਵਾਲਿਆਂ ਦੀ ਸੂਚਨਾ ਦੇਣ ਵਾਲੇ ਵਿਅਕਤੀ ਦਾ ਨਾਂਅ ਗੁਪਤ ਰੱਖਿਆ ਜਾਵੇਗਾ। ਇਸ ਮੌਕੇ ਏ ਐਸ ਆਈ ਮਨਜੀਤ ਸਿੰਘ, ਏ ਐਸ ਆਈ ਅਮਰੀਕ ਸਿੰਘ, ਏ ਐਸ ਆਈ ਸੁਖਵਿੰਦਰ ਸਿੰਘ ਕੁਤਬਾ, ਸਹਾਇਕ ਥਾਣੇਦਾਰ ਜਗਤਾਰ ਸਿੰਘ ਸੰਧੂ, ਮੁੱਖ ਮੁਨਸ਼ੀ ਗੁਰਦੀਪ ਸਿੰਘ ਭੈਣੀ ਹੌਲਦਾਰ, ਸੁਖਪਾਲ ਕੌਰ ਹੋਮਗਾਰਡ, ਮਨਪ੍ਰੀਤ ਸਿੰਘ ਆਦਿ ਮੁਲਾਜ਼ਮ ਹਾਜ਼ਰ ਸਨ।

# ਟੈਗੋਰ ਗਲੋਬਲ ਸਕੂਲ 'ਚ ਸਾਲਾਨਾ ਇਨਾਮ ਵੰਡ ਸਮਾਰੋਹ



**ਸਮਰਾਲਾ (ਸੁਰਜੀਤ ਸਿੰਘ)**-ਸਮਰਾਲਾ ਹਲਕੇ ਦੀ ਵਿੱਦਿਅਕ ਸੰਸਥਾ ਟੈਗੋਰ ਗਲੋਬਲ ਸਕੂਲ ਸੀ. ਸੈ. ਸਮਰਾਲਾ ਨੇ ਆਪਣਾ ਸਾਲਾਨਾ ਫੰਕਸ਼ਨ ਤੇ ਇਨਾਮ ਵੰਡ ਸਮਾਰੋਹ 'ਅਹਿਸਾਸ 2022-23' ਨੂੰ ਪੂਰੇ ਜੋਸ਼ ਤੇ ਉਤਸ਼ਾਹ ਨਾਲ ਕਰਵਾਇਆ। ਇਸ ਸਮਾਗਮ ਵਿੱਚ ਮਾਣਯੋਗ ਤਹਿਸੀਲਦਾਰ ਸ੍ਰੀ ਵਿਕਾਸ ਕੁਮਾਰ ਸਮਰਾਲਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਕੂਲ ਪ੍ਰਬੰਧਕੀ ਕਮੇਟੀ ਦੇ ਪ੍ਰਧਾਨ ਸ੍ਰੀ ਡਾ. ਅਸ਼ੋਕ ਬੱਤਾ, ਡਾਇਰੈਕਟਰ ਸਾਹਿਬ ਸ੍ਰੀ ਬਾਲ ਕਿਸ਼ਨ ਅਨੇਜਾ, ਸ੍ਰੀਮਤੀ ਸਵਾਤੀ ਅਨੇਜਾ ਸਮਾਗਮ ਦੇ ਵਿਸ਼ੇਸ਼ ਮਹਿਮਾਨ ਸਨ। ਪ੍ਰਿੰਸੀਪਲ ਮਨੋਜ ਕੁਮਾਰ ਨੇ ਹਾਜ਼ਰ ਸਾਰੇ ਪਤਵੰਤਿਆਂ ਦਾ ਨਿੱਘਾ ਸਵਾਗਤ ਕੀਤਾ। ਸਮਾਗਮ ਦੀ ਸ਼ੁਰੂਆਤ ਮੁੱਖ ਮਹਿਮਾਨਾਂ ਵੱਲੋਂ ਸ਼ਮ੍ਹਾਂ ਰੌਸ਼ਨ ਕਰਕੇ ਕੀਤੀ ਗਈ। ਪ੍ਰਿੰਸੀਪਲ ਮਨੋਜ ਕੁਮਾਰ ਵੱਲੋਂ ਸਾਲਾਨਾ ਰਿਪੋਰਟ ਦੇ ਮਾਧਿਅਮ ਰਾਹੀਂ ਸਕੂਲ ਦੀਆਂ ਵਿਲੱਖਣ ਪ੍ਰਾਪਤੀਆਂ ਨੂੰ ਸਰੋਤਿਆਂ ਦੇ ਸਨਮੁੱਖ ਰੱਖਿਆ ਗਿਆ। ਇਸ ਸਮਾਗਮ ਵਿੱਚ ਵਿਦਿਆਰਥੀਆਂ ਨੇ ਕੱਵਾਲੀ, ਕੋਰਿਓਗ੍ਰਾਫੀ, ਭੰਗੜਾ, ਮਾਇਮ, ਵੱਖ-ਵੱਖ ਤਰ੍ਹਾਂ ਦੇ ਡਾਂਸ, ਪੰਜਾਬੀ ਨਾਟਕ ਪੇਸ਼ ਕਰਕੇ ਸਮਾਗਮ ਦੀ ਸ਼ੋਭਾ ਨੂੰ ਵਧਾਇਆ। ਇਸ ਸਮਾਗਮ ਵਿੱਚ ਵਿਸ਼ੇਸ਼ ਤੌਰ 'ਤੇ ਹਰ ਇੱਕ ਵਿਸ਼ੇ ਨੂੰ ਸਮਾਜਿਕ ਤੇ ਸੱਭਿਆਚਾਰਕ ਤੌਰ 'ਤੇ ਬਾਖੂਬੀ ਪੇਸ਼ ਕੀਤਾ ਗਿਆ। ਇਸ ਤੋਂ ਇਲਾਵਾ ਸਿੱਖਿਆ ਤੇ ਖੇਡਾਂ ਦੇ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੇ ਵਿਦਿਆਰਥੀਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਅੰਤ ਵਿੱਚ ਸਕੂਲ ਦੇ ਪ੍ਰਿੰਸੀਪਲ ਸ੍ਰੀ ਮਨੋਜ ਕੁਮਾਰ ਨੇ ਸਮਾਗਮ ਵਿੱਚ ਸ਼ਿਰਕਤ ਕਰਨ ਵਾਲੇ ਸਮੁੱਚੇ ਸਰੋਤਿਆਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਭਵਿੱਖ ਵਿੱਚ ਹੋਰ ਯਤਨਸ਼ੀਲ ਰਹਿਣ ਦਾ ਵਾਅਦਾ ਕੀਤਾ। ਇਸ ਤਰ੍ਹਾਂ ਸੁਨਹਿਰੀ ਪੈੜਾਂ ਛੱਡਦਾ ਹੋਇਆ ਇਹ ਸਮਾਗਮ ਅਗਲੇ ਸਾਲ ਫਿਰ ਮਿਲਣ ਦੇ ਵਾਅਦੇ ਨਾਲ ਸਮਾਪਤ ਹੋਇਆ।

# ਬੈਂਕ ਡਕੈਤੀ ਦੇ ਮਾਮਲੇ 'ਚ ਸਰਪੰਚ ਨੂੰ ਪਨਾਹ ਦੇਣ ਦੇ ਦੋਸ਼ 'ਚ ਕੇਸ ਦਰਜ

**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸੰਘੋਲ ਦੇ ਬੈਂਕ 'ਚ ਹੋਈ ਡਕੈਤੀ ਦੇ ਮਾਮਲੇ 'ਚ ਪੁਲਸ ਨੂੰ ਲੋੜੀਂਦੇ ਪਿੰਡ ਹਾਫ਼ਿਜ਼ਾਬਾਦ ਦੇ ਸਰਪੰਚ ਅਮਨਦੀਪ ਸਿੰਘ ਉਰਫ ਅਮਨਾ ਨੂੰ ਪਨਾਹ ਦੇਣ ਦੇ ਦੋਸ਼ 'ਚ ਸਰਪੰਚ ਅਮਨਦੀਪ ਸਿੰਘ ਦੀ ਮਾਤਾ ਦਲਵੀਰ ਕੌਰ, ਤਰਨਦੀਪ ਸਿੰਘ(ਭਰਾ), ਗੁਰਮੁੱਖ ਸਿੰਘ (ਚਾਚਾ) ਵਿਰੁੱਧ ਥਾਣਾ ਖਮਾਣੋਂ ਦੀ ਪੁਲਿਸ ਵੱਲੋਂ ਅ/ਧ 212,216-ਏ ਆਈ.ਪੀ.ਸੀ. ਤਹਿਤ ਮੁਕੱਦਮਾ ਦਰਜ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਜ਼ਿਕਰਯੋਗ ਹੈ ਕਿ ਬੀਤੀ 10 ਨਵੰਬਰ ਨੂੰ ਸੰਘੋਲ ਦੇ ਐਸ.ਬੀ.ਆਈ. ਬੈਂਕ 'ਚ ਦਾਖਲ ਹੋਏ ਦੋ ਅਣਪਛਾਤੇ ਵਿਅਕਤੀ ਬੈਂਕ ਦੇ ਗਾਰਡ ਦੀ ਗੰਨ ਖੋਹ ਕੇ ਬੈਂਕ 'ਚੋਂ ਸਾਢੇ 4 ਲੱਖ ਰੁਪਏ ਦੀ ਨਕਦੀ ਲੁੱਟ ਕੇ ਫਰਾਰ ਹੋ ਗਏ ਸਨ, ਜਿਸ ਦੇ ਸਬੰਧ 'ਚ ਐਸ.ਐਸ.ਪੀ. ਫ਼ਤਹਿਗੜ੍ਹ ਸਾਹਿਬ ਡਾ. ਰਵਜੋਤ ਗਰੇਵਾਲ ਨੇ ਪ੍ਰੈੱਸ ਕਾਨਫਰੰਸ ਕਰਕੇ ਉਕਤ ਬੈਂਕ ਡਕੈਤੀ ਨੂੰ ਅੰਜਾਮ ਦੇਣ ਦੇ ਦੋਸ਼ ਪਿੰਡ ਹਾਫ਼ਿਜ਼ਾਬਾਦ(ਰੂਪਨਗਰ) ਦੇ ਸਰਪੰਚ ਅਮਨਦੀਪ ਸਿੰਘ ਅਮਨਾ ਤੇ ਦੋ ਹੋਰ ਵਿਅਕਤੀਆਂ 'ਤੇ ਲਾਉਂਦਿਆਂ ਦੱਸਿਆ ਸੀ ਕਿ ਅਮਨਦੀਪ ਸਿੰਘ ਅਮਨਾ, ਜਿਸ ਵਿਰੁੱਧ ਪਹਿਲਾਂ ਵੀ ਕਈ ਮੁਕੱਦਮੇ ਦਰਜ ਹਨ, ਹਾਲੇ ਪੁਲਸ ਦੇ ਕਾਬੂ ਨਹੀਂ ਆਇਆ, ਜਿਸ ਦੇ ਘਰ ਕੀਤੀ ਗਈ ਛਾਪੇਮਾਰੀ ਦੌਰਾਨ ਡਕੈਤੀ 'ਚ ਵਰਤਿਆ ਗਿਆ ਡਿਸਕਵਰ ਮੋਟਰਸਾਈਕਲ ਅਤੇ ਲੁੱਟੀ ਹੋਈ ਰਕਮ 'ਚੋਂ 65 ਹਜ਼ਾਰ ਰੁਪਏ ਦੀ ਨਕਦੀ ਬਰਾਮਦ ਹੋਈ ਹੈ। ਸੂਤਰਾਂ ਅਨੁਸਾਰ ਖਮਾਣੋਂ ਪੁਲਸ ਵੱਲੋਂ ਦਰਜ ਕੀਤੇ ਗਏ ਤਾਜ਼ਾ ਮੁਕੱਦਮੇ 'ਚ ਦੋਸ਼ ਲਾਏ ਗਏ ਹਨ ਕਿ ਅਮਨਦੀਪ ਸਿੰਘ ਅਮਨਾ ਸਰਪੰਚ ਨੂੰ ਗ੍ਰਿਫ਼ਤਾਰੀ ਤੋਂ ਬਚਾਉਣ ਲਈ ਉਸਦੀ ਮਾਤਾ, ਭਰਾ, ਚਾਚੇ ਤੇ ਕੁਝ ਹੋਰ ਰਿਸ਼ਤੇਦਾਰਾਂ ਨੇ ਮਿਲ ਕੇ ਕਿਤੇ ਲੁਕਾ-ਛੁਪਾ ਕੇ ਰੱਖਿਆ ਹੋਇਆ ਹੈ ਤੇ ਪਨਾਹ ਦਿੱਤੀ ਜਾ ਰਹੀ ਹੈ।

# ਡੇਰਾ ਨਿਰਮਲਾ ਲੋਹਗੜ੍ਹ ਵਿਖੇ ਸਾਲਾਨਾ ਧਾਰਮਿਕ ਸਮਾਗਮ



**ਮਹਿਲ ਕਲਾਂ, (ਗੁਰਪ੍ਰੀਤ ਅਣਖੀ, ਬਲਵਿੰਦਰ ਵਜੀਦਕੇ)**-ਡੇਰਾ ਨਿਰਮਲਾ ਲੋਹਗੜ੍ਹ ਵਿਖੇ ਸੰਤ ਬਾਬਾ ਮੇਵਾ ਸਿੰਘ, ਬਾਬਾ ਨੰਦ ਸਿੰਘ, ਸੰਤ ਭਾਨ ਸਿੰਘ, ਸੰਤ ਬਾਬਾ ਵੀਰ ਸਿੰਘ ਬਰੱਕਤ, ਸੰਤ ਸ਼ੇਰ ਸਿੰਘ ਤੇ ਬਾਬਾ ਭਗਵੰਤ ਸਿੰਘ ਦੀ ਯਾਦ 'ਚ ਸਾਲਾਨਾ ਧਾਰਮਿਕ ਸਮਾਗਮ ਮੁੱਖ ਸੇਵਾਦਾਰ ਬਾਬਾ ਚਮਕੌਰ ਸਿੰਘ ਲੋਹਗੜ੍ਹ ਅਗਵਾਈ ਹੇਠ ਸ਼ਰਧਾ ਭਾਵਨਾ ਨਾਲ ਕਰਵਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਦੇ ਭੋਗ ਉਪਰੰਤ ਮਹੰਤ ਚਮਕੌਰ ਸਿੰਘ ਭਾਈ ਰੂਪਾ, ਮਹੰਤ ਜਸਵੀਰ ਸਿੰਘ ਲੋਪੋਂ ਨੇ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਸੰਤ ਬਾਬਾ ਹਾਕਮ ਸਿੰਘ ਗੰਡਾ ਸਿੰਘ ਵਾਲਾ ਨੇ ਪ੍ਰਬੰਧਕਾਂ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਧਾਰਮਿਕ ਸਮਾਗਮ ਸਾਨੂੰ ਆਪਸੀ ਭਾਈਚਾਰਕੇ ਸਾਂਝ ਨੂੰ ਮਜ਼ਬੂਤ ਬਣਾ ਕੇ ਮਿਲ ਬੈਠਣ ਦਾ ਸੰਦੇਸ਼ ਦਿੰਦੇ ਹਨ। ਉਨ੍ਹਾਂ ਨੌਜਵਾਨ ਵਰਗ ਨੂੰ ਸਮਾਜਿਕ ਅਲਾਮਤਾਂ ਦੇ ਖਾਤਮੇ ਲਈ ਇਕਜੁੱਟ ਹੋਣ ਦੀ ਅਪੀਲ ਕੀਤੀ। ਮੌਕੇ ਮਹੰਤ ਰੇਸ਼ਮ ਸਿੰਘ ਸੇਖਵਾਂ, ਮਹੰਤ ਗੁਰਮੁਖ ਸਿੰਘ ਲੋਪੋਂ, ਮਹੰਤ ਦਰਸ਼ਨ ਸਿੰਘ ਨੈਣਵਾਲ, ਮਹੰਤ ਗੋਪਾਲ ਗਿਰ ਕਲਸੀਆਂ, ਮਹੰਤ ਯਾਦਵਿੰਦਰ ਸਿੰਘ, ਮਹੰਤ ਦਰਸਨ ਸਿੰਘ ਸ਼ਹਿਣਾ, ਮਹੰਤ ਸਰਬਜੀਤ ਸਿੰਘ, ਮਹੰਤ ਸੁਖਜੀਤ ਸਿੰਘ ਰਾਜੇਆਣਾ, ਮਹੰਤ ਬਲਵਿੰਦਰ ਸਿੰਘ ਪੰਜਗਰਾਈਂ, ਸਰਪੰਚ ਦਿਲਬਾਗ ਸਿੰਘ ਲੋਹਗੜ੍ਹ, ਆਪ ਆਗੂ ਕਲਵੰਤ ਸਿੰਘ ਚਹਿਲ ਆਦਿ ਹਾਜ਼ਰ ਸਨ।

# ਭਾਈ ਗਰੇਵਾਲ ਸ਼੍ਰੋਮਣੀ ਅਕਾਲੀ ਦਲ ਦੇ ਵਫਾਦਾਰ ਸਿਪਾਹੀ : ਕਲੇਰ/ਮੱਲ੍ਹਾ



**ਜਗਰਾਉਂ, (ਅਮਿਤ ਖੰਨਾ)**-ਸ਼੍ਰੋਮਣੀ ਅਕਾਲੀ ਦਲ ਦੇ ਵਫਾਦਾਰ ਸਿਪਾਹੀ ਭਾਈ ਗੁਰਚਰਨ ਸਿੰਘ ਗਰੇਵਾਲ ਨੂੰ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਨਿਯੁਕਤ ਕਰਨ 'ਤੇ ਸਾਬਕਾ ਵਿਧਾਇਕ ਐੱਸ ਆਰ ਕਲੇਰ ਤੇ ਸਾਬਕਾ ਵਿਧਾਇਕ ਭਾਗ ਸਿੰਘ ਮੱਲਾ ਦੀ ਰਹਿਨੁਮਾਈ ਹੇਠ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਇਸ ਮੌਕੇ ਹਲਕਾ ਇੰਚਾਰਜ ਸ੍ਰੀ ਐੱਸ ਆਰ ਕਲੇਰ ਨੇ ਭਾਈ ਗਰੇਵਾਲ ਨੂੰ ਸਿੱਖ ਸੰਘਰਸ਼ ਦਾ ਲੜਾਕੂ ਤੇ ਸ਼੍ਰੋਮਣੀ ਅਕਾਲੀ ਦਲ ਦਾ ਵਫਾਦਾਰ ਸਿਪਾਹੀ ਆਖਦਿਆਂ ਕਿਹਾ ਕਿ ਭਾਈ ਗਰੇਵਾਲ ਨੇ ਪੰਥ ਤੇ ਸ਼੍ਰੋਮਣੀ ਅਕਾਲੀ ਦਲ ਦੇ ਵਡੇਰੇ ਹਿੱਤਾਂ ਲਈ ਮੋਹਰੀ ਹੋ ਕੇ ਹਰ ਸੰਘਰਸ਼ ਲੜਿਆ ਹੈ। ਇਸ ਮੌਕੇ ਸਾਬਕਾ ਵਿਧਾਇਕ ਭਾਗ ਸਿੰਘ ਮੱਲ੍ਹਾ ਨੇ ਭਾਈ ਗਰੇਵਾਲ ਦੀ ਨਿਯੁਕਤੀ ਨੂੰ ਜਗਰਾਉਂ ਹਲਕੇ ਦਾ ਮਾਣ ਦੱਸਦਿਆਂ ਕਿਹਾ ਕਿ ਭਾਈ ਗਰੇਵਾਲ ਨੇ ਸ਼੍ਰੋਮਣੀ ਅਕਾਲੀ ਦਲ ਤੇ ਪੰਥ ਦੀ ਚੜ੍ਹਦੀ ਕਲਾ ਲਈ ਕੰਮ ਕੀਤਾ ਹੈ। ਇਸ ਮੌਕੇ ਜੈਕਾਰਿਆਂ ਦੀ ਗੂੰਜ ਵਿੱਚ ਭਾਈ ਗਰੇਵਾਲ ਨੂੰ ਸਨਮਾਨਤ ਕੀਤਾ ਗਿਆ। ਇਸੇ ਦੌਰਾਨ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਆਖਿਆ ਕਿ ਸ਼੍ਰੋਮਣੀ ਕਮੇਟੀ ਵਿੱਚ ਸਕੱਤਰ ਦੀ ਸੇਵਾ ਦਾ ਕਾਰਜ ਹਲਕੇ ਦੇ ਲੋਕਾਂ ਦੇ ਆਸ਼ੀਰਵਾਦ ਤੇ ਦੁਆਵਾਂ ਸਦਕਾ ਹੀ ਸੰਭਵ ਹੋਇਆ ਹੈ। ਉਨ੍ਹਾ ਕਿਹਾ ਕਿ ਉਹ ਸਿੱਖ ਕੌਮ ਵੱਲੋਂ ਸੌਂਪੀ ਇਸ ਸੇਵਾ ਨੂੰ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਸਾਬਕਾ ਚੇਅਰਮੈਨ ਦੀਦਾਰ ਸਿੰਘ ਮਲਕ, ਸਾਬਕਾ ਚੇਅਰਮੈਨ ਕਮਲਜੀਤ ਸਿੰਘ ਮੱਲ੍ਹਾ, ਸਰਕਲ ਪ੍ਰਧਾਨ ਸਿਵਰਾਜ ਸਿੰਘ, ਸਰਕਲ ਪ੍ਰਧਾਨ ਸੁਖਦੇਵ ਸਿੰਘ ਗਿੱਦੜਵਿੰਡੀ, ਸਰਕਲ ਪ੍ਰਧਾਨ ਸਰਪ੍ਰੀਤ ਸਿੰਘ ਕਾਉਂਕੇ, ਕੌਂਸਲਰ ਸੁਤੀਸ਼ ਕੁਮਾਰ ਦੌਧਰੀਆ, ਕੌਂਸਲਰ ਦਵਿੰਦਰਜੀਤ ਸਿੰਘ ਸਿੱਧੂ, ਸੁਮੀਤ ਸ਼ਾਸਤਰੀ, ਯੂਥ ਪ੍ਰਧਾਨ ਵਰਿੰਦਰਪਾਲ ਸਿੰਘ ਪਾਲੀ, ਯੂਥ ਪ੍ਰਧਾਨ ਹਰਦੀਪ ਸਿੰਘ ਮਾਣੂੰਕੇ, ਯੂਥ ਪ੍ਰਧਾਨ ਜਤਿੰਦਰ ਸਿੰਘ ਕਲੇਰ, ਸਾਬਕਾ ਸਰਪੰਚ ਜਸਦੇਵ ਸਿੰਘ ਲੀਲਾ, ਦੀਪਇੰਦਰ ਸਿੰਘ ਭੰਡਾਰੀ, ਹਰਦੇਵ ਸਿੰਘ ਬੌਬੀ, ਵਿਕਰਮਜੀਤ ਸਿੰਘ ਥਿੰਦ, ਪਰਮਿੰਦਰ ਸਿੰਘ ਗਰੇਵਾਲ, ਪਰਮਿੰਦਰ ਸਿੰਘ ਕੋਬੋ ਹਠੂਰ, ਸਾਬਕਾ ਸਰਪੰਚ ਰਣਧੀਰ ਸਿੰਘ ਚੱਕਰ, ਰਛਪਾਲ ਸਿੰਘ ਚੱਕਰ, ਪ੍ਰਧਾਨ ਸਤਨਾਮ ਸਿੰਘ ਬੱਸੂਵਾਲ, ਪ੍ਰਧਾਨ ਅਮਰਜੀਤ ਸਿੰਘ ਰਸੂਲਪੁਰ, ਸਾਬਕਾ ਸਰਪੰਚ ਸੁਰਿੰਦਰਪਾਲ ਸਿੰਘ ਪਰਜੀਆਂ ਬਿਹਾਰੀਪੁਰ ਆਦਿ ਹਾਜ਼ਰ ਸਨ।

# ਸਕੂਲ ਮੈਗਜ਼ੀਨ ਅੰਬਰ ਕੀਤਾ ਰਿਲੀਜ਼



**ਸ੍ਰੀ ਮੁਕਤਸਰ ਸਾਹਿਬ, (ਸ਼ਮਿੰਦਰਪਾਲ, ਪੂਜਾ)**-ਸਰਕਾਰੀ ਹਾਈ ਸਕੂਲ ਸੰਗੂਧੌਣ ਵਿਖੇ ਬਾਲ ਦਿਵਸ ਸੰਬੰਧੀ ਕਰਵਾਏ ਸਾਹਿਤਕ ਪ੍ਰੋਗਰਾਮ ਦਰਮਿਆਨ "ਅੰਬਰ" ਮੈਗਜ਼ੀਨ ਵਿਦਿਆਰਥੀਆਂ ਦੇ ਮਾਪਿਆਂ ਤੇ ਅਧਿਆਪਕਾਂ ਨੇ ਰਿਲੀਜ਼ ਕੀਤਾ।

ਇਸ ਮੈਗਜ਼ੀਨ ਦੀ ਸੰਪਾਦਕ ਹਰਪਿੰਦਰ ਰਾਣਾ ਨੇ ਦੱਸਿਆ ਕਿ ਇਸ ਵਿੱਚ ਵਿਦਿਆਰਥੀਆਂ ਵੱਲੋਂ ਇਕੱਠੀਆਂ ਕੀਤੀਆਂ ਗਈਆਂ ਰਚਨਾਵਾਂ ਤੋਂ ਬਿਨਾਂ ਸਕੂਲ ਦੇ ਅਧਿਆਪਕਾਂ ਵੱਲੋਂ ਦਿੱਤੀਆਂ ਗਈਆਂ ਰਚਨਾਵਾਂ ਸ਼ਾਮਲ ਹਨ। ਸਾਰੀਆਂ ਰਚਨਾਵਾਂ ਵੱਖ-ਵੱਖ ਤਤਕਾਲੀ ਵਿਸ਼ਿਆਂ ਉੱਪਰ ਹਨ। ਸਹਿ-ਸੰਪਾਦਕ ਦੀਪਤੀ ਅਰੋੜਾ ਨੇ ਦੱਸਿਆ ਕਿ ਮੈਗਜ਼ੀਨ ਤਿੰਨੇ ਭਾਸ਼ਾਵਾਂ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿੱਚ ਹੈ।

ਸਕੂਲ ਮੁਖੀ ਸ੍ਰੀਮਤੀ ਅਨੂ ਬਾਂਸਲ ਦੀ ਰਹਿਨੁਮਾਈ ਹੇਠ ਛਾਪੇ ਗਏ 'ਅੰਬਰ ਮੈਗਜ਼ੀਨ' ਪ੍ਰਤੀ ਵਿਦਿਆਰਥੀਆਂ ਦੀ ਬੇਹੱਦ ਰੁਚੀ ਤੇ ਲਗਨ ਹੈ। ਇਸ ਮੌਕੇ ਮਾਪਿਆਂ ਸਮੇਤ ਲਖਵਿੰਦਰ ਸਿੰਘ, ਨਿਤਿਨ ਗਰਗ, ਅਸ਼ਵਨੀ ਕੁਮਾਰ, ਵਿਸ਼ੂ ਛਾਬੜਾ, ਮਨਦੀਪ ਸਿੰਘ, ਹਰਿੰਦਰ ਪਾਲ ਕੌਰ, ਅਮਨਪ੍ਰੀਤ ਕੌਰ, ਅੰਜਨਾ, ਪੂਨਮ ਢਿੱਲੋਂ ਤੇ ਦੀਪਤੀ ਅਰੋੜਾ ਸ਼ਾਮਲ ਸਨ। ਮੰਚ ਦਾ ਸੰਚਾਲਨ ਸਸ ਮਿਸਟਰੈੱਸ ਹਰਪਿੰਦਰ ਰਾਣਾ ਵੱਲੋਂ ਕੀਤਾ ਗਿਆ।

# ਡੀ.ਈ.ਓ. ਦੁਆਰਾ ਜਾਰੀ ਪੱਤਰ ਕੰਮ ਲਮਕਾਉਣ ਦਾ ਨਵਾਂ ਢੰਗ : ਡੀ ਟੀ ਐੱਫ



**ਲੌਂਗੋਵਾਲ (ਪ੍ਰਦੀਪ ਸੱਪਲ/ਕੁਲਦੀਪ ਅੱਤਰੀ)**-ਡੀ.ਈ.ਓ. ਸੰਗਰੂਰ (ਐਲੀ. ਤੇ ਸੈਕੰ.) ਸੰਗਰੂਰ ਵੱਲੋਂ ਅਧਿਆਪਕ ਜਥੇਬੰਦੀਆਂ ਦੇ ਨਾਂਅ ਪਿਛਲੇ ਦਿਨੀਂ ਇੱਕ ਪੱਤਰ ਕੱਢਿਆ ਗਿਆ ਹੈ, ਜਿਸ ਵਿੱਚ ਇਸ ਅਧਿਕਾਰੀ ਵੱਲੋਂ ਆਪਣੇ ਕੋਲ ਐਲੀਮੈਂਟਰੀ ਤੇ ਸੈਕੰਡਰੀ ਦੋਹਾਂ ਡੀ.ਈ.ਓਜ. ਦਾ ਚਾਰਜ ਹੋਣ, ਸਕੂਲੀ ਖੇਡਾਂ ਚੱਲ ਰਹੇ ਹੋਣ, ਕੋਰਟ ਕੇਸਾਂ ਆਦਿ ਦਾ ਹਵਾਲਾ ਦੇ ਕੇ ਜਥੇਬੰਦੀਆਂ ਨੂੰ ਕਿਹਾ ਗਿਆ ਹੈ ਕਿ ਉਹ ਮੀਟਿੰਗ ਕਰਨ ਲਈ ਇੱਕ ਹਫ਼ਤਾ (ਪੰਜ ਕੰਮ-ਕਾਜੀ ਦਿਨ) ਪਹਿਲਾਂ ਸਮਾਂ ਲੈਣ। ਇਸ 'ਤੇ ਪ੍ਰਤੀਕਿਰਿਆ ਕਰਦਿਆਂ ਡੈਮੋਕ੍ਰੇਟਿਕ ਟੀਚਰਜ ਫਰੰਟ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਬਲਬੀਰ ਚੰਦ ਲੌਂਗੋਵਾਲ, ਮੀਤ ਪ੍ਰਧਾਨ ਦਾਤਾ ਨਮੋਲ ਤੇ ਜ਼ਿਲ੍ਹਾ ਪ੍ਰੈੱਸ ਸਕੱਤਰ ਜਸਬੀਰ ਨਮੋਲ ਨੇ ਕਿਹਾ ਕਿ ਇਸ ਅਧਿਕਾਰੀ ਦੀ ਕੰਮ ਕਰਨ ਦੀ ਸ਼ੈਲੀ ਅਤਿਅੰਤ ਢਿੱਲੀ-ਮੱਠੀ ਤੇ ਨਕਾਰਾਤਮਕ ਹੈ। ਇਸ ਵੱਲੋਂ ਜਥੇਬੰਦੀਆਂ ਦੁਆਰਾ ਉਠਾਏ ਗਏ ਕਿਸੇ ਮਸਲੇ ਨੂੰ ਤਣ-ਪੱਤਣ ਨਹੀਂ ਲਾਇਆ ਜਾਂਦਾ। ਮੰਗ ਪੱਤਰ ਦੇਣ ਤੋਂ ਬਾਅਦ ਜਦੋਂ ਦਸ-ਪੰਦਰਾਂ ਦਿਨਾਂ ਬਾਅਦ ਜਥੇਬੰਦੀਆਂ ਮੀਟਿੰਗ ਲਈ ਜਾਂਦੀਆਂ ਹਨ ਤਾਂ ਪਹਿਲੀ ਗੱਲ ਤਾਂ ਇਹ ਅਧਿਕਾਰੀ ਦਫ਼ਤਰ ਵਿੱਚ ਨਹੀਂ ਮਿਲਦਾ। ਜੇਕਰ ਮਿਲ ਜਾਵੇ ਤਾਂ ਹਰੇਕ ਮਸਲੇ 'ਤੇ ਇਸ ਅਧਿਕਾਰੀ ਵੱਲੋਂ ਜਾਂ ਤਾਂ ਇਹ ਕਿਹਾ ਜਾਂਦਾ ਹੈ ਕਿ ਇਹ ਮਸਲਾ ਉੱਪਰਲੇ ਅਧਿਕਾਰੀਆਂ ਤੋਂ ਅਗਵਾਈ ਲੈ ਕੇ ਹੱਲ ਕੀਤਾ ਜਾਵੇਗਾ ਜਾਂ ਇਹ ਕਿਹਾ ਜਾਂਦਾ ਹੈ ਕਿ ਇਹ ਮਸਲਾ ਮੇਰੇ ਲੈਵਲ ਦਾ ਨਹੀਂ, ਸਗੋਂ ਡੀ.ਡੀ.ਓ. ਪੱਧਰ ਦਾ ਹੈ। ਇਸ ਅਧਿਕਾਰੀ ਵੱਲੋਂ ਕੋਈ ਵੀ ਮਸਲਾ ਆਪਣੇ ਪੱਧਰ 'ਤੇ ਹੱਲ ਕਰਨ ਦਾ ਕੋਈ ਯਤਨ ਨਹੀਂ ਕੀਤਾ ਜਾਂਦਾ। ਆਪਣੇ ਪੱਧਰ ਦੇ ਮਸਲਿਆਂ ਨੂੰ ਹੱਲ ਕਰਨ ਲਈ ਇਸ ਅਧਿਕਾਰੀ ਵੱਲੋਂ ਤਰਕਹੀਣ ਤਰੀਕੇ ਨਾਲ ਪਾਸਾ ਵੱਟਿਆ ਜਾਂਦਾ ਹੈ।

ਆਗੂਆਂ ਨੇ ਕਿਹਾ ਕਿ ਇਹ ਇਸ ਅਧਿਕਾਰੀ ਵੱਲੋਂ ਕੰਮ ਲਮਕਾਉਣ ਦਾ ਇੱਕ ਹੋਰ ਪੈਂਤੜਾ ਹੈ ਤਾਂ ਜੁ ਜਥੇਬੰਦੀਆਂ ਦਿੱਤੇ ਹੋਏ ਮਸਲਿਆਂ ਦੀ ਸਮੇਂ ਸਿਰ ਪੈਰਵੀ ਨਾ ਕਰ ਸਕਣ। ਆਗੂਆਂ ਨੇ ਕਿਹਾ ਕਿ ਜਥੇਬੰਦੀ ਅਧਿਕਾਰੀ ਦੇ ਇਸ ਕੰਮ ਨਾ ਕਰਨ ਦੇ ਵਤੀਰੇ ਦਾ ਡਟ ਕੇ ਵਿਰੋਧ ਕਰਦੀ ਹੈ ਤੇ ਅੱਗੇ ਤੋਂ ਵੀ ਪਹਿਲਾਂ ਵਾਂਗ ਵਿਦਿਆਰਥੀਆਂ ਤੇ ਅਧਿਆਪਕਾਂ ਦੇ ਹੱਕੀ ਕੰਮ ਕਰਾਉਣ ਲਈ ਆਪਣੀ ਸ਼ੈਲੀ ਅਨੁਸਾਰ ਹਰ ਜਥੇਬੰਦਕ ਢੰਗ-ਤਰੀਕਾ ਅਪਣਾ ਕੇ ਲੜਦੀ ਰਹੇਗੀ।

# ਫ਼ਿਜ਼ਿਕਸ ਵਿਭਾਗ ਨੇ ਕਰਾਏ ਰਚਨਾਤਮਕ ਲੇਖਣ ਤੇ ਪਾਵਰ ਪੁਆਇੰਟ ਪੇਸ਼ਕਾਰੀ ਮੁਕਾਬਲੇ



**ਫ਼ਤਿਹਗੜ੍ਹ ਸਾਹਿਬ, (ਪ੍ਰਮੋਦ ਭਾਰਦਵਾਜ)**-ਮਾਤਾ ਗੁਜਰੀ ਕਾਲਜ ਦੇ ਫ਼ਿਜ਼ਿਕਸ ਵਿਭਾਗ ਦੀ ਬਿੱਗ ਬੈਂਗ ਸੁਸਾਇਟੀ ਵੱਲੋਂ ਵਿਦਿਆਰਥੀਆਂ ਦਾ ਰਚਨਾਤਮਕ ਲੇਖਣ ਤੇ ਪਾਵਰ ਪੁਆਇੰਟ ਪੇਸ਼ਕਾਰੀ ਮੁਕਾਬਲਾ ਕਰਾਇਆ ਗਿਆ, ਜਿਸ ਵਿੱਚ ਕਾਲਜ ਦੇ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀਆਂ ਨੇ ਬੜੇ ਉਤਸ਼ਾਹ ਅਤੇ ਸ਼ਿੱਦਤ ਨਾਲ ਭਾਗ ਲਿਆ। ਇਸ ਮੁਕਾਬਲੇ ਦਾ ਉਦੇਸ਼ ਵਿਦਿਆਰਥੀਆਂ ਵਿੱਚ ਕਲਪਨਾਤਮਕ ਸੋਚ, ਲੇਖਣ ਤੇ ਪੇਸ਼ਕਾਰੀ ਦੇ ਹੁਨਰ ਨੂੰ ਹੋਰ ਨਿਖਾਰਨਾ ਸੀ। ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਵਿਭਾਗ ਤੇ ਸੁਸਾਇਟੀ ਵੱਲੋਂ ਕੀਤੇ ਗਏ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਮੁਕਾਬਲੇ ਵਿਦਿਆਰਥੀਆਂ ਨੂੰ ਆਪਣੇ ਵਿਚਾਰਾਂ ਨੂੰ ਪੂਰੀ ਤਰ੍ਹਾਂ ਨਾਲ ਰਚਨਾਤਮਕ ਰੂਪ ਵਿੱਚ ਪ੍ਰਗਟ ਕਰਨ ਦੇ ਯੋਗ ਬਣਾਉਂਦੇ ਹਨ।

ਫ਼ਿਜ਼ਿਕਸ ਵਿਭਾਗ ਦੇ ਮੁਖੀ ਡਾ. ਤਜਿੰਦਰ ਸਿੰਘ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੁਕਾਬਲੇ ਦੇ ਵਿਸ਼ੇ ਰੋਜ਼ਾਨਾ ਜੀਵਨ ਵਿੱਚ ਭੌਤਿਕ ਵਿਗਿਆਨ, ਨੈਨੋ ਟੈਕਨਾਲੋਜੀ, ਭੌਤਿਕ ਵਿਗਿਆਨ ਵਿੱਚ ਤਕਨੀਕੀ ਤਰੱਕੀ, ਰੋਬੋਟਿਕਸ, ਇਲੈਕਟ੍ਰਿਕ ਆਟੋਮੋਬਾਈਲਜ, ਪੁਲਾੜ ਖੋਜ, ਲੇਜਰ ਤੇ ਇਸਦੇ ਉਪਯੋਗ, ਇਲੈਕਟ੍ਰੋਮੈਗਨੈਟਿਕ ਤਰੰਗਾਂ ਦੇ ਉਪਯੋਗ ਆਦਿ ਸਨ। ਪਾਵਰ ਪੁਆਇੰਟ ਪੇਸ਼ਕਾਰੀ ਮੁਕਾਬਲੇ ਵਿੱਚ ਐਮ.ਐਸ.ਸੀ. ਭੌਤਿਕ ਵਿਗਿਆਨ ਦੀ ਕਰਨਵੀਰ ਕੌਰ, ਬੀ.ਐਸ.ਸੀ. ਨਾਨ-ਮੈਡੀਕਲ ਦੀ ਸਿਮਰਨਜੀਤ ਕੌਰ ਅਤੇ ਬੀ.ਐਸ.ਸੀ. ਆਨਰਜ ਫ਼ਿਜ਼ਿਕਸ ਦੇ ਗਗਨਪ੍ਰੀਤ ਸਿੰਘ ਨੇ ਕ੍ਰਮਵਾਰ ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕੀਤਾ। ਰਚਨਾਤਮਕ ਲੇਖਣ ਮੁਕਾਬਲੇ ਵਿੱਚ ਬੀ.ਐਸ.ਸੀ. ਨਾਨ-ਮੈਡੀਕਲ ਦੀ ਹਰਲੀਨ ਕੌਰ, ਐਮ.ਐਸ.ਸੀ. ਭੌਤਿਕ ਵਿਗਿਆਨ ਦੀ ਜਸਕਿਰਨ ਕੌਰ ਤੇ ਬੀ.ਐਸ.ਸੀ. ਨਾਨ-ਮੈਡੀਕਲ ਦੀ ਮਹਿਕਪ੍ਰੀਤ ਕੌਰ ਨੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਇਸ ਮੌਕੇ ਡਾ. ਰਮਨੀਕ ਕੌਰ, ਡਾ. ਦੀਪਿਕਾ ਜੈਨ, ਡਾ. ਨਵਜੀਤ ਕੌਰ, ਡਾ. ਗੁਰਪ੍ਰੀਤ ਕੌਰ ਭੁੱਲਰ, ਪ੍ਰੋ. ਅਨੀਸਾ, ਪ੍ਰੋ. ਕੋਮਲ ਅਤੇ ਬਿੱਗ ਬੈਂਗ ਸੁਸਾਇਟੀ ਦੇ ਸਮੂਹ ਅਹੁਦੇਦਾਰ ਵੀ ਹਾਜ਼ਰ ਸਨ।

# ਸੰਸਦ ਮੈਂਬਰ ਅਰੋੜਾ ਵੱਲੋਂ ਕਾਲਜ ਲਈ 50 ਲੱਖ ਦੀ ਗ੍ਰਾਂਟ ਦਾ ਐਲਾਨ



**ਲੁਧਿਆਣਾ (ਐਮ ਐਸ ਭਾਟੀਆ/ਰੈਕਟਰ ਕਥੂਰੀਆ)**-ਰਾਜ ਸਭਾ ਮੈਂਬਰ ਸੰਜੀਵ ਅਰੋੜਾ ਨੇ ਲੜਕੀਆਂ ਦੇ ਸਰਕਾਰੀ ਕਾਲਜ ਵਿਖੇ ਸਾਲਾਨਾ ਕਨਵੋਕੇਸ਼ਨ ਨੂੰ ਕਾਲਜ ਦੇ ਸ਼ਾਨਦਾਰ ਮਿਆਰ ਨੂੰ ਬਰਕਰਾਰ ਰੱਖਣ ਲਈ ਪ੍ਰਿੰਸੀਪਲ ਸੁਮਨ ਲਤਾ ਨੂੰ ਵਧਾਈ ਦਿੱਤੀ। ਇਸ ਮੌਕੇ ਨਵੀਂਆਂ ਪੁਰਾਣੀਆਂ ਵਿਦਿਆਰਥਣਾਂ ਦੇ ਜੋਸ਼ੋ-ਖਰੋਸ਼ ਦਾ ਰੰਗ ਛਾਇਆ ਰਿਹਾ। ਇੱਕ ਵਿਦਿਆਰਥਣ ਬਾਕਾਇਦਾ ਵੀਲ ਚੇਅਰ 'ਤੇ ਆਪਣੀ ਡਿਗਰੀ ਲੈਣ ਲਈ ਪੁੱਜੀ। ਮੁੱਖ ਮਹਿਮਾਨ ਸੰਜੀਵ ਅਰੋੜਾ ਤੇ ਹੋਰਾਂ ਬਾਕਾਇਦਾ ਮੰਚ ਤੋਂ ਹੇਠਾਂ ਉੱਤਰ ਕੇ ਉਸ ਨੂੰ ਡਿਗਰੀ ਵੀ ਪ੍ਰਦਾਨ ਕੀਤੀ ਤੇ ਇਸ ਹਿੰਮਤ ਭਰੀ ਪ੍ਰਾਪਤੀ ਲਈ ਸ਼ਾਬਾਸ਼ੀ ਵੀ ਦਿੱਤੀ। ਕਨਵੋਕੇਸ਼ਨ ਦੇ ਮੁੱਖ ਮਹਿਮਾਨ ਵਜੋਂ ਸ੍ਰੀ ਅਰੋੜਾ ਨੇ 766 ਵਿਦਿਆਰਥਣਾਂ ਨੂੰ ਡਿਗਰੀਆਂ ਵੰਡੀਆਂ। ਉਨ੍ਹਾਂ ਨਾਲ ਇਸ ਮੌਕੇ ਸੀਆਈਆਈ ਪੰਜਾਬ ਦੇ ਚੇਅਰਮੈਨ ਅਮਿਤ ਥਾਪਰ ਵਿਸ਼ੇਸ਼ ਮਹਿਮਾਨ ਵਜੋਂ ਮੌਜੂਦ ਰਹੇ। ਐਮ ਪੀ ਸ੍ਰੀ ਅਰੋੜਾ ਨੇ ਡਿਗਰੀ ਧਾਰਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਇੱਕ ਚੰਗੇ ਰਾਸ਼ਟਰ ਦੇ ਨਿਰਮਾਣ ਲਈ ਮਹਿਲਾ ਸਸ਼ਕਤੀਕਰਨ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਇੱਕ ਪੜ੍ਹੀ-ਲਿਖੀ ਔਰਤ ਦੇਸ਼ ਦੇ ਭਵਿੱਖ ਦੇ ਬੱਚਿਆਂ ਨੂੰ ਉਭਾਰਨ ਵਿੱਚ ਹਮੇਸ਼ਾ ਅਹਿਮ ਭੂਮਿਕਾ ਨਿਭਾਉਂਦੀ ਹੈ।

ਇਸ ਮੌਕੇ ਵਿਸ਼ੇਸ਼ ਮਹਿਮਾਨ ਅਮਿਤ ਥਾਪਰ ਅਤੇ ਪ੍ਰਿੰਸੀਪਲ ਸੁਮਨ ਲਤਾ ਨੇ ਮੈਂਬਰ ਪਾਰਲੀਮੈਂਟ ਸ੍ਰੀ ਅਰੋੜਾ ਦੀ ਨਿਮਰਤਾ ਤੇ ਕੈਂਸਰ ਚੈਰੀਟੇਬਲ ਟਰੱਸਟ ਦੇ ਰੂਪ ਵਿੱਚ ਕੀਤੇ ਜਾ ਰਹੇ ਚੈਰਿਟੀ ਕੰਮਾਂ ਦੀ ਵੀ ਭਰਪੂਰ ਸ਼ਲਾਘਾ ਕੀਤੀ। ਸ੍ਰੀ ਅਰੋੜਾ ਨੇ ਕਾਲਜ ਪ੍ਰਿੰਸੀਪਲ ਸੁਮਨ ਲਤਾ ਤੇ ਸਟਾਫ਼ ਦੀਆਂ ਆਸਾਂ ਉਮੀਦਾਂ 'ਤੇ ਉਤਰਦਿਆਂ ਐਮ.ਪੀ.ਐਲ.ਏ.ਡੀ ਫੰਡ ਵਿੱਚੋਂ 50 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਇਸ ਰਕਮ ਵਿੱਚੋਂ 25 ਲੱਖ ਰੁਪਏ ਇਸੇ ਵਿੱਤੀ ਸਾਲ ਵਿੱਚ ਅਦਾ ਕਰ ਦਿੱਤੇ ਜਾਣਗੇ ਅਤੇ ਬਾਕੀ ਦੇ 25 ਲੱਖ ਰੁਪਏ ਪਹਿਲੀ ਅਪ੍ਰੈਲ ਤੋਂ ਸ਼ੁਰੂ ਹੋਣ ਵਾਲੇ ਸਾਲ ਵਿੱਚ ਅਦਾ ਕੀਤੇ ਜਾਣਗੇ।

CMYK

# ਲਿਬਰੇਸ਼ਨ ਵੱਲੋਂ ਕਿਸਾਨ ਜਥੇਬੰਦੀਆਂ ਨੂੰ ਅਪੀਲ

## ਘੋਲ ਦੇ ਨਵੇਂ ਢੰਗ-ਤਰੀਕੇ ਅਖਤਿਆਰ ਕਰੋ

**ਚੰਡੀਗੜ੍ਹ**—ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਕਿਸਾਨ ਸੰਘਰਸ਼ ਖਿਲਾਫ ਦਿੱਤੇ ਬਿਆਨ ਦੀ ਸਖ਼ਤ ਨਿੰਦਾ ਕਰਦੇ ਹੋਏ ਸੀ ਪੀ ਆਈ (ਐੱਮ ਐੱਲ) ਲਿਬਰੇਸ਼ਨ ਨੇ ਕਿਸਾਨ ਜਥੇਬੰਦੀਆਂ ਨੂੰ ਅਪੀਲ ਕੀਤੀ ਹੈ ਕਿ ਅਜਿਹੇ ਸਮੇਂ ਸੂਬੇ ਦੀਆਂ ਮੁੱਖ ਸੜਕਾਂ ਜਾਮ ਕਰਕੇ ਆਮ ਜਨਤਾ ਲਈ ਸਮੱਸਿਆ ਖੜੀ ਕਰਨ ਦੀ ਬਜਾਏ, ਉਹ ਅੰਦੋਲਨ ਦੇ ਅਜਿਹੇ ਨਵੇਂ ਢੰਗ-ਤਰੀਕੇ ਅਖਤਿਆਰ ਕਰਨ, ਜਿਨ੍ਹਾਂ ਰਾਹੀਂ ਸਿੱਧਾ ਸਰਕਾਰ ਉੱਤੇ ਦਬਾਅ ਬਣੇ ਅਤੇ ਦਿੱਲੀ ਮੋਰਚੇ ਵਾਂਗ ਆਮ ਜਨਤਾ ਦਾ ਸਮਰਥਨ ਤੇ ਸਹਿਯੋਗ ਵੀ ਕਿਸਾਨ ਸੰਘਰਸ਼ ਨੂੰ ਮਿਲਦਾ ਰਹੇ। ਲਿਬਰੇਸ਼ਨ ਦੇ ਸੂਬਾਈ ਬੁਲਾਰੇ ਸੁਖਦਰਸ਼ਨ ਸਿੰਘ ਨੱਤ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਕਿ ਦਿੱਲੀ ਮੋਰਚੇ ਦੀ ਸਮਾਪਤੀ ਮੌਕੇ ਤਿੰਨ ਕਾਲੇ ਕਾਨੂੰਨਾਂ ਵਾਪਸ ਲੈਣ ਤੋਂ ਸਿਵਾ ਮੋਦੀ ਸਰਕਾਰ ਮੰਨੀਆਂ ਹੋਈਆਂ ਬਾਕੀ ਮੰਗਾਂ ਪੂਰੀਆਂ ਕਰਨ ਤੋਂ ਮੁਨਕਰ ਹੋ ਗਈ ਹੈ। ਇਸ ਲਈ ਅਜਿਹੇ ਮੌਕੇ ਸੰਯੁਕਤ ਕਿਸਾਨ ਮੋਰਚੇ ਵਿਚ ਪਾਈ ਦੁਫੇੜ ਬੜੀ ਮੰਦਭਾਗੀ ਹੈ। ਮੰਨੀਆਂ ਮੰਗਾਂ ਪੂਰੀਆਂ ਕਰਵਾਉਣ ਅਤੇ ਲਖੀਮਪੁਰ ਖੀਰੀ ਕਾਂਡ ਦੇ ਮਾਸਟਰਮਾਈਂਡ ਅਜੇ ਮਿਸ਼ਰਾ ਨੂੰ ਕੇਂਦਰੀ ਵਜ਼ਾਰਤ ਵਿਚੋਂ ਖਾਰਜ ਕਰਵਾਉਣ ਲਈ ਦੇਸ਼ ਭਰ ਦੀਆਂ ਕਿਸਾਨ ਜਥੇਬੰਦੀਆਂ ਅਤੇ ਸੰਯੁਕਤ ਕਿਸਾਨ ਮੋਰਚਾ ਦੀ ਚਟਾਨੀ ਏਕਤਾ ਬੇਹੱਦ ਜ਼ਰੂਰੀ ਹੈ। ਇਸੇ ਤਰ੍ਹਾਂ ਪੰਜਾਬ ਸਰਕਾਰ ਨਾਲ ਸੰਬੰਧਤ ਮੰਗਾਂ ਪੂਰੀਆਂ ਕਰਵਾਉਣ ਲਈ ਇਕੱਲੀ-ਇਕੱਲੀ ਕਿਸਾਨ ਜਥੇਬੰਦੀ ਵੱਲੋਂ ਕਦੇ ਸੰਗਰੂਰ, ਕਦੇ ਡੀ ਸੀ ਦਫਤਰਾਂ ਅੱਗੇ ਜਾਂ ਸੜਕਾਂ ਉੱਤੇ ਧਰਨੇ ਲਾਉਣ ਦੀ ਬਜਾਏ ਅਗਰ ਕਿਸਾਨ ਮੋਰਚੇ ਵੱਲੋਂ ਇਕਜੁੱਟ ਹੋ ਕੇ ਚੰਡੀਗੜ੍ਹ ਵਿਖੇ ਮੋਰਚਾ ਲਾਇਆ ਜਾਵੇ, ਤਾਂ ਆਮ ਜਨਤਾ ਨੂੰ ਤੰਗੀ ਦੇਣ ਦੀ ਬਜਾਏ, ਮਾਨ ਸਰਕਾਰ ਨੂੰ ਛੇਤੀ ਹੀ ਸਾਰੀਆਂ ਲਟਕਦੀਆਂ ਮੰਗਾਂ ਪੂਰੀਆਂ ਕਰਨ ਲਈ ਮਜਬੂਰ ਕੀਤਾ ਜਾ ਸਕਦਾ ਹੈ।

ਲਿਬਰੇਸ਼ਨ ਆਗੂ ਦਾ ਕਹਿਣਾ ਹੈ ਕਿ ਕਿਸਾਨ ਆਗੂਆਂ ਨੂੰ ਚਾਹੀਦਾ ਹੈ ਕਿ ਆਪਸੀ ਵਫਾਦਾਰੀ ਵਿਚ ਉਲਝਣ ਤੇ ਪਾਟੋਧਾੜ ਹੋਣ ਦੀ ਬਜਾਏ, ਸਿਰ 'ਤੇ ਖੜੇ ਕੌਮਾਂਤਰੀ ਆਰਥਕ ਮੰਦਵਾੜੇ ਦੀ ਭਿਆਨਕ ਤਬਾਹੀ ਤੋਂ ਕਿਸਾਨੀ ਨੂੰ ਬਚਾਉਣ ਲਈ ਉਹ 2020 ਵਾਂਗ ਇਕ ਵਾਰ ਮੁੜ ਸਮੁੱਚੀ ਕਿਸਾਨੀ ਨੂੰ ਇਕਜੁੱਟ ਕਰਨ ਲਈ ਖੁੱਲ੍ਹਦਿਲੀ ਨਾਲ ਅੱਗੇ ਆਉਣ।

# 'ਵਰਿੰਦਰ ਦੀਵਾਨਾ' ਵਿਰੁੱਧ ਦਰਜ ਝੂਠੇ ਕੇਸ ਦੀ ਉੱਚ ਪੱਧਰੀ ਜਾਂਚ ਕੀਤੀ ਜਾਵੇ'

**ਚੰਡੀਗੜ੍ਹ**—ਕੁੱਲ ਹਿੰਦ ਪ੍ਰਗਤੀਸ਼ੀਲ ਸੰਘ (ਪੀ ਡਬਲਯੂ ਏ) ਦੇ ਜਨਰਲ ਸਕੱਤਰ ਡਾਕਟਰ ਸੁਖਦੇਵ ਸਿੰਘ, ਪੰਜਾਬ ਪ੍ਰਗਤੀਸ਼ੀਲ ਸੰਘ ਦੇ ਕਾਰਜਕਾਰੀ ਪ੍ਰਧਾਨ ਡਾ. ਸੁਰਜੀਤ ਬਰਾੜ ਅਤੇ ਜਨਰਲ ਸਕੱਤਰ ਸੁਰਜੀਤ ਜੱਜ ਅਤੇ ਚੰਡੀਗੜ੍ਹ ਦੇ ਸਰਪ੍ਰਸਤ ਡਾ. ਲਾਭ ਸਿੰਘ ਖੀਵਾ, ਪ੍ਰਧਾਨ ਡਾ. ਸਰਬਜੀਤ ਸਿੰਘ, ਇਪਟਾ ਪੰਜਾਬ ਦੇ ਪ੍ਰਧਾਨ ਸੰਜੀਵਨ ਸਿੰਘ ਅਤੇ ਜਨਰਲ ਸਕੱਤਰ ਇੰਦਰਜੀਤ ਸਿੰਘ ਰੂਪੋਵਾਲੀ ਅਤੇ ਚੰਡੀਗੜ੍ਹ ਦੇ ਪ੍ਰਧਾਨ ਬਲਕਾਰ ਸਿੰਘ ਅਤੇ ਜਨਰਲ ਸਕੱਤਰ ਕੰਵਲਨੈਨ ਸਿੰਘ ਸੇਖੋਂ ਨੇ ਸਾਹਿਤ, ਸੱਭਿਆਚਾਰ ਦੇ ਖੇਤਰ ਵਿਚ ਸਰਗਰਮ ਨੌਜਵਾਨ ਵਰਿੰਦਰ ਦੀਵਾਨਾ ਨੂੰ ਰਿਸ਼ਵਤਖੋਰੀ ਦੇ ਕੇਸ ਵਿਚ ਵਿਜੀਲੈਂਸ ਵਿਭਾਗ ਦੁਆਰਾ ਗ੍ਰਿਫਤਾਰ ਕਰਨ ਨੂੰ ਇਕ ਸਾਜ਼ਿਸ਼ ਸਮਝਦਿਆਂ ਇਸ ਕੇਸ ਦੀ ਡੂੰਘੀ ਤਫਤੀਸ਼ ਕਰਵਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਸਾਂਝਾ ਬਿਆਨ ਜਾਰੀ ਕਰਦਿਆਂ ਕਿਹਾ ਕਿ ਵਰਿੰਦਰ ਦੀਵਾਨਾ ਇਮਾਨਦਾਰੀ ਨਾਲ ਆਪਣੀ ਨੌਕਰੀ ਕਰਨ ਦੇ ਨਾਲ-ਨਾਲ ਸਾਹਿਤ, ਸੱਭਿਆਚਾਰ ਦੇ ਖੇਤਰ ਵਿਚ ਨੌਜਵਾਨ ਵਰਗ ਲਈ ਮਿਸਾਲੀ ਕੰਮ ਕਰ ਰਿਹਾ ਸੀ, ਫ਼ਿਰਕੂ ਅਤੇ ਮੁਜਰਮਾਨਾ ਤਾਕਤਾਂ ਖਿਲਾਫ ਆਵਾਜ਼ ਬੁਲੰਦ ਕਰਦਾ ਸੀ, ਜਿਸ ਕਾਰਨ ਅਨੇਕਾਂ ਅਜਿਹੇ ਅਨਸਰ ਵਿਰੋਧੀ ਲੋਕ ਉਸ ਦੀਆਂ ਗਤੀਵਿਧੀਆਂ ਕਾਰਨ ਨੇੜੇ ਹੋਏ ਸਨ। ਇਸ ਗ੍ਰਿਫਤਾਰੀ ਵਿਚ ਵੀ ਅਜਿਹੀਆਂ ਲੋਕ ਵਿਰੋਧੀ ਤਾਕਤਾਂ ਦੀ ਮਿਲੀਭੁਗਤ ਹੋਣ ਦਾ ਅੰਦੇਸ਼ਾ ਜ਼ਾਹਰ ਕਰਦਿਆਂ ਇਨ੍ਹਾਂ ਆਗੂਆਂ ਮੰਗ ਕੀਤੀ ਕਿ ਇਸ ਕੇਸ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਵੇ। ਇਨ੍ਹਾਂ ਆਗੂਆਂ ਇਹ ਵੀ ਮੰਗ ਕੀਤੀ ਹੈ ਕਿ ਜੇਲ੍ਹ ਵਿਚ ਵੀ ਵਰਿੰਦਰ ਦੀਵਾਨਾ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਲੋੜ ਹੈ, ਕਿਉਂਕਿ ਜੇਲ੍ਹ ਵਿਚ ਬੰਦ ਸਮਾਜ ਵਿਰੋਧੀ ਲੋਕ ਉਸ ਦੀ ਜ਼ਿੰਦਗੀ ਲਈ ਖਤਰੇ ਪੈਦਾ ਕਰ ਸਕਦੇ ਹਨ।

# ਧਾਮੀ ਨੇ ਸ਼੍ਰੋਮਣੀ ਕਮੇਟੀ ਦੇ ਵੱਖ-ਵੱਖ ਵਿਭਾਗਾਂ ਲਈ ਨਿਯੁਕਤ ਕੀਤੇ ਇੰਚਾਰਜਾਂ ਨਾਲ ਕੀਤੀ ਪਲੇਠੀ ਮੀਟਿੰਗ



**ਅੰਮ੍ਰਿਤਸਰ, (ਜਸਬੀਰ ਪੱਟੀ)** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸ਼੍ਰੋਮਣੀ ਕਮੇਟੀ ਦੇ ਵੱਖ-ਵੱਖ ਵਿਭਾਗਾਂ ਲਈ ਨਿਯੁਕਤ ਕੀਤੇ ਮੈਂਬਰ ਇੰਚਾਰਜਾਂ ਨਾਲ ਇਕੱਤਰਤਾ ਕਰਕੇ ਭਵਿੱਖ ਵਿਚ ਪ੍ਰਬੰਧ ਨੂੰ ਹੋਰ ਸੁਚਾਰੂ ਢੰਗ ਨਾਲ ਚਲਾਉਣ ਲਈ ਵਿਚਾਰ-ਵਟਾਂਦਰਾ ਕੀਤਾ। ਇਹ ਮੈਂਬਰ ਇੰਚਾਰਜ ਬੀਤੇ ਦਿਨੀਂ ਜਨਰਲ ਇਜਲਾਸ ਵੇਲੇ ਲਏ ਗਏ ਫੈਸਲੇ ਅਨੁਸਾਰ ਲਗਾਏ ਗਏ ਹਨ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਧਾਮੀ ਨੇ ਮੈਂਬਰ ਇੰਚਾਰਜਾਂ ਨਾਲ ਕੀਤੀ ਪਲੇਠੀ ਇਕੱਤਰਤਾ ਦੌਰਾਨ ਸਿੱਖ ਧਰਮ ਦੇ ਪ੍ਰਚਾਰ, ਗੁਰਦੁਆਰਾ ਸਾਹਿਬਾਨ ਦੇ ਲੰਗਰਾਂ, ਸੰਗਤ ਰਿਹਾਇਸ਼ਾਂ, ਉਸਾਰੀਆਂ, ਵਿੱਦਿਆ ਅਤੇ ਕਾਨੂੰਨੀ ਮਸਲਿਆਂ ਨਾਲ ਸਬੰਧਤ ਕਾਰਜਾਂ ਨੂੰ ਹੋਰ ਪੁਖਤਗੀ ਨਾਲ ਕਰਨ ਅਤੇ ਸਮੇਂ-ਸਮੇਂ 'ਤੇ ਇਸ ਦੀ ਰਿਪੋਰਟ ਉਨ੍ਹਾਂ ਨੂੰ ਦੇਣ ਬਾਰੇ ਆਖਿਆ। ਉਨ੍ਹਾਂ ਕਿਹਾ ਕਿ ਵੱਖ-ਵੱਖ ਵਿਭਾਗਾਂ ਦੇ ਕਾਰਜਾਂ ਲਈ ਦਿੱਤੀ ਜ਼ਿੰਮੇਵਾਰੀ ਨੂੰ ਸੰਗਤ ਦੀ ਭਾਵਨਾ ਅਤੇ ਮੌਜੂਦਾ ਸਮੇਂ ਦੀਆਂ ਤਰਜੀਹਾਂ ਅਨੁਸਾਰ ਨਿਭਾਉਂਦਿਆਂ ਲੋੜੀਂਦੇ ਸੁਝਾਅ ਦਿੱਤੇ ਜਾਣ ਅਤੇ ਸਮੇਂ-ਸਮੇਂ ਨਿਗਰਾਨੀ ਕੀਤੀ ਜਾਵੇ।

ਇਕੱਤਰਤਾ ਬਾਰੇ ਜਾਣਕਾਰੀ ਦਿੰਦਿਆਂ ਐਡਵੋਕੇਟ ਧਾਮੀ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕੀ ਮਾਮਲਿਆਂ ਦੇ ਮੁਲਾਂਕਣ ਲਈ ਲਗਾਏ ਗਏ ਮੈਂਬਰ ਇੰਚਾਰਜ ਆਪੋ-ਆਪਣੇ ਵਿਭਾਗ ਨਾਲ ਸਬੰਧਤ ਕਾਰਜਾਂ ਦੀ ਪੜਚੋਲ ਕਰਕੇ ਇਸ ਦੀ ਰਿਪੋਰਟ ਦੇਣਗੇ ਅਤੇ ਹਰ ਮਹੀਨੇ ਸਾਰੇ ਮੈਂਬਰ ਇੰਚਾਰਜਾਂ ਦੀ ਇਕੱਤਰਤਾ ਕਰਕੇ ਉਸ ਵਿਚ ਲੋੜੀਂਦੀਆਂ ਸਿਫਾਰਸ਼ਾਂ ਲਾਗੂ ਕੀਤੀਆਂ ਜਾਣਗੀਆਂ।

ਐਡਵੋਕੇਟ ਧਾਮੀ ਨੇ ਇਹ ਵੀ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਬੰਦੀ ਸਿੰਘਾਂ ਦੀ ਰਿਹਾਈ ਲਈ ਆਰੰਭੇ ਗਏ ਸੰਘਰਸ਼ ਦੀ ਅਗਲੀ ਕੜੀ ਤਹਿਤ 1 ਦਸੰਬਰ 2022 ਤੋਂ ਦਸਤਖ਼ਤੀ ਮੁਹਿੰਮ ਸ਼ੁਰੂ ਕਰਨ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਸੰਬੰਧ ਵਿਚ ਲੋੜੀਂਦੇ ਪ੍ਰੋਫਾਰਮੇ ਤਿਆਰ ਕਰ ਲਏ ਗਏ ਹਨ, ਜੋ ਸ਼ਹਿਰ ਦੇ ਵੱਖ-ਵੱਖ ਮੁਹੱਲਿਆਂ, ਪਿੰਡਾਂ, ਕਸਬਿਆਂ ਆਦਿ ਵਿਚ ਜਾ ਕੇ ਭਰਵਾਏ ਜਾਣਗੇ। ਇਸ ਸੰਬੰਧ ਵਿਚ ਵਿਸ਼ੇਸ਼ ਕੈਂਪ ਵੀ ਲਗਾਏ ਜਾ ਰਹੇ ਹਨ ਅਤੇ ਪ੍ਰੋਫਾਰਮੇ ਭਰਵਾਉਣ ਦਾ ਕਾਰਜ ਮੁਕੰਮਲ ਕਰਨ ਮਗਰੋਂ ਪੰਜਾਬ ਦੇ ਗਵਰਨਰ ਨੂੰ ਪੇਸ਼ ਕੀਤੇ ਜਾਣਗੇ। ਇਸ ਦੇ ਨਾਲ ਹੀ ਧਰਮ ਪ੍ਰਚਾਰ ਲਹਿਰ ਨੂੰ ਆਧੁਨਿਕ ਤਰਜੀਹਾਂ ਅਨੁਸਾਰ ਘਰ-ਘਰ ਤੱਕ ਪਹੁੰਚਾਉਣ ਲਈ ਪ੍ਰਚਾਰਕ ਜਥੇ ਰਵਾਨਾ ਕੀਤੇ ਜਾਣਗੇ। ਇਸ ਤਹਿਤ ਧਰਮ ਪ੍ਰਚਾਰ ਦੀਵਾਨਾਂ ਦੇ ਨਾਲ-ਨਾਲ ਸੰਵਾਦ ਵਿਧੀ ਰਾਹੀਂ ਸਿੱਖ ਇਤਿਹਾਸ ਅਤੇ ਰਹਿਤ ਮਰਯਾਦਾ ਬਾਰੇ ਸੰਗਤ ਤੱਕ ਜਾਣਕਾਰੀ ਪਹੁੰਚਾਈ ਜਾਵੇਗੀ। ਐਡਵੋਕੇਟ ਧਾਮੀ ਅਨੁਸਾਰ ਅੰਤਰਰਾਸ਼ਟਰੀ ਸਿੱਖ ਸਲਾਹਕਾਰ ਬੋਰਡ ਬਾਰੇ ਬੀਤੇ ਸਮੇਂ ਲਿਆ ਗਿਆ ਫੈਸਲਾ ਵੀ ਜਲਦ ਲਾਗੂ ਕੀਤਾ ਜਾਵੇਗਾ ਅਤੇ ਇਸ ਦੇ ਗਠਨ ਲਈ ਵੱਖ-ਵੱਖ ਦੇਸ਼ਾਂ ਵਿੱਚੋਂ ਸਿੱਖ ਨੁਮਾਇੰਦੇ ਲਏ ਜਾਣਗੇ।

# ਨਗਰ ਕੌਂਸਲ ਜਲਾਲਾਬਾਦ ਵੱਲੋਂ ਸਫਾਈ ਸੇਵਕਾਂ, ਇੰਨਵਾਇਰਮੈਂਟ ਵੇਸਟ ਕੁਲੈਕਟਰ, ਰੈਗ ਪਿਕਰ ਦਾ ਟ੍ਰੇਨਿੰਗ ਕੈਂਪ

**ਫਾਜ਼ਿਲਕਾ, (ਰਿਸ਼ਭ ਸ਼ਰਮਾ)**-ਨਗਰ ਕੌਂਸਲ ਜਲਾਲਾਬਾਦ ਵੱਲੋਂ ਸਥਾਨਕ ਸਰਕਾਰ ਵਿਭਾਗ, ਚੰਡੀਗੜ੍ਹ ਦੀਆਂ ਹਦਾਇਤਾਂ ਅਨੁਸਾਰ ਸਮੂਹ ਸਫਾਈ ਸੇਵਕਾਂ, ਇੰਨਵਾਇਰਮੈਂਟ ਵੇਸਟ ਕੁਲੈਕਟਰ, ਰੈਗ ਪਿਕਰਾਂ ਦਾ ਇੱਕ ਰੋਜ਼ਾ ਟ੍ਰੇਨਿੰਗ ਕੈਂਪ ਲਗਾਇਆ ਗਿਆ। ਇਸ ਕੈਂਪ ਦੀ ਸ਼ੁਰੂਆਤ ਕਾਰਜ ਸਾਧਕ ਅਫ਼ਸਰ ਸ੍ਰੀ ਬਲਵਿੰਦਰ ਸਿੰਘ ਵੱਲੋਂ ਸਾਰੇ ਭਾਗੀਦਾਰਾਂ ਨੂੰ ਜੀ ਆਇਆਂ ਕਹਿ ਕੇ ਤੇ ਸਾਰੇ ਭਾਗੀਦਾਰਾਂ ਨੂੰ ਸਫਾਈ ਪ੍ਰਤੀ ਉਤਸ਼ਾਹਤ ਕਰਕੇ ਕੀਤੀ ਗਈ। ਇਸ ਮੌਕੇ [illegible] ਗੁਰਦੇਵ ਸਿੰਘ ਖਾਲਸਾ ਵੱਲੋਂ ਸਮੂਹ ਭਾਗੀਦਾਰਾਂ ਨੂੰ ਸਵੱਛਤਾ ਸਰਵੇਖਣ 2023, ਜੀ.ਐੱਫ.ਸੀ. ਸਟਾਰ ਰੇਟਿੰਗ ਸਰਟੀਫਿਕੇਸ਼ਨ, ਆਪਣੇ ਸ਼ਹਿਰ ਦੀ ਸਾਫ ਸਫਾਈ ਵਿੱਚ ਹੋਰ ਵਾਧਾ ਕਰਨ, ਚੰਗੀ ਸਿਹਤ ਰੱਖਣ ਸਬੰਧੀ ਜਾਗਰੂਕ ਕਰਨ, ਸੋਲਿਡ ਵੇਸਟ ਮੈਨੇਜਮੈਂਟ ਦੇ ਥੰਮਾਂ (100 ਪ੍ਰਤੀਸ਼ਤ ਡੋਰ ਟੂ ਡੋਰ ਕੁਲੈਕਸ਼ਨ ਤੇ ਸੋਰਸ ਸੈਗਰੀਗੇਸ਼ਨ ਕਰਨ), ਸੋਲਿਡ ਵੇਸਟ ਮੈਨੇਜਮੈਂਟ ਪਲਾਂਟ ਦੀ ਸਾਂਭ ਸੰਭਾਲ, ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਨਾ ਕਰਨ, ਕੂੜੇ ਨੂੰ ਘਟਾਉਣ ਪ੍ਰਤੀ ਜਾਗਰੂਕ ਕੀਤਾ ਗਿਆ। ਇਹ ਟ੍ਰੇਨਿੰਗ ਪ੍ਰੋਗਰਾਮ ਜ਼ੀਰੋ ਵੇਸਟ ਪ੍ਰੋਗਰਾਮ ਸੀ, ਕਿਉਂਕਿ ਇਸ ਟ੍ਰੇਨਿੰਗ ਪ੍ਰੋਗਰਾਮ ਦੌਰਾਨ ਕਿਸੇ ਵੀ ਤਰ੍ਹਾਂ ਦੀ ਸਿੰਗਲ ਯੂਜ਼ ਪਲਾਸਟਿਕ ਦੀ ਵਰਤੋਂ ਨਾ ਕਰਕੇ ਇਸ ਦੀ ਜਗ੍ਹਾ ਸਟੀਲ ਦੇ ਬਰਤਨ ਤੇ ਕਰੌਕਰੀ ਦੇ ਬਰਤਨਾਂ ਦੀ ਵਰਤੋਂ ਕੀਤੀ ਗਈ।

# ਬੀਬੀ ਜਗੀਰ ਕੌਰ ਪੰਥਕ ਸੋਚ ਵਾਲੇ ਤੇ ਕੌਮ ਦੇ ਨਿਧੜਕ ਆਗੂ : ਹਰਦੀਪ ਪਸਵਾਲ



**ਧਾਰੀਵਾਲ/ਕਾਦੀਆਂ, (ਮਨਦੀਪ ਸਿੰਘ ਵਿੱਕੀ)**- ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਅਕਾਲੀ ਆਗੂ ਹਰਦੀਪ ਸਿੰਘ ਪਸਵਾਲ ਵੱਲੋਂ ਸਾਥੀਆਂ ਸਮੇਤ ਬੀਤੇ ਦਿਨੀਂ ਬੀਬੀ ਜਗੀਰ ਕੌਰ ਦੇ ਬੇਗੋਵਾਲ ਗ੍ਰਹਿ ਵਿਖੇ ਇਕ ਵਿਸ਼ੇਸ਼ ਮੁਲਾਕਾਤ ਕੀਤੀ ਗਈ। ਇਸ ਮੁਲਾਕਾਤ ਦੇ ਵੇਰਵੇ ਦਿੰਦੇ ਹੋਏ ਹਰਦੀਪ ਸਿੰਘ ਨੇ ਦੱਸਿਆ ਕਿ ਬੀਬੀ ਜਗੀਰ ਕੌਰ ਹਮੇਸ਼ਾ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਹਰੇਕ ਉਤਰਾਅ-ਚੜ੍ਹਾਅ ਵਾਲੇ ਸਮੇਂ ਵਿੱਚ ਪਾਰਟੀ ਨਾਲ ਮੋਢੇ ਨਾਲ ਮੋਢਾ ਲਾ ਕੇ ਚੱਲਦੇ ਰਹੇ ਹਨ। ਉਨ੍ਹਾਂ ਨੇ ਦੱਸਿਆ ਕਿ ਬੀਬੀ ਜਗੀਰ ਕੌਰ ਅਜੇ ਵੀ ਚੜ੍ਹਦੀ ਕਲਾ ਵਿੱਚ ਹਨ ਅਤੇ ਉਹ ਪੰਥਕ ਕਾਰਜਾਂ ਲਈ ਉਸੇ ਤਰ੍ਹਾਂ ਹੀ ਪੰਥ ਨੂੰ ਸਮਰਪਤ ਹਨ। ਹਰਦੀਪ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪਹਿਲੀ ਪ੍ਰਧਾਨ ਦਾ ਮਾਣ ਵੀ ਬੀਬੀ ਜਗੀਰ ਕੌਰ ਨੂੰ ਜਾਂਦਾ ਹੈ ਅਤੇ ਉਨ੍ਹਾਂ ਦਾ ਅੱਜ ਵੀ ਪੰਥਕ ਹਲਕਿਆਂ ਵਿੱਚ ਵੱਡਾ ਨਾਮ ਹੈ। ਉਨ੍ਹਾਂ ਨੇ ਕਿਹਾ ਕਿ ਅੱਜ ਵੀ ਉਹ ਬੀਬੀ ਜਗੀਰ ਕੌਰ ਅਤੇ ਉਨ੍ਹਾਂ ਦੀ ਸੋਚ ਨਾਲ ਖੜੇ ਹਨ। ਉਨ੍ਹਾਂ ਨੇ ਕਿਹਾ ਕਿ ਭਾਵੇਂ ਸ਼੍ਰੋਮਣੀ ਅਕਾਲੀ ਦਲ ਅਤੇ ਬਾਦਲਕਿਆਂ ਵੱਲੋਂ ਬੀਬੀ ਜਗੀਰ ਕੌਰ ਉਤੇ ਚੋਣ ਨਾ ਲੜਨ ਦਾ ਦਬਾਅ ਬਣਾਇਆ ਸੀ ਪਰ ਬੀਬੀ ਜਗੀਰ ਕੌਰ ਆਪਣੇ ਫੈਸਲੇ 'ਤੇ ਡੱਟੇ ਰਹੇ। ਇਸ ਮੌਕੇ ਉਨ੍ਹਾਂ ਦੇ ਨਾਲ ਜਥੇਦਾਰ ਬਲਜਿੰਦਰ ਸਿੰਘ, ਸਰਬਜੀਤ ਸਿੰਘ, ਜਸਬੀਰ ਸਿੰਘ ਖਾਲਸਾ ਅਤੇ ਕਸ਼ਮੀਰ ਸਿੰਘ ਆਦਿ ਵੀ ਹਾਜ਼ਰ ਸਨ।

# ਪਰਮਾਤਮਾ ਦੇ ਪ੍ਰਤੀ ਨਿਰਸਵਾਰਥ ਪਿਆਰ ਹੀ ਸੱਚੀ ਭਗਤੀ : ਮਾਤਾ ਸੁਦੀਕਸ਼ਾ



**ਸਮਾਲਖਾ, (ਇਕਬਾਲ ਸਿੰਘ ਬੱਲ)** : "ਪ੍ਰਮਾਤਮਾ ਦੇ ਪ੍ਰਤੀ ਨਿਰਸਵਾਰਥ ਪਿਆਰ ਨੂੰ ਹੀ ਸੱਚੀ ਭਗਤੀ ਕਿਹਾ ਜਾਂਦਾ ਹੈ। ਇਸ ਤਰ੍ਹਾਂ ਦੀ ਹੀ ਨਿਸ਼ਕਾਮ ਪਿਆਰ ਦੀ ਭਾਵਨਾ ਸੰਤਾਂ ਦੀ ਹੁੰਦੀ ਹੈ।" ਇਹ ਸ਼ਬਦ ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਨੇ 75ਵੇਂ ਸਾਲਾਨਾ ਨਿਰੰਕਾਰੀ ਸੰਤ ਸਮਾਗਮ ਮੌਕੇ ਦੇਸ਼ ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿੱਚ ਆਏ ਵਿਸ਼ਾਲ ਮਾਨਵ ਪਰਿਵਾਰ ਨੂੰ ਸੰਬੋਧਨ ਕਰਦਿਆਂ ਪ੍ਰਗਟ ਕੀਤੇ। ਸਤਿਗੁਰੂ ਮਾਤਾ ਜੀ ਨੇ ਕਿਹਾ ਕਿ ਗੁਰਸਿੱਖ ਹਰ ਕਿਸੇ ਨੂੰ ਪ੍ਰਮਾਤਮਾ ਦਾ ਰੂਪ ਸਮਝ ਕੇ ਪਿਆਰ ਨਾਲ ਪੇਸ਼ ਆਉਂਦਾ ਹੈ ਤੇ ਉਸ ਦਾ ਕੋਈ ਨਿੱਜੀ ਹਿੱਤ ਨਹੀਂ ਹੁੰਦਾ। ਅਜਿਹੇ ਭਗਤਾਂ ਦੀ ਸ਼ਰਧਾ ਵਿੱਚ ਕਿਸੇ ਕਿਸਮ ਦਾ ਕੋਈ ਡਰ ਨਹੀਂ ਹੁੰਦਾ। ਪਿਆਰ ਨਾਲ ਕੀਤੇ ਹਰ ਕੰਮ ਦਾ ਆਧਾਰ ਕੇਵਲ ਪਿਆਰ ਹੈ, ਜਿਸ ਦੀ ਪ੍ਰੇਰਣਾ ਕੇਵਲ ਪਿਆਰ ਹੀ ਹੈ। ਸਮਰਪਣ ਭਾਵ ਨਾਲ ਕੀਤੀ ਜਾਣ ਵਾਲੀ ਸੇਵਾ ਸਦਾ ਪਰਉਪਕਾਰ ਲਈ ਹੁੰਦੀ ਹੈ। ਦੂਜੇ ਪਾਸੇ ਜੇਕਰ ਦੁਨੀਆ ਵਿੱਚ ਦੇਖਿਆ ਜਾਵੇ ਤਾਂ ਜੋ ਪਿਆਰ ਅਕਸਰ ਦਿਖਾਇਆ ਜਾਂਦਾ ਹੈ, ਉਸ ਵਿੱਚ ਕੋਈ ਨਾ ਕੋਈ ਨਿੱਜੀ ਹਿੱਤ ਛੁਪਿਆ ਹੁੰਦਾ ਹੈ।

ਇਸ ਮੌਕੇ ਨਿਰੰਕਾਰੀ ਪ੍ਰਦਰਸ਼ਨੀ 75ਵੇਂ ਸੰਤ ਸਮਾਗਮ ਦਾ ਮੁੱਖ ਆਕਰਸ਼ਨ ਬਣੀ ਹੋਈ ਹੈ, ਜਿਸ ਦੀ ਸ਼ੁਰੂਆਤ 1972 ਵਿੱਚ ਹੋਈ ਸੀ ਤੇ ਇਸ ਵਿੱਚ ਨਿਰੰਕਾਰੀ ਮਿਸ਼ਨ ਦੀ ਵਿਚਾਰਧਾਰਾ, ਇਤਿਹਾਸ ਤੇ ਸਮਾਜਿਕ ਗਤੀਵਿਧੀਆਂ ਨੂੰ ਦਰਸਾਇਆ ਗਿਆ ਹੈ ਅਤੇ ਆਏ ਦਿਨ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਰਧਾਲੂ ਇਸ ਪ੍ਰਦਰਸ਼ਨੀ ਨੂੰ ਦੇਖ ਕੇ ਆਨੰਦ ਮਾਣ ਰਹੇ ਹਨ। ਇਸ ਸਾਲ ਪ੍ਰਦਰਸ਼ਨੀ ਨੂੰ ਛੇ ਮੁੱਖ ਭਾਗਾਂ ਵਿੱਚ ਵੰਡਿਆ ਗਿਆ ਹੈ, ਜਿਸ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਆਧੁਨਿਕ ਤਕਨਾਲੋਜੀ ਦੀ ਵਰਤੋਂ ਕੀਤੀ ਗਈ ਹੈ।

# ਆਲ ਇੰਡੀਆ ਆਂਗਣਵਾੜੀ ਵਰਕਰਜ਼/ਹੈਲਪਰਜ਼ ਯੂਨੀਅਨ ਏਟਕ ਦੀ ਮੀਟਿੰਗ

## 25 ਨੂੰ ਡੀ ਸੀ ਦਫਤਰਾਂ ਸਾਹਮਣੇ ਦਿੱਤੇ ਜਾਣਗੇ ਧਰਨੇ



**ਕੈਪਸ਼ਨ (ਅਮਰਜੀਤ ਬੱਬਰੀ)** : ਆਲ ਇੰਡੀਆ ਆਂਗਨਵਾੜੀ ਵਰਕਰਜ਼/ਹੈਲਪਰਜ਼ ਯੂਨੀਅਨ ਪੰਜਾਬ (ਏਟਕ) ਦੀ ਮੀਟਿੰਗ ਸੂਬਾ ਪ੍ਰਧਾਨ ਸਰੋਜ ਛੱਪੜੀਵਾਲਾ ਦੀ ਪ੍ਰਧਾਨਗੀ ਹੇਠ ਸ਼ਹੀਦ ਨੱਛਤਰ ਸਿੰਘ ਭਵਨ ਮੋਗਾ ਵਿਖੇ ਹੋਈ। ਮੀਟਿੰਗ ਵਿੱਚ ਸੂਬਾ ਜਨ. ਸਕੱਤਰ ਸੁਨੀਲ ਕੌਰ ਬੇਦੀ, ਡਿਪਟੀ ਸਕੱਤਰ ਬਲਵਿੰਦਰ ਕੌਰ ਖੋਸਾ, ਵਿੱਤ ਸਕੱਤਰ ਗੁਰਚਨ ਕੌਰ ਮੋਗਾ, ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਕੌਰ ਚੁਗਾਵਾਂ, ਪ੍ਰੈੱਸ ਸਕੱਤਰ ਪਿਆਰ ਕੌਰ ਜ਼ੀਰਾ, ਛਿੰਦਰ ਕੌਰ, ਹਰਜੀਤ ਕੌਰ ਭੰਗਾਲਾ, ਸੁਖਵਿੰਦਰ ਕੌਰ ਗੁਰਜੀਤ ਕੌਰ, ਵਿਮਲ ਕੌਰ, ਵਿਕਰਮ ਕੌਰ ਤੇ ਸਰਬਜੀਤ ਕੌਰ ਹਾਜ਼ਰ ਹੋਏ। ਇਸ ਮੌਕੇ ਸਰੋਜ ਛੱਪੜੀਵਾਲਾ ਤੇ ਗੁਰਚਰਨ ਕੌਰ ਮੋਗਾ ਨੇ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਆਂਗਨਵਾੜੀ ਵਰਕਰਾਂ ਨੂੰ ਪ੍ਰੀ-ਨਰਸਰੀ ਕਲਾਸਾਂ ਦੇ ਕੇ ਤਿੰਨ ਤੋਂ ਛੇ ਸਾਲ ਦੇ ਬੱਚੇ ਵਾਪਸ ਕੀਤੇ ਜਾਣ, ਸਰਕਾਰ ਵੱਲੋਂ ਚੋਣਾਂ ਸਮੇਂ ਕੀਤੇ ਵਾਅਦੇ ਅਨੁਸਾਰ ਮਾਣ ਭੱਤਾ ਦੁੱਗਣਾ ਕੀਤਾ ਜਾਵੇ, ਮਾਣ ਭੱਤਾ ਹਰ ਮਹੀਨੇ ਲਗਾਤਾਰਤਾ ਵਿੱਚ ਦਿੱਤਾ ਜਾਵੇ।

ਸੂਬਾ ਡਿਪਟੀ ਸਕੱਤਰ ਬਲਵਿੰਦਰ ਕੌਰ ਤੇ ਪ੍ਰੈੱਸ ਸਕੱਤਰ ਪਿਆਰ ਕੌਰ ਜ਼ੀਰਾ ਨੇ ਕਿਹਾ ਕਿ 2018 ਵਿੱਚ ਵੱਧੇ ਹੋਏ ਮਾਣ ਭੱਤੇ ਦਾ ਬਕਾਇਆ ਤੇ ਪੋਸ਼ਣ ਅਭਿਆਨ ਦੇ ਪੈਸੇ ਤੇ ਮੋਬਾਇਲ ਨਾ ਮਿਲਣ ਤੱਕ ਮੋਬਾਇਲ ਭੱਤਾ ਤੇ ਮੈਡੀਕਲ ਸਹੂਲਤ ਦਿੱਤੀ ਜਾਵੇ। ਸੀਨੀਅਰ ਮੀਤ ਪ੍ਰਧਾਨ ਗੁਰਪ੍ਰੀਤ ਕੌਰ ਚੁਗਾਵਾਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਐੱਨਜੀਓ ਨੂੰ ਦਿੱਤੇ 8 ਬਲਾਕ ਵਾਪਸ ਕੀਤੇ ਜਾਣ, ਤਿੰਨ ਜ਼ਿਲ੍ਹਿਆਂ ਦੀ ਠੇਕੇ 'ਤੇ ਦਿੱਤੀ ਫੀਡ ਵਾਪਸ ਦਿੱਤੀ ਜਾਵੇ, ਮਿੰਨੀ ਸੈਂਟਰ ਮੇਨ ਕੀਤੇ ਜਾਣ, ਬਿਲਡਿੰਗ ਕਰਾਇਆ ਹਰ ਮਹੀਨੇ ਦਿੱਤਾ ਜਾਵੇ, ਆਂਗਨਵਾੜੀ ਸੈਂਟਰਾਂ ਦੀਆਂ ਬਿਲਡਿੰਗਾਂ ਬਣਾਈਆਂ ਜਾਣ, ਬੱਚਿਆਂ ਦੇ ਬੈਠਣ ਲਈ ਦਰੀਆਂ, ਕੁਰਸੀਆਂ ਤੇ ਸਟੇਸ਼ਨਰੀ ਦਾ ਪ੍ਰਬੰਧ ਕੀਤਾ ਜਾਵੇ।

ਮੀਟਿੰਗ ਮੌਕੇ ਜਥੇਬੰਦੀ ਦੇ ਆਗੂਆਂ ਨੇ ਫੈਸਲਾ ਲੈਂਦਿਆਂ ਕਿਹਾ ਕਿ ਮੰਗਾਂ ਮੰਨਵਾਉਣ ਲਈ 19 ਨਵਬੰਰ ਤੋਂ 24 ਨਵਬੰਰ ਤੱਕ ਹਰ ਹਲਕੇ ਦੇ ਐੱਮ ਐੱਲ ਏ ਨੂੰ ਚਿਤਾਵਨੀ ਪੱਤਰ ਦਿੱਤੇ ਜਾਣਗੇ ਤੇ 25 ਨਵਬੰਰ ਨੂੰ ਡੀ ਸੀ ਦਫਤਰ ਸਾਹਮਣੇ ਧਰਨੇ ਦਿੱਤੇ ਜਾਣਗੇ।

# 'ਗੁਰੂ ਨਾਨਕ ਦੇਵ ਦੀ ਬਾਣੀ ਦੇ ਸਮਾਜਕ ਸਰੋਕਾਰ' ਵਿਸ਼ੇ 'ਤੇ ਸੈਮੀਨਾਰ 27 ਨੂੰ



**ਕੋਟਕਪੂਰਾ (ਰਛਪਾਲ ਭੁੱਲਰ)**-ਸੀ ਪੀ ਆਈ ਜ਼ਿਲ੍ਹਾ ਕੌਂਸਲ ਫਰੀਦਕੋਟ ਦੀ ਮੀਟਿੰਗ ਸਥਾਨਕ ਸ਼ਹੀਦ ਕਾਮਰੇਡ ਅਮੋਲਕ ਭਵਨ ਵਿਖੇ ਕਾਮਰੇਡ ਗੁਰਨਾਮ ਸਿੰਘ ਮਾਨੀ ਸਿੰਘ ਵਾਲਾ ਦੀ ਪ੍ਰਧਾਨਗੀ ਹੇਠ ਹੋਈ।

ਜ਼ਿਲ੍ਹਾ ਸੈਕਟਰੀ ਅਸ਼ੋਕ ਕੌਸ਼ਲ ਨੇ ਪਿਛਲੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਲਹਿਰ ਦੇ ਆਗੂਆਂ ਰਣਧੀਰ ਸਿੰਘ ਗਿੱਲ ਤੇ ਗਿਆਨੀ ਗੁਰਦੇਵ ਸਿੰਘ ਨਿਹਾਲ ਸਿੰਘ ਵਾਲਾ ਸਬੰਧੀ ਸ਼ੋਕ ਮਤਾ ਰੱਖਿਆ ਅਤੇ ਦੋ ਮਿੰਟ ਦਾ ਮੌਨ ਰੱਖ ਕੇ ਵਿੱਛੜੇ ਆਗੂਆਂ ਨੂੰ ਸ਼ਰਧਾਂਜਲੀ ਭੇਟ ਕੀਤੀ। ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਮੀਤ ਸਕੱਤਰ ਬਲਵੀਰ ਸਿੰਘ ਔਲਖ, ਗੁਰਚਰਨ ਸਿੰਘ ਮਾਨ, ਹਰਪਾਲ ਸਿੰਘ ਮਚਾਕੀ, ਗੋਰਾ ਪਿਪਲੀ ਤੇ ਬੀਬੀ ਮਨਜੀਤ ਕੌਰ ਨੇ ਵੱਖ-ਵੱਖ ਜਨਤਕ ਜਥੇਬੰਦੀਆਂ ਦੇ ਸੰਘਰਸ਼ਾਂ ਤੇ ਸਰਗਰਮੀਆਂ ਦੀ ਸਮੀਖਿਆ ਕੀਤੀ। ਮੀਟਿੰਗ ਵਿੱਚ ਲਏ ਗਏ ਫੈਸਲਿਆਂ ਬਾਰੇ ਜ਼ਿਲ੍ਹਾ ਸੈਕਟਰੀ ਨੇ ਦੱਸਿਆ ਕਿ ਨਰੇਗਾ ਮਜ਼ਦੂਰਾਂ ਨੂੰ ਆ ਰਹੀਆਂ ਮੁਸ਼ਕਲਾਂ ਸਬੰਧੀ ਇੱਕ ਸਮੂਹਕ ਵਫ਼ਦ 24 ਨਵੰਬਰ ਨੂੰ ਜ਼ਿਲ੍ਹਾ ਅਧਿਕਾਰੀਆਂ ਨੂੰ ਮਿਲੇਗਾ। 26 ਨਵੰਬਰ ਦੇ 'ਸੰਯੁਕਤ ਕਿਸਾਨ ਮੋਰਚੇ' ਦੇ ਸੱਦੇ 'ਤੇ ਚੰਡੀਗੜ੍ਹ ਸਥਿਤ ਰਾਜ ਭਵਨ ਵੱਲ ਕਿਸਾਨ ਮੁਜ਼ਾਹਰੇ ਦਾ ਸਮਰਥਨ ਕਰਨ ਦਾ ਫੈਸਲਾ ਕੀਤਾ ਗਿਆ। ਇਸ ਤੋਂ ਇਲਾਵਾ ਗੁਰੂ ਨਾਨਕ ਦੇਵ ਜੀ ਦੇ 553ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਸੈਮੀਨਾਰ 'ਗੁਰੂ ਨਾਨਕ ਬਾਣੀ ਦੇ ਸਮਾਜਿਕ ਸਰੋਕਾਰ' 27 ਨਵੰਬਰ ਨੂੰ ਫਰੀਦਕੋਟ ਵਿਖੇ ਕੀਤਾ ਜਾਵੇਗਾ। ਆਗੂਆਂ ਨੇ ਦੇਸ਼ ਵਿੱਚ ਵਧ ਰਹੇ ਤਾਨਾਸ਼ਾਹੀ ਤੇ ਫਿਰਕੂ ਨਫ਼ਰਤ ਦੇ ਮਾਹੌਲ 'ਤੇ ਚਿੰਤਾ ਪ੍ਰਗਟ ਕਰਦੇ ਹੋਏ ਪੰਜਾਬ ਦੇ ਲੋਕਾਂ ਨੂੰ ਆਪਣੀ ਭਾਈਚਾਰਕ ਸਾਂਝ ਮਜ਼ਬੂਤ ਕਰਨ ਦੀ ਅਪੀਲ ਕੀਤੀ। ਅਗਲੇ ਮਹੀਨੇ ਇਸਤਰੀ ਸਭਾ, ਖੇਤ ਮਜ਼ਦੂਰ ਸਭਾ ਤੇ ਨਰੇਗਾ ਮਜ਼ਦੂਰ ਫਰੰਟਾਂ ਦੀਆਂ ਜ਼ਿਲ੍ਹਾ ਕਾਨਫਰੰਸਾਂ ਕਰਵਾਉਣ ਸਬੰਧੀ ਵੀ ਫੈਸਲੇ ਕੀਤੇ ਗਏ। ਇਸ ਮੌਕੇ ਦਫਤਰ ਸਕੱਤਰ ਸੁਖਦਰਸ਼ਨ ਸ਼ਰਮਾ, ਜਗਤਾਰ ਸਿੰਘ ਭਾਣਾ, ਮੁਖਤਿਆਰ ਸਿੰਘ ਭਾਣਾ, ਰਾਮ ਸਿੰਘ ਚੈਨਾ ਬਲਾਕ ਸੈਕਟਰੀ ਜੈਤੋ, ਗੁਰਮੇਲ ਸਿੰਘ ਲਾਲੇਆਣਾ, ਉੱਤਮ ਸਿੰਘ ਸਾਦਿਕ ਤੇ ਜਸਵਿੰਦਰ ਸਿੰਘ ਦੀਪ ਸਿੰਘ ਵਾਲਾ ਹਾਜ਼ਰ ਸਨ।

# ਕੇਨਰਾ ਰੋਬੇਕੋ ਮਿਊਚਲ ਫੰਡ ਵੱਲੋਂ ਕੇਨਰਾ ਰੋਬੇਕੋ ਮਿਡ ਕੈਂਪ ਫੰਡ ਐੱਨ ਐੱਫ ਓ ਦੀ ਸ਼ੁਰੂਆਤ

**ਜਲੰਧਰ** : ਭਾਰਤ ਦੀਆਂ ਪ੍ਰਮੁੱਖ ਐਸੇਟ ਮੈਨੇਜਮੈਂਟ ਕੰਪਨੀਆਂ ਵਿੱਚੋਂ ਇੱਕ ਕੰਪਨੀ ਕੇਨਰਾ ਰੋਬੇਕੋ ਮਿਊਚਲ ਫੰਡ ਨੇ ਕੇਨਰਾ ਰੋਬੇਕੋ ਮਿਡ ਕੈਪ ਫੰਡ ਦੀ ਸ਼ੁਰੂਆਤ ਦਾ ਐਲਾਨ ਕੀਤਾ ਜੋ ਕਿ ਇੱਕ ਓਪਨ-ਐਂਡ ਇਕੁਇਟੀ ਸਕੀਮ ਹੈ ਜੋ ਮੁੱਖ ਤੌਰ 'ਤੇ ਮਿਡ ਕੈਪ ਕੰਪਨੀਆਂ ਦੀ ਇਕੁਇਟੀ ਅਤੇ ਇਕੁਇਟੀ-ਸੰਬੰਧੀ ਇੰਸਟਰੂਮੈਂਟਾਂ ਵਿੱਚ ਨਿਵੇਸ਼ ਕਰੇਗੀ ਜਿਸਦਾ ਉਦੇਸ਼ ਪੰਜ ਸਾਲ ਅਤੇ ਇਸ ਤੋਂ ਵੱਧ ਮਿਆਦ ਵਿੱਚ ਕੈਪੀਟਲ ਨੂੰ ਵਧਾਉਣਾ ਹੈ। ਕੇਨਰਾ ਰੋਬੇਕੋ ਮਿਡ ਕੈਪ ਫੰਡ ਦੀ ਨਵੀਂ ਫੰਡ ਪੇਸ਼ਕਸ਼ (ਐਨ.ਐਫ.ਓ.) 11 ਨਵੰਬਰ ਤੋਂ ਸ਼ੁਰੂ ਹੋਈ ਨਵੰਬਰ 25 ਨੂੰ ਬੰਦ ਹੋਵੇਗੀ। ਇੱਕ ਫੰਡ ਹਾਊਸ ਦੇ ਰੂਪ ਵਿੱਚ ਕੇਨਰਾ ਰੋਬੇਕੋ ਮਿਊਚਲ ਫੰਡ ਦਾ ਸਿਧਾਂਤ ਸਮਰੱਥ ਪ੍ਰਬੰਧਨ ਅਤੇ ਇੱਕ ਵਾਜਬ ਮੁਲਾਂਕਣ ਦੇ ਨਾਲ ਮਜ਼ਬੂਤ ਵਿਕਾਸ-ਅਧਾਰਿਤ ਕਾਰੋਬਾਰਾਂ ਵਿੱਚ ਨਿਵੇਸ਼ ਕਰਨਾ ਹੈ। ਇਸ ਮੌਕੇ ਬੋਲਦੇ ਹੋਏ ਰਜਨੀਸ਼ ਨਰੂਲਾ, ਐੱਮਡੀ ਅਤੇ ਸੀਈਓ ਨੇ ਕਿਹਾ ਕਿ ਕੇਨਰਾ ਰੋਬੇਕੋ ਮਿਡ ਕੈਪ ਫੰਡ ਨਿਵੇਸ਼ ਦੇ ਇੱਕਮੁਸ਼ਤ ਅਤੇ ਐੱਸਆਈਪੀ ਮੋਡ ਦੋਵਾਂ ਰਾਹੀਂ ਲੰਬੇ ਸਮੇਂ ਲਈ ਦੌਲਤ ਬਣਾਉਣ ਦਾ ਇੱਕ ਆਕਰਸ਼ਕ ਮੌਕਾ ਪੇਸ਼ ਕਰੇਗਾ। ਕੇਨਰਾ ਰੋਬੇਕੋ ਮਿਡ ਕੈਪ ਫੰਡ ਦੇ ਪੋਰਟਫੋਲੀਓ ਵਿੱਚ ਤਿੰਨ ਕਿਸਮਾਂ ਦੀਆਂ ਬਕਿਟਸ ਸ਼ਾਮਲ ਹੋਣਗੀਆਂ। ਪਹਿਲੀ ਉੱਚ ਵਿਕਾਸ ਦਰ ਵਾਲੀਆਂ ਕੰਪਨੀਆਂ 'ਤੇ ਧਿਆਨ ਕੇਂਦਰਤ ਕਰੇਗੀ, ਜੋ ਉੱਚ ਆਮਦਨੀ ਦੇ ਵਾਧੇ ਵਾਲੇ ਲੀਡਰਾਂ ਅਤੇ ਘਰੇਲੂ ਵਿਕਾਸ ਦੇ ਲਾਭਪਾਤਰੀਆਂ ਦੀ ਪਛਾਣ ਕਰੇਗੀ। ਤੀਸਰੀ ਸਾਈਕਲੀਕਲ ਬੈਨੀਫੀਸ਼ੀਅਰੀ ਕੰਪਨੀਆਂ ਤੇ ਕੇਂਦ੍ਰਿਤ ਹੋਵੇਗੀ ਜੋ ਇੰਪਰੂਵਡ ਕੈਸ਼ ਫਲੋ, ਬਿਜ਼ਨੈਸ ਟਰਨਅਰਾਊਂਡ ਤੋਂ ਜਾਂ ਇੰਡਸਟਰੀ ਸਾਈਕਲ ਰਿਵਾਈਵਲ ਤੋਂ ਕੈਪੀਟਲ 'ਤੇ ਜ਼ਿਆਦਾ ਰਿਟਰਨ ਪ੍ਰਦਾਨ ਕਰਦੀਆਂ ਹਨ।

# ਦੇਸ਼ ਦੀ ਪ੍ਰਗਤੀ ਤੇ ਖੁਸ਼ਹਾਲੀ ਲਈ ਹਰ ਨਾਗਰਿਕ ਆਪਣਾ ਬਣਦਾ ਟੈਕਸ ਜ਼ਰੂਰ ਭਰੇ : ਆਰ ਕੇ ਉੱਪਲ

**ਅੰਮ੍ਰਿਤਸਰ (ਅਰੋੜਾ)**: ਰੋਟਰੀ ਕਲੱਬ ਅੰਮ੍ਰਿਤਸਰ ਨਾਰਥ ਦੇ ਸਾਬਕਾ ਪ੍ਰਧਾਨ ਇਨਕਮ ਟੈਕਸ ਵਿਭਾਗ ਦੇ ਐਡਵੋਕੇਟ ਆਰ. ਕੇ. ਉੱਪਲ ਨੇ ਸਾਰੇ ਦੇਸ਼ ਵਾਸੀਆਂ, ਉਦਯੋਗਪਤੀਆਂ, ਸਰਕਾਰੀ ਕਰਮਚਾਰੀਆਂ ਅਤੇ ਹੋਰ ਕਾਰੋਬਾਰੀਆਂ ਨੂੰ ਬੇਨਤੀ ਕੀਤੀ ਕਿ ਹਰ ਇੱਕ ਬੁੱਧੀਜੀਵੀ ਨਾਗਰਿਕ ਨੂੰ ਆਪਣਾ ਬਣਦਾ ਟੈਕਸ ਜ਼ਰੂਰ ਭਰਨਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਅਸੀਂ ਦੇਸ਼ ਵਾਸੀ ਕੇਂਦਰ ਅਤੇ ਰਾਜ ਸਰਕਾਰਾਂ ਨੂੰ ਬਣਦੇ ਟੈਕਸ ਭਰਦੇ ਹਾਂ। ਉਸ ਨਾਲ ਹੀ ਪ੍ਰਗਤੀ ਅਤੇ ਵਿਕਾਸ ਦੇ ਕੰਮ ਪੂਰੇ ਹੁੰਦੇ ਹਨ। ਉਨ੍ਹਾਂ ਨੇ ਜ਼ਿੰਮੇਵਾਰ ਨਾਗਰਿਕਾਂ ਨੂੰ ਕਿਹਾ ਕਿ ਜੇਕਰ ਤੁਸੀਂ ਅਤੇ ਅਸੀਂ ਦੇਸ਼ ਦੀ ਪ੍ਰਗਤੀ ਅਤੇ ਵਿਕਾਸ ਦੀ ਚਾਹ ਰੱਖਦੇ ਹਾਂ ਤਾਂ ਸਾਨੂੰ ਆਪਣੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਣਾ ਹੋਵੇਗਾ। ਫਿਰ ਹੀ ਸਾਡਾ ਦੇਸ਼ ਅਤੇ ਅਸੀਂ ਖੁਸ਼ਹਾਲ ਰਹਿ ਸਕਦੇ ਹਾਂ। ਐਡਵੋਕੇਟ ਉੱਪਲ ਨੇ ਕਿਹਾ ਕਿ ਜਿਸ ਪ੍ਰਕਾਰ ਵਿਸ਼ਵ ਭਰ ਦੀਆਂ ਰੋਟਰੀ ਕਲੱਬਾਂ ਆਪਣੀਆਂ ਆਪਣੀਆਂ ਸਰਕਾਰਾਂ ਦੇ ਮੋਢੇ ਨਾਲ ਮੋਢਾ ਮਿਲਾ ਕੇ ਦੇਸ਼ ਨੂੰ ਖੁਸ਼ਹਾਲ ਬਣਾਉਣ ਲਈ ਆਪਣੀ ਨਿੱਜੀ ਪੂੰਜੀ ਲਗਾ ਕੇ ਕੋਈ ਨਾ ਕੋਈ ਪ੍ਰੋਜੈਕਟ ਕਰਦੀਆਂ ਹਨ ਉਸੇ ਪ੍ਰਕਾਰ ਹੋਰ ਨਾਗਰਿਕਾਂ ਨੂੰ ਵੀ ਜ਼ਿੰਮੇਵਾਰੀਆਂ ਦਾ ਅਹਿਸਾਸ ਹੋਣਾ ਚਾਹੀਦਾ ਹੈ ਤਾਂ ਕਿ ਵਿਸ਼ਵ ਭਰ ਵਿੱਚ ਸੋਨੇ ਦੀ ਚਿੜੀ ਕਹਾਉਣ ਵਾਲਾ ਸਾਡਾ ਭਾਰਤ ਦੇਸ਼ ਮੁੜ ਆਪਣੀ ਸਾਖ ਬਰਕਰਾਰ ਰੱਖਦਾ ਦਿਖਾਈ ਦੇ ਸਕੇ। ਉਨ੍ਹਾਂ ਨੇ ਸਾਰੇ ਇਨਕਮ ਟੈਕਸ ਦਾਤਿਆਂ ਨੂੰ ਬੇਨਤੀ ਕੀਤੀ ਕਿ ਕੇਂਦਰ ਅਤੇ ਰਾਜ ਸਰਕਾਰ ਦੇ ਕੋਲ ਪ੍ਰਗਤੀ, ਖੁਸ਼ਹਾਲੀ ਅਤੇ ਵਿਕਾਸ ਲਈ ਆਮਦਨ ਦਾ ਹੋਰ ਕੋਈ ਸਾਧਨ ਨਹੀਂ ਹੈ। ਜੇਕਰ ਅਸੀਂ ਆਪਣਾ ਬਣਦਾ ਟੈਕਸ ਸਰਕਾਰ ਨੂੰ ਅਦਾ ਨਹੀਂ ਕਰਾਂਗੇ ਤਾਂ ਦੇਸ਼ ਦੀ ਪ੍ਰਗਤੀ ਵਿੱਚ ਹੋਣ ਵਾਲੀ ਰੁਕਾਵਟ ਦੇ ਲਈ ਅਸੀਂ ਸਾਰੇ ਜ਼ਿੰਮੇਵਾਰ ਹੋਵਾਂਗੇ। ਇਸ ਮੌਕੇ ਆਰ. ਕੇ. ਉੱਪਲ ਨਾਲ ਰੋਟੇਰੀਅਨ ਕੁਲਵਿੰਦਰ ਸਿੰਘ, ਦਵਿੰਦਰ ਧਵਨ ਅਤੇ ਰੋਟੇਰੀਅਨ ਸੋਖੀ ਆਦਿ ਮੌਜੂਦ ਸਨ।

# ਸੰਯੁਕਤ ਕਿਸਾਨ ਮੋਰਚਾ ਮਨਾਵੇਗਾ ਕਿਸਾਨ ਅੰਦੋਲਨ ਦਾ ਫਤਿਹ ਦਿਵਸ

**ਪਠਾਨਕੋਟ (ਦਵਿੰਦਰ ਸਿੰਘ)**-ਸੰਯੁਕਤ ਕਿਸਾਨ ਮੋਰਚਾ ਜ਼ਿਲ੍ਹਾ ਪਠਾਨਕੋਟ ਦੀ ਮੀਟਿੰਗ ਸਤਿਆਦੇਵ ਸੈਣੀ ਦੀ ਪ੍ਰਧਾਨਗੀ ਵਿੱਚ ਕੁਲ ਹਿੰਦ ਕਿਸਾਨ ਸਭਾ ਦੇ ਦਫਤਰ ਗਾਂਧੀ ਚੌਕ ਪਠਾਨਕੋਟ ਵਿਖੇ ਹੋਈ। ਮੀਟਿੰਗ ਵਿੱਚ ਕੁਲ ਹਿੰਦ ਕਿਸਾਨ ਸਭਾ ਵਲੋਂ ਪ੍ਰੇਮ ਸਿੰਘ, ਪਰਸ਼ੋਤਮ ਕੁਮਾਰ, ਕੇਵਲ ਕਾਲੀਆ, ਚਮਨ ਲਾਲ ਹਾਜ਼ਰ ਹੋਏ। ਜਮਹੂਰੀ ਕਿਸਾਨ ਸਭਾ ਵੱਲੋਂ ਬਲਵੰਤ ਸਿੰਘ ਘੋਹ, ਬਲਦੇਵ ਸਿੰਘ, ਸੁਭਾਸ਼ ਸ਼ਰਮਾ, ਕੁਲ ਹਿੰਦ ਕਿਸਾਨ ਸਭਾ ਵੱਲੋਂ ਸਤਿਆ ਦੇਵ ਸੈਣੀ, ਬਲਬੀਰ ਸਿੰਘ ਕਿਰਤੀ ਕਿਸਾਨ ਯੂਨੀਅਨ ਵੱਲੋਂ ਮੁਖਤਾਰ ਸਿੰਘ ਅਤੇ ਜਥੇਬੰਦੀਆਂ ਵੱਲੋਂ ਵਰਕਰ ਕਿਸਾਨ ਅੰਦੋਲਨ ਦਾ ਫਤਿਹ ਦਿਵਸ ਮਨਾਉਣ ਲਈ ਇਕੱਤਰ ਹੋਏ। ਮੀਟਿੰਗ ਦੀ ਕਾਰਵਾਈ ਪ੍ਰੈੱਸ ਨੂੰ ਰਿਲੀਜ਼ ਕਰਦਿਆਂ ਆਗੂਆਂ ਨੇ ਦੱਸਿਆ ਕਿ ਫਤਿਹ ਦਿਵਸ ਮਨਾਉਣ ਲਈ ਘਰਾਂ 'ਤੇ ਦੀਪਮਾਲਾ ਕੀਤੀ ਜਾਵੇਗੀ ਕਿਉਂਕਿ ਇਸ ਦਿਨ ਮੋਦੀ ਸਰਕਰ ਨੇ ਕਿਸਾਨ ਅੰਦੋਲਨ ਅੱਗੇ ਝੁਕਦਿਆਂ ਕਾਲੇ ਕਨੂੰਨਾਂ ਨੂੰ ਵਾਪਸ ਲੈ ਲਿਆ ਸੀ। ਬਿਆਨ ਜਾਰੀ ਰੱਖਦਿਆਂ ਉਨ੍ਹਾਂ ਦੱਸਿਆ ਕਿ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ 26 ਨਵੰਬਰ ਨੂੰ ਪੰਜਾਬ ਦੇ ਰਾਜਪਾਲ ਨੂੰ ਮੰਗ ਪੱਤਰ ਦਿੱਤਾ ਜਾਵੇਗਾ। ਇਸ ਲਈ ਜ਼ਿਲ੍ਹੇ ਵਿੱਚੋਂ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਜਾਵੇਗੀ। ਕਿਸਾਨ ਆਗੂਆਂ ਨੇ ਇਲਜ਼ਾਮ ਲਗਾਇਆ ਕਿ ਕੇਂਦਰ ਸਰਕਾਰ ਲਿਖਤੀ ਸਮਝੌਤੇ ਤੋਂ ਮੁੱਕਰ ਗਈ ਹੈ।

# ਮਿਲੇਨੀਅਮ ਸਕੂਲ ਦੇ ਛੋਟੇ ਬੱਚਿਆਂ ਦਾ ਸ਼ਾਨਦਾਰ ਸਮਾਗਮ

**ਬਠਿੰਡਾ, (ਬਖਤੌਰ ਢਿੱਲੋਂ)**-ਸਥਾਨਕ ਮਿਲੇਨੀਅਮ ਸਕੂਲ ਵਿਖੇ 13ਵਾਂ ਸਾਲਾਨਾ ਸਮਾਗਮ 'ਜੋਸ਼' ਉਤਸ਼ਾਹ ਨਾਲ ਮਨਾਇਆ ਗਿਆ।

ਸਮਾਗਮ ਦੇ ਆਗਾਜ਼ ਸਮੇਂ ਸਕੂਲੀ ਬੱਚਿਆਂ ਨੇ ਧਾਰਮਿਕ ਸੰਗੀਤ ਪੇਸ਼ ਕੀਤਾ। ਇਸ ਉਪਰੰਤ ਸਮਾਗਮ ਦੇ ਮੁੱਖ ਮਹਿਮਾਨ ਸ੍ਰੀ ਸ਼ਰਤ ਕੁਮਾਰ ਸਕਸੈਨਾ, ਡਾ: ਅਜੇ ਕੁਮਾਰ ਸਹਾਇਕ ਪ੍ਰੋਫੈਸਰ ਡਿਪਾਰਟਮੈਂਟ ਆਫ ਫੋਰੈਂਸਿਕ ਮੈਡੀਸਿਨ ਟੋਕਸੀਕੋਲੋਜੀ ਵਿਭਾਗ, ਏਮਜ਼ ਬਠਿੰਡਾ ਤੇ ਪ੍ਰਿੰਸੀਪਲ ਮੈਡਮ ਸੰਗੀਤਾ ਸਕਸੈਨਾ ਨੇ ਸ਼ਮ੍ਹਾਂ ਰੌਸ਼ਨ ਕਰਕੇ ਸਮਾਗਮ ਦੀ ਸ਼ੁਰੂਆਤ ਕੀਤੀ। ਇਸ ਮੌਕੇ ਵਿਦਿਆਰਥੀਆਂ ਦੇ ਮਾਪੇ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

ਇਸ ਉਪਰੰਤ ਪ੍ਰਿੰਸੀਪਲ ਸਕਸੈਨਾ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਸਕੂਲ ਦੀਆਂ ਵਿੱਦਿਅਕ, ਖੇਡਾਂ, ਸਮਾਜਿਕ, ਸੱਭਿਆਚਾਰਕ ਪ੍ਰਾਪਤੀਆਂ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਸਕੂਲ ਸਟਾਫ਼ ਤੇ ਵਿਦਿਆਰਥੀਆਂ ਦੀ ਕਾਰਗੁਜ਼ਾਰੀ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ। ਸਮਾਗਮ ਦੇ ਮੁੱਖ ਮਹਿਮਾਨ ਸ੍ਰੀ ਵਿਜੇ ਕੁਮਾਰ ਨੇ ਕਿਹਾ ਕਿ ਮਿਲੇਨੀਅਮ ਸਕੂਲ ਹਰ ਪੱਖੋਂ ਸਫ਼ਲ ਹੈ ਤੇ ਇੱਥੇ ਵਿੱਦਿਆ ਹਾਸਲ ਕਰਨ ਵਾਲੇ ਬੱਚਿਆਂ ਦਾ ਭਵਿੱਖ ਸੁਨਹਿਰੀ ਵਿਖਾਈ ਦਿੰਦਾ ਹੈ। ਉਨ੍ਹਾ ਕਿਹਾ ਕਿ ਸਕੂਲ ਦੀ ਵਧੀਆ ਕਾਰਗੁਜ਼ਾਰੀ ਲਈ ਮੈਡਮ ਸਕਸੈਨਾ ਤੇ ਸਮੁੱਚਾ ਸਟਾਫ਼ ਵਧਾਈ ਦਾ ਪਾਤਰ ਹੈ।

ਸਕੂਲ ਦੇ ਵਾਈਸ ਪ੍ਰਿੰਸੀਪਲ ਬਬਲਪ੍ਰੀਤ ਕੌਰ ਨੇ ਚੰਗੀ ਕਾਰਗੁਜ਼ਾਰੀ ਸਦਕਾ ਸਕੂਲ ਤੇ ਮੈਡਮ ਸਕਸੈਨਾ ਨੂੰ ਮਿਲੇ ਸਨਮਾਨਾਂ ਦੀ ਜਾਣਕਾਰੀ ਦਿੱਤੀ 'ਤੇ ਤਸੱਲੀ ਪ੍ਰਗਟ ਕੀਤੀ। ਇਸ ਮੌਕੇ ਛੋਟੇ ਛੋਟੇ ਬੱਚਿਆਂ ਵੱਲੋਂ ਗੀਤ ਸੰਗੀਤ, ਹਿੰਦੀ ਨਾਟਕ ਬਿਕਰਮ ਬੇਤਾਲ, ਗਣੇਸ਼ ਵੰਦਨਾ, ਅੰਗਰੇਜ਼ੀ ਨਾਟਕ ਸਨੋ ਵ੍ਹਾਈਟ ਐਂਡ ਦਾ ਸੇਵਨ ਡਵਾਰਫਜ਼, ਪੰਜਾਬੀ ਭੰਗੜਾ, ਕਸ਼ਨ ਡਾਂਸ ਵੀ ਖੂਬਸੂਰਤ ਢੰਗ ਨਾਲ ਪੇਸ਼ ਕੀਤੇ ਗਏ। ਸਟਾਫ਼ ਵੱਲੋਂ ਕਰਵਾਈ ਤਿਆਰੀ ਤੇ ਬੱਚਿਆਂ ਦੀ ਪੇਸ਼ਕਾਰੀ ਹੈਰਾਨ ਕਰਨ ਵਾਲੀ ਸੀ। ਅਖ਼ੀਰ ਵਿੱਚ ਰਾਸ਼ਟਰੀ ਗੀਤ ਨਾਲ ਸਮਾਗਮ ਦੀ ਸਮਾਪਤੀ ਕੀਤੀ ਗਈ।

# ਰਾਯਨਪ੍ਰੀਤ ਕੌਰ ਤੇ ਸਾਹਿਲਪ੍ਰੀਤ ਸਿੰਘ ਨੇ ਸਕੂਲ ਦਾ ਨਾਂਅ ਚਮਕਾਇਆ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਦੀ ਸਰਪ੍ਰਸਤੀ ਹੇਠ ਚੱਲ ਰਹੇ ਬੀਬੀ ਕੌਲਾਂ ਜੀ ਸੀਨੀਅਰ ਸੈਕੰਡਰੀ ਪਬਲਿਕ ਸਕੂਲ (ਬਰਾਂਚ-2) ਦੇ ਵਿਦਿਆਰਥੀ ਰਾਯਨਪ੍ਰੀਤ ਕੌਰ ਅਤੇ ਸਾਹਿਲਪ੍ਰੀਤ ਸਿੰਘ ਨੇ ਜ਼ਿਲ੍ਹਾ ਪੱਧਰੀ ਇੰਸਪਾਇਰ ਐਵਾਰਡ ਮਾਨਕ 2021-22 ਵਿੱਚ ਮੈਰਿਟ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ। ਇਸ ਪ੍ਰਤੀਯੋਗਤਾ ਦਾ ਆਯੋਜਨ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮਾਹਨ ਸਿੰਘ ਗੇਟ ਵਿਖੇ ਕੀਤਾ ਗਿਆ। 57 ਸਕੂਲਾਂ ਦੇ ਵਿਦਿਆਰਥੀਆਂ ਨੇ ਇਸ ਪ੍ਰਤੀਯੋਗਤਾ ਵਿੱਚ ਭਾਗ ਲਿਆ। ਦਸਵੀਂ ਕਲਾਸ ਦੀ ਰਾਯਨਪ੍ਰੀਤ ਕੌਰ ਅਤੇ ਸਾਹਿਲਪ੍ਰੀਤ ਸਿੰਘ ਨੇ ਅਧਿਆਪਕ ਰਾਜੇਸ਼ ਪਰਾਸ਼ਰ ਦੀ ਅਗਵਾਈ ਅਧੀਨ ਹੈਲਪਿੰਗ ਹੈਂਡ ਪੈਰਾਲਾਈਸਿਜ਼ ਪਰਸਨ ਦੇ ਲਈ ਮਾਡਲ ਤਿਆਰ ਕੀਤਾ ਅਤੇ ਸਾਹਿਲਪ੍ਰੀਤ ਸਿੰਘ ਨੇ ਇਲੈਕਟ੍ਰੀਸਿਟੀ ਜਨਰੇਟਿੰਗ ਚੇਅਰ ਦੇ ਮਾਡਲ ਦੀ ਪੇਸ਼ਕਾਰੀ ਕੀਤੀ। ਰਾਯਨਪ੍ਰੀਤ ਕੌਰ ਦਾ ਮਾਡਲ ਰਾਜ ਪੱਧਰ ਦੇ ਲਈ ਚੁਣਿਆ ਗਿਆ। ਵਿਦਿਆਰਥਣ ਨੂੰ ਮੈਡਲ, ਸਰਟੀਫਕੇਟ ਅਤੇ ਟਰਾਫੀ ਦੇ ਕੇ ਉਸਦਾ ਹੌਸਲਾ ਵਧਾਇਆ ਗਿਆ। ਸਕੂਲ ਦੇ ਐੱਮ. ਡੀ. ਰਜਿੰਦਰ ਸਿੰਘ ਤੇ ਪ੍ਰਿੰ. ਇੰਦਰਪ੍ਰੀਤ ਕੌਰ ਨੇ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀਆਂ।

...ਸਫ਼ਾ 5 ਦੇ ਬਾਕੀ

### ਮਾਨ ਨੇ ਲੋਕਾਂ...

ਬੋਲਣ ਤੋਂ ਕੰਨੀ ਕਤਰਾਉਂਦੇ ਹਾਂ। ਮਾਨ ਨੇ ਫਰਾਂਸ ਦੀ ਮਿਸਾਲ ਦਿੰਦਿਆਂ ਕਿਹਾ ਕਿ ਫਰਾਂਸ ਦੇ ਲੋਕ ਆਪਣੀ ਮਾਂ-ਬੋਲੀ ਵਿੱਚ ਗੱਲ ਕਰਨ ਨੂੰ ਤਰਜੀਹ ਦਿੰਦੇ ਹਨ। ਪੰਜਾਬੀਆਂ ਨੂੰ ਵੀ ਪੰਜਾਬੀ ਭਾਸ਼ਾ ਨੂੰ ਆਪਣੀ ਜੀਵਨ-ਜਾਚ ਦਾ ਅਨਿੱਖੜਵਾਂ ਅੰਗ ਬਣਾਉਣਾ ਚਾਹੀਦਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬੀ ਭਾਸ਼ਾ ਇੱਕ ਅਨਮੋਲ ਖਜ਼ਾਨਾ ਹੈ, ਕਿਉਂਕਿ ਇਸ ਵਿੱਚ ਬਹੁਤ ਸਾਰਾ ਸਾਹਿਤ, ਗੀਤ, ਕਵਿਤਾਵਾਂ ਅਤੇ ਹੋਰ ਸਮਗਰੀ ਲਿਖੀ ਗਈ ਹੈ। ਹੁਣ ਸਮਾਂ ਆ ਗਿਆ ਹੈ, ਜਦੋਂ ਸਾਨੂੰ ਇਸ ਦੁਰਲੱਭ ਸਰਮਾਏ ਨੂੰ ਸੰਭਾਲਣਾ ਚਾਹੀਦਾ ਹੈ ਅਤੇ ਇਸ ਨੂੰ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਕਾਇਮ ਰੱਖਣਾ ਚਾਹੀਦਾ ਹੈ। ਸਾਨੂੰ ਆਪਣੀ ਭਾਸ਼ਾ, ਸੱਭਿਆਚਾਰ ਅਤੇ ਰਵਾਇਤਾਂ 'ਤੇ ਮਾਣ ਮਹਿਸੂਸ ਕਰਨਾ ਚਾਹੀਦਾ ਹੈ ਅਤੇ ਯੂਨੀਵਰਸਿਟੀਆਂ ਅਤੇ ਕਾਲਜਾਂ ਨੂੰ ਇਸ ਨੇਕ ਕਾਰਜ ਲਈ ਮਾਰਗ-ਦਰਸ਼ਨ ਕਰਨਾ ਚਾਹੀਦਾ ਹੈ। ਮੁੱਖ ਮੰਤਰੀ ਨੇ ਵਿਦਿਆਰਥੀਆਂ ਨੂੰ ਇਸ ਨਾਲ ਜੁੜਨ ਲਈ ਉਤਸ਼ਾਹਤ ਕਰਨ ਵਾਸਤੇ ਵਿਦਿਅਕ ਸੰਸਥਾਵਾਂ ਨੂੰ ਪੰਜਾਬੀ ਭਾਸ਼ਾ ਵਿੱਚ ਵਿਸ਼ੇਸ਼ ਕੋਰਸ ਸ਼ੁਰੂ ਕਰਨ ਦੀ ਅਪੀਲ ਕੀਤੀ। ਉਨ੍ਹਾ ਕਿਹਾ ਕਿ ਪੰਜਾਬੀ ਭਾਸ਼ਾ ਵਿੱਚ ਵਿਦਿਆਰਥੀਆਂ ਦੀਆਂ ਸਿਰਜਣਾਤਮਿਕ ਰੁਚੀਆਂ ਵੱਲ ਵਿਸ਼ੇਸ਼ ਧਿਆਨ ਦੇ ਕੇ ਉਨ੍ਹਾਂ ਨੂੰ ਉਤਸ਼ਾਹਤ ਕਰਨਾ ਚਾਹੀਦਾ ਹੈ।

ਉਚੇਰੀ ਸਿੱਖਿਆ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਸਾਰੇ ਪਤਵੰਤਿਆਂ ਦਾ ਸਵਾਗਤ ਕੀਤਾ। ਉਨ੍ਹਾ ਨੌਜਵਾਨ ਪੀੜ੍ਹੀ ਨੂੰ ਪੰਜਾਬ ਦੇ ਗੌਰਵਮਈ ਵਿਰਸੇ ਤੋਂ ਜਾਣੂ ਕਰਵਾਉਣ ਲਈ ਵਿਭਾਗ ਵੱਲੋਂ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਵੀ ਜਾਣੂੰ ਕਰਵਾਇਆ। ਮੀਤ ਹੇਅਰ ਨੇ ਕਿਹਾ ਕਿ ਮਾਤ ਭਾਸ਼ਾ ਕਿਸੇ ਵੀ ਵਿਅਕਤੀ ਲਈ ਸੰਚਾਰ ਦਾ ਸਭ ਤੋਂ ਮਹੱਤਵਪੂਰਨ ਵਸੀਲਾ ਹੈ।

ਇਸ ਮੌਕੇ ਮੁੱਖ ਮੰਤਰੀ ਨੇ ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ ਦੀਆਂ ਨਵੀਂਆਂ ਕਿਤਾਬਾਂ ਵੀ ਜਾਰੀ ਕੀਤੀਆਂ। ਇਸ ਦੌਰਾਨ ਉਨ੍ਹਾਂ ਉੱਘੇ ਸਾਹਿਤਕਾਰਾਂ ਨੂੰ ਸਨਮਾਨਤ ਵੀ ਕੀਤਾ।

### ਕੁੱਲ ਹਿੰਦ ਕਿਸਾਨ...

ਵਿੱਚ ਕਿਸਾਨ ਵੱਖ-ਵੱਖ ਸਾਧਨਾਂ ਰਾਹੀਂ ਚੰਡੀਗੜ੍ਹ ਨੂੰ ਵਹੀਰਾਂ ਘੱਤਣਗੇ।

ਮੀਟਿੰਗ ਵਿੱਚ ਬਲਕਰਨ ਸਿੰਘ ਬਰਾੜ ਬਠਿੰਡਾ, ਲਖਬੀਰ ਸਿੰਘ ਨਿਜ਼ਾਮਪੁਰ, ਬਲਕਾਰ ਸਿੰਘ ਵਲਟੋਹਾ, ਗੁਲਜ਼ਾਰ ਸਿੰਘ ਬਸੰਤ ਕੋਟ, ਚਮਕੌਰ ਸਿੰਘ, ਸੰਦੀਪ ਸਿੰਘ ਅਰੋੜਾ, ਮੁਕੰਦ ਸਿੰਘ, ਜਸਵਿੰਦਰ ਸਿੰਘ ਮੰਗਲ, ਸੁਰਿੰਦਰ ਡੰਡੀਆਂ, ਵਜ਼ੀਰ ਚੰਦ, ਮਲਕੀਅਤ ਸਿੰਘ ਮਾਨਸ਼ਾਹੀਆ, ਸੁਰਿੰਦਰ ਸਿੰਘ, ਕਸ਼ਮੀਰ ਸਿੰਘ, ਗੁਰਜੀਤ ਸਿੰਘ, ਕੁਲਦੀਪ ਭੋਲਾ, ਹਰਦਿਆਲ ਸਿੰਘ ਘਾਲੀ, ਮੇਜਰ ਸਿੰਘ ਤੇ ਕਾਕਾ ਸਿੰਘ ਆਦਿ ਹਾਜ਼ਰ ਸਨ।

### ਇਕਬਾਲ ਸਿੰਘ ਲਾਲਪੁਰਾ...

ਸਿੰਘ ਲਾਲਪੁਰਾ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਹਨ ਅਤੇ ਪਿਛਲੇ ਦਿਨੀਂ ਹੀ ਕਮਿਸ਼ਨ ਵੱਲੋਂ ਨਾਜਾਇਜ਼ ਮਾਈਨਿੰਗ ਨੂੰ ਲੈ ਕੇ ਸਰਕਾਰ ਨੂੰ ਨੋਟਿਸ ਜਾਰੀ ਕੀਤਾ ਗਿਆ ਸੀ।

ਇਸ ਸੰਬੰਧੀ ਰੋਪੜ ਦੇ ਐੱਸ ਐੱਸ ਪੀ ਵਿਵੇਕਸ਼ੀਲ ਸੋਨੀ ਨੇ ਜਾਣਕਾਰੀ ਸਾਂਝੀ ਕੀਤੀ ਹੈ ਕਿ ਪੁਲਸ ਨੇ ਕਾਰਵਾਈ ਕਰਦਿਆਂ ਨੂਰਪੁਰ ਬੇਦੀ 'ਚ ਬਦਮਾਸ਼ਾਂ ਵਿਰੁੱਧ ਮਾਮਲਾ ਦਰਜ ਕਰ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਆਜ਼ਾਦੀ ਘੁਲਾਟੀਏ ਬਾਪੂ ਗੁਰਚਰਨ ਸਿੰਘ ਲਾਧੂਪੁਰ ਦਾ 112ਵਾਂ ਜਨਮ ਦਿਹਾੜਾ ਮਨਾਇਆ



**ਧਾਰੀਵਾਲ/ਕਾਹਨੂੰਵਾਨ, (ਮਨਦੀਪ ਸਿੰਘ ਵਿੱਕੀ)**-ਦੇਸ਼ ਨੂੰ ਆਜ਼ਾਦ ਕਰਵਾਉਣ ਵਾਲੇ ਸ਼ਹੀਦਾਂ ਨੂੰ ਬੜੇ ਮਾਣ ਨਾਲ ਯਾਦ ਕੀਤਾ ਜਾਂਦਾ ਹੈ। ਜ਼ਿਲ੍ਹਾ ਗੁਰਦਾਸਪੁਰ ਦੇ ਕਸਬਾ ਕਾਹਨੂੰਵਾਨ ਲਾਗਲੇ ਪਿੰਡ ਲਾਧੂਪੁਰ ਦੇ ਜੰਮਪਲ ਮਰਹੂਮ ਆਜ਼ਾਦੀ ਘੁਲਾਟੀਏ ਬਾਪੂ ਗੁਰਚਰਨ ਸਿੰਘ ਦਾ 112ਵਾਂ ਜਨਮ ਦਿਨ ਉਨ੍ਹਾਂ ਦੇ ਜੱਦੀ ਪਿੰਡ ਲਾਧੂਪੁਰ ਵਿਖੇ ਉਨ੍ਹਾਂ ਦੀ ਯਾਦ ਵਿੱਚ ਬਣੇ ਹੋਏ ਸਮਾਰਕ ਵਿਚ ਮਨਾਇਆ ਗਿਆ। ਇਸ ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਉਨ੍ਹਾਂ ਦੇ ਪ੍ਰਸ਼ੰਸਕ, ਪ੍ਰਵਾਰਿਕ ਮੈਂਬਰ ਅਤੇ ਉਨ੍ਹਾਂ ਦੀ ਸੋਚ 'ਤੇ ਪਹਿਰਾ ਦੇਣ ਵਾਲੇ ਲੋਕ ਸ਼ਾਮਲ ਹੋਏ। ਸਵੇਰ ਦੇ ਸਮੇਂ ਬੱਚਿਆਂ, ਨੌਜਵਾਨਾਂ ਅਤੇ ਬਜ਼ੁਰਗਾਂ ਦੇ ਵੱਲੋਂ ਉਨ੍ਹਾਂ ਦੀ ਯਾਦ ਵਿੱਚ ਮੈਰਾਥਨ, ਮੈਡੀਕਲ ਕੈਂਪ ਲਗਾਇਆ ਗਿਆ ਅਤੇ ਉਨ੍ਹਾਂ ਦੀ ਜੀਵਨੀ ਨੂੰ ਸਮਰਪਿਤ ਸ਼ਹੀਦਾਂ ਦੇ ਜੀਵਨ 'ਤੇ ਰੌਸ਼ਨੀ ਪਾਉਂਦੀ ਵਿਚਾਰ ਗੋਸ਼ਟੀ ਹੋਈ। ਇਸ ਮੌਕੇ ਵੱਖ-ਵੱਖ ਬੁਲਾਰਿਆਂ ਨੇ ਬਾਪੂ ਗੁਰਚਰਨ ਸਿੰਘ ਵੱਲੋਂ ਚੜ੍ਹਦੀ ਉਮਰੇ ਹੀ ਦੇਸ਼ ਦੀ ਆਜ਼ਾਦੀ ਲਈ ਪਾਏ ਯੋਗਦਾਨ ਅਤੇ ਸੰਘਰਸ਼ ਦੌਰਾਨ ਅੰਗਰੇਜ਼ ਸਰਕਾਰ ਦੇ ਜ਼ੁਲਮਾਂ ਅਤੇ ਜੇਲ੍ਹਾਂ ਕੱਟਣ ਬਾਰੇ ਚਾਨਣਾ ਪਾਇਆ ਗਿਆ। ਸਮਾਗਮਾਂ ਦੇ ਮੁੱਖ ਪ੍ਰਬੰਧਕ ਸਾਬਕਾ ਇੰਸਪੈਕਟਰ ਬਖਤਾਵਰ ਸਿੰਘ, ਉਨ੍ਹਾਂ ਦੇ ਭਾਈ ਗੁਰਦੀਪ ਸਿੰਘ ਅਤੇ ਸਮੂਹ ਪਰਿਵਾਰ ਨੇ ਆਈ ਹੋਈ ਸੰਗਤ ਅਤੇ ਪਤਵੰਤਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਬਾਪੂ ਦੇ ਜੀਵਨ ਬਾਰੇ ਬੋਲਦੇ ਹੋਏ ਡਾਇਰੈਕਟਰ ਜੇ. ਪੀ. ਸਿੰਘ, ਹਰਬੰਸ ਸਿੰਘ ਮੰਝਪੁਰ, ਜਥੇਦਾਰ ਹਰਬੰਸ ਸਿੰਘ ਸਿੱਧਵਾਂ, ਰਿਆੜਕੀ ਕਾਲਜ ਤੁਗਲਵਾਲ ਦੇ ਪ੍ਰਿੰ. ਸਵਰਨ ਸਿੰਘ ਵਿਰਕ, ਕੁਲਵਿੰਦਰ ਸਿੰਘ, ਸੁਖਵਿੰਦਰ ਸਿੰਘ ਗਿੱਲ, ਸੁਲੱਖਣ ਸਿੰਘ ਗੁਰਾਇਆ, ਬਖਤਾਵਰ ਸਿੰਘ ਲਾਧੂਪੁਰ, ਕੈਪਟਨ ਤਰਸੇਮ ਸਿੰਘ ਕਾਹਨੂੰਵਾਨ, ਰਵੇਲ ਸਿੰਘ ਮੰਝਪੁਰ, ਦਰਸ਼ਨ ਸਿੰਘ ਸੱਲੋਪੁਰ, ਵਰਿੰਦਰ ਸਿੰਘ, ਬਲਬੀਰ ਸਿੰਘ, ਭਜਨ ਸਿੰਘ, ਕੁਲਵੰਤ ਸਿੰਘ ਸੀਹ ਭੱਟੀਆਂ, ਮਲਕੀਤ ਸਿੰਘ ਦਾਤਾਰਪੁਰ, ਕਸ਼ਮੀਰਾ ਸਿੰਘ, ਜਸਵਿੰਦਰ ਸਿੰਘ ਜਾਗੋਵਾਲੀਆ, ਕੁਲਵੰਤ ਸਿੰਘ, ਜੋਗਿੰਦਰ ਸਿੰਘ, ਹਰਵਿੰਦਰ ਸਿੰਘ ਨੈਨੋਕੋਟ, ਮਨੀ ਸਿੰਘ, ਰਣਧੀਰ ਸਿੰਘ, ਜੋਗਿੰਦਰ ਸਿੰਘ ਰਾਊਵਾਲ, ਪਾਲੀ ਮੈਂਬਰ, ਜਸਬੀਰ ਸਿੰਘ, ਹਰਪਾਲ ਸਿੰਘ, ਜ਼ੋਰਾਵਰ ਸਿੰਘ, ਜਸਵਿੰਦਰ ਸਿੰਘ ਸਮੇਤ ਹੋਰ ਪਤਵੰਤੇ ਹਾਜ਼ਰ ਸਨ।

# 26 ਤੋਂ ਪੰਜਾਬ ਭਰ ਦੇ ਡੀ ਸੀ ਦਫਤਰਾਂ ਅੱਗੇ ਪੱਕੇ ਮੋਰਚੇ ਹੋਣਗੇ ਸ਼ੁਰੂ : ਪੰਨੂੰ, ਪੰਧੇਰ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਪ੍ਰਧਾਨ ਸਤਨਾਮ ਸਿੰਘ ਪੰਨੂੰ ਤੇ ਜ: ਸਕੱਤਰ ਸਰਵਣ ਸਿੰਘ ਪੰਧੇਰ ਨੇ ਲਿਖਤੀ ਪ੍ਰੈੱਸ ਬਿਆਨ ਰਾਹੀਂ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਮੀਡੀਏ ਨੂੰ ਬਿਆਨ ਦਿੱਤਾ ਹੈ ਕਿ ਕਿਸਾਨਾਂ ਵੱਲੋਂ ਰਿਵਾਜ ਦੇ ਤੌਰ 'ਤੇ ਧਰਨੇ ਦਿੱਤੇ ਜਾਂਦੇ ਹਨ ਜਾਂ ਇਹ ਵਿੱਤੀ ਖਰਚੇ ਵਿਖਾਉਣ ਲਈ ਦਿੱਤੇ ਜਾਂਦੇ ਹਨ, ਇਹ ਬਿਆਨ ਸੱਚਾਈ ਤੋਂ ਕੋਹਾਂ ਦੂਰ ਹੈ। ਜਥੇਬੰਦੀ ਵਲੋਂ ਇਸ ਬਿਆਨ ਨੂੰ ਜਮਹੂਰੀ ਹੱਕਾਂ ਉੱਤੇ ਡਾਕਾ ਕਰਾਰ ਦਿੰਦਿਆਂ ਸਖਤ ਨਿਖੇਧੀ ਕੀਤੀ ਹੈ। ਕਿਸਾਨ ਆਗੂਆਂ ਨੇ ਅੱਗੇ ਕਿਹਾ ਕਿ ਦਿੱਲੀ ਦੇ ਇਤਿਹਾਸਕ ਮੋਰਚੇ ਦੀ ਦੂਜੀ ਵਰ੍ਹੇਗੰਢ ਉਤੇ 26 ਨਵੰਬਰ ਨੂੰ ਪੰਜਾਬ ਵਿੱਚ ਡੀਸੀ ਦਫਤਰਾਂ ਅੱਗੇ ਪੱਕੇ ਮੋਰਚੇ ਸ਼ੁਰੂ ਕੀਤੇ ਜਾਣਗੇ ਜੋ ਮੰਗਾਂ ਮਨਵਾਉਣ ਤੱਕ ਜਾਰੀ ਰਹਿਣਗੇ। ਕਿਸਾਨ ਆਗੂਆਂ ਨੇ ਕਿਹਾ ਕਿ ਭਗਵੰਤ ਮਾਨ ਨੂੰ ਊਟ-ਪਟਾਂਗ ਬਿਆਨ ਦੇਣ ਦੀ ਥਾਂ ਪੰਜਾਬ ਵਿੱਚ ਵਧ ਰਹੇ ਨਸ਼ਿਆਂ ਦੇ ਪ੍ਰਕੋਪ ਨਾਲ ਰੋਜ਼ ਨੌਜਵਾਨਾਂ ਦੀਆਂ ਹੋ ਰਹੀਆਂ ਮੌਤਾਂ, ਮੁੱਖ ਮੰਤਰੀ ਵੱਲੋਂ 23 ਫਸਲਾਂ ਦਾ ਗਾਰੰਟੀ ਕਾਨੂੰਨ ਬਣਾਉਣ ਦੇ ਹੱਕ ਵਿੱਚ ਹੋਣ ਦੇ ਕਰੋੜਾਂ ਰੁਪਏ ਇਸ਼ਤਿਹਾਰ ਦੇਣੇ, ਹਰ ਰੋਜ਼ ਕਤਲ, ਲੁੱਟਾਂ-ਖੋਹਾਂ ਵਿਚ ਵਾਧਾ ਹੋਣਾ, ਕੋਈ ਵੀ ਕਿਸਾਨਾਂ-ਮਜ਼ਦੂਰਾਂ ਦਾ ਮਸਲਾ ਹੱਲ ਨਾ ਕਰਨਾ, ਸਗੋਂ ਪੇਂਡੂ ਪੰਚਾਇਤ ਕਾਮਨ ਲੈਂਡ ਐਕਟ ਵਿੱਚ ਸੋਧ ਕਰਕੇ ਆਬਾਦਕਾਰਾਂ ਨੂੰ ਜ਼ਮੀਨਾਂ ਤੋਂ ਉਜਾੜਨ ਦੀ ਨੀਤੀ ਅਪਨਾਉਣੀ, ਪੰਜਾਬ ਵਿੱਚ ਭ੍ਰਿਸ਼ਟਾਚਾਰ ਵਿੱਚ ਲਿਬੜੇ ਮੰਤਰੀਆਂ, ਵਿਧਾਇਕਾਂ, ਪ੍ਰਸ਼ਾਸਨ ਤੇ ਮਾਫੀਏ ਗਰੁੱਪਾਂ ਦੇ ਨਾਪਾਕ ਗੱਠਜੋੜ ਵਲੋਂ ਆਰਥਿਕ ਤੇ ਕੁਦਰਤੀ ਸੋਮਿਆਂ ਦੀ ਦੋਹੀਂ ਹੱਥੀਂ ਲੁੱਟ ਕਰਨੀ ਆਦਿ ਮੁੱਦਿਆਂ ਵੱਲ ਧਿਆਨ ਕੇਂਦਰਿਤ ਕਰਨ ਦੀ ਲੋੜ ਹੈ, ਨਹੀਂ ਤਾਂ ਪੰਜਾਬ ਦੇ ਲੋਕ ਤੁਹਾਡੇ ਨੱਕ ਵਿਚ ਦਮ ਕਰ ਦੇਣਗੇ ਤੇ ਤੁਹਾਡਾ ਹਾਲ ਪਹਿਲੀਆਂ ਸਰਕਾਰਾਂ ਨਾਲੋਂ ਕਿਤੇ ਮਾੜਾ ਹੋਵੇਗਾ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

20-Nov-tPage 11.qxd 11/19/2022 10:40 PM Page 1



# ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਬੀਡੀਓ ਦਫਤਰ ਅੱਗੇ ਰੋਸ ਧਰਨਾ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਵੱਲੋਂ ਜ਼ਿਲ੍ਹਾ ਪ੍ਰਧਾਨ ਤਰਸੇਮ ਸਿੰਘ ਕਲਸੀਆਂ ਕਲਾਂ ਦੀ ਅਗਵਾਈ ਹੇਠ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਭਿੱਖੀਵਿੰਡ ਦੇ ਅੜੀਅਲ ਰਵੱਈਏ ਖ਼ਿਲਾਫ ਜੰਮ ਕੇ ਨਾਅਰੇਬਾਜ਼ੀ ਕਰਦਿਆਂ ਰੋਸ ਧਰਨਾ ਦਿੱਤੇ ਜਾਣ ਦੀ ਖਬਰ ਸਾਹਮਣੇ ਆਈ ਹੈ। ਇਸ ਮੌਕੇ ਰੋਸ ਧਰਨੇ 'ਚ ਹਾਜ਼ਰ ਕਿਸਾਨਾਂ ਨੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਅਜਿਹੇ ਅੜੀਅਲ ਵਤੀਰੇ ਵਾਲੇ ਅਧਿਕਾਰੀ ਖ਼ਿਲਾਫ ਕਾਰਵਾਈ ਕਰਕੇ ਉਨ੍ਹਾਂ ਨੂੰ ਹਮੇਸ਼ਾ ਲਈ ਪਬਲਿਕ ਡੀਲਿੰਗ ਵਾਲੇ ਅਹੁਦਿਆਂ ਤੋਂ ਦੂਰ ਰੱਖਿਆ ਜਾਵੇ। ਇਸ ਮੌਕੇ ਧਰਨੇ ਨੂੰ ਸੰਬੋਧਨ ਕਰਦਿਆਂ ਕਿਸਾਨ ਆਗੂ ਤਰਸੇਮ ਸਿੰਘ ਕਲਸੀਆਂ ਕਲਾਂ ਨੇ ਕਿਹਾ ਕਿ ਬੀ. ਡੀ. ਓ. ਭਿੱਖੀਵਿੰਡ ਨੇ ਬਿਨਾਂ ਜਾਂਚ ਕੀਤੇ ਪੁਲਸ ਵਿਭਾਗ ਨੂੰ ਕੁਲਦੀਪ ਸਿੰਘ ਖ਼ਿਲਾਫ ਮਾਮਲਾ ਦਰਜ ਕਰਨ ਲਈ ਸ਼ਿਕਾਇਤ ਕਰ ਦਿੱਤੀ ਕਿ ਕੁਲਦੀਪ ਸਿੰਘ ਨੇ ਪੰਚਾਇਤੀ ਟਾਹਲੀਆਂ ਵੱਢੀਆਂ ਹਨ, ਜਿਸ 'ਤੇ ਪੁਲਸ ਨੇ ਫੁਰਤੀ ਨਾਲ ਕਾਰਵਾਈ ਅਮਲ ਵਿੱਚ ਲਿਆਂਦੀ ਅਤੇ ਵੱਢੀਆਂ ਟਾਹਲੀਆਂ ਕਬਜ਼ੇ 'ਚ ਲੈ ਕੇ ਪਰਚੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ, ਜਿਸ 'ਤੇ ਕਿਸਾਨ ਯੂਨੀਅਨ ਦੇ ਦਖਲ ਨਾਲ ਪੁਲਸ ਨੇ ਇਨਕੁਆਰੀ ਕੀਤੀ ਤਾਂ ਟਾਹਲੀਆਂ ਕਿਸਾਨ ਦੀ ਆਪਣੀ ਮਾਲਕੀ ਜ਼ਮੀਨ ਦੀਆਂ ਹੀ ਨਿਕਲੀਆਂ ਜਿਸ ਵਿੱਚ ਪੰਚਾਇਤ ਦਾ ਕੋਈ ਲੈਣ-ਦੇਣ ਨਹੀਂ ਸੀ। ਉਨ੍ਹਾਂ ਕਿਹਾ ਕਿ ਜੇ ਕਿਸਾਨ ਯੂਨੀਅਨ ਕਿਸਾਨ ਦੀ ਮਦਦ 'ਤੇ ਨਾ ਆਉਂਦੀ ਤਾਂ ਪੁਲਸ ਨੇ ਬੀ. ਡੀ. ਓ. ਭਿੱਖੀਵਿੰਡ ਵੱਲੋਂ ਦਿੱਤੀ ਝੂਠੀ ਦਰਖਾਸਤ 'ਤੇ ਕੁਲਦੀਪ ਸਿੰਘ ਖ਼ਿਲਾਫ ਮਾਮਲਾ ਦਰਜ ਕਰ ਦੇਣਾ ਸੀ। ਇਸ ਲਈ ਅਸੀਂ ਬੀ. ਡੀ. ਓ. ਭਿੱਖੀਵਿੰਡ ਨੂੰ ਮਿਲ ਕੇ ਇਹ ਪੁੱਛਣਾ ਚਾਹੁੰਦੇ ਹਾਂ ਕਿ ਕਿਸਾਨ ਖ਼ਿਲਾਫ ਉਸ ਨੇ ਝੂਠੀ ਦਰਖਾਸਤ ਕਿਉਂ ਦਿੱਤੀ, ਪਰ ਬੀ. ਡੀ. ਓ. ਭਿੱਖੀਵਿੰਡ ਸਾਨੂੰ ਮਿਲਣ ਲਈ ਤਿਆਰ ਨਹੀਂ ਸੀ, ਜਿਸ 'ਤੇ ਮਜਬੂਰਨ ਆਪਣੀ ਆਵਾਜ਼ ਪ੍ਰਸ਼ਾਸਨ ਤੱਕ ਪਹੁੰਚਾਉਣ ਲਈ ਸਾਨੂੰ ਅੱਜ ਇਹ ਘਿਰਾਓ ਕਰਨਾ ਪਿਆ। ਉਨ੍ਹਾਂ ਦੱਸਿਆ ਕਿ ਜੇ 23 ਨਵੰਬਰ ਤੱਕ ਸਾਨੂੰ ਮਿਲ ਕੇ ਬੀ. ਡੀ. ਓ. ਨੇ ਸਾਡੀ ਹੱਕਰਸੀ ਨਾ ਹੋਈ ਤਾਂ 23 ਨਵੰਬਰ ਨੂੰ ਮੁੜ ਬੀ. ਡੀ. ਓ. ਭਿੱਖੀਵਿੰਡ ਦਾ ਘਿਰਾਓ ਕੀਤਾ ਜਾਵੇਗਾ। ਇਸ ਮੌਕੇ ਪ੍ਰਧਾਨ ਲਖਵਿੰਦਰ ਸਿੰਘ ਸਿੰਘਪੁਰਾ, ਪ੍ਰਧਾਨ ਅਮਰਜੀਤ ਸਿੰਘ ਭਿੱਖੀਵਿੰਡ, ਪ੍ਰਧਾਨ ਹਰਪਾਲ ਸਿੰਘ ਭਗਵਾਨਪੁਰਾ, ਸੁਖਪਾਲ ਸਿੰਘ, ਰਾਜ ਸਿੰਘ, ਸੋਨੂੰ ਭਿੱਖੀਵਿੰਡ, ਗੋਰਾ ਸਿੰਘ, ਮੰਗਲ ਸਿੰਘ, ਬਲਦੇਵ ਸਿੰਘ, ਕੁਲਦੀਪ ਸਿੰਘ, ਧਰਮ ਸਿੰਘ, ਨਰਿੰਦਰ ਸਿੰਘ, ਸੁਖਦੇਵ ਸਿੰਘ, ਗੁਰਜੰਟ ਸਿੰਘ, ਗੁਰਲਾਲ ਸਿੰਘ ਅਤੇ ਜਸਵੰਤ ਸਿੰਘ ਆਦਿ ਹਾਜ਼ਰ ਸਨ।

# ਭਾਰਤ-ਪਾਕਿ ਸਰਹੱਦ ਤੋਂ 2 ਕਿੱਲੋ 800 ਗ੍ਰਾਮ ਹੈਰੋਇਨ ਬਰਾਮਦ

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਪੁਲਸ ਜ਼ਿਲ੍ਹਾ ਤਰਨਤਾਰਨ ਦੇ ਥਾਣਾ ਖਾਲੜਾ ਅਧੀਨ ਆਉਂਦੀ ਹਿੰਦ-ਪਾਕਿ ਸਰਹੱਦ ਦੀ ਬੀ. ਪੀ. ਓ. ਕਰਨੈਲ ਸਿੰਘ ਵਾਲਾ ਤੇ ਬੀ. ਓ. ਪੀ. ਪਲੋ ਪੱਤੀ ਤੋਂ ਬੀ. ਐੱਸ. ਐੱਫ. ਦੀ 103 ਬਟਾਲੀਅਨ ਵੱਲੋਂ ਸ਼ੱਕ ਦੇ ਆਧਾਰ 'ਤੇ ਚਲਾਈ ਤਲਾਸ਼ੀ ਮੁਹਿੰਮ ਦੌਰਾਨ 2 ਕਿਲੋ 800 ਗ੍ਰਾਮ ਹੈਰੋਇਨ ਬਰਾਮਦ ਕਰਨ ਵਿੱਚ ਵੱਡੀ ਸਫਲਤਾ ਹਾਸਲ ਕੀਤੀ ਹੈ। ਸੂਤਰਾਂ ਪਾਸੋਂ ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਬੀ. ਐੱਸ. ਐੱਫ. ਦੀ 103 ਬਟਾਲੀਅਨ ਹੈੱਡਕੁਆਰਟਰ ਅਮਰਕੋਟ ਦੇ ਕਮਾਂਡੈਂਟ ਐੱਸ. ਐੱਨ. ਗੋਸਵਾਮੀ ਦੀ ਹਾਜ਼ਰੀ ਵਿੱਚ ਸਰਹੱਦ ਤੋਂ ਪਾਰ ਬੀ. ਐੱਸ. ਐੱਫ. ਦੀ 103 ਬਟਾਲੀਅਨ ਵੱਲੋਂ ਸ਼ੱਕ ਦੇ ਆਧਾਰ 'ਤੇ ਸਵੇਰੇ 11:50 ਤੋਂ ਦੁਪਹਿਰੇ ਕਰੀਬ 02:10 ਤੱਕ ਸ਼ੱਕੀ ਤਲਾਸ਼ੀ ਅਭਿਆਨ ਦੌਰਾਨ ਬੀ. ਐੱਸ. ਐੱਫ. ਨੂੰ ਪਿੰਡ ਵਾਂ ਤਾਰਾ ਸਿੰਘ ਦੀ ਬੀ. ਓ. ਪੀ. ਪਲੋ ਪੱਤੀ ਤੋਂ 1 ਕਿਲੋ 500 ਗ੍ਰਾਮ ਤੇ ਬੀ. ਓ. ਪੀ. ਕਰਨੈਲ ਸਿੰਘ ਵਾਲਾ ਤੋਂ 1 ਕਿਲੋ 300 ਗ੍ਰਾਮ ਹੈਰੋਇਨ ਹਰੇ ਚਾਰੇ ਵਾਲੀ ਜ਼ਮੀਨ 'ਚੋਂ ਬਰਾਮਦ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਭਾਰਤ-ਪਾਕਿ ਸਰਹੱਦ 'ਤੇ ਆਏ ਦਿਨ ਹੀ ਡਰੋਨ ਦੀਆਂ ਗਤੀਵਿਧੀਆਂ ਵਿੱਚ ਵਾਧਾ ਹੋ ਰਿਹਾ ਹੈ ਜਿਸ ਨੂੰ ਲੈ ਕੇ ਜਿਥੇ ਪੁਲਸ ਪ੍ਰਸ਼ਾਸਨ 'ਤੇ ਬੀ. ਐੱਸ. ਐੱਫ. ਅਧਿਕਾਰੀ ਪੱਬਾਂ ਭਾਰ ਨਜ਼ਰ ਆ ਰਹੇ ਹਨ ਉਥੇ ਹੀ ਅੱਜ ਬੀ. ਐੱਸ. ਐੱਫ. ਅਧਿਕਾਰੀਆਂ ਨੇ 2 ਕਿੱਲੋ 800 ਗ੍ਰਾਮ ਹੈਰੋਇਨ ਬਰਾਮਦ ਕਰਕੇ ਪਾਕਿ ਸਮੱਗਲਰਾਂ ਦੇ ਨਾਪਾਕ ਇਰਾਦਿਆਂ ਨੂੰ ਨਾਕਾਮ ਕੀਤਾ ਹੈ।

# ਬੇਟ ਇਲਾਕੇ 'ਚ ਸੇਮ ਦੀ ਸਮੱਸਿਆ ਕਾਰਨ ਵਾਹੀਯੋਗ ਜ਼ਮੀਨ ਹੋ ਰਹੀ ਹੈ ਦਿਨੋਂ-ਦਿਨ ਬੰਜਰ



**ਗੁਰਦਾਸਪੁਰ (ਜਨਕ ਮਹਾਜਨ)**-ਭਾਰਤ-ਪਾਕਿ ਵੰਡ ਤੋਂ ਬਾਅਦ ਵੀ ਬੇਟ ਇਲਾਕੇ ਅੰਦਰ ਸੇਮ ਸਮੱਸਿਆਂ ਜਿਓਂ ਦੀ ਤਿਓਂ ਬਰਕਰਾਰ ਹੈ ਅਤੇ ਪਹਿਲੀਆਂ ਸਰਕਾਰਾਂ ਨੇ ਸੇਮ ਨੂੰ ਖਤਮ ਕਰਨ ਵਾਸਤੇ ਕਰੋੜਾਂ ਰੁਪਏ ਖਰਚ ਕੀਤੇ ਹਨ ਅਤੇ ਸੇਮ ਨੂੰ ਕੋਈ ਵੀ ਠੱਲ੍ਹ ਨਹੀਂ ਪਈ। ਦਸੰਬਰ ਤੇ ਜਨਵਰੀ ਮਹੀਨੇ ਖੇਤਾਂ ਵਿਚੋਂ ਆਪ-ਮੁਹਾਰੇ ਹੀ ਪਾਣੀ ਦੇ ਸੋਮੇ ਫੁੱਟਣ ਨਾਲ ਕਿਸਾਨ ਕਾਫੀ ਚਿੰਤਤ ਹੁੰਦੇ ਹਨ ਅਤੇ ਵਾਹੀਯੋਗ ਜ਼ਮੀਨ ਬੰਜਰ ਬਣ ਰਹੀ ਹੈ। ਇਸ ਨਾਲ ਕਿਸਾਨਾਂ ਦੀ ਫਸਲ ਦਾ ਹਰ ਵਰੇ ਲੱਖਾਂ ਰੁਪਏ ਦਾ ਨੁਕਸਾਨ ਹੁੰਦਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪੀੜਤ ਕਿਸਾਨ ਨਰਿੰਦਰ ਸਿੰਘ ਸੈਣੀ ਨੌਸਹਿਰਾ ਨੇ ਦੱਸਿਆ ਕਿ ਸੇਮ ਨੂੰ ਖਤਮ ਕਰਨ ਵਾਸਤੇ ਸਬੰਧਿਤ ਵਿਭਾਗ ਨੇ ਕਈ ਡਰੇਨਾ ਵੀ ਕੱਢੀਆਂ ਹਨ ਅਤੇ ਉਨਾ ਦੀ ਹਰ ਸਾਲ ਸਫਾਈ ਵੀ ਕਰਵਾਈ ਜਾਂਦੀ ਹੈ ਪਰ ਫਿਰ ਵੀ ਸੇਮ ਸਮੱਸਿਆ ਇੰਨੀ ਜ਼ਿਆਦਾ ਹੈ ਕਿ ਕਿਸਾਨਾਂ ਦੀ ਕੋਈ ਵੀ ਫਸਲ ਸਹੀ ਨਹੀਂ ਹੁੰਦੀ। ਉਨ੍ਹਾਂ ਦੱਸਿਆ ਕਿ ਇਸ ਜ਼ਮੀਨ ਵਿਚ ਸਿਰਫ ਝੋਨੇ ਦੀ ਫਸਲ ਹੀ ਹੁੰਦੀ ਹੈ ਅਤੇ ਕਣਕ ਦੀ ਫਸਲ ਥੋੜੇ ਜਿਹੇ ਮੀਂਹ ਪੈਣ ਨਾਲ ਹੀ ਮਰ ਜਾਂਦੀ ਹੈ। ਇਸ ਨਾਲ ਕਿਸਾਨ ਕਾਫੀ ਆਰਥਿਕ ਸੰਕਟ ਵਿਚੋਂ ਲੰਘ ਰਹੇ ਹਨ। ਉਨ੍ਹਾਂ ਦੱਸਿਆ ਕਿ ਖੇਤਾਂ ਵਿਚੋਂ ਸੇਮ ਨੂੰ ਖਤਮ ਕਰਨ ਵਾਸਤੇ ਕੁਝ ਕਿਸਾਨਾਂ ਨੇ ਖੇਤਾਂ ਵਿਚ ਲੱਖਾਂ ਰੁਪਏ ਦੀ ਮਿੱਟੀ ਆਪਣੇ ਪੱਧਰ 'ਤੇ ਪੁਆਈ ਹੈ ਅਤੇ ਉਹ ਵੀ ਬੇਕਾਰ ਗਈ ਹੈ। ਉਸਦੇ ਬਾਵਜੂਦ ਸੇਮ ਆਪ-ਮੁਹਾਰੇ ਖੇਤਾਂ ਵਿਚ ਚੱਲ ਪੈਂਦੀ ਹੈ। ਉਨ੍ਹਾਂ ਦੱਸਿਆ ਕਿ ਅਕਾਲੀ ਸਰਕਾਰ ਵੇਲੇ ਬੇਟ ਇਲਾਕੇ ਵਿਚੋਂ ਸੇਮ ਨੂੰ ਪੂਰਨ ਤੌਰ 'ਤੇ ਖਤਮ ਕਰਨ ਵਾਸਤੇ ਕਈ ਮਾਸਟਰ ਪਲਾਨ ਤਿਆਰ ਕਰਵਾਏ ਸਨ ਪਰ ਉਹ ਵੀ ਨਾਕਾਮਯਾਬ ਰਹੇ ਹਨ। ਉਨ੍ਹਾਂ ਦੱਸਿਆ ਕਿ ਝੋਨੇ ਦੀ ਫਸਲ ਤੋਂ ਬਾਅਦ ਬਰਸੀਮ ਦੀ ਫਸਲ ਹੁੰਦੀ ਹੈ ਅਤੇ ਫਿਰ ਸਾਲ ਬਾਅਦ ਝੋਨੇ ਦੀ ਵਾਰੀ ਆਉਂਦੀ ਹੈ ਤੇ ਉਸ ਨੂੰ ਬੇਮੌਸਮੀ ਬਰਸਾਤ ਤੇ ਕਈ ਬਿਮਾਰੀਆਂ ਆਪਣੀ ਲਪੇਟ ਵਿਚ ਲੈ ਲੈਂਦੀਆਂ ਹਨ। ਕਿਸਾਨ ਬੈਂਕਾਂ ਤੋਂ ਲਏ ਕਰਜ਼ਿਆਂ ਦੀਆਂ ਕਿਸ਼ਤਾਂ ਵੀ ਨਹੀਂ ਅਦਾ ਕਰ ਸਕਦੇ ਅਤੇ ਨਾ ਹੀ ਪਰਿਵਾਰਾਂ ਦਾ ਸਹੀ ਢੰਗ ਨਾਲ ਪਾਲਣ ਪੋਸ਼ਣ ਕਰ ਸਕਦੇ ਹਨ। ਉਨ੍ਹਾਂ ਨੇ ਪੰਜਾਬ ਦੇ ਮੁੱਖ ਮੰਤਰੀ ਪਾਸੋਂ ਮੰਗ ਕੀਤੀ ਹੈ ਕਿ ਬੇਟ ਇਲਾਕੇ ਅੰਦਰ ਸੇਮ ਨੂੰ ਖਤਮ ਕਰਨ ਵਾਸਤੇ ਕੋਈ ਨਵੀਂ ਯੋਜਨਾ ਤਿਆਰ ਕਰਵਾ ਕੇ ਬੰਜਰ ਬਣ ਰਹੀ ਜ਼ਮੀਨ ਨੂੰ ਵਾਹੀਯੋਗ ਬਣਾਉਣ ਵਾਸਤੇ ਸਬੰਧਿਤ ਵਿਭਾਗਾਂ ਨੂੰ ਨਿਰਦੇਸ਼ ਜਾਰੀ ਕੀਤੇ ਜਾਣ ਜਿਸ ਨਾਲ ਬੇਟ ਇਲਾਕੇ ਦੇ ਕਿਸਾਨ ਖੁਸ਼ਹਾਲ ਹੋ ਸਕਣ।

# ਧਾਮੀ, ਕਾਹਲਵਾਂ ਤੇ ਅਦਲੀਵਾਲ ਦਾ ਅਕਾਲੀ ਫੂਲਾ ਸਿੰਘ ਸਰਾਂ ਪੁੱਜਣ 'ਤੇ ਨਿੱਘਾ ਸੁਆਗਤ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੇ ਓ. ਐੱਸ. ਡੀ. ਸਤਿਬੀਰ ਸਿੰਘ ਧਾਮੀ, ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਸੇਵਾਮੁਕਤ ਕਰਮਚਾਰੀ ਐਸੋਸੀਏਸ਼ਨ ਦੇ ਪ੍ਰਧਾਨ ਜੋਗਿੰਦਰ ਸਿੰਘ ਅਦਲੀਵਾਲ, ਪਰਮਿੰਦਰ ਸਿੰਘ ਡੰਡੀ ਜਨਰਲ ਸਕੱਤਰ ਦਾ ਸਿੰਘ ਸਾਹਿਬ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਸਰਾਂ ਵਿਖੇ ਪੁੱਜਣ 'ਤੇ ਹਰਪ੍ਰੀਤ ਸਿੰਘ ਸਲੂਜਾ, ਸਤਨਾਮ ਸਿੰਘ ਸਲੂਜਾ ਅਤੇ ਦਿਲਜੀਤ ਸਿੰਘ ਬੇਦੀ ਸਕੱਤਰ ਬੁੱਢਾ ਦਲ, ਬਾਬਾ ਭਗਤ ਸਿੰਘ, ਪਰਮਜੀਤ ਸਿੰਘ ਬਾਜਵਾ ਵੱਲੋਂ ਨਿੱਘਾ ਸੁਆਗਤ ਕੀਤਾ ਗਿਆ ਅਤੇ ਹਰਜਿੰਦਰ ਸਿੰਘ ਧਾਮੀ ਨੂੰ ਮੁੜ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਨ 'ਤੇ ਵਧਾਈ ਦਿੰਦਿਆਂ ਆਸ ਪ੍ਰਗਟਾਈ ਕਿ ਉਹ ਪੰਥਕ ਸੰਸਥਾ ਦੀ ਚੜ੍ਹਦੀਕਲਾ ਤੇ ਖਿੰਡੀ ਪੰਥਕ ਸ਼ਕਤੀ ਨੂੰ ਇਕੱਤਰ ਕਰਨ ਵਿਚ ਅਹਿਮ ਭੂਮਿਕਾ ਨਿਭਾਉਣਗੇ। ਇਸ ਮੌਕੇ ਹਰਜਿੰਦਰ ਸਿੰਘ ਧਾਮੀ ਦੇ ਓ. ਐਮ. ਡੀ. ਸਤਿਬੀਰ ਸਿੰਘ ਧਾਮੀ, ਬਲਵਿੰਦਰ ਸਿੰਘ ਕਾਹਲਵਾਂ ਸਕੱਤਰ ਧਰਮ ਪ੍ਰਚਾਰ ਕਮੇਟੀ ਨੂੰ ਦਿਲਜੀਤ ਸਿੰਘ ਬੇਦੀ ਸਕੱਤਰ ਬੁੱਢਾ ਦਲ ਨੇ ਸਲੂਜਾ ਪਰਿਵਾਰ ਵੱਲੋਂ ਸਨਮਾਨਿਤ ਕੀਤਾ।

# ਬਿਜਲੀ ਬਿੱਲਾਂ ਦੀ ਖੜ੍ਹੀ ਬਕਾਇਆ ਰਾਸ਼ੀ ਜਲਦੀ ਜਮ੍ਹਾ ਕਰਵਾਈ ਜਾਵੇ: ਇੰਜੀ: ਜਸਦੀਪ

**ਮਜੀਠਾ (ਸੋਇਮ ਆਨੰਦ)**-ਪੰਜਾਬ ਸਰਕਾਰ ਅਤੇ ਪੰਜਾਬ ਰਾਜ ਪਾਵਰਕਾਮ ਲਿਮ: ਵੱਲੋ ਖਪਤਕਾਰਾਂ ਦੀ ਚਿਰੋਕਣੀ ਮੰਗ ਕਿ ਘਰਾਂ ਦੇ ਬਿਜਲੀ ਦੇ ਬਿੱਲ ਮੁਆਫ ਕੀਤੇ ਜਾਣ, ਨੂੰ ਅਮਲੀ ਜਾਮਾ ਪਹਿਨਾ ਕੇ ਸੂਬਾ ਭਰ ਵਿੱਚ ਦੋ ਮਹੀਨਿਆਂ ਵਿੱਚ 600 ਯੂਨਿਟ ਤੱਕ ਬਿਜਲੀ ਖਪਤ ਵਾਲੇ ਖਪਤਕਾਰਾਂ ਦੇ ਬਿਜਲੀ ਦੇ ਬਿੱਲ ਮੁਆਫ ਕਰ ਦਿੱਤੇ ਹਨ ਪਰ ਜ਼ਮੀਨੀ ਪੱਧਰ 'ਤੇ ਹਾਲੇ ਵੀ ਬਿਜਲੀ ਦੀ ਚੋਰੀ ਹੋ ਰਹੀ ਹੈ ਜਿਸ ਵਾਸਤੇ ਵਿਭਾਗ ਵੱਲੋਂ ਸਪੈਸ਼ਲ ਮੁਹਿੰਮ ਚਲਾਈ ਗਈ ਹੈ ਜਿਸ ਦੇ ਤਹਿਤ ਸਬ-ਅਰਬਨ ਮੰਡਲ ਅੰਮ੍ਰਿਤਸਰ ਦੇ ਕਾਰਜਕਾਰੀ ਇੰਜੀਨੀਅਰ ਜਸਦੀਪ ਸਿੰਘ ਸੰਧੂ ਵੱਲੋਂ ਉਪ-ਮੰਡਲ ਮਜੀਠਾ ਵਿਖੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਵਿਸ਼ੇਸ਼ ਡਿਊਟੀਆਂ ਲਗਾਈਆਂ ਹਨ ਤਾਂ ਕਿ ਬਿਜਲੀ ਚੋਰੀ ਰੋਕੀ ਜਾ ਸਕੇ। ਇਸ ਮੌਕੇ ਇੰਜੀਨੀਅਰ ਸੰਧੂ ਨੇ ਖਪਤਕਾਰਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਰਕਾਰ ਵੱਲੋਂ ਮੁਫਤ ਬਿਜਲੀ ਦਿੱਤੀ ਜਾ ਰਹੀ ਹੈ। ਹੁਣ ਬਿਜਲੀ ਚੋਰੀ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਬਿਜਲੀ ਚੋਰੀ ਰੋਕਣ ਵਾਸਤੇ ਵੱਖ-ਵੱਖ ਫੀਡਰਾਂ 'ਤੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੀਆਂ ਵਿਸ਼ੇਸ਼ ਟੀਮਾਂ ਬਣਾ ਕੇ ਡਿਊਟੀਆਂ ਲਗਾ ਦਿੱਤੀਆਂ ਗਈਆਂ ਹਨ ਜਿਹੜੇ ਕਿ ਘਰਾਂ ਅਤੇ ਵਪਾਰਕ ਮੀਟਰ ਘਰਾਂ ਦੇ ਬਾਹਰ ਬਕਸਿਆਂ ਵਿੱਚ ਲਗਾਉਣ ਅਤੇ ਇਨ੍ਹਾਂ ਬਕਸਿਆਂ ਅਤੇ ਮੀਟਰਾਂ ਨੂੰ ਸੀਲ ਵੀ ਕਰਨਗੇ ਤਾਂ ਕਿ ਬਿਜਲੀ ਦੀ ਚੋਰੀ ਰੋਕੀ ਜਾ ਸਕੇ। ਇਸ ਵਾਸਤੇ ਵਿਸ਼ੇਸ਼ ਉਡਣ ਦਸਤੇ ਵੀ ਬਣਾਏ ਗਏ ਹਨ। ਉਨ੍ਹਾਂ ਨੇ ਖਪਤਕਾਰਾਂ ਨੂੰ ਅਪੀਲ ਕੀਤੀ ਕਿ ਜਿਨ੍ਹਾਂ ਦੇ ਬਿੱਲਾਂ ਦੀ ਬਕਾਇਆ ਰਾਸ਼ੀ ਖੜੀ ਹੈ ਉਹ ਤੁਰੰਤ ਨੇੜੇ ਦੇ ਦਫਤਰਾਂ ਵਿੱਚ ਜਮ੍ਹਾ ਕਰਾਉਣ ਤਾਂ ਕਿ ਵਿਭਾਗ ਨੂੰ ਮਜਬੂਰੀ ਵੱਸ ਕੁਨੈਕਸ਼ਨ ਨਾ ਕੱਟਣੇ ਪੈਣ। ਇਸ ਮੌਕੇ ਉਨ੍ਹਾਂ ਦੇ ਨਾਲ ਸਹਾਇਕ ਕਾਰਜਕਾਰੀ ਇੰਜ. ਸੁਖਜਿੰਦਰ ਸਿੰਘ ਮਜੀਠਾ, ਇੰਜੀ. ਰਾਜੀਵ ਕੁਮਾਰ, ਆਰ. ਏ. ਮਨਜਿੰਦਰ ਜੋਸ਼ੀ, ਲਖਵਿੰਦਰ ਸਿੰਘ ਅਤੇ ਪ੍ਰਭਦੀਪ ਕੌਰ ਆਦਿ ਹਾਜ਼ਰ ਸਨ।

# ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੀਆਂ ਬਲਾਕ ਪੱਧਰੀ ਖੇਡਾਂ ਕਰਵਾਈਆਂ



**ਧਾਰੀਵਾਲ/ਕਾਦੀਆਂ (ਮਨਦੀਪ ਸਿੰਘ ਵਿੱਕੀ)**-ਸਿੱਖਿਆ ਵਿਭਾਗ, ਪੰਜਾਬ ਦੇ ਆਦੇਸ਼ਾਂ ਅਨੁਸਾਰ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਅਮਰਜੀਤ ਸਿੰਘ ਭਾਟੀਆ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਬਲਬੀਰ ਸਿੰਘ ਦੀ ਅਗਵਾਈ ਵਿੱਚ ਲੋੜਵੰਦ ਬੱਚਿਆਂ ਦੇ ਮੁਕਾਬਲੇ ਬੇਰਿੰਗ ਕਾਲਜ ਵਿਖੇ ਕਰਵਾਏ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮੁੱਖ ਪ੍ਰਬੰਧਕ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਬਟਾਲਾ -1 ਜਸਵਿੰਦਰ ਸਿੰਘ ਨੇ ਦੱਸਿਆ ਕਿ ਲੋੜਵੰਦ ਬੱਚਿਆਂ ਵਿੱਚ ਖੇਡਾਂ ਦੀ ਰੁਚੀ ਪੈਦਾ ਕਰਨ ਲਈ ਸਿੱਖਿਆ ਵਿਭਾਗ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਕੁੱਲ 5 ਬਲਾਕਾਂ ਜਿਨ੍ਹਾਂ ਵਿੱਚ ਬਲਾਕ ਬਟਾਲਾ -1 , ਬਟਾਲਾ -2, ਕਾਦੀਆਂ -1, ਕਾਦੀਆਂ-2 ਅਤੇ ਸ੍ਰੀ ਹਰਗੋਬਿੰਦਪੁਰ ਦੀਆਂ ਖੇਡਾਂ ਕਰਵਾਈਆਂ ਗਈਆਂ ਜਿਸ ਵਿੱਚ ਵੱਡੇ ਪੱਧਰ 'ਤੇ ਸ਼ਮੂਲੀਅਤ ਕੀਤੀ ਗਈ। ਉਨ੍ਹਾਂ ਜਾਣਕਾਰੀ ਦਿੱਤੀ ਕਿ ਗਰੁੱਪ 8 ਤੋਂ 11 , ਗਰੁੱਪ 12 ਤੋਂ 14 , ਗਰੁੱਪ 15 ਤੋਂ 19 ਵਿੱਚ ਅਥਲੈਟਿਕਸ, ਫੁੱਟਬਾਲ, ਬੈਡਮਿੰਟਨ, ਵਾਲੀਬਾਲ ਆਦਿ ਖੇਡਾਂ ਕਰਵਾਈਆਂ ਗਈਆਂ। ਇਸ ਮੌਕੇ ਮੁੱਖ ਮਹਿਮਾਨ ਪ੍ਰਿੰ. ਅਸ਼ਵਨੀ ਕਾਸਰਾ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਕੇ ਜੇਤੂ ਬੱਚਿਆਂ ਨੂੰ ਸਨਮਾਨ ਚਿੰਨ੍ਹ ਅਤੇ ਸਰਟੀਫੀਕੇਟ ਵੰਡੇ ਗਏ। ਉਨ੍ਹਾਂ ਕਿਹਾ ਕਿ ਲੋੜਵੰਦ ਬੱਚਿਆਂ ਵੱਲੋਂ ਖੇਡਾਂ ਵਿੱਚ ਭਾਗ ਲੈਣਾ ਕਾਬਲੇ ਤਾਰੀਫ ਹੈ ਅਤੇ ਸਿੱਖਿਆ ਵਿਭਾਗ ਵੱਲੋਂ ਆਉਣ ਵਾਲੇ ਸਮੇਂ ਵਿੱਚ ਅਜਿਹੇ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ। ਉਨ੍ਹਾਂ ਅਜਿਹੇ ਬੱਚਿਆਂ ਨੂੰ ਕਾਲਜ ਵਿੱਚ ਦਾਖਲੇ ਸਮੇਂ ਵਿਸ਼ੇਸ਼ ਸਹੂਲਤਾਂ ਦੇਣ ਦਾ ਐਲਾਨ ਕੀਤਾ ਤਾਂ ਜੋ ਇਹ ਬੱਚੇ ਉੱਚ ਵਿੱਦਿਆ ਪ੍ਰਾਪਤ ਕਰ ਸਕਣ। ਇਸ ਮੌਕੇ ਸਹਾਰਾ ਕਲੱਬ ਵੱਲੋਂ ਇਨ੍ਹਾਂ ਖੇਡਾਂ ਵਿੱਚ ਵਿਸ਼ੇਸ਼ ਸਹਿਯੋਗ ਦਿੱਤਾ ਗਿਆ। ਬੀ. ਪੀ. ਈ. ਓ. ਜਸਵਿੰਦਰ ਸਿੰਘ ਵੱਲੋਂ ਸਹਾਰਾ ਕਲੱਬ ਦੇ ਮੈਂਬਰਾਂ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ ਗਿਆ। ਇਸ ਮੌਕੇ ਬੀ. ਪੀ. ਈ. ਓ. ਪਰਲੋਕ ਸਿੰਘ, ਤਰਸੇਮ ਸਿੰਘ, ਮੀਡੀਆ ਕੋਆਰਡੀਨੇਟਰ ਗਗਨਦੀਪ ਸਿੰਘ, ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੇ ਰਿਸੋਰਸ ਅਧਿਆਪਕ ਸਤਨਾਮ ਸਿੰਘ, ਸਹਾਰਾ ਕਲੱਬ ਤੋਂ ਜਤਿੰਦਰ ਕੱਦ, ਮਾਸਟਰ ਜੋਗਿੰਦਰ ਸਿੰਘ ਅੱਚਲੀ ਗੇਟ, ਰਾਜੀਵ ਖੁੱਲਰ, ਸ਼ਿਵ ਲਾਲ ਸਰਮਾ, ਤੇਜਬੀਰ ਸਿੰਘ ਬੀਐੱਸਓ, ਨਵਜੋਤ ਕੌਰ, ਡੀ. ਪੀ. ਰਣਜੀਤ ਭਗਤ, ਅਮਰਿੰਦਰ ਸਿੰਘ ਚੰਦਕੇ, ਪਰਮਜੀਤ ਕੌਰ, ਡੀ.ਪੀ. ਸਤਨਾਮ ਸਿੰਘ, ਲੈਕ: ਰਮਿੰਦਰ ਸਿੰਘ, ਲੈਕ: ਫਿਜ਼ੀਕਲ ਐਜੂਕੇਸ਼ਨ ਪਰਮਿੰਦਰ ਕੌਰ, ਸ਼ਮਸ਼ੇਰ ਮਸੀਹ, ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ ਦੇ ਵਲੰਟੀਅਰ ਪਵਨਪ੍ਰੀਤ ਕੌਰ, ਪਰਮਜੀਤ ਕੌਰ, ਰਾਣੀ, ਮਨੋਜ, ਮੋਨਿਕਾ, ਨੀਨਾ ਸ਼ਰਮਾ, ਜੀਵਨ ਜੋਤੀ, ਮੰਨੂੰ ਸ਼ਰਮਾ , ਦਿਲਰਾਜ, ਕੁਲਦੀਪ ਸਿੰਘ, ਅਮਰਬੀਰ ਸਿੰਘ, ਕੁਲਵਿੰਦਰ ਕੌਰ, ਹਰਭਜਨ ਕੌਰ ਆਦਿ ਹਾਜ਼ਰ ਸਨ।

# 25 ਨੂੰ ਸਹਿਕਾਰੀ ਖੰਡ ਮਿੱਲ ਗੁਰਦਾਸਪੁਰ ਦੇ ਪਿੜਾਈ ਸੀਜ਼ਨ ਦੀ ਹੋਵੇਗੀ ਸ਼ੁਰੂਆਤ

**ਗੁਰਦਾਸਪੁਰ, (ਜਨਕ ਮਹਾਜਨ)**-ਪੰਜਾਬ ਸਰਕਾਰ ਅਤੇ ਸ਼ੂਗਰਫੈੱਡ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਹਿਕਾਰੀ ਖੰਡ ਮਿੱਲ ਗੁਰਦਾਸਪੁਰ ਦਾ ਪਿੜਾਈ ਸੀਜ਼ਨ 25 ਨਵੰਬਰ ਤੋਂ ਆਰੰਭ ਹੋ ਰਿਹਾ ਹੈ, ਜਿਸ ਦਾ ਉਦਘਾਟਨ ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਤੇ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਵੱਲੋਂ ਸਾਂਝੇ ਤੌਰ 'ਤੇ ਕੀਤਾ ਜਾਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਹਿਕਾਰੀ ਖੰਡ ਮਿੱਲ ਗੁਰਦਾਸਪੁਰ ਦੇ ਜਨਰਲ ਮੈਨੇਜਰ ਪਵਨ ਕੁਮਾਰ ਭੱਲਾ ਨੇ ਦੱਸਿਆ ਕਿ ਇਸ ਸਬੰਧੀ ਅੱਜ ਮਿੱਲ ਦੇ ਗੁਰਦੁਆਰਾ ਸਾਹਿਬ ਵਿੱਚ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਵਾਇਆ ਗਿਆ ਅਤੇ ਪਾਠ ਦੇ ਭੋਗ ਉਪਰੰਤ ਜਨਰਲ ਮੈਨੇਜਰ ਵੱਲੋਂ ਕਿਸਾਨ ਭਰਾਵਾਂ ਨੂੰ ਅਪੀਲ ਕੀਤੀ ਗਈ ਕਿ ਉਹ ਲੇਬਰ ਦਾ ਪ੍ਰਬੰਧ ਕਰ ਲੈਣ ਤਾਂ ਜੋ ਕੈਲੰਡਰ ਚਲਾਉਣ ਵਿੱਚ ਕੋਈ ਮੁਸ਼ਕਿਲ ਪੇਸ਼ ਨਾ ਆਵੇ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਪਰਚੀਆਂ ਕੈਲੰਡਰ ਅਨੁਸਾਰ ਹੀ ਦਿੱਤੀਆਂ ਜਾਣਗੀਆਂ। ਮਿੱਲ ਦੇ ਮੁੱਖ ਗੰਨਾ ਵਿਕਾਸ ਅਫਸਰ ਰਾਜ ਕਮਲ ਵੱਲੋਂ ਕਿਸਾਨ ਭਰਾਵਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਪਰਚੀ ਆਉਣ 'ਤੇ ਹੀ ਗੰਨੇ ਦੀ ਛਿਲਾਈ ਕੀਤੀ ਜਾਵੇ ਅਤੇ ਮਿੱਲ ਨੂੰ ਗੰਨਾ ਤਾਜ਼ਾ, ਸਾਫ-ਸੁਥਰਾ, ਆਗ-ਖੋਰੀ ਅਤੇ ਕੱਚੀ ਪੋਰੀ ਰਹਿਤ ਸਪਲਾਈ ਕੀਤਾ ਜਾਵੇ। ਇਸ ਮੌਕੇ ਸੰਦੀਪ ਸਿੰਘ, ਇੰਜਨੀਅਰ-ਕਮ-ਪ੍ਰਚੇਜ਼ ਅਫਸਰ, ਆਈ. ਪੀ. ਐੱਸ. ਭਾਟੀਆ ਚੀਫ ਕੈਮਿਸਟ, ਕੁਲਦੀਪ ਸਿੰਘ, ਡਿਪਟੀ ਚੀਫ ਇੰਜੀਨੀਅਰ ਐੱਸ. ਕੇ. ਮਲਹੋਤਰਾ, ਡਿਪਟੀ ਚੀਫ ਅਕਾਊਂਟਸ ਅਫਸਰ ਚਰਨਜੀਤ ਸਿੰਘ, ਸੁਪਰਡੈਂਟ ਰਾਜ ਕਮਲ ਮੁੱਖ ਗੰਨਾ ਵਿਕਾਸ ਅਫਸਰ ਅਤੇ ਸਮੂਹ ਫੀਲਡ ਸਟਾਫ ਵੀ ਹਾਜ਼ਰ ਸੀ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਹਿਰਾਮਪੁਰ 'ਚ ਬਾਲ ਦਿਵਸ ਮਨਾਇਆ



**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**-ਬਹਿਰਾਮਪੁਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿਚ ਸਿੱਖਿਆ ਮੰਤਰੀ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸਕੂਲ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਕੂਲ ਦੀ ਪ੍ਰਿੰਸੀਪਲ ਮੈਡਮ ਬਲਜਿੰਦਰ ਕੌਰ ਦੀ ਪ੍ਰਧਾਨਗੀ ਅਤੇ ਸਮੂਹ ਸਟਾਫ ਦੇ ਸਹਿਯੋਗ ਨਾਲ ਬਾਲ ਦਿਵਸ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਧਾਰਮਿਕ ਸ਼ਬਦ ਨਾਲ ਕੀਤੀ ਗਈ। ਬਾਲ ਦਿਵਸ ਨੂੰ ਯਾਦਗਾਰੀ ਬਣਾਉਣ ਲਈ ਬੱਚਿਆਂ ਨੇ ਵੱਖ-ਵੱਖ ਗਤੀਵਿਧੀਆਂ ਵਿਚ ਹਿੱਸਾ ਲਿਆ। ਇਸ ਮੌਕੇ ਸਕੂਲ ਦੀ ਪ੍ਰਿੰ. ਬਲਜਿੰਦਰ ਕੌਰ ਨੇ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਲੋਕ ਭਲਾਈ ਦੇ ਕੰਮਾਂ ਬਾਰੇ ਜਾਣੂ ਕਰਵਾਇਆ ਅਤੇ ਸੱਚ ਦੇ ਰਾਹ 'ਤੇ ਚੱਲਣ ਲਈ ਕਿਹਾ। ਅੰਤ ਵਿਚ ਬੱਚਿਆਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮਨੋਜ ਕੁਮਾਰ, ਸ਼ਾਹਬੀਰ, ਪੰਕਜ, ਵਰਿੰਦਰ ਕੁਮਾਰ ਅਤੇ ਸਕੂਲ ਦਾ ਸਟਾਫ ਹਾਜ਼ਰ ਸੀ।

# ਗੁਜਰਾਤ 'ਚ ਚੋਣ ਪ੍ਰਚਾਰ ਲਈ ਮੰਤਰੀ ਭੁੱਲਰ ਦੀ ਟੀਮ ਰਵਾਨਾ



**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਗੁਜਰਾਤ 'ਚ ਹਾਲ ਹੀ ਵਿਚ ਹੋਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸੂਬੇ ਦੀ ਆਮ ਆਦਮੀ ਪਾਰਟੀ ਦੇ ਆਗੂਆਂ ਵੱਲੋਂ ਆਪ ਗੁਜਰਾਤ ਮਿਸ਼ਨ ਤਹਿਤ ਗੁਜਰਾਤ ਵਿਚ ਚੋਣ ਪ੍ਰਚਾਰ ਕੀਤਾ ਜਾ ਰਿਹਾ ਜਿਸ ਤਹਿਤ ਪੱਟੀ ਤੋਂ ਵਿਧਾਇਕ ਲਾਲਜੀਤ ਸਿੰਘ ਭੁੱਲਰ ਟਰਾਂਸਪੋਰਟ ਮੰਤਰੀ ਪੰਜਾਬ ਆਪਣੀ ਟੀਮ ਨਾਲ ਬੀਤੇ ਕਈ ਦਿਨਾਂ ਤੋਂ ਗੁਜਰਾਤ ਦੇ ਵੱਖ-ਵੱਖ ਹਲਕਿਆਂ ਵਿਚ ਲਗਾਤਾਰ ਚੋਣ ਪ੍ਰਚਾਰ ਕਰ ਰਹੇ ਹਨ। ਪੱਟੀ ਤੋਂ ਭੁੱਲਰ ਦੇ ਪੀਏ ਦਿਲਬਾਗ ਸਿੰਘ ਆਪਣੇ ਸਾਥੀਆਂ ਨਾਲ ਗੁਜਰਾਤ ਚੋਣ ਪ੍ਰਚਾਰ ਲਈ ਰਵਾਨਾ ਹੋਏ।

ਰਵਾਨਾ ਹੋਣ ਸਮੇਂ ਦਿਲਬਾਗ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਖਿਆ ਕਿ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗੁਜਰਾਤ ਚੋਣਾਂ ਦੀ ਕੰਪੇਨ ਵਾਸਤੇ ਜਾ ਰਹੇ ਹਾਂ ਅਤੇ ਗੁਜਰਾਤ ਵਾਸੀਆਂ ਨੂੰ ਆਮ ਆਦਮੀ ਪਾਰਟੀ ਦੇ ਸੁਪਰੀਮੋ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਹੇਠ ਦਿੱਲੀ ਵਿਚ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਵੱਲੋਂ ਪੰਜਾਬ ਵਿਚ ਕੀਤੇ ਜਾ ਲੋਕ ਪੱਖੀ ਫੈਸਲਿਆਂ ਤੋਂ ਜਾਣੂ ਕਰਵਾਇਆ ਜਾਏਗਾ। ਪਾਰਟੀ ਦੀਆਂ ਨੀਤੀਆਂ ਤੋਂ ਲੋਕਾਂ ਨੂੰ ਜਾਗਰੂਕ ਕਰ ਕੇ 'ਆਪ' ਉਮੀਦਵਾਰਾਂ ਨੂੰ ਵੋਟਾਂ ਪਾਉਣ ਲਈ ਪ੍ਰੇਰਿਤ ਕੀਤਾ ਜਾਵੇਗਾ। ਮੋਦੀ ਦਾ ਜਾਦੂ ਇਸ ਵਾਰ ਕੰਮ ਨਹੀਂ ਕਰੇਗਾ ਕਿਉਂਕਿ ਮੋਦੀ ਸਰਕਾਰ ਦੀਆਂ ਲੋਕ ਤੇ ਦੇਸ਼ ਮਾਰੂ ਨੀਤੀਆਂ ਜੱਗ ਜ਼ਾਹਰ ਹੋ ਚੁੱਕੀਆਂ ਹਨ।

ਗੁਜਰਾਤ ਦੇ ਲੋਕ ਇਸ ਵਾਰ ਮੋਦੀ ਸਰਕਾਰ ਨੂੰ ਮੂੰਹ ਨਹੀਂ ਲਾਉਣਗੇ। ਇਸ ਮੌਕੇ ਸੁਖਵਿੰਦਰ ਸਿੰਘ ਢੋਟੀਆਂ, ਸੁਰਿੰਦਰਪਾਲ ਸਿੰਘ ਢੋਟੀਆਂ, ਅਮਨਦੀਪ ਸਿੰਘ ਠੱਟਾ, ਨਿਸ਼ਾਨ ਸਿੰਘ ਹਰੀਕੇ, ਪਰਗਟ ਸਿੰਘ, ਸੁਖਵਿੰਦਰ ਸਿੰਘ, ਪਰਮਜੀਤ ਸਿੰਘ, ਗੁਰਬਚਨ ਸਿੰਘ ਸੋਨੂੰ ਬਰਵਾਲਾ, ਗੁਰਦੇਵ ਸਿੰਘ ਬਰਵਾਲਾ ਅਤੇ ਡਾਕਟਰ ਪ੍ਰਭਜੀਤ ਸਿੰਘ ਬਰਵਾਲਾ ਆਦਿ ਹਾਜ਼ਰ ਸਨ।

# ਵਿਕਰਮਜੀਤ ਸਿੰਘ ਭਾਰਤੀ ਕਿਸਾਨ ਯੂਨੀਅਨ (ਅ) ਦੇ ਅੱਡਾ ਭਿੱਖੀਵਿੰਡ ਤੋਂ ਪ੍ਰਧਾਨ ਨਿਯੁਕਤ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਭਾਰਤੀ ਕਿਸਾਨ ਯੂਨੀਅਨ ਅੰਬਾਵਤਾ ਦੀ ਮੀਟਿੰਗ ਜ਼ਿਲ੍ਹਾ ਤਰਨ ਤਾਰਨ ਦੇ ਮੁੱਖ ਦਫਤਰ ਮਾੜੀ ਕੰਬੋਕੇ ਵਿਖੇ ਜ਼ਿਲ੍ਹਾ ਤਰਨਤਾਰਨ ਪ੍ਰਧਾਨ ਪੰਜਾਬ ਸਿੰਘ ਕੰਬੋਕੇ ਦੀ ਅਗਵਾਈ ਹੇਠ ਹੋਈ। ਇਸ ਮੌਕੇ ਮੀਟਿੰਗ 'ਚ ਪਹੁੰਚੇ ਸਮੂਹ ਆਗੂਆਂ ਦੀ ਹਾਜ਼ਰੀ ਵਿੱਚ ਸਭਾ ਦੇ ਕੌਮੀ ਪ੍ਰਧਾਨ ਚੌਧਰੀ ਰਿਸ਼ੀਪਾਲ ਅੰਬਾਵਤਾ 'ਤੇ ਪੰਜਾਬ ਪ੍ਰਧਾਨ ਬਲਦੇਵ ਸਿੰਘ ਸੰਧੂ ਦੇ ਦਿਸ਼ਾ-ਨਿਰਦੇਸ਼ਾਂ ਹੇਠ ਵਿਕਰਮਜੀਤ ਸਿੰਘ ਨੂੰ ਅੱਡਾ ਭਿੱਖੀਵਿੰਡ ਤੋਂ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਤਰਨਤਾਰਨ ਤੋਂ ਜ਼ਿਲ੍ਹਾ ਪ੍ਰਧਾਨ ਪੰਜਾਬ ਸਿੰਘ ਕੰਬੋਕੇ ਨੇ ਕਿਹਾ ਕਿ ਉਹ ਭਾਰਤੀ ਕਿਸਾਨ ਯੂਨੀਅਨ (ਅ) ਨੂੰ ਮਜ਼ਬੂਤ ਕਰਨ ਲਈ ਦਿਨ-ਰਾਤ ਮਿਹਨਤ ਕਰ ਰਹੇ ਹਨ। ਉਨ੍ਹਾਂ ਭਾਰਤੀ ਕਿਸਾਨ ਯੂਨੀਅਨ (ਅ) ਵਿੱਚ ਸ਼ਾਮਲ ਹੋਣ 'ਤੇ ਵਿਕਰਮਜੀਤ ਸਿੰਘ ਭਿੱਖੀਵਿੰਡ ਨੂੰ ਜੀ ਆਇਆਂ ਆਖਿਆ। ਉਪਰੰਤ ਗੱਲਬਾਤ ਕਰਦਿਆਂ ਕੇਂਦਰ ਸਰਕਾਰ ਵੱਲੋਂ ਘੜੀਆਂ ਜਾ ਰਹੀਆਂ ਮਾੜੀਆਂ ਨੀਤੀਆਂ ਬਾਰੇ ਵੀ ਮੀਟਿੰਗ 'ਚ ਹਾਜ਼ਰ ਸਮੂਹ ਕਿਸਾਨ ਆਗੂਆਂ ਨੂੰ ਜਾਣੂ ਕਰਵਾਇਆ ਤੇ ਭਵਿੱਖ ਵਿੱਚ ਕਿਸਾਨੀ ਸੰਘਰਸ਼ ਲਈ ਤਿਆਰ ਰਹਿਣ ਦੀ ਅਪੀਲ ਕੀਤੀ । ਉਥੇ ਹੀ ਇਸ ਮੌਕੇ ਅੱਡਾ ਭਿੱਖੀਵਿੰਡ ਤੋਂ ਨਵ-ਨਿਯੁਕਤ ਪ੍ਰਧਾਨ ਵਿਕਰਮਜੀਤ ਸਿੰਘ ਨੇ ਭਾਰਤੀ ਕਿਸਾਨ ਯੂਨੀਅਨ (ਅ) ਦੀ ਹਾਈਕਮਾਂਡ ਸਮੇਤ ਤਰਨਤਾਰਨ ਤੋਂ ਜ਼ਿਲ੍ਹਾ ਪ੍ਰਧਾਨ ਪੰਜਾਬ ਸਿੰਘ ਕੰਬੋਕੇ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਭਾਰਤੀ ਕਿਸਾਨ ਯੂਨੀਅਨ (ਅ) ਨੂੰ ਮਜ਼ਬੂਤ ਕਰਨ ਲਈ ਦਿਨ-ਰਾਤ ਇੱਕ ਕਰ ਦੇਣਗੇ ਅਤੇ ਹਰ ਦੁੱਖ-ਸੁੱਖ ਵਿੱਚ ਅੱਡਾ ਭਿੱਖੀਵਿੰਡ ਦੇ ਕਿਸਾਨ ਭਰਾਵਾਂ ਨਾਲ ਚੱਟਾਨ ਵਾਂਗ ਖੜੇ ਰਹਿਣਗੇ। ਇਸ ਮੌਕੇ ਉਨ੍ਹਾਂ ਨਾਲ ਹਰਦਿਆਲ ਸਿੰਘ ਭੈਣੀ, ਸਿਕੰਦਰ ਸਿੰਘ ਦਰਾਜਕੇ, ਰਾਮ ਧਵਨ ਭਿੱਖੀਵਿੰਡ, ਰਾਣਾ ਪ੍ਰਤਾਪ ਸਿੰਘ ਦਰਾਜਕੇ, ਗੁਰਦੇਵ ਸਿਘ ਫੌਜੀ ਕੰਬੋਕੇ, ਭੁਪਿੰਦਰ ਸਿੰਘ ਟੀਟੂ ਫਤਿਆਬਾਦ, ਤਰਸੇਮ ਸਿੰਘ ਛਾਪੜੀ, ਗੁਰਸਾਹਿਬ ਸਿੰਘ ਪਹਿਲਵਾਨਕੇ, ਸੁਖਪ੍ਰੀਤ ਮਾੜੀ ਸਮਰਾ, ਹਰਜਿੰਦਰ ਸ਼ਰਮਾ ਕੰਬੋਕੇ, ਹਰਜਿੰਦਰ ਸਿੰਘ ਗਿੱਲ ਪਹਿਲਵਾਨਕੇ, ਜੈਮਲ ਸਿੰਘ ਭਿੱਖੀਵਿੰਡ, ਗਗਨਦੀਪ ਸਿੰਘ ਭਿੱਖੀਵਿੰਡ, ਸੁਖਵੰਤ ਸਿੰਘ ਭਿੱਖੀਵਿੰਡ, ਗੁਰਦੇਵ ਸਿੰਘ ਭਿੱਖੀਵਿੰਡ, ਸੁਖਚੈਨ ਸਿੰਘ ਭਿੱਖੀਵਿੰਡ, ਸੁਖਦੇਵ ਸਿੰਘ ਸੁੱਖ ਆੜ੍ਹਤੀਆ ਮਾੜੀਮੇਘਾ ਅਤੇ ਸਿਮਰਜੀਤ ਸਿੰਘ ਮਾੜੀ ਕੰਬੋਕੇ ਆਦਿ ਆਗੂ ਹਾਜ਼ਰ ਸਨ।

# ਮੁੱਢਲਾ ਸਿਹਤ ਕੇਂਦਰ ਜਗਤਪੁਰ 'ਚ ਮਰੀਜ਼ ਅਕਸਰ ਹੁੰਦੇ ਨੇ ਪ੍ਰੇਸ਼ਾਨ

ਗੁਰਦਾਸਪੁਰ (ਜਨਕ ਮਹਾਜਨ)-ਮੁੱਢਲਾ ਸਿਹਤ ਕੇਂਦਰ ਜਗਤਪੁਰ 'ਚ ਡਾਕਟਰਾਂ ਤੇ ਹੋਰ ਸਟਾਫ ਦੀ ਘਾਟ ਨਾਲ ਮਰੀਜ਼ਾਂ ਨੂੰ ਕਾਫੀ ਮੁਸ਼ਕਿਲਾਂ ਪੇਸ਼ ਆ ਰਹੀਆਂ ਹਨ ਅਤੇ ਸਿਵਲ ਸਰਜਨ ਇਸ ਪਾਸੇ ਬਿਲਕੁਲ ਧਿਆਨ ਨਹੀਂ ਦੇ ਰਹੇ। ਹੁਣ ਹਸਪਤਾਲ ਵਿਚ ਦਵਾਈਆਂ ਦੀ ਕਾਫੀ ਘਾਟ ਮਹਿਸੂਸ ਕੀਤੀ ਜਾ ਰਹੀ ਹੈ ਅਤੇ ਮਰੀਜ਼ਾਂ ਨੂੰ ਹਸਪਤਾਲ ਵਿਚੋਂ ਮੁਫਤ ਦਵਾਈਆਂ ਦੇ ਬਦਲੇ ਪ੍ਰਾਈਵੇਟ ਮੈਡੀਕਲ ਸਟੋਰਾਂ ਤੋਂ ਮਹਿੰਗੇ ਭਾਅ ਖਰੀਦਣੀਆਂ ਪੈ ਰਹੀਆਂ ਹਨ। ਇਸ ਸਬੰਧੀ ਹਸਪਤਾਲ 'ਚ ਆਏ ਮਰੀਜ਼ਾਂ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਤੋਂ ਪਹਿਲਾਂ ਹਸਪਤਾਲਾਂ ਵਿਚ ਹਰ ਤਰ੍ਹਾਂ ਦੀਆਂ ਦਵਾਈਆਂ ਮਿਲ ਜਾਂਦੀਆਂ ਸਨ ਅਤੇ ਹੁਣ ਮੁਹੱਲਾ ਕਲੀਨਿਕਾਂ ਨਾਲ ਆਮ ਆਦਮੀ ਪਾਰਟੀ ਦੀ ਸਰਕਾਰ ਲੋਕਾਂ ਨੂੰ ਖੱਜਲ-ਖੁਆਰ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਹਸਪਤਾਲ ਵਿਚ ਜਿਹੜੇ ਪਹਿਲੇ ਪੁਰਾਣੇ ਡਾਕਟਰ ਸਨ ਉਨ੍ਹਾਂ ਨੂੰ ਹੋਰ ਜਗ੍ਹਾ ਭੇਜ ਦਿੱਤਾ ਗਿਆ ਹੈ ਅਤੇ ਹਸਪਤਾਲ 'ਚ ਸੁੰਨਸਾਨ ਵੇਖਣ ਨੂੰ ਮਿਲ ਰਹੀ ਹੈ। ਉਨ੍ਹਾਂ ਨੇ ਸਿਹਤ ਮੰਤਰੀ ਪੰਜਾਬ ਪਾਸੋਂ ਮੰਗ ਕੀਤੀ ਹੈ ਕਿ ਦਿਹਾਤੀ ਖੇਤਰਾਂ ਵਿਚ ਚਲ ਰਹੇ ਮੁੱਢਲੇ ਸਿਹਤ ਕੇਂਦਰਾਂ ਅਤੇ ਡਿਸਪੈਂਸਰੀਆਂ ਵਿਚ ਤੁਰੰਤ ਡਾਕਟਰਾਂ ਅਤੇ ਸਟਾਫ ਦੀ ਘਾਟ ਪੂਰੀ ਕਰਨ ਦੇ ਨਾਲ-ਨਾਲ ਦਵਾਈਆਂ ਵੀ ਭੇਜੀਆਂ ਜਾਣ ਤਾਂ ਕਿ ਮਰੀਜ਼ਾਂ ਨੂੰ ਕੋਈ ਪ੍ਰੇਸ਼ਾਨੀ ਪੇਸ਼ ਨਾ ਆਵੇ।

# ਵਿਸ਼ਵ ਯੁੱਧ ਪਹਿਲਾ ਤੇ ਦੂਜਾ ਸ਼ਹੀਦ ਵੈੱਲਫੇਅਰ ਸੋਸਾਇਟੀ ਵੱਲੋਂ 6ਵਾਂ ਸਾਲਾਨਾ ਸ਼ਰਧਾਂਜਲੀ ਭੇਟ ਸਮਾਰੋਹ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਵਿਸ਼ਵ ਯੁੱਧ ਪਹਿਲਾ ਅਤੇ ਦੂਜਾ ਸ਼ਹੀਦ ਵੈੱਲਫ਼ੇਅਰ ਸੋਸਾਇਟੀ ਵੱਲੋਂ ਵਰਲਡ ਵਾਰ ਇਕ ਅਤੇ ਦੋ ਦੇ ਸਿੱਖ ਸ਼ਹੀਦਾਂ ਨੂੰ ਛੇਵਾਂ ਸਾਲਾਨਾ ਸ਼ਰਧਾਂਜਲੀ ਭੇਟ ਸਮਾਰੋਹ ਪਿੰਡ ਸੁਲਤਾਨਵਿੰਡ ਦੇ ਛੇਵੀਂ ਪਾਤਸ਼ਾਹੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਅਟਾਰੀ ਸਾਹਿਬ ਵਿੱਚ ਕਰਾਇਆ ਗਿਆ। ਸਮਾਗਮ ਵਿਚ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ ਕਿ ਇਸ ਯਾਦਗਾਰ ਨੂੰ ਪੰਜਾਬ ਵਿਰਾਸਤੀ ਸੂਚੀ 'ਤੇ ਲਿਆਂਦਾ ਜਾਵੇ ਤਾਂ ਜੋ ਦੇਸ਼ ਵਿਦੇਸ਼ ਤੋਂ ਆਉਂਦੇ ਯਾਤਰੂਆਂ ਨੂੰ ਇਸ ਦੀ ਜਾਣਕਾਰੀ ਮਿਲ ਸਕੇ। ਕੇਂਦਰ ਸਰਕਾਰ ਤੋਂ ਮੰਗ ਕੀਤੀ ਗਈ ਕਿ ਯੂਰਪ ਵਿੱਚ ਇਨ੍ਹਾਂ ਦੀਆਂ ਬਣੀਆਂ ਯਾਦਗਾਰਾਂ ਵਾਂਗ ਅੰਮ੍ਰਿਤਸਰ ਵਿੱਚ ਵੀ ਯਾਦਗਾਰ ਬਣਾਈ ਜਾਵੇ ਜਿਸ ਤਰ੍ਹਾਂ ਪੰਜਾਬ ਸਟੇਟ ਵਾਰ ਹੀਰੋਜ਼ ਮੈਮੋਰੀਅਲ ਐਂਡ ਮਿਊਜ਼ੀਅਮ ਬਣਇਆ ਗਿਆ ਹੈ।

ਸਮਾਗਮ ਦੀ ਸ਼ੁਰੂਆਤ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਉਪਰੰਤ ਵਿਦਿਆਰਥੀਆਂ ਅਤੇ ਸਿੱਖ ਨੌਜਵਾਨਾਂ ਵੱਲੋਂ ਕੀਰਤਨ ਨਾਲ ਹੋਈ। ਭਾਈ ਸੁਖਮੀਤ ਸਿੰਘ ਤੇ ਭਾਈ ਸੁਖਜੀਤ ਸਿੰਘ ਅੰਮ੍ਰਿਤਸਰੀ ਕਵੀਸ਼ਰੀ ਜਥੇ ਨੇ ਸੰਗਤਾਂ ਨੂੰ ਕਵੀਸ਼ਰੀ ਵਾਰਾਂ ਨਾਲ ਨਿਹਾਲ ਕੀਤਾ। ਵਿਸ਼ਵ ਯੁੱਧ ਦੇ ਸ਼ਹੀਦਾਂ ਦੇ ਪਰਿਵਾਰਾਂ ਜਿਨ੍ਹਾਂ ਵਿੱਚੋਂ ਕੁਝ ਹਰਿਆਣਾ ਤੋਂ ਆਏ ਸਨ, ਨੂੰ ਸੁਸਾਇਟੀ ਦੇ ਸਰਪ੍ਰਸਤ ਉਘੇ ਸਿੱਖ ਇਤਿਹਾਸਕਾਰ ਭੁਪਿੰਦਰ ਸਿੰਘ ਹਾਲੈਂਡ ਅਤੇ ਪ੍ਰਧਾਨ ਡਾ. ਗੁਰਿੰਦਰ ਸਿੰਘ ਮਾਹਲ ਵੱਲੋਂ ਸਨਮਾਨਿਤ ਕੀਤਾ ਗਿਆ। ਵਿਸ਼ਵ ਯੁੱਧਾਂ ਵਿੱਚ ਸਿੱਖ ਸੈਨਿਕਾਂ ਦੀ ਬਹਾਦਰੀ ਨਾਲ ਸਬੰਧਤ ਸਿੱਖ ਫੌਜੀਆਂ ਦੀਆਂ ਤਸਵੀਰਾਂ ਅਤੇ ਹਵਾਲਿਆਂ ਨੂੰ ਦਰਸਾਉਂਦੀ ਇੱਕ ਪ੍ਰਦਰਸ਼ਨੀ ਲਾਈ ਗਈ ਜੋ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀ। ਸੁਸਾਇਟੀ ਦੇ ਮੈਂਬਰਾਂ ਤੇ ਹ ਇਟਲੀ ਦੀ ਵਿਸ਼ਵ ਸਿੱਖ ਸ਼ਹੀਦੀ ਯਾਦਗਾਰ ਕਮੇਟੀ ਤੋਂ ਪ੍ਰਿਥੀਪਾਲ ਸਿੰਘ ਅਤੇ ਸੇਵਾ ਸਿੰਘ ਫੌਜੀ, ਜਸਜੀਤ ਸਿੰਘ ਸਮੁੰਦਰੀ ਅਤੇ ਹਾਲੈਂਡ ਤੋਂ ਹਰਜਿੰਦਰ ਸਿੰਘ ਸੰਧੂ ਨੇ ਸਾਡੇ ਨਾਇਕਾਂ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਭੇਟ ਕੀਤੀ।

ਇਸ ਮੌਕੇ ਅੰਮ੍ਰਿਤਸਰ ਵਿਕਾਸ ਮੰਚ ਦੇ ਡਾ. ਚਰਨਜੀਤ ਸਿੰਘ ਗੁਮਟਾਲਾ, ਪੰਜਾਬ ਸਟੇਟ ਫਰੀਡਮ ਫਾਈਟਰਜ਼ ਸਕਸੈਸਰਜ਼ ਆਰਗੇਨਾਈਜੇਸ਼ਨ ਦੇ ਪ੍ਰਧਾਨ ਗਿਆਨ ਸਿੰਘ ਸੱਗੂ, ਮਾਸਟਰ ਸੰਤੋਖ ਸਿੰਘ, ਜਥੇਦਾਰ ਦਿਲਬਾਗ ਸਿੰਘ, ਮਨਪ੍ਰੀਤ ਸਿੰਘ ਮਾਹਲ, ਪ੍ਰਨਾਮ ਸਿੰਘ ਕਿਸਾਨ ਯੂਨੀਅਨ, ਸਰਬਜੀਤ ਸਿੰਘ ਗੁਮਟਾਲਾ, ਡਾ. ਅਮਨਦੀਪ ਸਿੰਘ ਸੋਢੀ, ਬਰੁੱਕ ਇੰਡੀਆ ਐਸੋਸੀਏਸ਼ਨ ਤੋਂ ਡਾ. ਸੁਖਦੀਪ ਕੌਰ, ਕਮਾਂਡੈਂਟ ਜਸਕਰਨ ਸਿੰਘ, ਅਨਿਲ ਕੁਮਾਰ ਜ਼ਿਲ੍ਹਾ ਕਮਾਂਡੈਂਟ, ਪੰਜਾਬ ਪੁਲਿਸ ਹੋਮ ਗਾਰਡਜ਼, ਚਰਨਜੀਤ ਸਿੰਘ ਰਾਣਾ-ਗੁਰਦੁਆਰਾ ਅਟਾਰੀ ਸਾਹਿਬ ਤੋਂ ਪ੍ਰਿੰ. ਸੂਬਾ ਸਿੰਘ ਆਦਿ ਹਾਜ਼ਰ ਸਨ।

# ਫੁੱਟਬਾਲ ਕੱਪ 'ਤੇ ਬਲਕਾਰ ਸਿੰਘ ਚੱਠਾ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ



**ਸ਼ਾਹਕੋਟ (ਗਿਆਨ ਸੈਦਪੁਰੀ)**- ਸਪੋਰਟਸ ਕਲੱਬ (ਰਜਿ) ਸ਼ਾਹਕੋਟ ਵੱਲੋਂ ਕਰਵਾਏ ਜਾ ਰਹੇ ਚਾਰ ਰੋਜ਼ਾ ਫੁੱਟਬਾਲ ਕੱਪ ਵਿੱਚ ਸਨਿੱਚਰਵਾਰ ਨੂੰ ਆਮ ਆਦਮੀ ਪਾਰਟੀ ਸਪੋਰਟਸ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਬਲਕਾਰ ਸਿੰਘ ਚੱਠਾ ਵਿਸ਼ੇਸ਼ ਮਹਿਮਾਨ ਵਜੋਂ ਪਹੁੰਚੇ। ਇਸ ਮੌਕੇ ਉਨ੍ਹਾਂ ਖਿਡਾਰੀਆਂ ਨਾਲ ਜਾਣ ਪਹਿਚਾਣ ਕਰਨ ਤੋਂ ਬਾਅਦ ਸੰਬੋਧਨ ਕਰਦਿਆਂ ਵੱਖ ਵੱਖ ਜ਼ਿਲ੍ਹਿਆਂ ਤੋਂ ਆਈਆਂ ਫੁੱਟਬਾਲ ਟੀਮਾਂ ਦਾ ਸਵਾਗਤ ਕੀਤਾ ਅਤੇ ਕਲੱਬ ਨੂੰ ਇਸ ਕੱਪ ਦੀ ਵਧਾਈ ਦਿੱਤੀ। ਸੱਨਿਚਰਵਾਰ ਨੂੰ ਹੋਏ ਮੁਕਾਬਲਿਆਂ ਵਿੱਚ ਬਾਹਮਣੀਆਂ ਨੇ ਨੂਰਮਹਿਲ ਨੂੰ, ਸ਼ੰਕਰ ਨੇ ਬੋਪਾਰਾਏ ਕਲਾਂ ਨੂੰ, ਢੁੱਡੀਕੇ ਨੇ ਫਰੀਦਕੋਟ ਨੂੰ ਅਤੇ ਨੂਰਪੁਰ ਚੱਠਾ ਨੇ ਢੋਲਣ ਨੂੰ ਹਰਾ ਕੇ ਅਗਲੇ ਪੜਾਅ ਵਿੱਚ ਪ੍ਰਵੇਸ਼ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਧਾਨ ਬੂਟਾ ਸਿੰਘ ਕਲਸੀ, ਗੁਰਮੁਖ ਸਿੰਘ ਕੋਟਲਾ, ਮਦਨ ਲਾਲ ਅਰੋੜਾ, ਹਰਦੀਪ ਸਿੰਘ ਬੱਗਾ, ਕਮਲਜੀਤ ਸਿੰਘ ਲਾਲੀ(ਪੀ.ਏ), ਨਿਰਮਲ ਸਿੰਘ ਮੱਲ(ਪੀ.ਏ), ਅੰਮ੍ਰਿਤ ਲਾਲ ਕਾਕਾ, ਪ੍ਰਿੰਸੀਪਲ ਮਨਜੀਤ ਸਿੰਘ, ਸਾਮ ਲਾਲ ਦੌਧਰ ਮੰਡੀ ਸੁਪਰਵਾਈਜ਼ਰ ਸਾਹਕੋਟ, ਅਮਨਦੀਪ ਸਿੰਘ ਟੁਰਨਾ, ਅਮ੍ਰਿਤਲਾਜਪਾਲ ਸਿੰਘ ਕੰਗ, ਗਗਨਦੀਪ ਸਿੰਘ, ਬਖਸੀਸ ਸਿੰਘ ਝੀਤਾ, ਅਮਨਦੀਪ ਸੈਦਪੁਰੀ, ਸਿਮਰਨਦੀਪ ਸਿੰਘ ਸੇਖੇਵਾਲ, ਮਾਸਟਰ ਸੁਰਿੰਦਰ ਕੁਮਾਰ ਵਿੱਗ, ਦਰਸ਼ਨ ਸਿੰਘ ਕੰਨੀਆਂ, ਮਨੋਜ ਅਰੋੜਾ ਪ੍ਰਧਾਨ ਆਮ ਆਦਮੀ ਪਾਰਟੀ (ਸ਼ਹਿਰੀ), ਸੁੱਖਾ ਢੇਸੀ, ਰਾਜਾ ਸੇਖੇਵਾਲ, ਅਨੂਪ ਜੈਨ ਸਾਬਕਾ ਮੈਂਬਰ ਮਾਰਕੀਟ ਕਮੇਟੀ ਸ਼ਾਹਕੋਟ, ਸੇਵਾ ਸਿੰਘ ਝੀਤਾ ਯੂ.ਏ.ਈ, ਬਲਦੇਵ ਸਿੰਘ ਝੀਤਾ, ਮਾਸਟਰ ਵਿਜੇ ਵਿੱਗ, ਆਸ਼ੂ ਗੁਪਤਾ ਆਦਿ ਹਾਜਰ ਸਨ। ਕੈਪਸ਼ਨ- ਖਿਡਾਰੀਆਂ ਨਾਲ ਜਾਣ ਪਹਿਚਾਣ ਕਰਨ ਤੋਂ ਬਾਅਦ ਬਲਕਾਰ ਸਿੰਘ ਚੱਠਾ, ਬੂਟਾ ਸਿੰਘ ਕਲਸੀ ਤੇ ਹੋਰ।

# ਰੋਡ ਟੈਕਸ ਦੇ ਨਾਂਅ 'ਤੇ ਵੱਜਦੈ ਲੋਕਾਂ ਦੀਆਂ ਜੇਬਾਂ 'ਤੇ ਡਾਕਾ, ਸਰਕਾਰਾਂ ਸੁੱਤੀਆਂ: ਸੋਨੂੰ ਜੰਡਿਆਲਾ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਰੋਡ ਟੈਕਸ ਦੇ ਨਾਂ 'ਤੇ ਦੇਸ਼ ਦੇ ਅਨੇਕਾਂ ਲੋਕਾਂ ਦੀਆਂ ਜੇਬਾਂ 'ਤੇ ਡਾਕਾ ਮਾਰ ਰਹੇ ਨੇ ਟੋਲ ਪਲਾਜ਼ੇ ਵਾਲੇ। ਪਰਚੀ ਤੋਂ ਜ਼ਿਆਦਾ ਵਸੂਲਦੇ ਨੇ ਧੱਕੇਸ਼ਾਹੀ ਨਾਲ ਟੈਕਸ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਨੈਸ਼ਨਲ ਕਾਂਗਰਸ ਵਰਕਰਜ਼ ਕਮੇਟੀ ਪੰਜਾਬ ਦੇ ਪ੍ਰਧਾਨ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਨੇ ਦੱਸਿਆ ਕਿ ਜਦੋਂ ਅਸੀਂ ਗੱਡੀ ਨਵੀਂ ਕਢਵਾਉਂਦੇ ਹਾਂ ਤਾਂ ਉਸ ਦਾ ਪੂਰਾ ਰੋਡ ਟੈਕਸ ਸਰਕਾਰ ਨੂੰ ਭਰਦੇ ਹਾਂ ਪਰ ਬੜੇ ਅਫਸੋਸ ਦੀ ਗੱਲ ਹੈ ਕਿ ਸਾਡੇ ਹੀ ਦੇਸ਼ ਦੀਆਂ ਸੜਕਾਂ 'ਤੇ ਚੱਲਣ ਦੇ ਲਈ ਸਾਨੂੰ ਟੋਲ ਪਲਾਜ਼ਾ 'ਤੇ ਫਜ਼ੂਲ ਪੈਸੇ ਦੇਣੇ ਪੈਂਦੇ ਨੇ। ਸੋਨੂੰ ਜੰਡਿਆਲਾ ਨੇ ਦੱਸਿਆ ਕਿ ਸੜਕਾਂ ਬਣਾਉਣਾ ਸਰਕਾਰਾਂ ਦਾ ਕੰਮ ਹੈ। ਸੜਕਾਂ ਬਣਾ ਕੇ ਸਰਕਾਰਾਂ ਕੋਈ ਦੇਸ਼ ਦੀ ਜਨਤਾ 'ਤੇ ਉਪਕਾਰ ਨਹੀਂ ਕਰਦੀਆਂ। ਉਨ੍ਹਾਂ ਦੱਸਿਆ ਕਿ ਟੋਲ ਪਲਾਜ਼ੇ ਵਾਲੇ ਮੁਲਾਜ਼ਮਾਂ ਦੀ ਗੁੰਡਾਗਰਦੀ ਇਸ ਹੱਦ ਤੱਕ ਵਧ ਚੁੱਕੀ ਹੈ ਕਿ ਜੇਕਰ ਕਿਸੇ ਦੇ ਗੱਡੀ ਤੇ ਫਾਸਟੈਗ ਨਹੀਂ ਲੱਗਿਆ ਤਾਂ ਟੋਲ ਪਲਾਜ਼ੇ ਦੀ ਡਬਲ ਕੀਮਤ ਵਾਲੀ ਪਰਚੀ ਲਈ ਜਾਂਦੀ ਹੈ। ਬੜੇ ਅਫਸੋਸ ਦੀ ਗੱਲ ਹੈ ਕਿ ਜੇਕਰ ਕੋਈ ਟੋਲ ਪਲਾਜ਼ੇ ਦੇ ਮੁਲਾਜ਼ਮਾਂ ਨੂੰ ਸਵਾਲ ਕਰਦਾ ਹੈ ਤਾਂ ਟੋਲ ਪਲਾਜ਼ੇ ਦਾ ਗੁੰਡਾ ਮਾਫੀਆ ਪਬਲਿਕ ਦੇ ਗਲ ਪੈ ਕੇ ਧੱਕੇ ਨਾਲ ਪੈਸੇ ਵਸੂਲਦਾ ਹੈ। ਦੇਸ਼ ਦੀਆਂ ਸਰਕਾਰਾਂ ਅਜਿਹੇ ਵਰਤਾਰੇ 'ਤੇ ਸਖਤ ਤੋਂ ਸਖਤ ਕਾਰਵਾਈ ਕਰਨ। ਸੋਨੂੰ ਜੰਡਿਆਲਾ ਨੇ ਦੱਸਿਆ ਕਿ ਲੁਧਿਆਣਾ ਦੇ ਲਾਡੋਵਾਲ ਟੋਲ ਪਲਾਜ਼ੇ 'ਤੇ ਸਭ ਤੋਂ ਜ਼ਿਆਦਾ ਗੁੰਡਾਗਰਦੀ ਹੁੰਦੀ ਹੈ। ਉਨ੍ਹਾਂ ਦੱਸਿਆ ਕਿ ਲੁਧਿਆਣਾ ਹਾਈਵੇ ਦੀਆਂ ਕੋਈ ਵੀ ਸੜਕਾਂ ਢੰਗ ਨਾਲ ਨਹੀਂ ਬਣੀਆਂ ਤੇ ਕਈ ਥਾਵਾਂ 'ਤੇ ਹਾਲੇ ਵੀ ਕੰਮ ਚੱਲ ਰਿਹਾ ਹੈ ਤੇ ਕਈ ਥਾਵਾਂ 'ਤੇ ਰੁਕਿਆ ਹੋਇਆ ਹੈ ਪਰ ਬੜੇ ਅਫਸੋਸ ਦੀ ਗੱਲ ਹੈ ਕਿ ਸਰਕਾਰਾਂ ਤੇ ਪ੍ਰਸ਼ਾਸਨ ਸੁੱਤਾ ਹੋਇਆ, ਕੋਈ ਵੀ ਕਾਰਵਾਈ ਕਰਨ ਦਾ ਨਾਮ ਨਹੀਂ ਲੈ ਰਿਹਾ। ਉਨ੍ਹਾਂ ਲੁਧਿਆਣਾ ਦੇ ਮੈਂਬਰ ਪਾਰਲੀਮੈਂਟ ਰਵਨੀਤ ਸਿੰਘ ਬਿੱਟੂ ਤੋਂ ਮੰਗ ਕੀਤੀ ਕਿ ਉਹ ਇਸ ਮੁੱਦੇ ਨੂੰ ਪਾਰਲੀਮੈਂਟ ਵਿਚ ਚੁੱਕ ਕੇ ਲਾਡੋਵਾਲ ਟੋਲ ਪਲਾਜ਼ਾ ਬੰਦ ਕਰਵਾਉਣ ਤਾਂ ਜੋ ਪੰਜਾਬ ਦੇ ਲੋਕਾਂ ਨੂੰ ਵੀ ਸੁਖ ਦਾ ਸਾਹ ਆ ਸਕੇ। ਇਸ ਮੌਕੇ ਸਰਬਜੀਤ ਸਿੰਘ ਸੋਨੂੰ ਜੰਡਿਆਲਾ ਤੋਂ ਇਲਾਵਾ ਇੰਦਰਜੀਤ ਸਿੰਘ, ਗਗਨਦੀਪ ਸਿੰਘ, ਸੁਰਜੀਤ ਸਿੰਘ, ਗੁਰਤੇਜ ਸਿੰਘ ਬੱਲੇ, ਸ਼ੇਰ ਸਿੰਘ, ਗੁਰਮੁਖ ਸਿੰਘ, ਹਰਜੀਤ ਸਿੰਘ, ਰਾਜੇਸ਼ ਮਲਹੋਤਰਾ, ਅਭਿਸ਼ੇਕ ਅਤੇ ਸੁਖਦੇਵ ਸਿੰਘ ਆਦਿ ਹਾਜ਼ਰ ਸਨ।

# ਅਕਾਲ ਅਕੈਡਮੀ ਤਿੱਬੜ ਵਿਖੇ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਇਆ


## * ਵਿਦਿਆਰਥੀਆਂ ਨੇ ਸਮਾਜਿਕ ਕੁਰੀਤੀਆਂ 'ਤੇ ਚੋਟਾਂ ਕਰਦੀਆਂ ਵੱਖ-ਵੱਖ ਕੋਰੀਓਗਰਾਫੀਆਂ ਦੀ ਕੀਤੀ ਸ਼ਾਨਦਾਰ ਪੇਸ਼ਕਾਰੀ




**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਅਕਾਲ ਅਕੈਡਮੀ ਤਿੱਬੜ ਵਿਖੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾਪੂਰਵਕ ਮਨਾਇਆ ਗਿਆ। ਇਸ ਸਬੰਧੀ ਅਕੈਡਮੀ ਦੇ ਪ੍ਰਿੰਸੀਪਲ ਗੁਰਵਿੰਦਰ ਕੌਰ ਦੇ ਪ੍ਰਬੰਧਾਂ ਵਿੱਚ ਸਮੁੱਚੇ ਸਟਾਫ ਵਲੋਂ ਧਾਰਮਿਕ ਸਮਾਗਮ ਕਰਵਾਇਆ। ਇਸ ਮੌਕੇ ਸ੍ਰੀ ਅਖੰਡ ਸਾਹਿਬ ਦੇ ਪਾਠ ਦੇ ਭੋਗ ਪਾਏ ਜਾਣ ਮਗਰੋਂ ਪੰਜ ਬਾਣੀਆਂ ਦਾ ਪਾਠ ਕੀਤਾ ਗਿਆ। ਇਸ ਦੇ ਬਾਅਦ ਪਿਛਲੇ ਦਿਨਾਂ ਤੋਂ ਚੱਲ ਰਹੇ 6 ਸ੍ਰੀ ਸਹਿਜ ਪਾਠਾਂ ਦੇ ਸੰਪੂਰਨ ਭੋਗ ਪਾਏ ਗਏ। ਸਮਾਗਮ ਦੌਰਾਨ ਅਧਿਆਪਕਾ ਹਰਮੀਤ ਕੌਰ ਨੇ ਸਟੇਜ ਦੀ ਸੇਵਾ ਸੰਭਾਲਦਿਆਂ ਗੁਰੂ ਨਾਨਕ ਦੇਵ ਦੇ ਜੀਵਨ ਸਬੰਧੀ ਕਵਿਤਾ ਪੇਸ਼ ਕੀਤੀ। ਅਕੈਡਮੀ ਦੇ ਵਿਦਿਆਰਥੀ ਜਥਿਆਂ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤ ਨੂੰ ਨਿਹਾਲ ਕੀਤਾ।

ਇਸ ਮੌਕੇ ਬੱਚਿਆਂ ਵੱਲੋਂ ਕਵਿਤਾਵਾਂ, ਭਾਸ਼ਣ, ਕਵੀਸ਼ਰੀਆਂ ਅਤੇ ਸਮਾਜਿਕ ਕੁਰੀਤੀਆਂ 'ਤੇ ਚੋਟਾਂ ਕਰਦੇ ਵੱਖ-ਵੱਖ ਨਾਟਕ ਤੇ ਕੋਰੀਓਗ੍ਰਾਫੀਆਂ ਪੇਸ਼ ਕੀਤੀਆਂ। ਅਕਾਲ ਅਕੈਡਮੀਆਂ ਦੇ ਡਾਇਰੈਕਟਰ ਤੇਜਿੰਦਰਜੀਤ ਸਿੰਘ ਅਤੇ ਜ਼ੋਨ ਦੇ ਸੇਵਾਦਾਰ ਵੀਰ ਹਰਜੀਤ ਸਿੰਘ ਵੀਰ ਨੇ ਗੁਰੂ ਨਾਨਕ ਦੇਵ ਜੀ ਦੇ ਸਿਧਾਂਤਾਂ 'ਤੇ ਚਾਨਣਾ ਪਾਉਂਦਿਆਂ ਬੱਚਿਆਂ ਨੂੰ ਗੁਰਬਾਣੀ ਪੜ੍ਹਨ ਅਤੇ ਗੁਰੂ ਜੀ ਦੀਆਂ ਸਿੱਖਿਆਵਾਂ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਪ੍ਰਿੰਸੀਪਲ ਗੁਰਵਿੰਦਰ ਕੌਰ ਨੇ ਕਿਹਾ ਕਿ ਸਾਨੂੰ ਕੁਦਰਤ ਦੇ ਨਾਲ ਛੇੜਛਾੜ ਨਹੀਂ ਕਰਨੀ ਚਾਹੀਦੀ ਅਤੇ ਸ਼ੁੱਧ ਤੇ ਸਾਫ-ਸੁਥਰਾ ਵਾਤਾਵਰਨ ਬਣਾ ਕੇ ਰੱਖਣ ਚਾਹੀਦਾ ਅਤੇ ਵਧੇਰੇ ਰੁੱਖ ਲਗਾਉਣੇ ਚਾਹੀਦੇ ਹਨ। ਨਿਸ਼ਕਾਮ ਕੀਰਤਨੀ ਜਥਾ ਗੁਰਦਾਸਪੁਰ ਦੇ ਮੁੱਖੀ ਡਾ. ਸ਼ਿਵ ਸਿੰਘ ਨੇ ਸਮਾਜਿਕ ਕੁਰੀਤੀਆਂ ਦੂਰ ਕਰਨ ਲਈ ਪ੍ਰੇਰਿਆ। ਕਲੱਸਟਰ ਤਿੱਬੜ ਦੇ ਇੰਚਾਰਜ ਜਸਬੀਰ ਕੌਰ ਨੇ ਹਾਜ਼ਰ ਸੰਗਤ ਦਾ ਧੰਨਵਾਦ ਕੀਤਾ। ਅਖੀਰ 'ਚ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ ਤੇ ਕੜਾਹ ਪ੍ਰਸ਼ਾਦ ਦੀ ਦੇਗ ਵਰਤਾਉਣ ਉਪਰੰਤ ਗੱਤਕਾ ਕੋਚ ਪਰਦੀਪ ਸਿੰਘ ਸੇਵਕ ਦੀ ਅਗਵਾਈ ਵਿੱਚ ਅਕੈਡਮੀ ਦੇ ਵਿਦਿਆਰਥੀਆਂ ਵੱਲੋਂ ਗਤਕੇ ਦੇ ਆਕਰਸ਼ਕ ਜੌਹਰ ਦਿਖਾਏ ਗਏ। ਉਪਰੰਤ ਗੁਰੂ ਦਾ ਅਤੁੱਟ ਲੰਗਰ ਵਰਤਿਆ। ਸਮਾਗਮ ਵਿੱਚ ਸਕੂਲ ਵਿਦਿਆਰਥੀਆਂ ਦੇ ਮਾਪਿਆਂ ਸਮੇਤ ਇਲਾਕੇ ਦੀਆਂ ਹੋਰ ਮੁੱਖ ਸ਼ਖਸੀਅਤਾਂ ਵੀ ਸ਼ਾਮਲ ਸਨ।

# ਦੰਦਾਂ ਦੀਆਂ ਬਿਮਾਰੀਆਂ ਤੇ ਇਲਾਜ ਸੰਬੰਧੀ ਵਿਦਿਆਰਥੀਆਂ ਨੂੰ ਕੀਤਾ ਜਾਗਰੂਕ



**ਗੁਰਦਾਸਪੁਰ (ਜਨਕ ਮਹਾਜਨ)**-ਸਿਵਲ ਸਰਜਨ ਡਾ. ਹਰਭਜਨ ਸਿੰਘ ਮਾਂਡੀ ਅਤੇ ਡੀ. ਡੀ. ਐੱਚ. ਓ. ਗੁਰਦਾਸਪੁਰ ਡਾ. ਸ਼ੈਲਾ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਹੈਲਥ ਸੈਂਟਰ ਰਣਜੀਤ ਬਾਗ ਵਿਖੇ ਤੈਨਾਤ ਮੈਡੀਕਲ ਅਫਸਰ ਡੈਂਟਲ ਡਾ. ਨਤਾਸ਼ਾ ਅੱਤਰੀ ਦੀ ਅਗਵਾਈ ਹੇਠ ਸਰਕਾਰੀ ਹਾਈ ਸਕੂਲ ਸਾਹੋਵਾਲ ਵਿਖੇ 34ਵੇਂ ਡੈਂਟਲ ਸਿਹਤ ਪੰਦਰਵਾੜੇ ਤਹਿਤ ਸਕੂਲ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਦੰਦਾਂ ਦੀਆਂ ਬੀਮਾਰੀਆਂ ਅਤੇ ਇਲਾਜ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਅਤੇ ਨਾਲ ਹੀ ਵਿਦਿਆਰਥੀਆਂ ਨੂੰ ਤੰਬਾਕੂ ਤੇ ਹੋਰ ਨਸ਼ਿਆਂ ਤੋਂ ਦੂਰ ਰਹਿਣ ਦੀ ਅਪੀਲ ਕੀਤੀ। ਡਾ. ਨਤਾਸ਼ਾ ਨੇ ਪੰਦਰਵਾੜੇ ਤਹਿਤ ਮੁਫਤ ਡੈਂਟਲ ਚੈਕਅੱਪ ਕਰਵਾਉਣ ਅਤੇ ਬਜ਼ੁਰਗਾਂ ਲਈ ਡੈਂਚਰ ਅਤੇ ਇਲਾਜ ਬਾਰੇ ਦੱਸਿਆ ਤੇ ਵਿਦਿਆਰਥੀਆਂ ਨੂੰ ਅਪਣੇ ਦੰਦਾਂ ਅਤੇ ਮੂੰਹ ਪ੍ਰਤੀ ਚੇਤਨ ਕੀਤਾ ਗਿਆ ਕਿ ਵੱਡੀ ਉਮਰ ਵਿਚ ਕਿਧਰੇ ਉਨ੍ਹਾਂ ਨੂੰ ਡੈਂਚਰ ਨਾ ਲਗਾਉਣਾ ਪਵੇ। ਇਸ ਲਈ ਆਪਣੇ ਖੁਦ ਦੇ ਦੰਦ ਹੀ ਸਾਰੀ ਉਮਰ ਸਿਹਤਮੰਤ ਕਿਵੇ ਰੱਖਿਏ, ਬਾਰੇ ਨੁਕਤੇ ਦੱਸੇ। ਇਸ ਮੌਕੇ ਬੀ. ਈ. ਈ. ਸੰਦੀਪ ਕੌਰ ਨੇ ਵੀ ਡੈਂਟਲ ਪੰਦਰਵਾੜੇ ਬਾਰੇ ਜਾਗਰੂਕ ਕੀਤਾ ਅਤੇ ਸਹੀ ਪੋਸ਼ਣ, ਹੱਥਾਂ ਦੀ ਸਫਾਈ ਸਬੰਧੀ ਜਾਣਕਾਰੀ ਦਿੱਤੀ। ਅੰਤ ਵਿਚ ਪ੍ਰਿੰਸੀਪਲ ਮੈਡਮ ਸੀਮਾ ਅਰੋੜਾ ਨੇ ਡਾ. ਨਤਾਸ਼ਾ ਅੱਤਰੀ ਅਤੇ ਉਨ੍ਹਾਂ ਦੀ ਪੂਰੀ ਟੀਮ ਦਾ ਧੰਨਵਾਦ ਕੀਤਾ।

20-Nov Page 12.qxd 11/19/2022 10:41 PM Page 1



# 66ਵੀਂਆਂ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਕ੍ਰਿਕਟ ਹੋਈਆਂ ਸਮਾਪਤ



ਐੱਸ ਏ ਐੱਸ ਨਗਰ ( ਗੁਰਜੀਤ ਬਿੱਲਾ ) - ਸਿੱਖਿਆ ਵਿਭਾਗ ਵੱਲੋਂ ਕਰਵਾਈਆਂ ਜਾ ਰਹੀਆਂ 66ਵੀਂਆਂ ਅੰਤਰ ਜ਼ਿਲ੍ਹਾ ਸਕੂਲ ਖੇਡਾਂ ਕ੍ਰਿਕਟ 17 ਸਾਲਾਂ ਐਸ.ਏ.ਐਸ. ਨਗਰ ਦੇ ਚੱਪੜਚਿੜੀ ਵਿਖੇ ਸਮਾਪਤ ਹੋ ਗਈਆਂ ਹਨ। ਇਨ੍ਹਾਂ ਖੇਡਾਂ ਵਿੱਚ ਹੋਣ ਵਾਲੇ ਕ੍ਰਿਕਟ ਮੁਕਾਬਲਿਆਂ ਦੀ ਸਕੋਰਿੰਗ ਆਨਲਾਇਨ ਕੀਤੀ ਗਈ ਸੀ ਅਤੇ ਪ੍ਰਦਾਰਸ਼ੀ ਢੰਗ ਨਾਲ ਇਸ ਟੂਰਨਾਮੈਂਟ ਨੂੰ ਨੇਪਰੇ ਚਾੜ੍ਹਿਆ ਗਿਆ। ਇਸ ਟੂਰਨਾਮੈਂਟ ਵਿੱਚ ਇਨਾਮਾਂ ਦੀ ਵੰਡ ਜ਼ਿਲ੍ਹਾ ਸਿੱਖਿਆ ਅਫਸਰ, ਬਲਜਿੰਦਰ ਸਿੰਘ ਵੱਲੋਂ ਕੀਤੀ ਗਈ। ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਸਿੱਖਿਆ ਅਫਸਰ ਬਲਜਿੰਦਰ ਸਿੰਘ [illegible] ਹੌਸਲਾ ਅਫਜ਼ਾਈ ਕਰਦਿਆਂ ਕਿਹਾ ਕਿ ਸਰੀਰ ਨੂੰ ਤੰਦਰੁਸਤ ਰੱਖਣ ਲਈ ਖੇਡਾਂ ਵਿਚ ਵੱਧ ਤੋਂ ਵੱਧ ਭਾਗ ਲੈਣਾ ਚਾਹੀਦਾ ਹੈ। ਇਸ ਤੋਂ ਇਕ ਦਿਨ ਪਹਿਲਾਂ ਡਿਪਟੀ ਡਾਇਰੈਕਟਰ ਸਪੋਰਟਸ ਸੁਨੀਲ ਕੁਮਾਰ, ਜ਼ਿਲ੍ਹਾ ਸਿੱਖਿਆ ਅਫਸਰ ਬਲਜਿੰਦਰ ਸਿੰਘ ਨੇ ਚੱਪੜਚਿੜੀ ਵਿਖੇ ਬਣਾਈ ਮੈਸ ਦਾ ਨਿਰੀਖਣ ਵੀ ਕੀਤਾ ਅਤੇ ਉਨ੍ਹਾਂ ਨੇ ਟੂਰਨਾਮੈਂਟ ਕਮੇਟੀ ਦੀ ਇਸ ਉਪਰਾਲੇ ਦੀ ਭਰੀ ਸਲਾਘਾ ਕੀਤੀ ਅਤੇ ਪੰਜਾਬ ਦੇ ਜਿੰਨੇ ਵੀ ਖਿਡਾਰੀ ਅਤੇ ਕੋਚ ਆਏ ਸਨ, ਉਨ੍ਹਾਂ ਨੇ ਵੀ ਇਸ ਪ੍ਰਬੰਧ ਵਧੀਆ ਦੱਸਿਆ। ਟੂਰਨਾਮੈਂਟ ਦੇ ਮੀਡੀਆ ਇੰਚਾਰਜ ਅਧਿਆਪਕ ਪ੍ਰਕਾਸ਼ ਤ੍ਰਿਪੁੜ ਨੇ ਦੱਸਿਆ ਕਿ ਕ੍ਰਿਕਟ 17 ਸਾਲਾਂ ਦੇ ਮੈਚ ਵਿੱਚ ਪਟਿਆਲਾ ਜ਼ਿਲ੍ਹਾ ਪਹਿਲੇ ਸਥਾਨ ਤੇ, ਐਸ.ਏ.ਐਸ. ਨਗਰ ਮੋਹਾਲੀ ਦੂਜੇ ਸਥਾਨ ਤੇ, ਤੀਜੇ ਸਥਾਨ ਤੇ ਸ਼੍ਰੀ ਮੁਕਤਸਰ ਅਤੇ ਚੌਥੇ ਤੇ [illegible] ਰਹੇ। ਇਹ ਟੂਰਨਾਮੈਂਟ ਨੂੰ ਨੇਪਰੇ ਚਾੜ੍ਹਨ ਵਿੱਚ [illegible] ਸਿੰਘ,ਅਮਨਪ੍ਰੀਤ ਕੌਰ, ਵੀਨਾ ਕੁਮਾਰੀ, ਹਰਪ੍ਰੀਤ ਕੌਰ, ਨਵਦੀਪ ਚੌਧਰੀ, ਰਾਜਵੀਰ ਕੌਰ, ਨੀਰਜ਼, ਸ਼ਰਨਜੀਤ ਕੌਰ,ਕ੍ਰਿਸ਼ਨ ਕੁਮਾਰ ਮਹਿਤਾ, ਸੰਦੀਪ ਸਿੰਘ, ਗੁਰਵਿੰਦਰ ਸਿੰਘ, ਗੁਰਮੀਤ ਸਿੰਘ, ਸਤਨਾਮ ਸਿੰਘ,ਦਵਿੰਦਰ ਸਿੰਘ, ਸੁਰਿੰਦਰ ਸਿੰਘ, ਮੀਨਾ ਕੁਮਾਰੀ, ਤਰਵਿੰਦਰ ਸੰਧੂ ਨੇ ਸਹਿਯੋਗ ਦਿੱਤਾ।

## ਸੀ ਟੀ ਗਰੁੱਪ ਆਫ ਇੰਸਟੀਚਿਊਟ ਨਾਰਥ ਕੈਂਪਸ 'ਚ ਖੂਨਦਾਨ ਕੈਂਪ



ਜਲੰਧਰ (ਸ਼ੈਲੀ ਐਲਬਰਟ)- ਸੀਟੀ ਗਰੁੱਪ ਆਫ ਇੰਸਟੀਚਿਊਸ਼ਨ ਨਾਰਥ ਕੈਂਪਸ ਮਕਸੂਦਾਂ ਵਿਖੇ ਕੂਬੀ ਹਸਪਤਾਲ ਅਤੇ ਦਿਸ਼ਾ ਦੀਪ ਐਨਜੀਓ ਜਲੰਧਰ ਦੀ ਅਗਵਾਈ ਅਤੇ ਦੇਖ-ਰੇਖ ਹੇਠ ਖੂਨਦਾਨ ਕੈਂਪ ਲਗਾਇਆ ਗਿਆ। ਕੈਂਪ ਦੌਰਾਨ 50 ਵਿਦਿਆਰਥੀਆਂ ਨੇ ਖੂਨਦਾਨ ਕੀਤਾ।ਕੈਂਪ ਲਈ ਕੂਬੀ ਹਸਪਤਾਲ ਅਤੇ ਦਿਸ਼ਾ ਦੀਪ ਐਨਜੀਓ ਜਲੰਧਰ ਦੇ ਡਾਕਟਰਾਂ ਅਤੇ ਟੈਕਨੀਸ਼ੀਅਨਾਂ ਸਮੇਤ 10 ਟੀਮ ਮੈਂਬਰਾਂ ਨੇ ਪ੍ਰਭਾਵਸ਼ਾਲੀ ਯੋਗਦਾਨ ਦਿੱਤਾ। ਇਸ ਦੌਰਾਨ ਵਿਦਿਆਰਥੀਆਂ ਨੂੰ ਸਮਾਜ ਹਿੱਤ ਵਿੱਚ ਖੂਨਦਾਨ ਦੀ ਮਹੱਤਤਾ ਬਾਰੇ ਦੱਸਿਆ ਗਿਆ। ਨੋਰਥ ਕੈਂਪਸ ਮਕਸੂਦਾਂ ਦੇ ਡਾਇਰੈਕਟਰ ਡਾ. [illegible] ਨੇ ਕਿਹਾ ਅਸੀਂ ਆਪਣੇ ਵਿਦਿਆਰਥੀਆਂ ਵਿੱਚ ਸਮਾਜਿਕ ਸੰਵੇਦਨਸ਼ੀਲਤਾ ਵਿਕਸਿਤ ਕਰਨ ਅਤੇ ਉਨ੍ਹਾਂ ਨੂੰ ਦੇਸ਼ ਦੇ ਨੌਜਵਾਨਾਂ ਵਿੱਚ ਖੂਨਦਾਨ ਮੁਹਿੰਮ ਦੀ ਲੋੜ ਪ੍ਰਤੀ ਸੰਵੇਦਨਸ਼ੀਲ ਬਣਾਉਣ ਵਿੱਚ ਵਿਸ਼ਵਾਸ ਰੱਖਦੇ ਹਾਂ। ਇਹ ਯਕੀਨੀ ਤੌਰ 'ਤੇ ਭਾਰਤ ਵਿੱਚ ਖੂਨ ਦੀ ਕਮੀ ਦੀ ਸਮੱਸਿਆ ਨੂੰ ਹੱਲ ਕਰਨ ਦਾ ਇੱਕ ਵਧੀਆ ਤਰੀਕਾ ਹੈ।ਸੀਟੀ ਗਰੁੱਪ ਦੇ ਮੈਨੇਜਿੰਗ ਡਾਇਰੈਕਟਰ ਡਾ.ਮਨਬੀਰ ਸਿੰਘ ਨੇ ਖੂਨਦਾਨ ਦੀ ਮਹੱਤਤਾ ਬਾਰੇ ਚਾਨਣਾ ਪਾਇਆ ਜੋ ਹਜ਼ਾਰਾਂ ਜਾਨਾਂ ਬਚਾਉਣ ਵਿੱਚ ਸਹਾਈ ਹੋ ਸਕਦਾ ਹੈ।। ਉਨ੍ਹਾਂ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਕਿ ਉਹ ਅੱਗੇ ਆਉਣ ਅਤੇ ਦੂਜਿਆਂ ਦੀ ਜਾਨ ਬਚਾਉਣ ਲਈ ਖੂਨਦਾਨ ਕਰਨ।।

# ਧਰਤੀ 'ਤੇ ਜੰਮੇ ਸਾਰੇ ਯੋਧਿਆਂ ਨੂੰ ਮਾਂ-ਬੋਲੀ ਪੰਜਾਬੀ 'ਤੇ ਮਾਣ : ਸੀਚੇਵਾਲ



ਸੁਲਤਾਨਪੁਰ ਲੋਧੀ, ( ਬਲਵਿੰਦਰ ਸਿੰਘ ਧਾਲੀਵਾਲ ) ਪੰਜਾਬ ਸਰਕਾਰ ਵਲੋਂ ਮਾਂ ਬੋਲੀ ਪੰਜਾਬੀ ਦੇ ਪ੍ਰਚਾਰ ਅਤੇ ਪ੍ਰਸਾਰ ਸੰਬੰਧੀ ਪੂਰਾ ਨਵੰਬਰ ਮਹੀਨਾ ਸਾਹਿਤਕ ਸਮਾਗਮ ਉਲੀਕੇ ਗਏ ਹਨ, ਜਿਸ ਤਹਿਤ ਅੱਜ ਜ਼ਿਲ੍ਹੇ ਵਿਚ ਰਾਜ ਪੱਧਰੀ ਕਵੀ ਦਰਬਾਰ ਬੇਬੇ ਨਾਨਕੀ ਯੂਨੀਵਰਸਿਟੀ ਕਾਲਜ, ਮਿੱਠੜਾ (ਸੁਲਤਾਨਪੁਰ ਲੋਧੀ) ਵਿਖੇ ਕਰਵਾਇਆ ਗਿਆ। ਜਿਸ ਵਿਚ ਸੰਤ ਬਲਬੀਰ ਸਿੰਘ ਸੀਚੇਵਾਲ, ਮੈਂਬਰ ਰਾਜ ਸਭਾ, ਵਾਤਾਵਰਣ ਪ੍ਰੇਮੀ ਵੱਲੋਂ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ। ਇਸ ਮੌਕੇ ਉਨ੍ਹਾਂ ਨਾਲ ਐਸ.ਡੀ.ਐਮ ਸ੍ਰੀ ਲਾਲ ਵਿਸ਼ਵਾਸ ਬੈਂਸ ਵੀ ਹਾਜ਼ਰ ਸਨ। ਇਸ ਮੌਕੇ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਹਾਜ਼ਰ ਲੋਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬੀ ਸਾਡੇ ਗੁਰੂਆਂ-ਪੀਰਾਂ ਦੀ ਬੋਲੀ ਹੈ।ਉਨ੍ਹਾਂ ਕਿਹਾ ਕਿ ਇਸ ਧਰਤੀ 'ਤੇ ਜੰਮੇ ਸਾਰੇ ਯੋਧਿਆਂ ਨੂੰ ਆਪਣੀ ਪੰਜਾਬੀ ਮਾਂ ਬੋਲੀ 'ਤੇ ਮਾਣ ਹੈ। ਉਨ੍ਹਾਂ ਕਿਹਾ ਕਿ ਮਾਂ ਬੋਲੀ ਪੰਜਾਬੀ ਵਿਚ ਹੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਹੋਈ ਹੈ [illegible] ਗੁਰਬਾਣੀ ਦਾ ਉਚਾਰਨ ਸ਼ੁਰੂ ਹੋ ਜਾਂਦਾ ਹੈ। ਉਨ੍ਹਾਂ ਕਿਹਾ ਕਿ ਜਿਸ ਤਰ੍ਹਾਂ ਮਾਂ ਦਾ ਦੂਜਾ ਕੋਈ ਬਦਲ ਨਹੀਂ ਹੋ ਸਕਦਾ ਉਸੇ ਤਰ੍ਹਾਂ ਮਾਂ ਬੋਲੀ ਦੀ ਥਾਂ ਵੀ ਕੋਈ ਹੋਰ ਬੋਲੀ ਨਹੀਂ ਲੈ ਸਕਦੀ। ਉਨ੍ਹਾਂ ਕਿਹਾ ਕਿ ਭਾਸ਼ਾ ਸਾਡੀ ਪਹਿਚਾਣ ਹੈ [illegible] ਅਸੀਂ ਹੋਰ ਵੀ ਬਹੁਤ ਸਾਰੀਆਂ ਭਾਸ਼ਾਵਾਂ ਦਾ ਗਿਆਨ ਹਾਸਲ ਕਰਨ ਦੇ ਯੋਗ ਬਣ ਸਕਦੇ ਹਾਂ। ਇਸ ਮੌਕੇ ਐਸ.ਡੀ.ਐਮ ਕਪੂਰਥਲਾ ਸ੍ਰੀ ਲਾਲ ਵਿਸ਼ਵਾਸ ਬੈਂਸ ਨੇ ਹਾਜ਼ਰ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਮਾਂ ਬੋਲੀ ਪੰਜਾਬੀ ਦੇ ਪ੍ਰਸਾਰ ਅਤੇ ਪ੍ਰਚਾਰ ਸੰਬੰਧੀ ਲੋਕਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ ਤਾਂ ਜੋ ਮਾਂ ਬੋਲੀ ਪੰਜਾਬੀ ਨੂੰ ਦੁਨੀਆ ਦੇ ਨਕਸ਼ੇ 'ਤੇ ਪਹੁੰਚਾਇਆ ਜਾ ਸਕੇ। ਇਸ ਮੌਕੇ ਯੂਨੀਵਰਸਿਟੀ ਕਾਲਜ, ਮਿੱਠੜਾ ਦੇ ਪ੍ਰਿੰਸੀਪਲ ਡਾ. ਦਲਜੀਤ ਸਿੰਘ ਖਹਿਰਾ , ਰਾਜ ਪੱਧਰੀ ਕਵੀ ਦਰਬਾਰ [illegible] ਡਾ. ਲਖਵਿੰਦਰ ਸਿੰਘ ਜੌਹਲ, [illegible] ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ, ਡਾ. ਵੀਰ ਪਾਲ ਕੌਰ, ਸਹਾਇਕ ਡਾਇਰੈਕਟਰ ਸਤਨਾਮ ਸਿੰਘ ਅਤੇ ਹਰਭਜਨ ਕੌਰ, ਸਹਾਇਕ ਡਾਇਰੈਕਟਰ ਭਾਸ਼ਾ ਵਿਭਾਗ, ਪੰਜਾਬ ਵੱਲੋਂ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ ਨੂੰ [illegible] ਸਨਮਾਨਤ ਕੀਤਾ ਗਿਆ। ਜ਼ਿਲ੍ਹਾ ਭਾਸ਼ਾ ਅਫਸਰ ਜਸਪ੍ਰੀਤ ਕੌਰ ਨੇ ਦੱਸਿਆ ਕਿ ਕਵੀ ਦਰਬਾਰ ਸਮਾਗਮ ਵਿੱਚ ਮਾਂ ਬੋਲੀ ਪੰਜਾਬੀ ਦੇ ਪ੍ਰਚਾਰ ਅਤੇ ਪ੍ਰਸਾਰ ਸੰਬੰਧੀ ਆਏ ਹੋਏ ਕਵੀਆਂ [illegible] ਆਪਣੇ-ਆਪਣੇ ਵਿਚਾਰ ਸਾਂਝੇ ਕੀਤੇ ਗਏ। ਉਨ੍ਹਾਂ ਦੱਸਿਆ ਕਿ ਭਾਸ਼ਾ ਵਿਭਾਗ ਵੱਲੋਂ ਪੁਸਤਕ ਪ੍ਰਦਰਸ਼ਨੀ ਵੀ ਲਗਾਈ ਹੈ ਤਾਂ ਜੋ ਆਉਣ ਵਾਲੇ ਲੋਕ ਅਤੇ ਵਿਦਿਆਰਥੀ ਮਾਂ ਬੋਲੀ ਪੰਜਾਬੀ ਦੇ ਵਿਚ [illegible] ਇਸ ਮੌਕੇ [illegible] ਸਨਮਾਨਤ ਵੀ ਕੀਤਾ ਗਿਆ। [illegible]

# ਪੰਜਾਬ ਸਟੇਟ ਜੂਨੀਅਰ ਬੈਡਮਿੰਟਨ ਚੈਂਪੀਅਨਸ਼ਿਪ 'ਚ ਜਲੰਧਰ ਬਣਿਆ ਚੈਂਪੀਅਨ



ਜਲੰਧਰ (ਨ ਜ਼ ਸ)- ਰਾਏਜਾਦਾ ਹੰਸਰਾਜ ਸਟੇਡੀਅਮ ਵਿਖੇ ਚਲ ਰਹੀ ਪੰਜਾਬ ਸਟੇਟ ਜੂਨੀਅਰ ਅਤੇ ਇੰਟਰ ਡਿਸਟ੍ਰਿਕ ਬੈਡਮਿੰਟਨ ਚੈਂਪੀਅਨਸ਼ਿਪ 2022 (ਅੰਡਰ 19) ਦੇ ਦੂਜੇ ਦਿਨ ਸ਼ੁੱਕਰਵਾਰ ਨੂੰ ਟੀਮ ਈਵੈਂਟ ਦੇ ਫਾਈਨਲ ਮੁਕਾਬਲੇ ਹੋਏ। ਫਾਈਨਲ 'ਚ ਜਲੰਧਰ ਨੇ ਗੁਰਦਾਸਪੁਰ ਨੂੰ 3-2 ਨਾਲ ਹਰਾ ਕੇ ਚੈਂਪੀਅਨ ਦਾ ਖਿਤਾਬ ਜਿੱਤਿਆ। ਸ਼ੁੱਕਰਵਾਰ ਨੂੰ ਹੋਏ ਟੀਮ ਈਵੈਂਟ ਦੇ ਮੁਕਾਬਲਿਆਂ ਦੇ ਸਿੰਗਲ ਵਰਗ (ਲੜਕੇ) ਵਿੱਚ ਗੁਰਦਾਸਪੁਰ ਦੇ ਇਸ਼ਾਨ ਨੇ ਜਲੰਧਰ ਦੇ ਦਿਵਿਅਮ ਨੂੰ 16-21, 24-22, 21-18 ਨਾਲ ਹਰਾਇਆ। ਇਸੇ ਤਰ੍ਹਾਂ ਲੜਕੀਆਂ ਦੇ ਸਿੰਗਲ ਵਰਗ ਵਿੱਚ ਜਲੰਧਰ ਦੀ ਸਮਰਿਧੀ ਨੇ ਕਾਸ਼ੀ ਨੂੰ 21-15, 21-16 ਨਾਲ ਮਾਤ ਦਿੱਤੀ। ਲੜਕਿਆਂ ਦੇ ਡਬਲ ਮੁਕਾਬਲਿਆਂ 'ਚ ਅਰਸ਼ਿਤ ਅਤੇ ਸਵਾਨਿਕ ਦੀ ਜੋੜੀ ਨੇ ਜਲੰਧਰ ਦੇ ਅੰਕਿਤ ਅਤੇ ਮ੍ਰਿਦੂਲ 21-13, 21-14 ਨਾਲ ਹਰਾਇਆ। ਲੜਕੀਆਂ ਦੇ ਡਬਲਜ਼ ਮੁਕਾਬਲਿਆਂ 'ਚ ਜਲੰਧਰ ਦੀ ਮਾਨਯਾ ਅਤੇ ਲੀਜਾ ਦੀ ਜੋੜੀ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦੇ ਹੋਏ ਗੁਰਦਾਸਪੁਰ ਦੀ ਤਨਿਸ਼ਕਾ ਅਤੇ ਕਾਸ਼ੀ ਨੂੰ 21-3, 21-3 ਨਾਲ ਹਰਾਇਆ। ਇਸੇ ਤਰ੍ਹਾਂ ਮਿਕਸਡ ਮੁਕਾਬਲਿਆਂ 'ਚ ਜਲੰਧਰ ਦੇ ਅੰਕਿਤ ਅਤੇ ਮਾਨਯਾ ਨੇ ਗੁਰਦਾਸਪੁਰ ਦੇ ਅਕਸ਼ਿਤ ਅਤੇ ਅੰਜਲੀ ਦੀ ਜੋੜੀ ਨੂੰ 21-14, 21-23, 23-21 ਨਾਲ ਮਾਤ ਦਿੱਤੀ। ਇਸ ਤਰ੍ਹਾਂ ਗੁਰਦਾਸਪੁਰ ਨੂੰ 3-2 ਨਾਲ ਹਰਾ ਕੇ ਜਲੰਧਰ ਚੈਂਪੀਅਨ ਬਣਿਆ।

# ਆਂਗਣਵਾੜੀ ਸੈਂਟਰਾਂ 'ਚ 'ਦਾਦਾ-ਦਾਦੀ, ਨਾਨਾ-ਨਾਨੀ ਦਿਵਸ' ਮਨਾਇਆ



ਐਸ.ਏ.ਐਸ.ਨਗਰ, (ਗੁਰਜੀਤ ਬਿੱਲਾ)- ਮੋਹਾਲੀ ਜ਼ਿਲ੍ਹੇ ਦੇ ਸਾਰੇ ਆਂਗਣਵਾੜੀ ਸੈਂਟਰਾਂ ਵਿਚ "ਉਡਾਰੀਆਂ- ਬਾਲ ਵਿਕਾਲ ਮੇਲਾ" ਜੋ ਕਿ ਡਾਇਰੈਕਟਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵਲੋਂ ਜਾਰੀ ਹਦਾਇਤਾਂ ਅਤੇ ਮੇਰਾਕੀ ਸੰਸਥਾ ਦੇ ਸਹਿਯੋਗ ਨਾਲ ਪੰਜਾਬ ਭਰ ਵਿਚ ਮਨਾਇਆ ਜਾ ਰਿਹਾ ਹੈ, ਜਿਸ ਦਾ ਨਾਰਾ ਹੈ "ਹਰ ਮਾਪੇ, ਹਰ ਗਲੀ, ਹਰ ਪਿੰਡ ਦੀ ਇਕੋ ਆਵਾਜ, ਹਰ ਬੱਚੇ ਦਾ ਹੋਵੇ ਸੰਪੂਰਨ ਵਿਕਾਸ"। ਇਸ ਬਾਲ ਵਿਕਾਸ ਮੇਲੇ ਦੇ ਤਹਿਤ ਆਂਗਣਵਾੜੀ ਸੈਂਟਰਾਂ ਵਿਚ "ਦਾਦਾ-ਦਾਦੀ, ਨਾਨਾ-ਨਾਨੀ ਦਿਵਸ" ਦੇ ਤੌਰ 'ਤੇ ਮਨਾਇਆ ਗਿਆ। ਵਧੇਰੇ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਪ੍ਰੋਗਰਾਮ ਅਫਸਰ ਸੁਖਦੀਪ ਸਿੰਘ ਅਤੇ ਜ਼ਿਲ੍ਹਾ ਕੋਆਰਡੀਨੇਟਰ (ਪੋਸ਼ਣ ) ਹਰਦੀਪਮ ਨੇ ਦਸਿਆ ਕਿ ਇਸ ਦਿਨ ਨੂੰ ਮਨਾਉਣ ਦਾ ਮਕਸਦ ਵੱਖ- ਵੱਖ ਗਤੀਵਿਧੀਆਂ ਰਾਹੀਂ ਦਾਦਾ-ਦਾਦੀ, ਨਾਨਾ-ਨਾਨੀ ਦਾ ਬੱਚਿਆਂ ਨਾਲ ਰਿਸ਼ਤੇ ਨੂੰ ਮਜਬੂਤ ਕਰਨਾ ਹੈ। ਇਸ ਦਿਨ ਨੂੰ ਮਨਾਉਂਦੇ ਹੋਏ ਆਂਗਣਵਾੜੀ ਸੈਂਟਰਾਂ ਵਿਚ ਦਾਦਾ-ਦਾਦੀ, ਨਾਨਾ-ਨਾਨੀ ਵਲੋਂ ਬੱਚਿਆਂ ਨਾਲ ਖੇਡਾਂ ਖੇਡੀਆਂ, ਕਹਾਣੀਆਂ ਸੁਣਾਈਆਂ ਅਤੇ ਕਲੇਅ/ਮਿੱਟੀ/ਆਟੇ ਦੇ ਖਿਡੌਣੇ ਬਣਾਏ ਗਏ ਅਤੇ ਦਾਦਾ-ਦਾਦੀ, ਨਾਨਾ-ਨਾਨੀ ਵਲੋਂ ਬੱਚਿਆਂ ਦੇ ਸਹੀ ਪਾਲਣ ਪੋਸ਼ਣ ਸਬੰਧੀ ਆਪਣੇ ਤਜਰਬੇ ਵੀ ਸਾਂਝੇ ਕੀਤੇ ਗਏ। ਇਸ ਦੌਰਾਨ ਜ਼ਿਲ੍ਹੇ ਅਧੀਨ ਬਲਾਕ ਡੇਰਾਬੱਸੀ ਦੇ ਸਰਕਾਰੀ ਐਲੀਮੈਂਟਰੀ ਸਕੂਲ ਲਾਲੜੂ, ਮਾਜਰੀ ਦੇ ਪਿੰਡ ਮਾਜਰੀ ਦੇ ਆਂਗਣਵਾੜੀ ਸੈਂਟਰ, ਖਰੜ-1 ਦੇ ਪਿੰਡ ਨੱਗਲ ਫੈਜਗੜ੍ਹ ਦੇ ਆਂਗਣਵਾੜੀ ਸੈਂਟਰ ਅਤੇ ਖਰੜ-2 ਦੇ ਆਂਗਣਵਾੜੀ ਸੈਂਟਰ ਝੁਰਹੇੜੀ ਵਿਖੇ ਬਲਾਕ ਪੱਧਰ 'ਤੇ "ਦਾਦਾ-ਦਾਦੀ, ਨਾਨਾ-ਨਾਨੀ ਦਿਵਸ" ਦਾ ਆਯੋਜਨ ਕੀਤਾ ਗਿਆ। ਜਿਸ ਦੌਰਾਨ ਪਿੰਡ ਨੱਗਲ ਫੈਜਗੜ੍ਹ ਦੇ ਆਂਗਣਵਾੜੀ ਸੈਂਟਰ ਵਿਖੇ ਡਾਇਰੈਕਟਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਦੇ ਨੁਮਾਇੰਦੇ ਸ਼੍ਰੀਮਤੀ ਪ੍ਰਿੰਅਕਾ ਮਹਾਜਨ ਕੰਨਸਲਟੈਂਟ, ਤਜਿੰਦਰ ਸਿੰਘ ਪ੍ਰੋਜੈਕਟ ਐਸੋਸੀਏਟ ਵਲੋਂ ਖਾਸ ਤੌਰ 'ਤੇ ਸ਼ਿਰਕਤ ਕੀਤੀ ਗਈ। ਇਸ ਤੋਂ ਇਲਾਵਾ ਇਸ ਮੌਕੇ ਦਫਤਰ ਜਿਲ੍ਹਾ ਪ੍ਰੋਗਰਾਮ ਅਫਸਰ ਤੋਂ ਹਰਦੀਪਮ ਜ਼ਿਲ੍ਹਾ ਕੋਆਰਡੀਨੇਟਰ-ਪੋਸ਼ਣ ਵੀ ਮੌਜੂਦ ਰਹੇ। ਉਹਨਾਂ ਵਲੋਂ ਦੱਸਿਆ ਗਿਆ ਕਿ ਇਕ ਬੱਚੇ ਦੇ ਤੰਦਰੁਸਤ ਪਾਲਣ ਪੋਸ਼ਣ ਲਈ ਘਰ ਦੇ ਬਜ਼ੁਰਗਾਂ ਦਾ ਵਿਸ਼ੇਸ਼ ਯੋਗਦਾਨ ਹੈ ਜੋ ਕਿ ਬੱਚੇ ਦੇ ਸਰਵਪੱਖੀ ਵਿਕਾਸ ਲਈ ਬਹੁਤ ਲਾਹੇਵੰਦ ਸਾਬਿਤ ਹੁੰਦਾ ਹੈ। ਇਸ ਦੇ ਨਾਲ ਹੀ ਆਂਗਣਵਾੜੀ ਵਰਕਰਾਂ ਵਲੋਂ ਮਿਤੀ 19.11.2022 ਨੂੰ ਬਾਲ ਵਿਕਾਸ ਮੇਲੇ ਤਹਿਤ ਮਨਾਏ ਜਾਣ ਵਾਲੇ "ਬਾਲ ਸਰਪੰਚ ਦਿਵਸ" ਵਿਚ ਭਾਗ ਲੈਣ ਲਈ ਬੱਚਿਆ ਦੇ ਦਾਦਾ-ਦਾਦੀ/ ਨਾਨਾ-ਨਾਨੀ, ਮਾਪਿਆਂ ਅਤੇ ਪਿੰਡ ਦੇ ਪੰਚਾਇਤ ਮੈਂਬਰਾਂ ਨੂੰ ਸੱਦੇ ਪੱਤਰ ਵੀ ਵੰਡੇ ਗਏ। ਹੋਰ ਜਾਣਕਾਰੀ ਦਿੰਦੇ ਹੋਏ ਸੀ.ਡੀ.ਪੀ.ਉ ਗੁਰਸਿਮਰਨ ਕੌਰ ਨੇ ਦੱਸਿਆ ਕਿ ਸੀ.ਡੀ.ਪੀ.ਉ ਦਫਤਰ ਖਰੜ-2 ਦੇ ਸਮੂਹ ਸੁਪਰਵਾਇਜਰਾਂ ਤੇ ਆਂਗਣਵਾੜੀ ਵਰਕਰਾਂ ਵਲੋਂ ਦਾਦਾ- ਦਾਦੀ, ਨਾਨਾ- ਨਾਨੀ ਦਿਵਸ ਮਨਾਇਆ ਗਿਆ। ਇਸ ਮੇਲੇ ਦਾ ਮਕਸਦ ਸਰਕਾਰ, ਸਮਾਜ, ਰਿਸ਼ਤੇਦਾਰ ਅਤੇ ਮਾਤਾ ਪਿਤਾ ਨੂੰ ਬੱਚਿਆ ਦੇ ਸੰਪੂਰਨ ਵਿਕਾਸ ਵਿਚ ਸ਼ਾਮਿਲ ਕਰਨਾ ਹੈ ਕਿਉਂਕਿ ਬੱਚੇ ਦੇ ਪਾਲਣ ਪੋਸ਼ਣ ਵਿਚ ਮਾਤਾ-ਪਿਤਾ ਦੀ ਹੀ ਨਹੀਂ ਸਗੋਂ ਪੂਰੇ ਸਮਾਜ ਦੀ ਲੋੜ ਹੁੰਦੀ ਹੈ।

## ਕੰਪਿਊਟਰ ਅਧਿਆਪਕਾਂ ਨੂੰ ਹੋਰ ਕਿੰਨੇ ਵਰ੍ਹਿਆਂ ਦਾ ਕੱਟਣਾ ਪਵੇਗਾ ਬਨਵਾਸ : ਅਜਨੋਹਾ



ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ) ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਬਲਾਕ ਕੋਟ ਫਤੂਹੀ ਦੀ ਇੱਕ ਅਹਿਮ ਮੀਟਿੰਗ ਬਲਾਕ ਕੰਨਵੀਨਰ ਨਰਿੰਦਰ ਅਜਨੋਹਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦਾ ਮੁੱਖ ਏਜੰਡਾ "ਕੰਪਿਊਟਰ ਅਧਿਆਪਕਾਂ ਪ੍ਰਤੀ ਸਰਕਾਰ ਦੀ ਬੇਰੁਖੀ" 'ਤੇ ਚਰਚਾ ਕੀਤੀ ਗਈ। ਆਪ ਸਰਕਾਰ ਅਤੇ ਸਿੱਖਿਆ ਮੰਤਰੀ ਵਲੋਂ ਸਮੇਂ ਸਮੇਂ 'ਤੇ ਕੰਪਿਊਟਰ ਅਧਿਆਪਕਾਂ ਨੂੰ ਪੱਕਿਆਂ ਕਰਨ ਦਾ ਲੌਲੀਪਾਪ ਦਿਖਾ ਕੇ ਉਨ੍ਹਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕੀਤਾ ਜਾ ਰਿਹਾ ਹੈ।ਮੀਟਿੰਗ ਵਿੱਚ ਕੰਪਿਊਟਰ ਅਧਿਆਪਕ ਅਮਨਜੀਤ ਕੌਰ ਅਤੇ ਦੀਪਕ ਕੁਮਾਰ ਵਲੋਂ ਸਰਕਾਰ ਦੀ ਵਾਅਦਾ ਖਿਲਾਫੀ ਦੀ ਅਲੋਚਨਾ ਕੀਤੀ ਗਈ। ਅਧਿਆਪਕ ਆਗੂਆਂ ਵਲੋਂ ਸਰਕਾਰ ਕੋਲੋਂ ਮੰਗ ਕੀਤੀ ਗਈ ਕਿ ਜਲਦੀ ਤੋਂ ਜਲਦੀ ਕੰਪਿਊਟਰ ਅਧਿਆਪਕਾਂ ਨੂੰ ਬਿਨਾਂ ਸ਼ਰਤ ਸਿੱਖਿਆ ਮਹਿਕਮੇ ਵਿੱਚ ਸ਼ਾਮਿਲ ਕੀਤਾ ਜਾਵੇ। ਜੇਕਰ ਸਰਕਾਰ ਅਜਿਹਾ ਨਹੀਂ ਕਰਦੀ ਤਾਂ ਕੰਪਿਊਟਰ ਅਧਿਆਪਕਾਂ ਨੂੰ ਪੱਕੇ ਕਰਵਾਉਣ ਲਈ ਭਰਾਤਰੀ ਜੱਥੇਬੰਦੀਆਂ ਦੇ ਸਹਿਯੋਗ ਨਾਲ ਸਰਕਾਰ ਦੀ ਪੋਲ ਜਨਤਾ ਵਿੱਚ ਖੋਲੀ ਜਾਵੇਗੀ। ਇਸ ਮੌਕੇ ਅਧਿਆਪਕਾਂ ਵਲੋਂ ਸਰਕਾਰ ਵਿਰੁੱਧ ਜਬਰਦਸਤ ਨਾਅਰੇਬਾਜ਼ੀ ਕੀਤੀ ਗਈ। ਇਸ ਮੌਕੇ ਰਾਜਵਿੰਦਰ ਕੌਰ, ਜਤਿੰਦਰ ਸਿੰਘ, ਸਰਬਜੀਤ ਕੌਰ, ਬਲਬੀਰ ਕੌਰ, ਹਰਮਨੋਜ ਕੁਮਾਰ, ਲਵਦੀਪ ਕੌਰ, ਧਰਮਿੰਦਰ ਸਿੰਘ, ਅਬਿਨਾਸ਼ ਕੌਰ, ਹਾਫਿਜ਼ ਪਦਮ, ਮੁਨੀਸ਼ ਕੁਮਾਰ, ਬਲਵਿੰਦਰ ਸਿੰਘ, ਸੋਹਣ ਸਿੰਘ ਅਤੇ ਬਲਵੀਰ ਸਿੰਘ ਮੌਜੂਦ ਸਨ।

# ਸੀ ਐਚ ਸੀ ਵਿਖੇ ਯੂ ਡੀ ਆਈ ਡੀ ਕੈਂਪ ਲਗਾਇਆ



ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)-ਡਾ.ਪਰਮਿੰਦਰ ਕੁਮਾਰ ਸਿਵਲ ਸਰਜਨ ਰੂਪਨਗਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਤੇ ਡਾ.ਗੋਬਿੰਦ ਟੰਡਨ ਸੀਨੀਅਰ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਦੀ ਅਗਵਾਈ ਹੇਠ ਕਮਿਊਨਿਟੀ ਹੈਲਥ ਸੈਂਟਰ ਸ੍ਰੀ ਚਮਕੌਰ ਸਾਹਿਬ ਵਿਖੇ ਦਿਵਿਆਂਗ ਵਿਅਕਤੀਆਂ ਦੀ ਰਜਿਸਟ੍ਰੇਸ਼ਨ ਕਰਨ ਲਈ ਵਿਸ਼ੇਸ ਕੈਂਪ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਅੱਖਾਂ, ਕੰਨਾਂ, ਦਿਮਾਗੀ, ਹੱਡੀਆ, ਤੇ ਮਾਹਿਰ ਡਾਕਟਰਾਂ ਨੇ ਮੌਕੇ ਤੇ ਹੀ ਚੈਕਅਪ ਕੀਤਾ ਅਤੇ ਰਜਿਸਟ੍ਰੇਸ਼ਨ ਕੀਤੀ। ਇਹ ਜਾਣਕਾਰੀ ਦਿੰਦਿਆਂ ਡਾ.ਸ਼ਲਾਖਾ ਮੈਡੀਕਲ ਅਫਸਰ ਸੀ.ਐਚ.ਸੀ ਚਮਕੌਰ ਸਾਹਿਬ ਨੇ ਦੱਸਿਆ ਕਿ ਸਿਹਤ ਵਿਭਾਗ ਵਲੋਂ ਦਿਵਿਆਂਗ ਵਿਅਕਤੀਆਂ ਦੀ ਰਜਿਸਟ੍ਰੇਸ਼ਨ ਕਰਕੇ ਉਨ੍ਹਾਂ ਦੀ ਅਸਮਰੱਥਾ ਮੁਤਾਬਿਕ ਸਰਟੀਫਿਕੇਟ ਜਾਰੀ ਕੀਤੇ ਜਾਂਦੇ ਹਨ। ਜਿਸ ਦੇ ਲਈ ਵਿਅਕਤੀ ਨੂੰ ਸੰਬੰਧਿਤ ਮਾਹਰ ਡਾਕਟਰ ਤੋਂ ਆਪਣਾ ਚੈਕਅਪ ਕਰਵਾ ਕੇ ਟੈਸਟ ਰਿਪੋਰਟ ਲਈ ਜਾਂਦੀ ਹੈ। ਜਿਸ ਦੇ ਅਧਾਰ 'ਤੇ ਉਸ ਦਾ ਸਿਹਤ ਵਿਭਾਗ ਵਲੋਂ ਸਿਵਲ ਸਰਜਨ ਰੂਪਨਗਰ ਰਾਂਹੀ ਯੂ.ਡੀ.ਆਈ.ਡੀ ਸਰਟੀਫਿਕੇਟ ਬਣਾਇਆ ਜਾਂਦਾ ਹੈ, ਜੋ ਉਸ ਦੇ ਦਿਵਿਆਂਗ ਹੋਣ ਨੂੰ ਤਸਦੀਕ ਕਰਦਾ ਹੈ ਅਤੇ ਦਿਵਿਆਂਗ ਵਿਅਕਤੀ ਸਰਕਾਰ ਦੀਆਂ ਵੱਖ ਵੱਖ ਯੋਜਨਾਵਾਂ ਦਾ ਲਾਭ ਲੈ ਸਕਦਾ ਹੈ। ਮੌਜੂਦਾ ਹਾਲਾਤ ਵਿਚ ਇਸ ਲਈ ਯੂ.ਡੀ.ਆਈ.ਡੀ ਕਾਰਡ ਬਣਾਉਣ ਦੀ ਵਿਵਸਥਾ ਕੀਤੀ ਗਈ ਹੈ, ਜੋ ਕਿ ਆਨਲਾਈਨ ਵੀ ਉਪਲੱਬਧ ਹੈ। ਕੈਂਪ ਵਿੱਚ 61 ਵਿਅਕਤੀ ਸ਼ਾਮਿਲ ਹੋਏ। ਜਿਨ੍ਹਾਂ ਵਿੱਚੋਂ 3 ਦਿਵਿਆਂਗ ਵਿਅਕਤੀਆਂ ਦੇ ਯੂ.ਡੀ.ਆਈ.ਡੀ ਕਾਰਡ ਬਣਾਏ ਗਏ ਤੇ 16 ਦਿਵਿਆਂਗ ਵਿਕਅਤੀਆਂ ਨੂੰ ਅਗਲੇਰੀ ਸਿਹਤ ਜਾਂਚ ਲਈ ਸਿਵਲ ਹਸਪਤਾਲ ਰੂਪਨਗਰ ਅਤੇ 4 ਵਿਅਕਤੀਆਂ ਨੂੰ ਸਰਕਾਰੀ ਮੈਡੀਕਲ ਕਾਲਜ਼ ਸੈਕਟਰ 32 ਚੰਡੀਗੜ੍ਹ ਵਿਖੇ ਰੈਫਰ ਕੀਤਾ ਗਿਆ। ਇਸ ਮੌਕੇ ਰੂਪਨਗਰ ਦੀ ਮਹਿਰ ਟੀਮ ਜਿਸ ਵਿੱਚ ਡਾ. ਸਿਮਰਜੋਤ ਸਿੰਘ ਬੇਦੀ ਹੱਡੀਆਂ ਦੇ ਮਾਹਰ, ਡਾ. ਗੀਰਾ ਅੱਖਾਂ ਦੇ ਮਾਹਿਰ, ਹਰਨਰਾਇਣ ਓਪਥੈਲਮਿਕ ਅਫਸਰ, ਡਾ. ਮਹਿਰਾਜ ਸੰਧੂ ਮਨੋਰੋਗਾਂ ਦੇ ਮਾਹਿਰ, ਡਾ.ਹਮਜੋਲ ਸਿੰਘ ਚੱਕਲ ਕੰਨਾਂ ਦੇ ਮਾਹਿਰ, ਅਤੇ ਮੁਕਲ ਕੁਮਾਰ ਕੰਪਿਊਟਰ ਅਪ੍ਰੇਟਰ ਹਾਜਰ ਸਨ। ਇਸ ਤੋਂ ਇਲਾਵਾ ਸਿਹਤ ਵਿਭਾਗ ਚਮਕੌਰ ਸਾਹਿਬ ਦੀ ਟੀਮ ਵਿੱਚ ਹਰਵਿੰਦਰ ਸਿੰਘ ਬੀ.ਈ.ਈ, ਨਾਗਰ ਸਿੰਘ ਮਲਟੀਪਰਪਜ਼ ਹੈਲਥ ਸੁਪਰਵਾਈਜਰ ਮੇਲ, ਏ.ਐਨ.ਐਮ ਅਨੀਤਾ ਰਾਣੀ, ਲਖਵੀਰ ਕੌਰ, ਮਲਟੀਪਰਪਜ਼ ਹੈਲਥ ਵਰਕਰ ਮੇਲ ਬੇਅੰਤ ਸਿੰਘ, ਗੁਰਦੀਪ ਸਿੰਘ, ਇਸਤਰੀ ਤੇ ਬਾਲ ਵਿਕਾਸ ਵਿਭਾਗ ਤੋਂ ਸੀ.ਡੀ.ਪੀ.ਓ ਸ਼੍ਰੀਮਤੀ ਪਵਨਿੰਦਰ ਕੌਰ, ਲਤਾ ਰਾਣੀ ਸੁਪਰਵਾਈਜਰ, ਜਸਵੀਰ ਕੌਰ ਸੁਪਰਵਾਈਜਰ, ਕੁਲਦੀਪ ਕੌਰ ਸੁਪਰਵਾਈਜਰ ਅਤੇ ਆਂਗਨਵਾੜੀ ਵਰਕਰਜ਼ ਹਾਜਰ ਸਨ।

## ਰਾਮਗੜ੍ਹੀਆ ਸੀਨੀਅਰ ਸੈਕ: ਸਕੂਲ ਸਤਨਾਮਪੁਰਾ ਵਿਖੇ ਚਿਲਡ੍ਰਨ ਡੇ ਮਨਾਇਆ




ਫਗਵਾੜਾ (ਡਾ. ਰਮਨ)-ਰਾਮਗੜ੍ਹੀਆ ਸੀਨੀਅਰ ਸੈਕੰਡਰੀ ਸਕੂਲ ਸਤਨਾਮਪੁਰਾ ਫਗਵਾੜਾ ਵਿਖੇ ਮਨਪ੍ਰੀਤ ਕੌਰ ਭੋਗਲ ਚੇਅਰਪਰਸਨ ਰਾਮਗੜ੍ਹੀਆ ਐਜੂਕੇਸ਼ਨਲ ਕੌਂਸਲ ਸਤਨਾਮਪੁਰਾ ਫਗਵਾੜਾ ਦੀ ਪ੍ਰਧਾਨਗੀ ਅਤੇ ਪ੍ਰਿੰਸੀਪਲ ਹਰਦੀਪ ਕੌਰ ਦੀ ਸੁਚੱਜੀ ਦੇਖ ਰੇਖ ਹੇਠ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਦੇ ਜਨਮ ਦਿਨ ਨੂੰ ਸਮਰਪਿਤ ਚਿਲਡ੍ਰਨ ਡੇ ਮਨਾਇਆ ਗਿਆ। ਇਸ ਮੌਕੇ ਬੱਚਿਆ ਨੇ ਦੇਸ਼ ਭਗਤੀ ਦੇ ਗੀਤ ਗਾਕੇ ਚੰਗਾ ਰੰਗ ਬੰਨ੍ਹਿਆ ਅਤੇ ਨੰਨੇ ਮੁੰਨੇ ਬੱਚੇ ਚਾਚਾ ਨਹਿਰੂ ਬਣ ਕੇ ਸੁੰਦਰ ਪੋਸ਼ਾਕਾਂ ਪਹਿਣ ਕੇ ਆਏ ਅਤੇ ਉਨ੍ਹਾਂ ਦੀ ਯਾਦ ਵਿੱਚ ਰੰਗਾ ਰੰਗ ਪ੍ਰੋਗਰਾਮ ਪੇਸ਼ ਕੀਤਾ। ਚੇਅਰਪਰਸਨ ਮਨਪ੍ਰੀਤ ਕੌਰ ਭੋਗਲ ਨੇ ਦੱਸਿਆ ਕਿ ਨਹਿਰੂ ਜੀ ਬੱਚਿਆਂ ਨੂੰ ਬਹੁਤ ਪਿਆਰ ਕਰਿਆ ਕਰਦੇ ਸਨ ਅਤੇ ਉਨ੍ਹਾਂ ਦੀ ਸੋਚ ਸੀ ਕਿ ਬੱਚਿਆਂ ਵਿੱਚ ਦੇਸ਼ ਭਗਤੀ , ਦੇਸ਼ ਪਿਆਰ ਅਤੇ ਉਨਤੀ ਦੀ ਭਾਵਨਾ ਪੈਦਾ ਕਰਕੇ ਹੀ ਦੇਸ਼ ਤਰੱਕੀ ਦੇ ਰਾਹ 'ਤੇ ਚੱਲ ਸਕਦਾ ਹੈ ਅਤੇ ਵਿਦਿਆ ਨਾਲ ਹੀ ਦੇਸ਼ ਦੀ ਤਰੱਕੀ ਹੋ ਸਕਦੀ ਹੈ ਕਿਉਂਕਿ ਬੱਚੇ ਹੀ ਦੇਸ਼ ਦੇ ਭਵਿੱਖ ਦੀ ਨੀਂਹ ਹੁੰਦੇ ਹਨ। ਨਹਿਰੂ ਜੀ ਨੇ ਹਮੇਸ਼ਾ ਬੱਚਿਆਂ ਦੀ ਪੜ੍ਹਾਈ 'ਤੇ ਜੋਰ ਦਿੱਤਾ। ਪ੍ਰਿੰਸੀਪਲ ਹਰਦੀਪ ਕੌਰ ਨੇ ਸਭ ਬੱਚਿਆਂ ਨੂੰ ਮੁਬਾਰਕਬਾਦ ਦਿੱਤੀ।

ਇਸ ਮੌਕੇ 'ਤੇ ਮਨਜੀਤ ਕੌਰ , ਪਰਮਲਜੀਤ ਮਮਤਾ ਸ਼ਰਮਾ,ਤਲਵਿੰਦਰ ਪਾਲ, ਸੋਨੀਆ, ਮਾਨਸੀ, ਹਰਿੰਦਰ ਕੌਰ, ਕਮਲਜੀਤ ਕੌਰ, ਜਤਿੰਦਰ ਸਿਘੁ, ਸ਼ਾਮ ਰਾਜ, ਸਰਵਣ ਸਿੰਘ ,ਬਲਦੇਵ ਸਿਘ ਮੁਖਵਿੰਦਰ ਸਿੰਘ ,ਤਨੂੰ ਅਤੇ ਸੰਦੀਪ ਸਿੰਘ ਆਦਿ ਅਧਿਆਪਕ ਸ਼ਾਮਲ ਹੋਏ ।

# ਸਕੂਲ ਪਹੁੰਚਣ 'ਤੇ ਵਿਦਿਆਰਥਣ ਦਾ ਸਨਮਾਨ



ਸ੍ਰੀ ਚਮਕੌਰ ਸਾਹਿਬ, (ਕੁਲਵਿੰਦਰ ਕਾਲਾ)- ਸਥਾਨਕ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਦੀ ਬਾਰਵੀਂ ਕਾਮਰਸ ਵਿਸ਼ੇ ਦੀ ਵਿਦਿਆਰਥਣ ਜਸਲੀਨ ਕੌਰ ਨੂੰ ਪ੍ਰਿੰਸੀਪਲ ਜਗਤਾਰ ਸਿੰਘ ਲੌਂਗੀਆ ਦੀ ਅਗਵਾਈ ਹੇਠ ਸਕੂਲ ਪਹੁੰਚਣ 'ਤੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਮੀਡੀਆ ਇੰਚਾਰਜ ਅਧਿਆਪਕ ਗੁਰਪ੍ਰੀਤ ਸਿੰਘ ਹੀਰਾ ਨੇ ਦੱਸਿਆ ਕਿ ਗਾਈਡ ਅਧਿਆਪਕਾ ਅੰਸ਼ੂ ਗਰਗ ਵੱਲੋਂ ਕਰਵਾਈ ਗਈ ਤਿਆਰੀ ਸਦਕਾ ਸੰਸਥਾ ਦੀ ਬਾਰਵੀਂ ਕਾਮਰਸ ਵਿਸ਼ੇ ਦੀ ਵਿਦਿਆਰਥਣ ਜਸਲੀਨ ਕੌਰ ਪੁੱਤਰੀ ਸ੍ਰੀ ਰਣਜੀਤ ਸਿੰਘ ਨਿਵਾਸੀ ਚਮਕੌਰ ਸਾਹਿਬ ਨੇ ਸਿੱਖਿਆ ਵਿਭਾਗ ਵੱਲੋਂ ਅੰਗਰੇਜ਼ੀ ਵਿਸ਼ੇ ਦੇ ਕਰਵਾਏ ਗਏ ਬਲਾਕ ਪੱਧਰੀ ਕਵਿਤਾ ਉਚਾਰਨ ਮੁਕਾਬਲਾ ਜਿੱਤਣ ਉਪਰੰਤ, ਬਲਾਕ ਸ੍ਰੀ ਚਮਕੌਰ ਸਾਹਿਬ ਦੀ ਨੁਮਾਇੰਦਗੀ ਕਰਦੇ ਹੋਏ ਜਿਲ੍ਹਾ ਪੱਧਰੀ ਮੁਕਾਬਲੇ ਵਿੱਚ ਦੂਸਰਾ ਸਥਾਨ ਹਾਸਿਲ ਕੀਤਾ ਹੈ। ਸਵੇਰ ਦੀ ਸਭਾ ਦੌਰਾਨ ਵਿਦਿਆਰਥਣ ਨੂੰ ਸਨਮਾਨਿਤ ਕਰਨ ਮੌਕੇ ਸੰਬੋਧਨ ਕਰਦਿਆਂ ਪ੍ਰਿੰਸੀਪਲ ਜਗਤਾਰ ਸਿੰਘ ਲੌਂਗੀਆ ਨੇ ਕਿਹਾ ਕਿ ਜਿਵੇਂ ਜਿਵੇਂ ਹੀ ਕੋਈ ਵਿਦਿਆਰਥੀ ਕਿਸੇ ਵੀ ਮੁਕਾਬਲੇ ਦੇ ਅਗਲੇ ਪੜਾਅ ਵੱਲ ਵੱਧਣ ਵਿੱਚ ਸਫਲਤਾ ਹਾਸਿਲ ਕਰਦਾ ਹੈ, ਉਸਨੂੰ ਆਪਣੀ ਕਲਾ ਦੇ ਨਾਲ ਨਾਲ ਮਨੋਵਿਗਿਆਨਕ ਤੌਰ 'ਤੇ ਸਬੰਧਤ ਮੁਕਾਬਲੇ ਲਈ ਤਿਆਰ ਕਰਨਾ ਅਤਿ ਜਰੂਰੀ ਹੁੰਦਾ ਹੈ। ਸੰਸਥਾ ਵਿਖੇ ਵਿਦਿਆਰਥੀਆਂ ਤੇ ਇਸ ਪੱਖ ਤੋਂ ਵਿਸ਼ੇਸ਼ ਧਿਆਨ ਦਿੱਤੇ ਜਾਣ ਕਾਰਨ ਪਿਛਲੇ ਲੰਮੇ ਅਰਸੇ ਤੋਂ ਸਕੂਲ ਵਿਦਿਆਰਥਣਾਂ ਹਰ ਖੇਤਰ ਅੰਦਰ ਵੱਡੀਆਂ ਮੱਲਾਂ ਮਾਰਨ ਵਿਚ ਸਫਲ ਰਹੀਆਂ ਹਨ। ਇਸ ਮੌਕੇ ਸਮੂਹ ਸਟਾਫ ਮੈਂਬਰ ਕ੍ਰਮਵਾਰ ਰਣਵੀਰ ਕੌਰ, ਸੁੱਧਾ ਮੱਲ, ਜਗਤਾਰ ਸਿੰਘ, ਵਿਵੇਕ ਕੁਮਾਰ, ਨਵਨੀਤ ਕੁਮਾਰੀ, ਅਵਨੀਤ ਕੌਰ, ਨਿਰਮਲ ਕੌਰ, ਅਮਨਦੀਪ ਸਿੰਘ, ਗੁਰਦੀਪ ਕੌਰ, ਸੁਖਵਿੰਦਰ ਕੌਰ, ਸੰਦੀਪ ਕੌਰ, ਹਰਨੀਰ ਕੌਰ, ਪ੍ਰਿੰਯਕਾ ਮਹਿੰਦਰੂ, ਹਰਜੀਤ ਕੌਰ, ਕਮਲਪ੍ਰੀਤ ਕੌਰ, ਅਜੇ ਕੁਮਾਰ, ਜੈਦੀਪ ਕੌਰ, ਮਨਦੀਪ ਕੁਮਾਰ, ਮਨਦੀਪ ਕੌਰ, ਅਵਤਾਰ ਸਿੰਘ, ਹਰਪ੍ਰੀਤ ਸਿੰਘ, ਜਸਵੀਰ ਸਿੰਘ, ਸਰਬਜੀਤ ਕੌਰ, ਅਜੈਬ ਸਿੰਘ ਆਦਿ ਸਟਾਫ ਮੈਂਬਰ ਹਾਜ਼ਰ ਸਨ।

# ਸੰਤ ਨਿਰੰਜਨ ਦਾਸ ਡੇਰਾ ਸੱਚਖੰਡ ਬੱਲਾਂ ਦੀ ਅਗਵਾਈ 'ਚ ਕਰਵਾਇਆ 11ਵਾਂ ਸਾਲਾਨਾ ਸੰਤ ਸੰਮੇਲਨ



ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ) ਅਮਰ ਸ਼ਹੀਦ ਸ੍ਰੀ 108 ਸੰਤ ਰਾਮਾਨੰਦ ਜੀ ਵੈਲਫੇਅਰ ਸੁਸਾਇਟੀ (ਰਜਿ.) ਹਦੀਆਬਾਦ ਫਗਵਾੜਾ ਵੱਲੋਂ ਸਮੂਹ ਸੰਗਤ ਦੇ ਸਹਿਯੋਗ ਨਾਲ ਸਤਿਗੁਰੂ ਰਵਿਦਾਸ ਮਹਾਰਾਜ ਅਤੇ ਬਾਬਾ ਸਾਹਿਬ ਡਾ: ਅੰਬੇਡਕਰ ਜੀ ਨੂੰ ਸਮਰਪਿਤ 11ਵਾਂ ਮਹਾਨ ਸਲਾਨਾ ਸੰਤ ਸਮਾਗਮ ਸਰਕਾਰੀ ਹਾਈ ਸਕੂਲ ਹਦੀਆਬਾਦ ਦੀ ਫੁੱਟਬਾਲ ਗਰਾਊਂਡ ਵਿਖੇ ਕਰਵਾਇਆ ਗਿਆ। ਸ਼੍ਰੀ 108 ਸੰਤ ਨਿਰੰਜਨ ਦਾਸ ਜੀ ਮਹਾਰਾਜ ਡੇਰਾ ਸੱਚਖੰਡ ਬੱਲਾਂ ਦੀ ਸਰਪ੍ਰਸਤੀ ਹੇਠ ਕਰਵਾਏ ਗਏ ਇਸ ਸਮਾਗਮ ਵਿੱਚ ਅਮ੍ਰਿਤਵਾਣੀ ਸਤਿਗੁਰੂ ਰਵਿਦਾਸ ਜੀ ਦੇ ਪਾਠ ਉਪਰੰਤ ਸੰਤ ਸਤਨਾਮ ਦਾਸ ਗੱਜਰ ਮਹਿਦੂਦ ਅਤੇ ਸੰਤ ਕ੍ਰਿਸ਼ਨਨਾਥ ਚਹੇੜੂ ਤੋਂ ਇਲਾਵਾ ਸੰਤ ਲੇਖਰਾਜ ਜਮਾਲਪੁਰ ਅਤੇ ਸੰਤ ਸੁਖਵਿੰਦਰ ਦਾਸ ਜੀ ਨੇ ਸੰਗਤਾਂ ਨੂੰ ਕਥਾ ਕੀਰਤਨ ਰਾਹੀਂ ਨਿਹਾਲ ਕੀਤਾ। ਉਪਰੰਤ ਵੱਖ-ਵੱਖ ਡੇਰਿਆਂ ਤੋਂ ਆਏ ਸੰਤਾਂ-ਮਹਾਂਪੁਰਸ਼ਾਂ ਨੇ ਪ੍ਰਵਚਨ ਕਰਦਿਆਂ ਸੰਗਤਾਂ ਨੂੰ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਅਤੇ ਬਾਬਾ ਸਾਹਿਬ ਡਾ: ਅੰਬੇਡਕਰ ਦੀਆਂ ਸਿੱਖਿਆਵਾਂ 'ਤੇ ਚੱਲਣ ਲਈ ਪ੍ਰੇਰਿਆ। ਉਨ੍ਹਾਂ ਸੰਗਤ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਉਚੇਰੀ ਵਿੱਦਿਆ ਦਿਵਾਉਣ ਤਾਂ ਜੋ ਉਹ ਦੇਸ਼ ਅਤੇ ਸਮਾਜ ਦੀ ਸੇਵਾ ਵਿੱਚ ਵੱਡਮੁੱਲਾ ਯੋਗਦਾਨ ਪਾਉਣ ਦੇ ਕਾਬਲ ਬਣ ਸਕਣ। ਉਨ੍ਹਾਂ ਨਸ਼ਿਆਂ ਤੋਂ ਪੂਰੀ ਤਰ੍ਹਾਂ ਦੂਰ ਰਹਿ ਕੇ ਆਪਣਾ ਮਨ ਗੁਰੂ ਚਰਨਾਂ ਵਿਚ ਟਿਕਾਉਣ ਲਈ ਵੀ ਪ੍ਰੇਰਿਆ। ਸੰਤ ਨਿਰੰਜਨ ਦਾਸ ਸੱਚਖੰਡ ਬੱਲਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਇਕੱਤਰ ਹੋਈ ਸੰਗਤ ਨੂੰ ਅਸ਼ੀਰਵਾਦ ਦਿੰਦਿਆਂ ਇਸੇ ਤਰ੍ਹਾਂ ਇਕਜੁੱਟ ਰਹਿਣ ਦਾ ਸੰਦੇਸ਼ ਦਿੱਤਾ ਅਤੇ ਕਿਹਾ ਕਿ ਆਪਣੇ ਧਰਮ ਵਿਚ ਦ੍ਰਿੜ੍ਹ ਰਹਿੰਦੇ ਹੋਏ ਸਾਰੇ ਧਰਮਾਂ ਦਾ ਸਤਿਕਾਰ ਕਰੋ ਤਾਂ ਜੋ ਸਮਾਜ ਵਿਚ ਏਕਤਾ ਅਤੇ ਭਾਈਚਾਰਾ ਬਣਿਆ ਰਹੇ। ਪ੍ਰਬੰਧਕਾਂ ਨੇ ਸੰਤਾਂ ਮਹਾਂਪੁਰਸ਼ਾਂ, ਕੀਰਤਨੀ ਜਥਿਆਂ, ਸਹਿਯੋਗੀਆਂ, ਸੇਵਾਦਾਰਾਂ ਅਤੇ ਪਤਵੰਤਿਆਂ ਨੂੰ ਸਨਮਾਨ ਚਿੰਨ੍ਹ ਅਤੇ ਸਿਰੋਪਾਓ ਭੇਟ ਕੀਤੇ। ਸਟੇਜ ਦੀ ਸੇਵਾ ਕਮਲ ਤਲਹਨ ਨੇ ਬਖ਼ੂਬੀ ਕੀਤਾ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਸੰਤ ਸੰਮੇਲਨ ਦੌਰਾਨ ਦੀਪ ਕਲੀਨਿਕਲ ਲੈਬ ਵੱਲੋਂ ਸ਼ੂਗਰ ਚੈੱਕਅਪ ਅਤੇ ਡਾ: ਸਤਵਿੰਦਰ ਪਾਲ ਬਿੱਟੂ ਵੱਲੋਂ ਫਰੀ ਮੈਡੀਕਲ ਕੈਂਪ ਲਗਾਇਆ ਗਿਆ ਸੀ, ਜਿਸ ਦਾ ਸੰਗਤਾਂ ਨੇ ਭਰਪੂਰ ਲਾਭ ਉਠਾਇਆ। ਇਸ ਮੌਕੇ ਸੰਤ ਮੇਹਰ ਸਿੰਘ, ਮਹੰਤ ਅਵਤਾਰ ਦਾਸ ਚਹੇੜੂ, ਸੇਵਾਦਾਰ ਦਵਿੰਦਰ ਦਾਸ ਤੋਂ ਇਲਾਵਾ ਇਲਾਕੇ ਭਰ ਦੀਆਂ ਸੰਗਤਾਂ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਐੱਲ ਪੀ ਯੂ ਨੇ 'ਵਿਜ਼ੂਅਲ ਅਸਮਰਥਤਾਵਾਂ' ਵਾਲੇ ਵਿਅਕਤੀਆਂ ਲਈ ਦੋ-ਰੋਜ਼ਾ ਸੰਵੇਦਨਸ਼ੀਲਤਾ ਵਰਕਸ਼ਾਪ ਦੀ ਕੀਤੀ ਮੇਜ਼ਬਾਨੀ



ਜਲੰਧਰ (ਸ਼ੈਲੀ ਐਲਬਰਟ)- ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ (ਐੱਲ.ਪੀ.ਯੂ.) ਨੇ ਆਪਣੇ ਕੈਂਪਸ ਵਿਖੇ ਵਿਜ਼ੂਅਲ ਡਿਸਏਬਿਲਿਟੀਜ਼ ਵਾਲੇ ਵਿਅਕਤੀਆਂ ਲਈ ਦੋ-ਰੋਜ਼ਾ ਸੰਵੇਦਨਸ਼ੀਲਤਾ ਵਰਕਸ਼ਾਪ ਦੀ ਮੇਜ਼ਬਾਨੀ ਕੀਤੀ। ਐਲਪੀਯੂ ਨੇ ਟੈਕ ਫ਼ਿੱਐਸਟਾ ਨਾਮ ਦੀ ਇਸ ਵਰਕਸ਼ਾਪ ਲਈ ਐਨਜੀਓ ਸਕਸ਼ਮ ਨਾਲ ਸਹਿਯੋਗ ਕੀਤਾ, ਜਿਸਦਾ ਉਦੇਸ਼ ਉਨ੍ਹਾਂ ਚੁਣੌਤੀਆਂ ਨੂੰ ਸਮਝਣਾ ਸੀ ਜਿਨ੍ਹਾਂ ਦਾ ਸਾਹਮਣਾ ਦ੍ਰਿਸ਼ਟੀਹੀਣਤਾ ਵਾਲੇ ਲੋਕਾਂ ਨੂੰ ਕਰਨਾ ਪੈਂਦਾ ਹੈ ਅਤੇ ਨਾਲ ਹੀ ਉਨ੍ਹਾਂ ਚੁਣੌਤੀਆਂ ਦੇ ਤਕਨਾਲੋਜੀ ਹੱਲਾਂ ਨੂੰ ਵੀ ਪ੍ਰਦਰਸ਼ਿਤ ਕੀਤਾ ਗਿਆ ਸੀ।। ਵਰਕਸ਼ਾਪ ਵਿੱਚ ਰਾਜ ਭਰ ਅਤੇ ਆਸ-ਪਾਸ ਦੇ ਖੇਤਰਾਂ ਤੋਂ 300 ਦੇ ਕਰੀਬ ਨੇਤਰਹੀਣਾਂ ਨੇ ਭਾਗ ਲਿਆ। ਇਸ ਤੋਂ ਇਲਾਵਾ, ਐਲਪੀਯੂ ਦੇ ਲਗਭਗ 500 ਵਿਦਿਆਰਥੀ ਵਲੰਟੀਅਰਾਂ ਨੇ ਵੀ ਸਿਖਲਾਈ ਸੈਸ਼ਨਾਂ ਦੌਰਾਨ ਡੈਲੀਗੇਟਾਂ ਦੀ ਸਹਾਇਤਾ ਕਰਨ ਲਈ ਹਿੱਸਾ ਲਿਆ, ਖਾਸ ਤੌਰ ਤੇ ਕੰਪਿਊਟਿੰਗ ਅਤੇ ਐਂਡਰਾਇਡ ਹੁਨਰਾਂ ਤੇ। ਵਰਕਸ਼ਾਪ ਦਾ ਉਦਘਾਟਨ ਕਰਦੇ ਹੋਏ, ਐਲਪੀਯੂ ਦੇ ਚਾਂਸਲਰ ਡਾ: ਅਸ਼ੋਕ ਕੁਮਾਰ ਮਿੱਤਲ ਨੇ ਆਯੋਜਕਾਂ ਨੂੰ ਵਧਾਈ ਦਿੱਤੀ ਅਤੇ ਡੈਲੀਗੇਟਾਂ ਦੀ ਸਰੀਰਕ ਚੁਣੌਤੀਆਂ ਦਾ ਟਾਕਰਾ ਕਰਨ ਅਤੇ ਜੀਵਨ ਵਿੱਚ ਉੱਤਮ ਬਣਨ ਦੀ ਮਜ਼ਬੂਤ ਇੱਛਾ ਸ਼ਕਤੀ ਦੀ ਸ਼ਲਾਘਾ ਕੀਤੀ। ਦੁਨੀਆ ਦੇ ਸਾਰੇ ਯੋਗ ਵਿਅਕਤੀਆਂ ਨੂੰ ਸੰਬੋਧਨ ਕਰਦਿਆਂ ਡਾ: ਮਿੱਤਲ ਨੇ ਕਿਹਾ, ਸਾਨੂੰ ਨੇਤਰਹੀਣਾਂ ਤੋਂ ਇਹ ਸਿੱਖਣਾ ਚਾਹੀਦਾ ਹੈ ਕਿ ਕਿਵੇਂ ਮੁਸ਼ਕਿਲਾਂ ਨੂੰ ਪਾਰ ਕਰਨਾ ਹੈ ਅਤੇ ਤਨਦੇਹੀ ਨਾਲ ਕੰਮ ਕਰਕੇ ਜੀਵਨ ਵਿੱਚ ਸਫ਼ਲ ਹੋਣਾ ਹੈ।ਡਾ: ਮਿੱਤਲ ਨੇ ਨੇਤਰਹੀਣ ਮਹਾਨ ਸੰਤ ਸੂਰਦਾਸ ਜੀ ਦਾ ਵੀ ਜ਼ਿਕਰ ਕੀਤਾ, ਜਿਨ੍ਹਾਂ ਦੀ ਮਨਮੋਹਕ ਗਾਇਨ ਕਹਾਵਤਾਂ ਅੱਜ ਵੀ ਸਾਡਾ ਮਾਰਗਦਰਸ਼ਨ ਕਰਦੀਆਂ ਹਨ। ।ਡਾ: ਮਿੱਤਲ ਨੇ ਇਹ ਵੀ ਘੋਸ਼ਣਾ ਕੀਤੀ ਕਿ ਐਲਪੀਯੂ ਕੈਂਪਸ ਵਿੱਚ ਨੇਤਰਹੀਣ ਲੋਕਾਂ ਨੂੰ ਸਿੱਖਿਆ ਤੱਕ ਪਹੁੰਚ ਦੀ ਪੇਸ਼ਕਸ਼ ਕਰਨ ਲਈ ਹਰ ਲੋੜੀਂਦੀ ਸਹਾਇਤਾ ਪ੍ਰਦਾਨ ਕਰੇਗਾ। ਉਨਾਂ ਇਹ ਵੀ ਸਾਂਝਾ ਕੀਤਾ ਕਿ ਐਲਪੀਯੂ ਫੈਕਲਟੀ ਅਤੇ ਵਿਦਿਆਰਥੀਆਂ ਦੁਆਰਾ ਨੇਤਰਹੀਣ ਲੋਕਾਂ ਨੂੰ ਨਵੀਂ ਤਕਨੀਕਾਂ ਬਾਰੇ ਮੁਫਤ ਸਿਖਲਾਈ ਵੀ ਪ੍ਰਦਾਨ ਕਰੇਗਾ। ।ਇਸ ਮੌਕੇ 'ਤੇ ਪ੍ਰੋ ਚਾਂਸਲਰ ਸ਼੍ਰੀਮਤੀ ਰਸ਼ਮੀ ਮਿੱਤਲ, ਜਨਰਲ ਮੈਨੇਜਰ ਸ਼੍ਰੀਮਤੀ ਦੀਪਿਕਾ ਸੂਦ ਅਤੇ ਪ੍ਰੋਫੈਸਰ ਡਾ: ਪ੍ਰੇਮ ਸਾਗਰ ਸਕਸ਼ਮ (ਪੰਜਾਬ ਸ਼ਾਖਾ) ਤੋਂ ਅਤੇ ਸਕਸ਼ਮ (ਨਵੀਂ ਦਿੱਲੀ) ਤੋਂ ਸ੍ਰੀਮਤੀ ਸੋਨਾਲੀ ਵੀ ਮੌਜੂਦ ਸਨ। ਸ਼ੁਰੂਆਤ ਦੌਰਾਨ, ਸ਼੍ਰੀਮਤੀ ਸੂਦ ਨੇ ਉਜਾਗਰ ਕੀਤਾ ਕਿ ਉਹਨਾਂ ਦੀ ਐਨਜੀਓ ਨੇ ਵਿਭਿੰਨ ਖੇਤਰਾਂ ਵਿੱਚ ਆਪਣੇ ਸ਼ਾਨਦਾਰ ਯਤਨਾਂ ਲਈ ਪ੍ਰਸਿੱਧ ਐਲਪੀਯੂ ਨਾਲ ਸੰਪਰਕ ਕੀਤਾ। ਉਨਾਂ ਐਲਪੀਯੂ ਵਿੱਚ ਹਰ ਰੂਪ ਵਿੱਚ ਮਿਲੇ ਸਮਰਥਨ ਲਈ ਧੰਨਵਾਦ ਪ੍ਰਗਟ ਕੀਤਾ। ਪ੍ਰੋਫੈਸਰ ਡਾ: ਪ੍ਰੇਮ ਸਾਗਰ ਨੇ ਐਲਪੀਯੂ ਦੇ ਵਿਦਿਆਰਥੀਆਂ ਅਤੇ ਸਟਾਫ਼ ਮੈਂਬਰਾਂ ਨੂੰ ਉਨ੍ਹਾਂ ਦੀਆਂ ਮਨੁੱਖੀ ਸੰਵੇਦਨਾਵਾਂ ਲਈ ਪ੍ਰਸ਼ੰਸਾ ਵੀ ਕੀਤੀ ।

## ਫਤਹਿ ਦਿਵਸ 'ਤੇ 26 ਨੂੰ ਮੁਹਾਲੀ ਪਹੁੰਚਣ ਦਾ ਸੱਦਾ




ਸ੍ਰੀ ਅਨੰਦਪੁਰ ਸਾਹਿਬ (ਅਰਵਿੰਦ ਬਿੰਦੀ)-ਸੰਯੁਕਤ ਕਿਸਾਨ ਮੋਰਚਾ ਦੇ ਸੱਦੇ 'ਤੇ ਫਤਿਹ ਦਿਵਸ ਮਨਾਉਣ ਸਬੰਧੀ ਪਿੰਡ ਢੇਰ ਅਤੇ ਸੂਰੇਵਾਲ ਹੇਠਲਾ ਵਿਖੇ ਕਿਸਾਨਾਂ ਦੀਆਂ ਭਰਵੀਆਂ ਮੀਟਿੰਗਾਂ ਕੀਤੀਆਂ ਗਈਆਂ। ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਪ੍ਰਧਾਨ ਸੁਰਜੀਤ ਸਿੰਘ ਢੇਰ ਨੇ ਕਿਹਾ ਕਿ ਅੱਜ ਦੇ ਦਿਨ ਇਕ ਸਾਲ ਪਹਿਲਾਂ ਮੋਦੀ ਸਰਕਾਰ ਨੇ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮੌਕੇ ਤਿੰਨ ਖੇਤੀ ਵਿਰੋਧੀ ਕਾਲੇ ਕਾਨੂੰਨਾਂ ਨੂੰ ਵਾਪਸ ਲੈਣ ਦਾ ਫੈਸਲਾ ਕੀਤਾ ਸੀ ਅਤੇ ਦੇਸ਼ ਵਾਸੀਆਂ ਕੋਲੋਂ ਮਾਫੀ ਵੀ ਮੰਗੀ ਸੀ। ਪਰ ਸੰਯੁਕਤ ਕਿਸਾਨ ਮੋਰਚਾ ਨਾਲ ਕੀਤੇ ਲਿਖਤੀ ਸਮਝੌਤੇ ਨੂੰ ਮੋਦੀ ਸਰਕਾਰ ਨੇ ਲਾਗੂ ਨਹੀਂ ਕੀਤਾ। ਕਿਸਾਨਾਂ ਨਾਲ ਵਾਅਦਾ ਖਿਲਾਫੀ ਕੀਤੀ। ਜਿਸ ਦੇ ਕਾਰਨ ਦੇਸ਼ ਦੇ ਕਿਸਾਨਾਂ ਅੰਦਰ ਭਾਰੀ ਰੋਸ ਪਾਇਆ ਜਾ ਰਿਹਾ ਹੈ। ਫਤਹਿ ਦਿਵਸ 'ਤੇ ਹਰੇਕ ਕਿਸਾਨ ਮਜਦੂਰ ਆਪਣੇ ਘਰਾਂ ਦੇ ਬਨੇਰਿਆਂ ਤੇ ਦੀਵੇ ਜਗਾਏ ਅਤੇ ਦੀਪ ਮਾਲਾ ਕੀਤੀ ਜਾਵੇ। ਉਨ੍ਹਾਂ ਨੇ ਕਿਹਾ ਕਿ ਕਿਸਾਨ ਸੰਘਰਸ਼ ਦੁਬਾਰਾ ਸ਼ੁਰੂ ਕੀਤਾ ਜਾਵੇਗਾ। ਪੰਜਾਬ ਦੀ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਜੋ ਕਿਸਾਨਾਂ ਨਾਲ ਵਾਅਦਾ ਕੀਤਾ ਸੀ ਉਹ ਲਾਗੂ ਨਹੀਂ ਕੀਤਾ ਜਾ ਰਿਹਾ ਹੈ। ਕੇਂਦਰ ਤੇ ਸੂਬਾ ਸਰਕਾਰ ਕਿਸਾਨ ਵਿਰੋਧੀ ਸਰਕਾਰਾਂ ਸਾਬਤ ਹੋ ਰਹੀਆਂ ਹਨ। ਇਸ ਮੌਕੇ 'ਤੇ ਤਹਿਸੀਲ ਪ੍ਰਧਾਨ ਇੰਦਰਜੀਤ ਸਿੰਘ ਫੌਜੀ, ਸੂਬੇਦਾਰ ਹਰਜਾਪ ਸਿੰਘ ਭੰਗਲ, ਖੁਸ਼ਹਾਲ ਸਿੰਘ ਭੰਗਲ, ਅਜੈਬ ਸਿੰਘ,ਹਰਜਾਪ ਸਿੰਘ ਵਡਿਆਲ, ਲਖਵੀਰ ਸਿੰਘ ਲੱਖਾ, ਜਸਕਰਨ ਸਿੰਘ, ਉਂਕਾਰ ਸਿੰਘ, ਅਜਮੇਰ ਸਿੰਘ, ਕਸਤੂਰ ਸਿੰਘ, ਗੁਰਦਿਆਲ ਸਿੰਘ ਅਟਵਾਲ,ਰਚਨ ਕੌਰ,ਮੀਤ ਕੌਰ, ਹਰਜਿੰਦਰ ਕੌਰ, ਸਾਬਕਾ ਸਰਪੰਚ ਸਵਰਨ ਸਿੰਘ ਮੰਡੇਰ, ਮਾਸਟਰ ਗੁਰਦੇਵ ਸਿੰਘ ਕੰਗ,ਸਵਰਨ ਸਿੰਘ ਸੂਰੇਵਾਲ, ਸੱਜਣ ਸਿੰਘ,ਦੀਪ ਸਿੰਘ, ਬੱਗਾ ਸਿੰਘ,ਕਰਮ ਸਿੰਘ ਸਮੇਤ ਹੋਰ ਕਿਸਾਨ ਬੀਬੀਆਂ ਵੀ ਵੱਡੇ ਪੱਧਰ 'ਤੇ ਹਾਜ਼ਰ ਸਨ।



## ਜਨਮ ਦਿਨ ਮੁਬਾਰਕ



ਗੁਰਨੂਰ ਕੌਰ (ਟਾਂਡਾ)



ਵਰਿੰਦਰਦੀਪ ਸਿੰਘ (ਧਾਰੀਵਾਲ)

ਵਰ੍ਹੇਗੰਢ ਮੁਬਾਰਕ



ਗੁਰਪ੍ਰੀਤ ਸਿੰਘ ਅਤੇ ਪੂਨਮਜੀਤ ਕੌਰ ਵਾਸੀ ਧਾਰੀਵਾਲ ਨੇ ਵਿਆਹ ਦੀ ਵਰ੍ਹੇਗੰਢ ਮਨਾਈ।


## ਭਾਈ ਨੱਥਾ ਜੀ ਭਾਈ ਅਬਦੁੱਲਾ ਜੀ ਢਾਡੀ ਸਭਾ ਨੇ ਗਰੀਬ ਲੜਕੀ ਦੇ ਵਿਆਹ ਲਈ ਦਿੱਤਾ ਫਰਨੀਚਰ



ਕੁਰਾਲੀ (ਮੋਹਨ ਅੱਗਰਵਾਲ ਜੋਗਾ):-ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ ਕੁਰਾਲੀ ਭਾਈ ਜੈਤਾ ਜੀ ਵਿਸ਼ਵ ਚੈਰੀਟੇਬਲ ਟਰੱਸਟ ਕੁਰਾਲੀ ਸ਼ਹੀਦ ਗੁਰਮਤਿ ਅਕੈਡਮੀ ਭੜੀ ਦੇ ਸਹਿਯੋਗ ਨਾਲ ਗਰੀਬ ਪਰਵਾਰ ਦੀ ਧੀ ਦੇ ਵਿਆਹ ਲਈ ਫਰਨੀਚਰ ਦਾ ਸਮਾਨ ਦਿੱਤਾ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਢਾਡੀ ਸਭਾ ਦਫਤਰ ਇੰਚਾਰਜ ਭਾਈ ਪਰਮਜੀਤ ਸਿੰਘ ਛੰਮਾ ਅਤੇ ਸ਼ਹੀਦ ਗੁਰਮਤਿ ਅਕੈਡਮੀ ਦੇ ਬਾਨੀ ਸ੍ਰੀ ਮਾਨ ਸੰਤ ਗਿਆਨੀ ਮਹਿੰਦਰ ਸਿੰਘ ਜੀ ਖਾਲਸਾ ਭੜੀ ਵਾਲਿਆਂ ਦੇ ਸਪੁੱਤਰ ਬਾਬਾ ਸਿਮਰਜੋਤ ਸਿੰਘ ਖਾਲਸਾ ਨੇ ਦੱਸਿਆ ਕਿ ਸ਼ਹੀਦ ਭਗਤ ਸਿੰਘ ਚੈਰੀਟੇਬਲ ਟਰੱਸਟ ਕੁਰਾਲੀ ਭਾਈ ਜੈਤਾ ਜੀ ਵਿਸ਼ਵ ਚੈਰੀਟੇਬਲ ਟਰੱਸਟ ਕੁਰਾਲੀ ਵੱਲੋਂ ਪਿਛਲੇ ਕਈ ਸਾਲਾਂ ਤੋਂ ਗਰੀਬ ਤੇ ਲੋੜਵੰਦ ਪਰਵਾਰਾਂ ਦੇ ਸਮੂਹਿਕ ਵਿਆਹ ਕਰਵਾਏ ਜਾਂਦੇ ਹਨ । ਪੰਜ ਲੋੜਵੰਦ ਪਰਵਾਰਾਂ ਦੀਆਂ ਧੀਆਂ ਦੇ ਵਿਆਹ ਸ੍ਰੀ ਨੱਗਰ ਖੇੜਾ ਧਰਮਸਾਲਾ ਵਿੱਚ ਕੁਰਾਲੀ ਵਿਖੇ ਕੀਤੇ ਗਏ ਸਨ । ਭਾਈ ਜਰਨੈਲ ਸਿੰਘ ਬਡਾਲੀ ਇਟਲੀ ਵਾਲਿਆਂ ਵੱਲੋਂ ਲੋੜਵੰਦ ਪਰਵਾਰਾਂ ਲਈ ਪੇਟੀਆਂ ਦੀ ਸੇਵਾ ਕੀਤੀ ਗਈ ਅਤੇ ਭਾਈ ਜਰਨੈਲ ਸਿੰਘ ਵੱਲੋਂ ਵਿਸ਼ਵਾਸ ਦਿਵਾਇਆ ਗਿਆ ਕਿ ਅਸੀਂ ਅੱਗੋਂ ਵਾਸਤੇ ਵੀ ਇਹੋ ਜਿਹੇ ਸ਼ੁੱਭ ਕਾਰਜਾਂ ਲਈ ਮੋਢੇ ਨਾਲ ਮੋਢਾ ਜੋੜ ਕੇ ਇਹਨਾਂ ਸੰਸਥਾਵਾਂ ਨਾਲ ਖੜ੍ਹੇ ਹਾਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਾਬਾ ਸਿਮਰਜੋਤ ਸਿੰਘ ਖਾਲਸਾ ਭੜੀ ਵਾਲੇ , ਮੋਹਣ ਸਿੰਘ ਪਪਰਾਲੀ , ਦਫਤਰ ਇੰਚਾਰਜ ਪਰਮਜੀਤ ਸਿੰਘ ਛੰਮਾ , ਸਤਕਰਤਾਰ ਸਿੰਘ ਪਪਰਾਲੀ , ਕੁਲਦੀਪ ਧੂਨਾ , ਸਾਗਰ ਆਦਿ ਹਾਜਰ ਸਨ ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਦੇ ਵਿਦਿਆਰਥੀਆਂ ਲਈ ਵਿਸ਼ੇਸ਼ ਕਰੀਅਰ ਗਾਈਡੈਂਸ ਪ੍ਰੋਗਰਾਮ



ਹੁਸ਼ਿਆਰਪੁਰ ( ਬਲਵੀਰ ਸਿੰਘ ਸੈਣੀ) ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਹੁਸ਼ਿਆਰਪੁਰ ਵਿਖੇ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਲਾਕ ਟਾਵਰ (ਲੜਕੇ) ਹੁਸ਼ਿਆਰਪੁਰ ਦੇ ਬਾਰ੍ਹਵੀਂ ਦੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਭਵਿੱਖ ਦੇ ਕਰੀਅਰ ਸੰਬੰਧੀ ਕਰੀਅਰ ਗਾਈਡੈਂਸ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਕਰੀਅਰ ਗਾਈਡੈਂਸ ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ ਗੁਰਮੇਲ ਸਿੰਘ ਜ਼ਿਲ੍ਹਾ ਰੋਜ਼ਗਾਰ ਜਨਰੇਸ਼ਨ, ਸਕਿੱਲ ਡਿਵੈਲਪਮੈਂਟ ਅਤੇ ਟ੍ਰੇਨਿੰਗ ਅਫਸਰ ਵੱਲੋਂ ਵਿਦਿਆਰਥੀਆਂ ਨੂੰ ਰੋਜ਼ਗਾਰ ਬਿਊਰੋ ਦੀ ਮਹੱਤਤਾ ਬਾਰੇ ਦੱਸਦੇ ਹੋਏ, ਰੋਜ਼ਗਾਰ ਬਿਊਰੋ ਰਾਹੀਂ ਦਿੱਤੀਆਂ ਜਾਂਦੀਆਂ ਸਹੂਲਤਾਂ ਜਿਵੇਂ ਕਿ ਬੱਚਿਆਂ ਦੇ ਭਵਿੱਖ ਦੇ ਕਰੀਅਰ ਲਈ ਕੀਤੀ ਜਾਂਦੀ ਕਰੀਅਰ ਕਾਊਂਸਲਿੰਗ, ਪਲੇਸਮੈਂਟ ਸੈੱਲ ਦੁਆਰਾ ਕੀਤੇ ਜਾਂਦੇ ਨੌਕਰੀਆਂ ਦੇ ਉਪਰਾਲੇ, ਰੋਜ਼ਗਾਰ ਬਿਊਰੋ ਰਾਹੀਂ ਦਿੱਤੀ ਜਾਂਦੀ ਸਵੈ-ਰੋਜ਼ਗਾਰ ਸਕੀਮਾਂ ਦੇ ਬਾਰੇ ਜਾਣਕਾਰੀ, ਸ਼ਾਰਟ ਟਰਮ ਤਕਨੀਕੀ ਕੋਰਸਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਅਦਿੱਤਯਾ ਰਾਣਾ, ਕਰੀਅਰ ਕਾਊਂਸਲਰ ਵੱਲੋਂ ਵਿਦਿਆਰਥੀਆਂ ਨੂੰ ਆਪਣੇ ਭਵਿੱਖ ਦੀ ਕਰੀਅਰ ਸੰਬੰਧੀ ਹੁਣ ਤੋਂ ਹੀ ਆਪਣੀ ਪਲੈਨਿੰਗ ਬਣਾਉਣ ਲਈ ਕਿਹਾ ਗਿਆ ਅਤੇ ਜੇਕਰ ਕੋਈ ਮੁਸ਼ਕਲ ਆਉਂਦੀ ਹੈ ਤਾਂ ਰੋਜ਼ਗਾਰ ਬਿਊਰੋ ਨਾਲ ਸੰਪਰਕ ਕਰਨ ਲਈ ਕਿਹਾ ਗਿਆ। ਉਨ੍ਹਾਂ ਵੱਲੋਂ ਵਿਦਿਆਰਥੀਆਂ ਨੂੰ ਜਾਣਕਾਰੀ ਦਿੰਦੇ ਹੋਏ ਵੱਖ-ਵੱਖ ਸਟ੍ਰੀਮਾਂ ਦੀ ਪੜ੍ਹਾਈ, ਡਿਪਲੋਮਾ ਅਤੇ ਡਿਗਰੀ ਕੋਰਸਾਂ ਬਾਰੇ ਜਾਣਕਾਰੀ ਦਿੱਤੀ ਅਤੇ ਪੰਜਾਬ ਸਰਕਾਰ ਦੀਆਂ ਵੱਖ-ਵੱਖ ਨੌਕਰੀਆਂ ਬਾਰੇ ਵੀ ਜਾਣਕਾਰੀ ਦਿੱਤੀ। ਉਨ੍ਹਾਂ ਵੱਲੋਂ ਵਿਦਿਆਰਥੀਆਂ ਨੂੰ ਦੱਸਿਆ ਗਿਆ ਕਿ ਉਹ ਰੋਜ਼ਗਾਰ ਦਫਤਰ ਦੀ ਮੋਬਾਇਲ ਐਪ ਡੀ ਬੀ ਈ ਈ ਆਨਲਾਈਨ ਗੂਗਲ ਪਲੇਅ ਸਟੋਰ ਰਾਹੀਂ ਡਾਊਨਲੋਡ ਕਰਕੇ ਘਰ ਬੈਠੇ ਹੀ ਪ੍ਰਾਈਵੇਟ ਨੌਕਰੀਆਂ ਦੀ ਭਰਤੀ ਅਤੇ ਸਰਕਾਰੀ ਨੌਕਰੀਆਂ ਦੀ ਜਾਣਕਾਰੀ ਲੈ ਸਕਦੇ ਹਨ। ਇਸ ਮੋਬਾਇਲ ਐਪ ਰਾਹੀਂ ਉਹ ਸਵੈ-ਰੋਜ਼ਗਾਰ ਲੋਨ ਲਈ ਵੀ ਅਪਲਾਈ ਕਰ ਸਕਦੇ ਹਨ ਅਤੇ ਉਨ੍ਹਾਂ ਵੱਲੋਂ ਹੋਰ ਬਹੁਤ ਸਾਰੀ ਜਾਣਕਾਰੀ ਪ੍ਰਾਪਤ ਕੀਤੀ ਜਾ ਸਕਦੀ ਹੈ। ਇਸ ਕਰੀਅਰ ਗਾਈਡੈਂਸ ਪ੍ਰੋਗਰਾਮ ਵਿੱਚ ਵਿਸ਼ੇਸ਼ ਤੌਰ 'ਤੇ ਪਹੁੰਚੇ ਫੂਡ ਕਰਾਫਟ ਇਨਸਟੀਚਿਊਟ ਰਾਮ ਕਲੋਨੀ ਕੈਂਪ ਹੁਸ਼ਿਆਰਪੁਰ ਦੇ ਜ਼ਿਲ੍ਹਾ ਕੁਆਰਡੀਨੇਟਰ ਅਸ਼ਵਨੀ ਕੁਮਾਰ ਕੁੰਡਲ ਵੱਲੋਂ ਵਿਦਿਆਰਥੀਆਂ ਨੂੰ ਹੁਨਰ ਦੀ ਮਹੱਤਤਾ ਬਾਰੇ ਦੱਸਦੇ ਹੋਏ ਇਹ ਜਾਣਕਾਰੀ ਦਿੱਤੀ ਗਈ ਕਿ ਅੱਜ ਦੇ ਸਮੇਂ ਵਿੱਚ ਕੋਈ ਵੀ ਨੌਕਰੀ ਜਾਂ ਕਾਰੋਬਾਰ ਸ਼ੁਰੂ ਕਰਨ ਵਿੱਚ ਹੁਨਰ ਦਾ ਵਿਸ਼ੇਸ਼ ਮਹੱਤਵ ਹੈ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਦਾ ਫੂਡ ਕਰਾਫਟ ਇੰਸਟੀਚਿਊਟ ਪੂਰੇ ਭਾਰਤ ਦੇ 13 ਫੂਡ ਕਰਾਫਟ ਇੰਸਟੀਚਿਊਟਾਂ ਵਿੱਚੋਂ ਇੱਕ ਹੈ। ਇਸ ਵਿੱਚ ਵੱਖ-ਵੱਖ ਤਰ੍ਹਾਂ ਦੇ ਡਿਪਲੋਮਾ, ਡਿਗਰੀ ਅਤੇ ਸ਼ਾਰਟ ਟਰਮ ਕੋਰਸਿਸ ਕਰਾਏ ਜਾਂਦੇ ਹਨ ਅਤੇ ਇਨ੍ਹਾਂ ਕੋਰਸਿਸ ਕਰਨ ਦੌਰਾਨ ਵਿਦਿਆਰਥੀਆਂ ਦੀ ਨਾਮੀ 5 ਸਤਾਰਾ ਹੋਟਲਾਂ ਵਿੱਚ ਆਨ ਜਾਬ ਟ੍ਰੇਨਿੰਗ ਕਰਵਾਈ ਜਾਂਦੀ ਹੈ, ਟ੍ਰੇਨਿੰਗ ਉਪਰੰਤ ਇਨ੍ਹਾਂ ਹੋਟਲਾਂ ਦੁਆਰਾ ਹੀ ਨੌਕਰੀ ਵੀ ਦੇ ਦਿੱਤੀ ਜਾਂਦੀ ਹੈ। ਉਨ੍ਹਾਂ ਵੱਲੋਂ ਇਹ ਵੀ ਦੱਸਿਆ ਗਿਆ ਕਿ ਨੌਕਰੀ ਤੋਂ ਇਲਾਵਾ ਵਿਦਿਆਰਥੀ ਆਪਣੇ ਸਵੈਰੋਜ਼ਗਾਰ ਦਾ ਕੰਮ ਵੀ ਸ਼ੁਰੂ ਕਰ ਸਕਦੇ ਹਨ ਅਤੇ ਬਾਹਰਲੇ ਮੁਲਕਾਂ ਵਿੱਚ ਜਾ ਕੇ ਵੀ ਇਨ੍ਹਾਂ ਕੋਰਸਾਂ ਰਾਹੀਂ ਰੋਜ਼ਗਾਰ ਹਾਸਲ ਕਰ ਸਕਦੇ ਹਨ। ਇਸ ਕਰੀਅਰ ਗਾਈਡੈਂਸ ਪ੍ਰੋਗਰਾਮ ਦੌਰਾਨ ਸਬੰਧਤ ਸਕੂਲ ਦੇ 54 ਵਿਦਿਆਰਥੀਆਂ ਨੇ ਬਹੁਤ ਹੀ ਉਤਸ਼ਾਹ ਪੂਰਵਕ ਇਸ ਪ੍ਰੋਗਰਾਮ ਵਿੱਚ ਭਾਗ ਲਿਆ ਅਤੇ ਉਨ੍ਹਾਂ ਵੱਲੋਂ ਜ਼ਿਲ੍ਹਾ ਰੋਜ਼ਗਾਰ ਅਫਸਰ ਨੂੰ ਧੰਨਵਾਦ ਕਰਦੇ ਹੋਏ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੇ ਪ੍ਰੋਗਰਾਮ ਲਗਾਉਣ ਲਈ ਕਿਹਾ ਗਿਆ।

# ਵੁਡਬਰੀ ਸਕੂਲ ਨੇ 'ਦ ਗ੍ਰੇਟ ਭੋਗਪੁਰ ਹਾਫ ਮੈਰਾਥਨ' ਕਰਵਾਈ

ਭੋਗਪੁਰ (ਕੁਲਵੀਰ ਸਿੰਘ ਕਾਹਲੋਂ)-ਵੁਡਬਰੀ ਸਕੂਲ ਵੱਲੋਂ ਨਸ਼ਿਆਂ ਖਿਲਾਫ ਲੋਕਾਂ ਵਿੱਚ ਜਾਗਰੂਕਤਾ ਫੈਲਾਉਣ ਅਤੇ ਸਵੱਛ ਭਾਰਤ ਮੁਹਿੰਮ ਤਹਿਤ ਭੋਗਪੁਰ ਨੂੰ ਹਰਿਆ ਭਰਿਆ ਅਤੇ ਸਾਫ ਸੁਥਰਾ ਰੱਖਣ ਲਈ 'ਦ ਗ੍ਰੇਟ ਭੋਗਪੁਰ ਹਾਫ ਮੈਰਾਥਨ' ਕਰਵਾਈ ਗਈ। ਇੰਜੀਨੀਅਰ ਸੁਖਵਿੰਦਰ ਸਿੰਘ ਚੇਅਰਮੈਨ ਵੁਡਬਰੀ ਸਕੂਲ ਨੇ ਦੱਸਿਆ ਕਿ ਏ ਆਈ ਜੀ ਬੀ. ਐਸ. ਕਾਰਦਾ , ਡੀ ਐਸ ਪੀ ਸਰਬਜੀਤ ਰਾਏ, ਐਸ ਐਚ ਓ ਰਛਪਾਲ ਸਿੰਘ, ਸੀਨੀਅਰ ਮੈਨੇਜਰ ਦੀਪ ਰਾਜ ਨੇ ਰੀਵਨ ਕੱਟ ਕੇ ਮੈਰਾਥਨ ਦੀ ਸ਼ੁਰੂਆਤ ਕਰਵਾਈ।



ਉਨ੍ਹਾਂ ਨੇ ਕਿਹਾ ਕਿ ਸਾਨੂੰ ਸਭ ਨੂੰ ਰਲ ਮਿਲ ਕੇ ਨਸਸ਼ ਖਿਲਾਫ ਜੰਗ ਲੜਨੀ ਚਾਹੀਦੀ ਹੈ ਤਾਂ ਜੋ ਬੱਚਿਆਂ ਦਾ ਭਵਿੱਖ ਸੁਨਹਿਰੀ ਹੋ ਸਕੇ। 'ਕਲੀਨ ਭੋਗਪੁਰ ਗਰੀਨ ਭੋਗਪੁਰ' ਅਤੇ ਨਸ਼ਿਆਂ ਖਿਲਾਫ ਜਾਗਰੂਕਤਾ ਮੁਹਿੰਮ ਦੇ ਬੈਨਰ ਫੜ ਕੇ ਸਕੂਲ ਦੇ ਵਿਦਿਆਰਥੀਆਂ ਵੱਲੋਂ ਪੂਰੇ ਭੋਗਪੁਰ ਸ਼ਹਿਰ ਵਿਚ ਮਾਰਚ ਕਰਦੇ ਸਮੇਂ ਲੋਕਾਂ ਨੂੰ ਸੁਚੇਤ ਹੋਣ ਦਾ ਹੋਕਾ ਦਿੱਤਾ । ਸਕੂਲ ਪ੍ਰਿੰਸੀਪਲ ਮਿਸਿਜ ਸੁਮਨ ਡਡਵਾਲ ਵੱਲੋਂ ਸਮੂਹ ਸੁਸਾਇਟੀ, ਸੋਸ਼ਲ ਵੈਲਫੇਅਰ ਐਂਡ ਸਪੋਰਟਸ ਕਲੱਬ ਭੋਗਪੁਰ, ਸਹੀਦ ਭਗਤ ਸਿੰਘ ਕਲੱਬ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਸਪੋਰਟਸ ਅਕੈਡਮੀ ਭੋਗਪੁਰ ਅਤੇ ਨਵਯੁੱਗ ਕਲੱਬ ਭੋਗਪੁਰ ਸਮੇਤ ਸਹਿਰ ਵਾਸੀਆਂ ਵੱਲੋਂ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ ਅਤੇ ਮੋਮੈਨਟੋਸ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਚੇਅਰਪਰਸਨ ਮਿਸਜ ਪਰਮਜੀਤ ਕੌਰ, ਪ੍ਰਿੰਸੀਪਲ ਸੁਮਨ ਡਡਵਾਲ ਅਤੇ ਸਮੂਹ ਸਟਾਫ ਹਾਜਰ ਸੀ।

# ਜਗਦੀਪ ਸਿੱਧੂ ਦੀਆਂ ਨਵੀਂਆਂ ਕਵਿਤਾਵਾਂ



## ਨਵੀਂ ਸਾਂਝ

ਮਾਂ ਤੇ ਭੂਆ
ਇਕ-ਦੂਜੇ ਨੂੰ
ਅੱਖੋਂ ਨਾ ਸਹਾਉਂਦੀਆਂ
ਪਿਤਾ, ਮਾਮੇ, ਮਾਮੀਆਂ, ਨਾਨਾ, ਨਾਨੀ
ਚਾਚੇ, ਤਾਏ, ਦਾਦਾ, ਦਾਦੀ
ਸਭ ਗੁਜ਼ਰ ਗਏ

'ਕੱਲੀਆਂ ਰਹਿ ਗਈਆਂ ਦੋਵੇਂ
ਹੁਣ ਮਿਲਣ ਦੋਵੇਂ
ਢੁਕ-ਢੁਕ ਬੈਠਣ
ਵਟਾਉਣ ਨਵੇਂ ਸੂਟ
ਜਿਵੇਂ
ਨਵੀਂ ਰਿਸ਼ਤੇਦਾਰੀ ਪਈ ਹੋਵੇ

## ਸਕੂਨ

ਅੱਜ ਬਾਰਿਸ਼ ਨੂੰ ਦੇਖ
ਆਈ ਤੇਰੀ ਯਾਦ

'ਕੱਠੇ ਭਿੱਜਣਾ ਵੀ
ਸੌਖਾ ਨਹੀਂ ਆਉਂਦਾ

ਕਿੰਨੇ ਪੜਾਅ ਹੁੰਦੇ
ਕਿੰਨੇ ਧਰਤ ਅਸਮਾਨ
ਗਾਹ ਪਹੁੰਚਣਾ ਹੁੰਦਾ ਏਥੇ

ਸੰਘਰਸ਼ ਬਰਾਬਰ ਦਾ ਸੀ
ਹਰ ਪਾਸਿਓਂ
ਤਾਹੀਓਂ ਸਕੂਨ ਸੀ ਕਿੰਨਾ!

## ਘਰ ਵਾਲਾ

ਕੰਮ ਚੱਲ ਰਿਹਾ ਘਰ ਦਾ
ਮਜ਼ਦੂਰ, ਮਿਸਤਰੀਆਂ ਨੂੰ ਗਾਲ੍ਹਾਂ
ਭੈਣ.. ਮਾਂ.. ਸਾਲਾ..
ਹਾਲਾਤ ਹੀ ਇਸ ਤਰ੍ਹਾਂ ਦੇ ਹੋ ਜਾਂਦੇ!
ਲੱਗਣ ਲੱਗ ਜਾਂਦਾ ਮੈਨੂੰ
ਇਹੀ ਨਾਂਅ ਉਹਨਾਂ ਦੇ
ਉਨ੍ਹਾਂ ਨੂੰ ਤਾਂ ਲੱਗਦਾ ਇਹੀ ਹੋਣਾ
ਹਾਂ, ਕਈ ਵਾਰ ਕੋਈ
ਅੱਗੇ-ਪਿੱਛੇ ਲੈ ਦਿੰਦਾ ਹੋਣਾ
ਜਿਵੇਂ ਅਕਸਰ ਗਲੀ-ਗੁਆਂਢ
ਬਦਲ ਕੇ ਲੈ ਲੈਂਦੇ ਨਾਂਅ ਭਰਾਵਾਂ ਦੇ

ਪਹਿਲਾਂ ਮਾੜੀ-ਮੋਟੀ ਨਿਕਲ ਜਾਂਦੀ ਗਾਲ੍ਹ
ਹੁਣ ਉਹ ਵੀ ਹੋ ਗਈ ਬੰਦ
ਜਿਵੇਂ ਉਨ੍ਹਾਂ ਨਾਵਾਂ ਵਾਲ਼ੇ ਬੰਦੇ ਚਲੇ ਗਏ ਹੋਣ
ਤੇ
ਮੈਨੂੰ ਘਰ-ਵਾਲ਼ਾ ਕਰ ਗਏ ਹੋਣ

## ਪਿਤਾ

ਹੁਣ ਜਦ
ਪਿਤਾ ਤੋਂ ਵੱਡੀ ਉਮਰ ਦਾ
ਮਰਦਾ ਕੋਈ
ਤਾਂ ਭਰੇ ਮਨੀਂ ਸੋਚਦਾਂ :
ਅਜੇ
ਹੋਰ ਜੀ ਸਕਦੇ ਸੀ ਪਿਤਾ ਜੀ

ਫੇਰ ਲੱਗਦਾ
ਤਦ ਨਹੀਂ
ਅੱਜ ਮਰੇ ਨੇ ਪਿਤਾ
ਹੁਣ ਜੇ ਹੀ ਮਰਨਾ ਚਾਹੀਦਾ ਸੀ

ਡੁੱਬ ਜਾਨਾਂ
ਮੁੱਕੇ ਬਜ਼ੁਰਗ ਦੇ ਸ਼ੋਕ ਵਿਚ

## ਤਵਾਜ਼ਨ

ਕਿੰਨਾ ਕੀਮਤੀ ਸਰਮਾਇਆ
ਤੇਰੀਆਂ ਯਾਦਾਂ ਦਾ
ਸੰਭਾਲਦਾ ਫਿਰਦਾ
ਇਸ ਅਤਿ-ਆਧੁਨਿਕ ਯੁੱਗ ਵਿਚ

ਰੱਖ ਦਿੱਤੀ ਤੇਰੀ ਜਨਮ ਮਿਤੀ
ਸਾਂਭ ਦਿੱਤਾ ਪਹਿਲੀ ਮਿਲਣੀ ਦਾ ਦਿਨ
ਛੁਪਾ ਦਿੱਤੀ ਕਿਸੇ ਮੁਹੱਬਤੀ ਦਿਨ ਦੀ ਤਰੀਕ

ਏ ਟੀ ਐੱਮ ਪਿਨ
ਗੂਗਲ ਪੇ ਨੰਬਰ
ਤੇ
ਨੈੱਟਵਰਕਿੰਗ ਕੋਡ ਵਿਚ

## ਅਸੀਂ ਤੇ ਪੁਤਲੇ

ਜਲੰਧਰ ਸ਼ਹਿਰ ਪੜ੍ਹਦੇ
ਚੜ੍ਹਦੀ ਉਮਰੇ

ਕਿੰਨੀ ਥਾਵੀਂ ਮਨਾਏ ਜਾਂਦੇ ਦੁਸਹਿਰੇ
ਤੁਰੇ ਰਹਿੰਦੇ
ਇਕ ਥਾਂ ਤੋਂ ਦੂਜੀ ਥਾਂ :
ਓਥੇ ਉਸ ਤੋਂ ਵੀ ਉੱਚੇ ਪੁਤਲੇ
ਤੇ
ਓਥੇ ਉਸ ਤੋਂ ਵੀ ਉੱਚੇ!
ਕਦੀ ਦੇਖ ਹੀ ਨਾ ਸਕੇ
ਜਲਾਏ ਜਾਂਦੇ
ਤੇ ਹੁਣ
ਤਾਂ ਦੇਖਣਾ ਹੀ ਕੀ ਸੀ
ਜਲਾਏ ਜਾਂਦਿਆਂ ਨੂੰ।

## ਸਮਾਂ

ਪਿਤਾ ਜੀ ਕੋਲ਼
ਦੋ ਐਨਕਾਂ ਸਨ
ਇਕ ਨੇੜੇ ਦੀ
ਦੂਜੀ ਦੂਰ ਦੀ
ਉਹਨਾਂ ਦੀ ਵੀ ਇਕ ਐਨਕ
ਏਧਰ-ਓਧਰ ਹੋ ਜਾਂਦੀ
ਉਹ ਪੜ੍ਹ ਲੈਂਦੇ ਨੇੜੇ ਦੀ ਐਨਕ ਨਾਲ਼
ਜਾਂ
ਦੇਖ ਲੈਂਦੇ ਬਾਗ਼ ਦੇ ਫੁੱਲ, ਤਿਤਲੀਆਂ, ਬੱਚੇ
ਮੇਰੀ ਇਕੋ ਐਨਕ ਵਿਚ
ਦੂਰ-ਨੇੜੇ ਦੇ ਲੈਂਜ਼
ਮੈਂ ਹੱਸਦਾ-ਹੱਸਦਾ ਉਦਾਸ ਹੋ ਜਾਂਦਾ।

*ਸੰਪਰਕ-82838-26876*

## ਲਘੂ ਕਹਾਣੀ/ ਸੋਲਾਂ ਆਨੇ ਸੱਚ

ਸਤਨਾਮ ਸ਼ਹਿਰ ਦੇ ਇੱਕ ਨਾਮੀ ਸਕੂਲ ਵਿਚ ਬੱਸ ਡਰਾਈਵਰ ਸੀ। ਬੱਸਾਂ ਵੀ ਸਕੂਲ ਵਾਲਿਆਂ ਦੀਆਂ ਸਨ ਤੇ ਤੇਲ ਖਰਚਾ ਵੀ ਉਨ੍ਹਾਂ ਦਾ, ਸਤਨਾਮ ਗੁਜ਼ਾਰੇ ਜੋਗੀ ਮਿਲਦੀ ਆਪਣੀ ਤਨਖ਼ਾਹ ਨਾਲ ਆਪਣੀ ਕਬੀਲਦਾਰੀ ਰੇੜ੍ਹੀ ਜਾ ਰਿਹਾ ਸੀ। ਆਪਣੇ ਕਿੱਤੇ 'ਚ ਨਿਪੁੰਨ ਅਤੇ ਨਸ਼ੇ-ਪੱਤੇ ਤੋਂ ਰਹਿਤ ਹੋਣ ਕਾਰਨ ਛੁੱਟੀ ਵਾਲੇ ਦਿਨ ਉਸ ਨੂੰ ਕੋਈ ਨਾ ਕੋਈ ਘਰੇਲੂ ਗੇੜਾ ਵੀ ਮਿਲ ਜਾਂਦਾ। ਉਸੇ ਵਾਂਗ ਉਸ ਦੀ ਘਰਵਾਲੀ ਵੀ ਨੇਕ ਅਤੇ ਠੰਢੇ ਸੁਭਾਅ ਵਾਲੀ ਸੀ। ਇਸ ਤਰ੍ਹਾਂ ਦੋਵੇਂ ਸ਼ਹਿਰ ਦੀ ਬੁੱਕਲ 'ਚ ਪੈਂਦੇ ਆਪਣੇ ਪਿੰਡ ਵਿਚਲੇ ਛੋਟੇ ਜਿਹੇ ਮਕਾਨ ਵਿਚ ਆਪਣੇ ਦੋ ਬੱਚਿਆਂ ਨਾਲ ਸਬਰ-ਸੰਤੋਖ ਨਾਲ ਰਹਿ ਰਹੇ ਸਨ।

ਹਰ ਰੋਜ਼ ਸਵੇਰੇ ਸਤਨਾਮ ਮੂੰਹ-ਹਨੇਰੇ ਹੀ ਸਾਈਕਲ 'ਤੇ ਸਕੂਲ ਜਾ ਪਹੁੰਚਦਾ ਤੇ ਉੱਥੇ ਆਪਣੇ ਰੂਟ ਵਾਲੀ ਬੱਸ ਲੈ ਸਕੂਲ ਦੇ ਬੱਚੇ ਲੈਣ ਲਈ ਚੱਲ ਪੈਂਦਾ। ਤਕਰੀਬਨ ਪੱਚੀ-ਤੀਹ ਕਿੱਲੋਮੀਟਰ ਦਾ ਪੈਂਡਾ ਵੱਖ-ਵੱਖ ਪਿੰਡਾਂ 'ਚੋਂ ਕੱਢਦਾ ਜਦੋਂ ਉਹ ਵਾਪਸ ਮੁੜਦਾ ਤਾਂ ਵਾਪਸੀ 'ਤੇ ਉਸ ਦਾ ਆਖ਼ਰੀ ਸਟਾਪ ਉਸ ਦੇ ਆਪਣੇ ਪਿੰਡ ਵਾਲਾ ਚੁਰਸਤਾ ਹੀ ਹੁੰਦਾ। ਇੱਥੇ ਬੱਸ ਲੈਣ ਵਾਲੇ ਵਿਦਿਆਰਥੀਆਂ ਦੇ ਨਾਲ ਉਸ ਦੀ ਘਰਵਾਲੀ ਵੀ ਖੜ੍ਹੀ ਉਸ ਦਾ ਰਾਹ ਤੱਕ ਰਹੀ ਹੁੰਦੀ। ਸਤਨਾਮ ਨੂੰ ਜਦੋਂ ਉਹ ਤਾਜ਼ੀ ਬਣਾਈ ਰੋਟੀ ਵਾਲਾ ਡੱਬਾ ਫੜਾਉਂਦੀ ਤਾਂ ਸਤਨਾਮ ਨੂੰ ਚਾਅ ਚੜ੍ਹ ਜਾਂਦਾ। ਸਕੂਲ ਵਿਚ ਵਿਦਿਆਰਥੀਆਂ ਨੂੰ ਪਹੁੰਚਾ ਉਹ ਆਪਣੇ ਹੋਰ ਸਾਥੀ ਡਰਾਈਵਰਾਂ ਨਾਲ ਬੈਠ ਕੇ ਲਿਆਂਦੀ ਰੋਟੀ ਦਾ ਆਨੰਦ ਲੈਂਦਾ। ਆਪੋ-ਆਪਣੀ ਬੱਸ ਦੀ ਸਫ਼ਾਈ ਅਤੇ ਤੇਲ-ਪਾਣੀ ਚੈੱਕ ਕਰਨ ਉਪਰੰਤ ਉਹ ਸਾਰੇ ਕੁੱਝ ਚਿਰ ਗੱਪ-ਸ਼ੱਪ ਲਗਾਉਂਦੇ ਕਿ ਇੰਨੇ ਨੂੰ ਨਰਸਰੀ ਵਾਲੇ ਬੱਚਿਆਂ ਨੂੰ ਛੱਡਣ ਦਾ ਵੇਲਾ ਹੋ ਜਾਂਦਾ। ਪੂਰੀ ਛੁੱਟੀ ਵੇਲੇ ਉਹ ਫ਼ੇਰ ਆਪਣੇ ਸਵੇਰ ਵਾਲੇ ਰੂਟ 'ਤੇ ਬੱਚਿਆਂ ਨੂੰ ਵਾਪਸ ਛੱਡਣ ਲਈ ਚੱਲ ਪੈਂਦੇ। ਇੰਝ ਤਕਰੀਬਨ ਪੰਜ ਕੁ ਵਜੇ ਵਿਹਲਾ ਹੋ ਸਤਨਾਮ ਵਾਪਸ ਆਪਣੇ ਘਰ ਪਹੁੰਚਦਾ।

ਸਤਨਾਮ ਦੇ ਦੋਵੇਂ ਬੱਚੇ ਪਿੰਡ ਵਾਲੇ ਸਰਕਾਰੀ ਸਕੂਲ 'ਚ ਪੜ੍ਹਦੇ ਸਨ, ਵੱਡੀ ਕੁੜੀ ਪੰਜਵੀਂ 'ਚ ਤੇ ਛੋਟਾ ਮੁੰਡਾ ਤੀਸਰੀ 'ਚ। ਭਾਵੇਂ ਉਹ ਦੋਵੇਂ ਪੜ੍ਹਨ 'ਚ ਹੁਸ਼ਿਆਰ ਸਨ, ਪਰ ਸਤਨਾਮ ਦੀ ਘਰਵਾਲੀ ਜਦੋਂ ਉਸ ਨੂੰ ਰੋਟੀ ਫੜਾਉਣ ਚੁਰਸਤੇ 'ਚ ਪੁੱਜਦੀ ਤਾਂ ਉੱਥੇ ਸਤਨਾਮ ਵਾਲੇ ਸਕੂਲ ਦੇ ਜਾਣ ਵਾਲੇ ਬੱਚਿਆਂ ਦੀ ਮਹਿੰਗੀ ਅਤੇ ਸੋਹਣੀ ਵਰਦੀ ਦੇਖ਼ ਉਹ ਉਨ੍ਹਾਂ ਦਾ ਟਾਕਰਾ ਆਪਣੇ ਬੱਚਿਆਂ ਨਾਲ ਕਰਨ ਲੱਗਦੀ।

'ਬੜੇ ਭਾਗਾਂ ਵਾਲੇ ਹਨ ਇਹ ਬੱਚੇ ਜੋ ਇੰਨੇ ਮਹਿੰਗੇ ਸਕੂਲ 'ਚ ਪੜ੍ਹਦੇ।' ਉਹ ਮਨੋਮਨੀ ਸੋਚਦੀ। ਸਤਨਾਮ ਕੋਲੋਂ ਉਸ ਨੂੰ ਇਹ ਜਾਣਕਾਰੀ ਭਲੀ-ਭਾਂਤ ਸੀ ਕਿ ਉਸ ਸਕੂਲ ਵਿਚ ਦੋ ਬੱਚਿਆਂ ਦੀ ਪੜ੍ਹਾਈ ਦਾ ਖ਼ਰਚ ਤਕਰੀਬਨ ਸਤਨਾਮ ਦੀ ਤਨਖ਼ਾਹ ਦੇ ਬਰਾਬਰ ਸੀ। ਉੱਤੋਂ ਉਸ ਸਕੂਲ 'ਚ ਦਾਖ਼ਲ ਕਰਨ ਲੱਗਿਆਂ ਬੱਚੇ ਦੇ ਨਾਲ-ਨਾਲ ਉਸ ਦੇ ਮਾਪਿਆਂ ਦੀ ਵੀ ਇੰਟਰਵਿਊ ਲਈ ਜਾਂਦੀ ਸੀ, ਪਰ ਫ਼ਿਰ ਵੀ ਮਾਂ ਦਾ ਦਿਲ ਤਾਂ ਮਾਂ ਦਾ ਹੀ ਹੁੰਦਾ, ਉਸ ਦੇ ਦਿਲ ਵਿਚ ਇਹ ਹਸਰਤ ਉੱਠਦੀ ਹੀ ਰਹਿੰਦੀ ਕਿ ਕਾਸ਼ ਉਸ ਦੇ ਬੱਚੇ ਵੀ ਇਸ ਮਹਿੰਗੇ ਸਕੂਲ ਵਿਚ ਪੜ੍ਹਨ। ਝਕਦਿਆਂ ਇੱਕ ਸ਼ਾਮ ਉਸ ਨੇ ਆਪਣੇ ਦਿਲ ਦੀ ਇਹ ਗੱਲ ਆਪਣੇ ਘਰਵਾਲੇ ਸਤਨਾਮ ਨਾਲ ਸਾਂਝੀ ਕੀਤੀ, 'ਮੈਂ ਕਿਹਾ ਜੀ, ਤੁਸੀ ਤਾਂ ਐਨੇ ਚਿਰ ਤੋਂ ਉਸ ਸਕੂਲ ਵਿਚ ਕੰਮ ਕਰਦੇ ਹੋ, ਸ਼ਾਇਦ ਤੁਹਾਡੇ ਕਰਕੇ ਸਾਡੇ ਬੱਚਿਆਂ ਦੀ ਫ਼ੀਸ ਘਟਾ ਹੀ ਦੇਣ, ਆਪਾਂ ਆਪਣੇ ਬੱਚੇ ਵੀ ਉੱਥੇ ਨਾ ਲਾ ਲਈਏ।'

ਸਤਨਾਮ ਤੋਂ ਉਸ ਦੀ ਇਹ ਹਸਰਤ ਕਿਹੜਾ ਗੁੱਝੀ ਸੀ, ਪਰ ਗੱਲ ਬਦਲਦਿਆਂ ਉਸ ਨੇ ਉਸ ਨੂੰ ਮੋੜਵਾਂ ਸੁਆਲ ਕੀਤਾ,

'ਬੱਚੇ ਤਾਂ ਚੱਲ ਆਪਾਂ ਲਾ ਲਵਾਂਗੇ, ਪਰ ਪਹਿਲਾਂ ਤੂੰ ਇਹ ਦੱਸ ਪਈ ਤੂੰ ਨਿੱਤ ਸਬਜ਼ੀ ਰੇਹੜੀ ਵਾਲੇ ਤੋਂ ਕਿਉਂ ਲੈਨੀ, ਉਹ ਸਾਡੇ ਪਿੰਡ ਵਾਲੇ ਮੋੜ 'ਤੇ ਐਡਾ ਮਾਲ ਖੁੱਲ੍ਹਿਆ, ਉੱਥੋਂ ਕਿਉਂ ਨ੍ਹੀ ਲੈਂਦੀ?'

'ਭਲਾ ਮੈਂ ਕਿਉਂ ਲੁੱਟ ਹੋਵਾਂ ਮਾਲ 'ਚ ਜਾ ਕੇ। ਜਦੋਂ ਉਹੀ ਚੀਜ਼ ਮੈਨੂੰ ਪੰਜਾਹ ਦੀ ਥਾਂ ਰੇਹੜੀ ਵਾਲੇ ਕੋਲੋਂ ਦਸਾਂ-ਵੀਹਾਂ 'ਚ ਮਿਲ ਜਾਂਦੀ।' ਸਤਨਾਮ ਦੀ ਘਰਵਾਲੀ ਨੇ ਤੁਰੰਤ ਤੇਵਰ ਬਦਲਦਿਆਂ ਉੱਤਰ ਦਿੱਤਾ ਤਾਂ ਮੁਸਕਰਾਉਂਦਾ ਸਤਨਾਮ ਆਪਣੇ ਅਸਲ ਮਨੋਰਥ 'ਤੇ ਆ ਗਿਆ,

'ਭਲੀਏ ਲੋਕੇ! ਇਹੀ ਗੱਲ ਤਾਂ ਮੈਂ ਤੈਨੂੰ ਸਮਝਾਉਣਾ ਚਾਹੁੰਦਾ, ਮੁਢਲੀ ਪੜ੍ਹਾਈ ਤੇ ਸਿਲੇਬਸ ਲਗਭੱਗ ਉਹੀ ਹੁੰਦਾ, ਇਹ ਚਮਕ-ਦਮਕ ਵਾਲਾ ਭਰਮ ਜਾਲ ਤਾਂ ਵਪਾਰੀ ਪ੍ਰਵਿਰਤੀ ਵਾਲਿਆਂ ਦਾ ਫ਼ੈਲਾਇਆ ਹੋਇਆ। ਹੁਣ ਜੇ ਸਾਡੇ ਬੱਚੇ ਪਿੰਡ ਵਾਲੇ ਸਕੂਲ 'ਚ ਹੀ ਵਧੀਆ ਪੜ੍ਹ ਰਹੇ ਤਾਂ ਅਸੀਂ ਐਵੇਂ ਮਹਿੰਗੇ ਟੈਗ ਦੇ ਚੱਕਰ 'ਚ ਅੱਡੀਆਂ ਚੁੱਕ ਫ਼ਾਹਾ ਲੈਣਾ।'

ਬਾਰਾਂ ਜਮਾਤਾਂ ਪਾਸ ਸਤਨਾਮ ਦੀ ਘਰਵਾਲੀ ਇਹ ਸੁਣ ਨਿਰਉੱਤਰ ਹੋ ਗਈ। ਮਨ 'ਚ ਹੀ ਉਧੇੜ-ਬੁਣ ਕਰਦੀ ਉਹ ਸਤਨਾਮ ਕੋਲੋਂ ਉੱਠ ਆਪਣੇ ਬੱਚਿਆਂ ਕੋਲ ਆ ਗਈ। ਦੋਵੇਂ ਬੱਚੇ ਸਕੂਲ ਤੋਂ ਮਿਲਿਆ ਕੰਮ ਕਰ ਰਹੇ ਸਨ। ਸਤਨਾਮ ਦੀ ਘਰਵਾਲੀ ਨੇ ਇੱਕ ਨਜ਼ਰ ਦੋਵਾਂ ਦੇ ਕੀਤੇ ਕੰਮ ਵੱਲ ਮਾਰੀ ਤਾਂ ਉਸ ਨੂੰ ਲਿਖੇ ਅੱਖ਼ਰ ਮੋਤੀਆਂ ਵਾਂਗ ਚਮਕਦੇ ਨਜ਼ਰ ਆਏ। ਉਸ ਦੀ ਰੂਹ ਖ਼ਿੜ ਉੱਠੀ।

ਹੁਣ ਉਸ ਨੂੰ ਆਪਣੇ ਘਰਵਾਲੇ ਦੀ ਕਹੀ ਗੱਲ ਸੋਲਾਂ ਆਨੇ ਸੱਚ ਜਾਪ ਰਹੀ ਸੀ।

**— ਰਘੁਵੀਰ ਸਿੰਘ ਕਲੋਆ**

# ਨਾਰੀ ਸਨਮਾਨ ਦੇ ਹੋਕਰਿਆਂ ਦਰਮਿਆਨ ਬਲਾਤਕਾਰੀਆਂ ਦੀ ਸਜ਼ਾ ਮਾਫ਼ੀ ਦੇ ਮਾਅਣੇ

**ਬੂਟਾ ਸਿੰਘ ਮਹਿਮੂਦਪੁਰ**

15 ਅਗਸਤ ਨੂੰ ਲਾਲ ਕਿਲ੍ਹੇ ਤੋਂ ਦਿੱਤੇ ਭਾਸ਼ਣ ਵਿਚ ਪ੍ਰਧਾਨ ਮੰਤਰੀ ਮੋਦੀ ਵੱਲੋਂ 'ਨਾਰੀ ਸ਼ਕਤੀ' ਅਤੇ 'ਨਾਰੀ ਸਨਮਾਨ' ਉੱਪਰ ਵਿਸ਼ੇਸ਼ ਜ਼ੋਰ ਦੇਣ ਅਤੇ ਉਸੇ ਦਿਨ ਗੁਜਰਾਤ ਸਰਕਾਰ ਵੱਲੋਂ ਬਿਲਕਿਸ ਬਾਨੋ ਕੇਸ ਦੇ ਮੁਜਰਿਮ 11 ਦਰਿੰਦਿਆਂ ਨੂੰ ਰਿਹਾਅ ਕਰਨ ਦਾ ਆਪਾਵਿਰੋਧੀ ਵਰਤਾਰਾ ਹੈਰਾਨੀਜਨਕ ਨਹੀਂ ਹੈ। ਇਸ ਦੀ ਬੁਨਿਆਦ ਆਰ.ਐੱਸ.ਐੱਸ.-ਭਾਜਪਾ ਦੀ ਵਿਚਾਰਧਾਰਾ ਹੈ, ਜਿਸ ਦਾ ਸਾਕਾਰ ਰਾਜਸੀ ਰੂਪ 'ਗੁਜਰਾਤ ਮਾਡਲ' ਹੈ।

ਬਿਲਕਿਸ ਬਾਨੋ ਕੇਸ ਫਰਵਰੀ-ਮਾਰਚ 2002 'ਚ ਗੁਜਰਾਤ ਵਿਚ ਹੋਏ ਮੁਸਲਮਾਨਾਂ ਦੇ ਕਤਲੇਆਮ ਵਿਚਲਾ ਇਕ ਸਭ ਤੋਂ ਘਿਣਾਉਣਾ ਕਾਂਡ ਸੀ। 27 ਫਰਵਰੀ 2002 ਨੂੰ ਗੋਧਰਾ ਰੇਲਵੇ ਸਟੇਸ਼ਨ ਉੱਪਰ ਰੁਕੀ ਸਾਬਰਮਤੀ ਐਕਸਪ੍ਰੈੱਸ ਦਾ ਇਕ ਡੱਬਾ ਅਗਜ਼ਨੀ ਦੀ ਲਪੇਟ 'ਚ ਆ ਗਿਆ ਸੀ। ਡੱਬੇ 'ਚ ਸਵਾਰ ਅਯੁੱਧਿਆ ਤੋਂ ਪਰਤ ਰਹੇ 59 'ਕਾਰ ਸੇਵਕ' ਜ਼ਿੰਦਾ ਸੜ ਗਏ ਸਨ। ਇਹ ਅੱਗ ਕਿਵੇਂ ਲੱਗੀ, ਇਹ ਜਾਂਚ ਕਰਾਉਣ ਦੀ ਬਜਾਏ ਵਿਸ਼ਵ ਹਿੰਦੂ ਪ੍ਰੀਸ਼ਦ-ਬਜਰੰਗ ਦਲ ਦੇ ਆਗੂਆਂ ਨੇ ਇਸ ਦਾ ਦੋਸ਼ ਮੁਸਲਮਾਨਾਂ ਉੱਪਰ ਲਗਾ ਕੇ ਅਤੇ ਸੰਘ ਨੇ ਆਪਣੇ ਗੁਪਤਤੰਤਰ ਨੂੰ ਸਰਗਰਮ ਕਰਕੇ ਗਿਣੀ-ਮਿੱਥੀ ਯੋਜਨਾ ਤਹਿਤ ਪੂਰੇ ਗੁਜਰਾਤ 'ਚ ਮੁਸਲਮਾਨਾਂ ਦਾ ਕਤਲੇਆਮ ਕਰਨਾ ਸ਼ੁਰੂ ਦਿੱਤਾ। ਪਿੱਛੋਂ ਸੁਤੰਤਰ ਜਾਂਚ ਰਿਪੋਰਟਾਂ ਨੇ ਪੁਸ਼ਟੀ ਕੀਤੀ ਕਿ ਮੁਸਲਮਾਨਾਂ ਦਾ ਕਤਲੇਆਮ ਗੋਧਰਾ ਰੇਲ ਅਗਜ਼ਨੀ ਕਾਂਡ ਵਿਰੁੱਧ ਆਪਮੁਹਾਰਾ ਪ੍ਰਤੀਕਰਮ ਨਹੀਂ ਸੀ, ਜਿਵੇਂ ਕਿ ਇਸ ਨੂੰ ਪੇਸ਼ ਕੀਤਾ ਗਿਆ। ਦਰਅਸਲ ਇਹ ਮੁਸਲਮਾਨ ਘੱਟਗਿਣਤੀ ਦੀ ਨਸਲਕੁਸ਼ੀ, ਸਮੂਹਿਕ ਬਲਾਤਕਾਰਾਂ ਅਤੇ ਆਰਥਿਕ ਤਬਾਹੀ ਦੀ ਪੂਰੀ ਤਰ੍ਹਾਂ ਗਿਣੀ-ਮਿੱਥੀ ਸਾਜ਼ਿਸ਼ ਸੀ। 2000 ਦੇ ਕਰੀਬ ਬੇਕਸੂਰ ਮੁਸਲਮਾਨਾਂ, ਬਜ਼ੁਰਗਾਂ, ਔਰਤਾਂ, ਬੱਚਿਆਂ ਨੂੰ ਬੇਕਿਰਕੀ ਨਾਲ ਵੱਢ-ਟੁੱਕ ਕੇ ਅਤੇ ਜਿਉਂਦਿਆਂ ਨੂੰ ਅੱਗ ਲਗਾ ਕੇ ਕਤਲ ਕੀਤਾ ਗਿਆ। ਸੈਂਕੜੇ ਮੁਸਲਮਾਨ ਔਰਤਾਂ ਅਤੇ ਬੱਚੀਆਂ ਨਾਲ ਸਮੂਹਿਕ ਬਲਾਤਕਾਰ ਕੀਤੇ ਗਏ। ਗਰਭਵਤੀ ਔਰਤਾਂ ਦੇ ਬਲਾਤਕਾਰ ਕਰਨ ਤੋਂ ਬਾਅਦ ਉਨ੍ਹਾਂ ਦੇ ਢਿੱਡ ਪਾੜ ਕੇ ਭਰੂਣ ਤ੍ਰਿਸ਼ੂਲਾਂ 'ਤੇ ਟੰਗ ਕੇ ਜਸ਼ਨ ਮਨਾਏ ਗਏ। ਇਹ ਸਭ ਨਰਿੰਦਰ ਮੋਦੀ ਸਰਕਾਰ ਦੀ ਰਾਜਸੀ ਛਤਰ-ਛਾਇਆ ਅਤੇ ਰਾਜਤੰਤਰ ਦੀ ਮਿਲੀਭੁਗਤ ਨਾਲ ਵਾਪਰਿਆ। ਮੌਕੇ ਦੇ ਗਵਾਹ ਅਧਿਕਾਰੀਆਂ ਨੇ ਸਿੱਟ ਅੱਗੇ ਗਵਾਹੀ ਦਿੱਤੀ ਕਿ ਤੱਤਕਾਲੀ ਮੁੱਖ ਮੰਤਰੀ ਮੋਦੀ ਨੇ ਪੁਲਸ-ਸਿਵਲ ਪ੍ਰਸ਼ਾਸਨ ਦੇ ਆਹਲਾ ਅਧਿਕਾਰੀਆਂ ਦੀ ਵਿਸ਼ੇਸ਼ ਮੀਟਿੰਗ ਬੁਲਾ ਕੇ ਉਨ੍ਹਾਂ ਨੂੰ ਹਦਾਇਤ ਕੀਤੀ ਸੀ ਕਿ ਹਿੰਦੂਆਂ ਨੂੰ ਗੁੱਸਾ ਕੱਢ ਲੈਣ ਦਿਓ ਅਤੇ ਉਨ੍ਹਾਂ ਨੂੰ ਰੋਕਿਆ ਨਾ ਜਾਵੇ। ਇੰਵ ਭਗਵੇਂ ਆਗੂਆਂ ਦੀ ਅਗਵਾਈ ਅਤੇ ਪੁਲਸ ਦੀ ਮਦਦ ਨਾਲ ਨਰੋਦਾ ਪਾਟੀਆ, ਬੈਸਟ ਬੇਕਰੀ, ਬਿਲਕਿਸ ਬਾਨੋ ਸਮੇਤ 300 ਦੇ ਕਰੀਬ ਕਾਂਡਾਂ ਨੂੰ ਅੰਜਾਮ ਦਿੱਤਾ ਗਿਆ।

ਬਿਲਕਿਸ ਬਾਨੋ ਉਦੋਂ 19 ਸਾਲ ਦੀ ਸੀ। ਗੋਧਰਾ ਕਾਂਡ ਤੋਂ ਬਾਅਦ ਉਸ ਦੇ ਪਿੰਡ ਉੱਪਰ ਵੀ ਕਾਤਲ ਹਜੂਮਾਂ ਨੇ ਹਮਲਾ ਕਰ ਦਿੱਤਾ। ਪਿੰਡ ਦੇ ਮੁਸਲਮਾਨਾਂ ਦਾ ਸ਼ਿਕਾਰ, ਪਿੱਛਾ ਕਰਕੇ ਉਨ੍ਹਾਂ ਨੂੰ ਮਾਰਿਆ ਗਿਆ। ਬਿਲਕਿਸ ਪਰਵਾਰ ਦੇ ਸਤਾਰਾਂ ਮੈਂਬਰ ਕਿਸੇ ਤਰ੍ਹਾਂ ਬਚ ਕੇ ਧਾਰਮਿਕ ਸਥਾਨ 'ਚ ਜਾ ਲੁਕੇ। ਉੱਥੇ ਉਸ ਦੀ ਨਣਾਨ ਨੇ ਇਕ ਬੱਚੀ ਨੂੰ ਜਨਮ ਦਿੱਤਾ, ਜੋ ਜਣੇਪੇ ਲਈ ਆਪਣੇ ਪੇਕੇ ਘਰ ਆਈ ਹੋਈ ਸੀ। 28 ਫਰਵਰੀ ਤੋਂ ਲੈ ਕੇ ਇਹ ਪਰਵਾਰ ਪਿੰਡਾਂ 'ਚ ਲੁਕ ਕੇ ਜਾਨ ਬਚਾਉਣ ਦੀ ਕੋਸ਼ਿਸ਼ ਕਰਦਿਆਂ ਇਕ ਟਰੱਕ 'ਚ ਸਵਾਰ ਹੋ ਕੇ ਜਾ ਰਿਹਾ ਸੀ, ਜਦੋਂ 3 ਮਾਰਚ ਨੂੰ ਜੀਪਾਂ 'ਤੇ ਸਵਾਰ ਕਾਤਲ ਹਜੂਮ ਨੇ ਰੰਧੀਕਪੁਰ ਪਿੰਡ 'ਚ ਉਨ੍ਹਾਂ ਨੂੰ ਘੇਰ ਲਿਆ। ਹਮਲਾਵਰਾਂ ਵਿਚ 12 ਜਣੇ ਉਸ ਦੇ ਆਪਣੇ ਪਿੰਡ ਦੇ ਸਨ। ਬਿਲਕਿਸ ਬਾਨੋ ਦੀ ਤਿੰਨ ਸਾਲ ਦੀ ਬੱਚੀ ਸਾਲੇਹਾ ਨੂੰ ਪੱਥਰ 'ਤੇ ਪਟਕਾ ਕੇ ਮਾਰ ਦਿੱਤਾ ਗਿਆ। ਫਿਰ ਉਨ੍ਹਾਂ ਨੇ ਬਿਲਕਿਸ ਬਾਨੋ, ਜੋ ਪੰਜ ਮਹੀਨੇ ਦੀ ਗਰਭਵਤੀ ਸੀ, ਦੇ ਕੱਪੜੇ ਪਾੜ ਕੇ ਉਸ ਨਾਲ ਵਾਰ-ਵਾਰ ਸਮੂਹਿਕ ਬਲਾਤਕਾਰ ਕੀਤਾ ਅਤੇ ਛੁਰਿਆਂ ਨਾਲ ਉਸ ਦਾ ਜਿਸਮ ਪੱਛ ਦਿੱਤਾ ਗਿਆ। ਉਸ ਦੀ ਨਣਾਨ ਦਾ ਸਮੂਹਿਕ ਬਲਾਤਕਾਰ ਕਰਕੇ ਉਸ ਨੂੰ ਕਤਲ ਕਰ ਦਿੱਤਾ ਗਿਆ ਅਤੇ ਦੋ ਦਿਨ ਪਹਿਲਾਂ ਪੈਦਾ ਹੋਈ ਬਾਲੜੀ ਵੀ ਬੇਕਿਰਕੀ ਨਾਲ ਮਾਰ ਦਿੱਤੀ ਗਈ। ਉਸ ਦੇ 14 ਪਰਵਾਰਕ ਮੈਂਬਰ ਅਤੇ ਰਿਸ਼ਤੇਦਾਰ ਕਤਲ ਕਰ ਦਿੱਤੇ ਗਏ। ਜਦੋਂ ਬਿਲਕਿਸ ਬਾਨੋ ਨੂੰ ਹੋਸ਼ ਆਈ ਤਾਂ ਉਹ ਲਾਸ਼ਾਂ ਦਰਮਿਆਨ ਨਗਨ ਲਹੂ-ਲੁਹਾਣ ਹਾਲਤ 'ਚ ਪਈ ਸੀ। ਕਾਤਲ ਉਸ ਨੂੰ ਮਰੀ ਹੋਈ ਸਮਝ ਕੇ ਛੱਡ ਗਏ ਸਨ। ਉਸ ਨੇ ਉੱਥੇ ਖਿੱਲਰੇ ਲਹੂ ਭਿੱਜੇ ਕੱਪੜਿਆਂ ਨਾਲ ਆਪਣਾ ਨੰਗੇਜ ਕੱਜਿਆ ਅਤੇ ਗੁਫ਼ਾ 'ਚ ਜਾ ਕੇ ਲੁਕ ਗਈ। ਜਦੋਂ ਉਸ ਨੇ ਪੁਲਸ ਤੱਕ ਪਹੁੰਚ ਕੀਤੀ ਤਾਂ ਹੁਕਮਰਾਨ ਧਿਰ ਦੇ ਇਸ਼ਾਰੇ 'ਤੇ ਪੁਲਸ ਨੇ ਆਪਣੀ ਮਰਜ਼ੀ ਨਾਲ ਬਿਆਨ ਲਿਖ ਦਿੱਤਾ। ਮੈਡੀਕਲ ਕਰਨ ਵਾਲੇ ਡਾਕਟਰ ਨੇ ਵੀ ਰਿਪੋਰਟ ਲਿਖ ਦਿੱਤੀ ਕਿ ਉਸ ਨਾਲ ਕੋਈ ਬਲਾਤਕਾਰ ਨਹੀਂ ਹੋਇਆ ਸੀ। ਇਕ ਸਾਲ ਬਾਅਦ ਉਸ ਦਾ ਕੇਸ ਬੰਦ ਕਰ ਦਿੱਤਾ ਗਿਆ। ਕਾਨੂੰਨੀ ਚਾਰਾਜੋਈ ਦੇ ਦਬਾਓ ਹੇਠ ਕੇਸ ਦੀ ਜਾਂਚ ਸੀ.ਬੀ.ਆਈ. ਨੂੰ ਸੌਂਪੀ ਗਈ। ਪੀੜਤ ਘੱਟਗਿਣਤੀ ਨੂੰ ਨਿਆਂ ਦਿਵਾਉਣ ਲਈ ਯਤਨਸ਼ੀਲ ਸਮਾਜ ਸੇਵੀ ਜਥੇਬੰਦੀਆਂ ਨੇ ਕਾਨੂੰਨੀ ਲੜਾਈ 'ਚ ਬਿਲਕਿਸ ਦੀ ਮਦਦ ਕਰਕੇ ਇਹ ਕੇਸ ਗੁਜਰਾਤ ਤੋਂ ਮੁੰਬਈ ਤਬਦੀਲ ਕਰਵਾਇਆ ਤਾਂ ਜੁ ਮੁਜਰਿਮ ਅਤੇ ਉਨ੍ਹਾਂ ਦੇ ਰਾਜਸੀ ਸਰਪ੍ਰਸਤ ਗਵਾਹਾਂ ਅਤੇ ਸਬੂਤਾਂ ਨੂੰ ਨੁਕਸਾਨ ਨਾ ਪਹੁੰਚਾ ਸਕਣ। ਮੋਦੀ ਸਰਕਾਰ ਅਤੇ ਰਾਜ ਮਸ਼ੀਨਰੀ ਦੀ ਇਸ ਘਿਣਾਉਣੀ ਭੂਮਿਕਾ ਨੂੰ ਦੇਖਦਿਆਂ ਹੀ ਸੁਪਰੀਮ ਕੋਰਟ ਦੇ ਬੈਂਚ ਨੇ ਬੈਸਟ ਬੇਕਰੀ ਕੇਸ ਵਿਚ ਆਪਣੇ ਫ਼ੈਸਲੇ 'ਚ ਕਿਹਾ ਸੀ ਕਿ ਜਦੋਂ ਮਾਸੂਮ ਬੱਚੇ ਅਤੇ ਬੇਸਹਾਰਾ ਔਰਤਾਂ ਸੜ ਰਹੀਆਂ ਸਨ ਤਾਂ 'ਅਜੋਕੇ ਨੀਰੋਆਂ' ਨੇ ਮੂੰਹ ਮੋੜ ਲਿਆ ਅਤੇ 'ਉਹ ਸ਼ਾਇਦ ਇਹ ਸੋਚ ਰਹੇ ਸਨ ਕਿ ਜੁਰਮ ਦੇ ਦੋਸ਼ੀਆਂ ਨੂੰ ਕਿਵੇਂ ਬਚਾਇਆ ਜਾ ਸਕਦਾ ਹੈ।'

ਲੰਮੀ ਕਾਨੂੰਨੀ ਲੜਾਈ ਲੜਨ ਤੋਂ ਬਾਅਦ 21 ਜਨਵਰੀ 2008 ਨੂੰ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਨੇ 11 ਬਲਾਤਕਾਰੀਆਂ ਨੂੰ ਦੋਸ਼ੀ ਕਰਾਰ ਦੇ ਕੇ ਉਮਰ ਕੈਦ ਦੀ ਸਜ਼ਾ ਸੁਣਾਈ। ਹਾਈਕੋਰਟ ਨੇ ਵੀ ਉਨ੍ਹਾਂ ਦੀ ਸਜ਼ਾ ਬਰਕਰਾਰ ਰੱਖੀ ਅਤੇ ਉਨ੍ਹਾਂ ਦੋਸ਼ੀਆਂ ਨੂੰ ਵੀ ਮੁਜਰਿਮ ਕਰਾਰ ਦੇ ਦਿੱਤਾ, ਜਿਨ੍ਹਾਂ ਨੂੰ ਵਿਸ਼ੇਸ਼ ਅਦਾਲਤ ਵੱਲੋਂ ਬਰੀ ਕਰ ਦਿੱਤਾ ਗਿਆ ਸੀ। ਸੁਪਰੀਮ ਕੋਰਟ ਨੇ ਬੇਘਰ ਹੋ ਕੇ ਦਰ-ਦਰ ਭਟਕ ਰਹੀ ਬਿਲਕਿਸ ਬਾਨੋ ਨੂੰ ਸਰਕਾਰੀ ਮੁਆਵਜ਼ਾ, ਨੌਕਰੀ ਅਤੇ ਘਰ ਦੇਣ ਦਾ ਆਦੇਸ਼ ਦਿੱਤਾ। ਮੁਜਰਿਮਾਂ ਨੂੰ ਉਮਰ ਕੈਦ ਕੱਟਣੀ ਪਈ। 14 ਸਾਲ ਸਜ਼ਾ ਜੇਲ੍ਹ 'ਚ ਰਹਿਣ ਤੋਂ ਬਾਅਦ ਇਕ ਮੁਜਰਿਮ ਵੱਲੋਂ ਸਜ਼ਾ ਮਾਫ਼ੀ ਲਈ ਸੁਪਰੀਮ ਕੋਰਟ 'ਚ ਪਟੀਸ਼ਨ ਦਾਇਰ ਕੀਤੀ ਗਈ। ਸੁਪਰੀਮ ਕੋਰਟ ਨੇ ਗੁਜਰਾਤ ਸਰਕਾਰ ਨੂੰ ਇਸ ਉੱਪਰ ਵਿਚਾਰ ਕਰਨ ਲਈ ਕਿਹਾ ਅਤੇ ਗੁਜਰਾਤ ਸਰਕਾਰ ਨੇ ਸਜ਼ਾ ਮਾਫ਼ ਕਰਨ ਦੇ ਪ੍ਰਵਾਨਿਤ ਪੈਮਾਨੇ ਨੂੰ ਦਰਕਿਨਾਰ ਕਰਕੇ ਸਜ਼ਾ ਮਾਫ਼ੀ ਦੀ ਪੁਰਾਣੀ ਨੀਤੀ ਤਹਿਤ ਮੁਜਰਿਮਾਂ ਦੀ ਸਜ਼ਾ ਮਾਫ਼ ਕਰ ਦਿੱਤੀ, ਜਦਕਿ ਹੁਣ ਨਵੀਂ ਨੀਤੀ ਲਾਗੂ ਸੀ। ਇੰਵ ਅਤਿ ਘਿਣਾਉਣੇ ਕਾਂਡ ਨੂੰ ਅੰਜਾਮ ਦੇਣ ਵਾਲੇ ਮੁਜਰਿਮਾਂ ਦੀ ਰਿਹਾਈ ਦਾ ਰਾਹ ਪੱਧਰਾ ਕਰ ਦਿੱਤਾ ਗਿਆ।

ਇਹ ਤੱਥ ਜੱਗ ਜ਼ਾਹਿਰ ਹੈ ਕਿ ਜਿੰਨੇ ਵਿਆਪਕ ਪੈਮਾਨੇ 'ਤੇ ਮੁਸਲਮਾਨ ਭਾਈਚਾਰੇ ਦਾ ਕਤਲੇਆਮ ਅਤੇ ਸਮੂਹਿਕ ਬਲਾਤਕਾਰ ਕੀਤੇ ਗਏ, ਉਨ੍ਹਾਂ 'ਚੋਂ ਮਾਮੂਲੀ ਗਿਣਤੀ ਮੁਜਰਿਮਾਂ ਨੂੰ ਹੀ ਸਜ਼ਾਵਾਂ ਹੋਈਆਂ। ਜੋ ਸਜ਼ਾਵਾਂ ਹੋਈਆਂ, ਉਹ ਵੀ ਜੁਰਮਾਂ ਦੇ ਮੁਕਾਬਲੇ ਨਾਕਾਫ਼ੀ ਸਨ। ਨਰਿੰਦਰ ਮੋਦੀ ਸਰਕਾਰ ਵੱਲੋਂ ਆਪਣੇ ਵਫ਼ਾਦਾਰ ਪੁਲਸ ਅਫ਼ਸਰਾਂ ਅਤੇ ਹੋਰ ਜਾਂਚ ਏਜੰਸੀਆਂ (ਸਿੱਟ ਆਦਿ) ਰਾਹੀਂ ਜੁਰਮ ਦੇ ਸਬੂਤ ਖ਼ੁਰਦ-ਬੁਰਦ ਕਰਵਾ ਦਿੱਤੇ ਗਏ। ਹਕੂਮਤੀ ਦਬਾਓ ਅਤੇ ਧਮਕੀਆਂ ਸਮੇਤ ਹਰ ਤਰ੍ਹਾਂ ਦੇ ਹੱਥਕੰਡੇ ਵਰਤ ਕੇ ਬਿਆਨ ਬਦਲ ਦਿੱਤੇ ਗਏ ਅਤੇ ਗਵਾਹ ਚੁੱਪ ਕਰਾ ਦਿੱਤੇ ਗਏ। ਸਰਕਾਰੀ ਪੱਖ ਵੱਲੋਂ ਜਾਣ-ਬੁੱਝ ਕੇ ਪੇਸ਼ ਕੀਤੇ ਕਮਜ਼ੋਰ ਕੇਸਾਂ ਕਾਰਨ ਮੁਜਰਿਮ ਸਾਫ਼ ਬਰੀ ਹੁੰਦੇ ਗਏ। ਜ਼ਿਆਦਾਤਰ ਮੁਜਰਿਮ ਅਤੇ ਉਨ੍ਹਾਂ ਦੇ ਰਾਜਕੀ ਸਰਪ੍ਰਸਤ ਸਾਫ਼ ਬਚ ਗਏ। ਜ਼ਕੀਆ ਜਾਫ਼ਰੀ ਕੇਸ ਇਸ ਦੀ ਉੱਘੀ ਮਿਸਾਲ ਹੈ। ਜਿਨ੍ਹਾਂ ਕੁਝ ਮੁਜਰਿਮਾਂ ਨੂੰ ਸਜ਼ਾਵਾਂ ਹੋਈਆਂ, ਉਨ੍ਹਾਂ ਨੂੰ ਵੀ ਪੂਰੀ ਤਾਕਤ ਝੋਕ ਕੇ ਜੇਲ੍ਹਾਂ 'ਚੋਂ ਕਢਵਾਇਆ ਜਾ ਰਿਹਾ ਹੈ।

ਨਿਆਂ ਪ੍ਰਣਾਲੀ ਦੇ ਕਾਇਦੇ ਅਨੁਸਾਰ ਇਹ ਸਜ਼ਾ ਮਾਫ਼ੀ ਸਹੀ ਹੈ ਜਾਂ ਗ਼ਲਤ, ਇਹ ਵੱਖਰੀ ਬਹਿਸ ਦਾ ਵਿਸ਼ਾ ਹੈ। ਨੁਕਤਾ ਇਹ ਹੈ ਕਿ ਉਨ੍ਹਾਂ ਸਜ਼ਾ ਯਾਫ਼ਤਾ ਮੁਜਰਿਮਾਂ ਨੂੰ ਜੇਲ੍ਹਾਂ 'ਚੋਂ ਬਾਹਰ ਲਿਆਉਣਾ ਆਰ.ਐੱਸ.ਐੱਸ.-ਭਾਜਪਾ ਹਕੂਮਤ ਦੀ ਬਾਕਾਇਦਾ ਨੀਤੀ ਹੈ, ਜੋ ਧਾਰਮਿਕ ਘੱਟਗਿਣਤੀਆਂ ਦੇ ਕਤਲੇਆਮ, ਮੁਸਲਮਾਨਾਂ ਦੇ ਘਰਾਂ ਨੂੰ ਜਲਾਉਣ, ਮੁਸਲਿਮ ਔਰਤਾਂ ਦੇ ਬਲਾਤਕਾਰ ਕਰਨ, ਦੰਗਈ ਹਿੰਸਾ, ਫਿਰਕੂ ਪਾਲਾਬੰਦੀ ਅਤੇ ਝੂਠੇ ਮੁਕਾਬਲਿਆਂ ਨੂੰ ਅੰਜਾਮ ਦੇਣ ਦੀ ਹਿੰਦੂਤਵੀ ਸਿਆਸਤ ਦੇ ਸੰਦ ਰਹੇ ਹਨ। ਮੋਦੀ ਅਤੇ ਅਮਿਤ ਸ਼ਾਹ ਨੂੰ ਗੁਜਰਾਤ ਕਤਲੇਆਮ ਅਤੇ ਝੂਠੇ ਮੁਕਾਬਲਿਆਂ ਦੇ ਕੇਸਾਂ 'ਚ ਬੇਗੁਨਾਹ ਦਰਸਾਉਣ ਲਈ ਹਰ ਹਰਬਾ ਵਰਤ ਕੇ ਕਲੀਨ ਚਿੱਟਾਂ ਦਿਵਾਈਆਂ ਗਈਆਂ। ਜਸਟਿਸ ਲੋਇਆ ਦੀ ਸ਼ੱਕੀ ਹਾਲਤ 'ਚ ਮੌਤ ਅਤੇ ਸਸਕਾਰ ਤੋਂ ਸਪੱਸ਼ਟ ਸੀ ਕਿ ਕਲੀਨ ਚਿੱਟਾਂ ਕਿਵੇਂ ਹਾਸਲ ਕੀਤੀਆਂ ਗਈਆਂ। 2014 'ਚ ਕੇਂਦਰ 'ਚ ਹਿੰਦੂਤਵ ਸਰਕਾਰ ਬਣਦੇ ਸਾਰ ਇਹ ਸਿਲਸਿਲਾ ਹੋਰ ਵੀ ਖੁੱਲ੍ਹ ਕੇ ਸਾਹਮਣੇ ਆ ਗਿਆ। ਮਾਇਆ ਕੋਡਨਾਨੀ, ਬਾਬੂ ਬਜਰੰਗੀ, ਸਾਧਵੀ ਪ੍ਰੱਗਿਆ ਸਿੰਘ ਨੂੰ ਮੈਡੀਕਲ ਆਧਾਰ 'ਤੇ ਜ਼ਮਾਨਤਾਂ ਦੇ ਕੇ ਜੇਲ੍ਹਾਂ ਤੋਂ ਬਾਹਰ ਲਿਆਂਦਾ ਗਿਆ। ਡੀ.ਜੀ. ਵੰਜਾਰਾ ਵਰਗੇ 'ਐਨਕਾਊਂਟਰ ਸਪੈਸ਼ਲਿਸਟਾਂ' ਨੂੰ ਰਿਹਾਅ ਕਰਵਾ ਕੇ ਸਰਕਾਰੀ ਨੌਕਰੀਆਂ 'ਤੇ ਮੁੜ ਬਹਾਲ ਕੀਤਾ ਗਿਆ। ਗੁਲਬਰਗ ਸੁਸਾਇਟੀ ਕੇਸ ਨਾਲ ਸੰਬੰਧਤ ਜ਼ਕੀਆ ਜਾਫ਼ਰੀ ਦੀ ਪਟੀਸ਼ਨ ਸੁਪਰੀਮ ਕੋਰਟ ਵਿਚ ਰੱਦ ਕਰਵਾਈ ਗਈ ਅਤੇ ਨਸਲਕੁਸ਼ੀ ਦੇ ਪੀੜਤਾਂ ਨੂੰ ਨਿਆਂ ਦਿਵਾਉਣ ਲਈ ਕਾਨੂੰਨੀ ਲੜਾਈ ਲੜਨ ਵਾਲੀ ਕਾਰਕੁਨ ਤੀਸਤਾ ਸੀਤਲਵਾੜ ਤੇ ਗਵਾਹੀ ਦੇਣ ਵਾਲੇ ਸਾਬਕਾ ਡੀ.ਜੀ.ਪੀ. ਆਰ.ਬੀ. ਸ੍ਰੀਕੁਮਾਰ ਨੂੰ ਜੇਲ੍ਹ 'ਚ ਡੱਕਿਆ ਗਿਆ। ਹੁਣ ਬਿਲਕਿਸ ਬਾਨੋ ਦੀ 17 ਸਾਲ ਲੰਮੀ ਕਾਨੂੰਨੀ ਲੜਾਈ ਨੂੰ ਅਸਫ਼ਲ ਬਣਾ ਦਿੱਤਾ ਗਿਆ ਹੈ।

ਇਹ ਨੀਤੀ ਐਨੀ ਘਿਣਾਉਣੀ ਬੇਸ਼ਰਮੀ ਵਾਲੀ ਹੈ ਕਿ ਮੁਜਰਿਮਾਂ ਨੂੰ ਜੇਲ੍ਹਾਂ 'ਤੋਂ ਬਾਹਰ ਹੀ ਨਹੀਂ ਲਿਆਂਦਾ ਜਾਂਦਾ, ਸਗੋਂ ਉਨ੍ਹਾਂ ਦੀ ਜਿੱਤ ਦੇ ਬਾਕਾਇਦਾ ਜਸ਼ਨ ਮਨਾਏ ਜਾਂਦੇ ਹਨ। ਬਿਲਕਿਸ ਬਾਨੋ ਕੇਸ ਦੇ 11 ਮੁਜਰਿਮਾਂ ਦਾ ਜੇਲ੍ਹ 'ਚੋਂ ਰਿਹਾਅ ਹੋਣ ਤੋਂ ਬਾਅਦ ਵਿਸ਼ਵ ਹਿੰਦੂ ਪ੍ਰੀਸ਼ਦ ਵੱਲੋਂ ਬਾਕਾਇਦਾ ਮੱਥੇ 'ਤੇ ਤਿਲਕ ਲਾ ਕੇ ਅਤੇ ਗਲਾਂ 'ਚ ਹਾਰ ਪਾ ਕੇ ਸਨਮਾਨ ਕੀਤਾ ਗਿਆ ਅਤੇ ਜਿੱਤ ਦੀ ਖੁਸ਼ੀ 'ਚ ਮਿਠਾਈ ਵੰਡੀ ਗਈ। ਪੁਲਸ ਅਧਿਕਾਰੀ ਡੀ.ਜੀ. ਵੰਜਾਰਾ ਦਾ ਵੀ ਇਸੇ ਤਰ੍ਹਾਂ ਸ਼ਾਹੀ ਸਨਮਾਨ ਕੀਤਾ ਗਿਆ ਸੀ। 2018 'ਚ ਕੇਂਦਰੀ ਮੰਤਰੀ ਜਯੰਤ ਸਿਨਹਾ ਵੱਲੋਂ ਝਾਰਖੰਡ ਵਿਚ 8 ਹਜੂਮੀ ਕਾਤਲਾਂ ਨੂੰ ਹਾਰ ਪਾ ਕੇ ਸਨਮਾਨਿਤ ਕੀਤਾ ਗਿਆ ਸੀ। ਇਸ ਨੂੰ ਇਕ ਝੂਠਾ ਬਿਰਤਾਂਤ ਸਿਰਜ ਕੇ ਜਾਇਜ਼ ਠਹਿਰਾਇਆ ਜਾਂਦਾ ਹੈ ਕਿ ਇਹ ਸਾਰੇ ਕਾਂਗਰਸ ਪਾਰਟੀ ਵੱਲੋਂ ਝੂਠੇ ਦੋਸ਼ ਲਗਾ ਕੇ ਜੇਲ੍ਹਾਂ 'ਚ ਭਿਜਵਾਏ ਬੇਗੁਨਾਹ ਪੀੜਤ ਹਨ। ਇੰਵ ਇਤਿਹਾਸ ਵਿੱਚੋਂ ਇਸ ਸੱਚ ਨੂੰ ਮਿਟਾਉਣ ਦੀ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਇਹ ਸਾਰੇ ਘਿਣਾਉਣੇ ਜੁਰਮਾਂ ਨੂੰ ਅੰਜਾਮ ਦੇਣ ਵਾਲੇ ਮੁਜਰਿਮ ਸਨ। ਇਹ ਝੂਠ ਸਥਾਪਤ ਕੀਤਾ ਜਾ ਰਿਹਾ ਹੈ ਕਿ ਗੁਜਰਾਤ ਕਤਲੇਆਮ ਦੇ ਪੀੜਤਾਂ ਦੀ ਨਿਆਂ ਦੀ ਲੜਾਈ ਹਿੰਦੂਆਂ ਨੂੰ ਬਦਨਾਮ ਕਰਨ ਅਤੇ ਮੋਦੀ ਸਰਕਾਰ ਨੂੰ ਅਸਥਿਰ ਕਰਨ ਦੀ ਡੂੰਘੀ ਸਾਜ਼ਿਸ਼ ਸੀ। ਗੁਜਰਾਤ ਤੋਂ ਭਾਜਪਾ ਦੇ ਵਿਧਾਇਕ ਰੌਲੀ ਵੱਲੋਂ ਤਾਂ ਮੀਡੀਆ ਨਾਲ ਇੰਟਰਵਿਊ ਵਿਚ ਜਨਤਕ ਤੌਰ 'ਤੇ ਇਹ ਕਿਹਾ ਗਿਆ ਹੈ ਕਿ ਇਹ 11 ਮੁਜਰਿਮ "ਚੰਗੇ ਸੰਸਕਾਰਾਂ ਵਾਲੇ ਬ੍ਰਾਹਮਣ ਸਨ", ਇਸ ਲਈ ਇਨ੍ਹਾਂ ਨੂੰ ਜਾਣ-ਬੁੱਝ ਕੇ ਫਸਾਇਆ ਗਿਆ ਹੋਵੇਗਾ। ਯਾਦ ਰਹੇ ਕਿ ਇਹ ਵਿਧਾਇਕ ਉਸ ਪੈਨਲ ਦਾ ਵੀ ਹਿੱਸਾ ਸੀ, ਜਿਸ ਨੇ ਸਰਕਾਰ ਨੂੰ ਉਪਰੋਕਤ 11 ਮੁਜਰਿਮਾਂ ਨੂੰ ਰਿਹਾਅ ਕਰਨ ਦੀ ਸਿਫ਼ਾਰਸ਼ ਕੀਤੀ ਸੀ। ਜੰਮੂ ਵਿਚ ਬੱਚੀ ਆਸਿਫ਼ਾ ਦੇ ਬਲਾਤਕਾਰੀਆਂ ਦੀ ਹਮਾਇਤ 'ਚ ਭਾਜਪਾ ਦੇ ਦੋ ਮੰਤਰੀਆਂ ਦੀ ਅਗਵਾਈ ਹੇਠ ਤਿਰੰਗੇ ਝੰਡੇ ਚੁੱਕ ਕੇ ਮੁਜ਼ਾਹਰੇ ਕੀਤੇ ਗਏ ਸਨ। ਯੋਗੀ ਸਰਕਾਰ ਨੇ ਸਵਾਮੀ ਚਿਨਮਿਆਨੰਦ ਉੱਪਰ ਦਰਜ ਬਲਾਤਕਾਰ ਦਾ ਕੇਸ ਵਾਪਸ ਲੈ ਲਿਆ ਸੀ। ਇਸ ਤੋਂ ਵੱਧ ਬੇਸ਼ਰਮੀ ਕੀ ਹੋ ਸਕਦੀ ਹੈ।

ਇਹ ਬੇਸ਼ਰਮੀ ਦਾ ਆਧਾਰ ਵਿਚਾਰਧਾਰਕ ਹੈ। ਹਿੰਦੂਤਵ ਦੇ ਬਾਨੀ ਵੀ.ਡੀ. ਸਾਵਰਕਰ ਨੇ ਮੁਸਲਮਾਨ ਔਰਤਾਂ ਨਾਲ ਬਲਾਤਕਾਰ ਨੂੰ ਬਾਕਾਇਦਾ ਹਥਿਆਰ ਦੇ ਤੌਰ 'ਤੇ ਵਰਤਣ ਦੀ ਵਕਾਲਤ ਕੀਤੀ ਸੀ। ਉਸ ਨੇ 1966 'ਚ ਆਪਣੀ ਮੌਤ ਤੋਂ ਪਹਿਲਾਂ ਲਿਖੀ ਮਰਾਠੀ ਕਿਤਾਬ 'ਹਿੰਦੂ ਇਤਿਹਾਸ ਦੇ ਛੇ ਸ਼ਾਨਾਮੱਤੇ ਯੁਗ' ਵਿਚ ਮਰਾਠਾ ਰਾਜੇ ਸ਼ਿਵਾ ਜੀ ਦੀ ਇਸ ਲਈ ਨਿੰਦਾ ਕੀਤੀ ਸੀ ਕਿ ਉਸ ਨੇ ਕਲਿਆਣ ਦੇ ਮੁਸਲਮਾਨ ਨਵਾਬ ਦੀ ਨੂੰਹ, ਜੋ ਇਕ ਲੜਾਈ 'ਚ ਉਸ ਦੇ ਹੱਥ ਲੱਗ ਗਈ ਸੀ, ਦਾ ਬਲਾਤਕਾਰ ਕਰਨ ਦੀ ਬਜਾਏ ਉਸ ਨੂੰ ਬਾਇੱਜ਼ਤ ਕਿਉਂ ਛੱਡ ਦਿੱਤਾ ਸੀ। ( 7 5 9 8, . ੪੬੧, 4, 7, ੧੯੭੧.) ਸਾਵਰਕਰ ਨੇ ਬਲਾਤਕਾਰ ਨੂੰ ਜਾਇਜ਼ ਸਿਆਸੀ ਹਥਿਆਰ ਕਰਾਰ ਦਿੰਦਿਆਂ ਕਿਹਾ ਕਿ ਜੇ ਹਿੰਦੂ ਹੁਕਮਰਾਨਾਂ ਨੇ ਪਹਿਲੀਆਂ ਦੋ-ਤਿੰਨ ਸਦੀਆਂ 'ਚ ਹੀ ਹਿੰਦੂ ਔਰਤਾਂ ਦੇ ਅਪਮਾਨ ਦਾ ਬਦਲਾ ਆਪਣੇ ਕਬਜ਼ੇ 'ਚ ਲਈਆਂ ਮੁਸਲਮਾਨ ਔਰਤਾਂ ਨੂੰ ਬੇਪੱਤ ਕਰਕੇ ਲਿਆ ਹੁੰਦਾ ਤਾਂ ਮੁਸਲਮਾਨ ਹੁਕਮਰਾਨਾਂ ਨੇ ਹਿੰਦੂ ਔਰਤਾਂ ਨੂੰ ਅਪਮਾਨਿਤ ਕਰਨ ਤੋਂ ਗੁਰੇਜ਼ ਕਰਨਾ ਸੀ ਅਤੇ ਕਰੋੜਾਂ ਹਿੰਦੂ ਔਰਤਾਂ ਨੇ ਅਪਮਾਨਿਤ ਹੋਣ ਤੋਂ ਬਚ ਜਾਣਾ ਸੀ। ਸਾਵਰਕਰ ਹਿੰਦੂ ਔਰਤਾਂ ਦੇ ਅਪਮਾਨ ਲਈ ਹਿੰਦੂ ਰਾਜਿਆਂ ਦੀ 'ਸ਼ਰਾਫ਼ਤ' ਨੂੰ ਜ਼ਿੰਮੇਵਾਰ ਮੰਨਦਾ ਹੈ। ਗੋਲਵਾਲਕਰ, ਜਿਸ ਨੂੰ 'ਗੁਰੂ' ਦਾ ਦਰਜਾ ਦਿੱਤਾ ਜਾਂਦਾ ਹੈ, ਨੇ ਆਪਣੀ ਮਸ਼ਹੂਰ ਕਿਤਾਬ 'ਬੰਚ ਆਫ਼ ਥਾਟ' ਵਿਚ ਮੁਸਲਮਾਨਾਂ ਨੂੰ 'ਅੰਦਰੂਨੀ ਖ਼ਤਰਾ' ਕਰਾਰ ਦਿੱਤਾ ਸੀ। ਸਾਵਰਕਰ ਅਤੇ ਗੋਲਵਾਲਕਰ ਦੀਆਂ 'ਸਿੱਖਿਆਵਾਂ' ਹਿੰਦੂਤਵ ਬਰਗੇਡ ਉੱਪਰ ਡੂੰਘਾ ਪ੍ਰਭਾਵ ਹੈ ਅਤੇ ਇਹ ਉਨ੍ਹਾਂ ਲਈ ਰਾਹ-ਦਰਸਾਵਾ ਹਨ। ਇਸੇ ਕਰਕੇ ਉਨ੍ਹਾਂ ਨੂੰ ਮੁਸਲਮਾਨ ਔਰਤਾਂ ਜਾਂ ਵਿਰੋਧੀ ਖ਼ਿਆਲਾਂ ਵਾਲੀਆਂ ਔਰਤਾਂ ਨੂੰ ਅਪਮਾਨਿਤ, ਜ਼ਲੀਲ ਅਤੇ ਬੇਇੱਜ਼ਤ ਕਰਨ ਤੋਂ ਕੋਈ ਗੁਰੇਜ਼ ਨਹੀਂ ਹੈ। ਗੁਜਰਾਤ ਕਤਲੇਆਮ, ਮੁਜ਼ੱਫ਼ਰਨਗਰ ਹਿੰਸਾ ਆਦਿ ਸਮੇਂ ਹਿੰਦੂਤਵ ਬਰਗੇਡ ਨੇ ਬਲਾਤਕਾਰ ਦਾ ਹਥਿਆਰ ਵਿਆਪਕ ਪੱਧਰ 'ਤੇ ਵਰਤਿਆ। ਹਿੰਦੂਤਵ ਟਰੌਲ ਆਰਮੀ ਮੁਸਲਿਮ ਔਰਤਾਂ ਨੂੰ ਸੋਸ਼ਲ ਮੀਡੀਆ ਉੱਪਰ ਅਪਮਾਨਿਤ ਅਤੇ ਜ਼ਲੀਲ ਕਰਨ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਜਾਣ ਦਿੰਦੇ। 'ਨਾਰੀ ਸ਼ਕਤੀ' ਬਾਰੇ ਭਾਸ਼ਣਬਾਜ਼ੀ ਕਰਨ ਵਾਲੇ ਨੂੰ ਅੱਜ ਵੀ ਇਸ ਦਾ ਕੋਈ ਪਛਤਾਵਾ ਨਹੀਂ ਹੈ ਕਿ ਉਸ ਦੇ ਰਾਜ ਵਿਚ ਮੁਸਲਮਾਨ ਔਰਤਾਂ ਨੂੰ ਕਿਵੇਂ ਸੜਕਾਂ ਉੱਪਰ ਬੇਪੱਤ ਕੀਤਾ ਗਿਆ। ਉਹ ਤਾਂ ਖ਼ੁਦ ਸੰਸਦ ਵਿਚ ਕਾਂਗਰਸ ਦੀ ਔਰਤ ਆਗੂ ਦੇ ਹਾਸੇ ਦਾ ਮਜ਼ਾਕ ਉਡਾਉਣ 'ਚ ਅਗਵਾਈ ਕਰਦਾ ਹੈ ਅਤੇ ਸੰਸਦ ਮੈਂਬਰ ਮੇਜ਼ ਥਪਥਪਾ ਕੇ ਸਹਿਮਤੀ ਪ੍ਰਗਟਾਉਂਦੇ ਹਨ। ਇਹ ਸਪੱਸ਼ਟ ਹੈ ਕਿ ਬਲਾਤਕਾਰੀਆਂ ਨੂੰ 'ਸੰਸਕਾਰਾਂ ਵਾਲੇ ਬ੍ਰਾਹਮਣ' ਮੰਨ ਕੇ ਸਨਮਾਨਿਤ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਵਿੱਚੋਂ 'ਹਿੰਦੂ ਨਾਇਕ' ਸਿਰਜੇ ਜਾ ਰਹੇ ਹਨ। ਭਗਵਾਂ ਆਈ.ਟੀ. ਸੈੱਲ ਨਾਮਵਰ ਮੁਸਲਿਮ ਔਰਤਾਂ ਦੀ ਆਨਲਾਈਨ ਬੋਲੀ ਲਾ ਕੇ ਉਨ੍ਹਾਂ ਨੂੰ ਅਪਮਾਨਿਤ ਅਤੇ ਜ਼ਲੀਲ ਕਰਨ 'ਚ 'ਰਾਸ਼ਟਰੀ ਗੌਰਵ' ਮਹਿਸੂਸ ਕਰਦਾ ਹੈ।

ਇਹ ਆਰ.ਐੱਸ.ਐੱਸ.-ਭਾਜਪਾ ਵੱਲੋਂ ਆਪਣੇ ਕਾਡਰਾਂ ਨੂੰ ਸਾਫ਼ ਸੰਦੇਸ਼ ਹੈ ਜੇ ਉਹ ਹਜੂਮੀ ਕਤਲਾਂ, ਸਮੂਹਿਕ ਬਲਾਤਕਾਰਾਂ ਅਤੇ ਸਾੜਫੂਕ ਵਰਗੇ ਘਿਣਾਉਣੇ ਜੁਰਮਾਂ ਨੂੰ ਅੰਜਾਮ ਦੇ ਕੇ ਆਉਣਗੇ ਤਾਂ ਉਨ੍ਹਾਂ ਦਾ ਸ਼ਾਹੀ ਸਵਾਗਤ ਹੋਵੇਗਾ ਅਤੇ ਉਨ੍ਹਾਂ ਦਾ ਭਵਿੱਖ ਵੀ ਸੁਨਹਿਰਾ ਹੋਵੇਗਾ। ਹਕੂਮਤ ਦੀ ਸਰਪ੍ਰਸਤੀ ਪ੍ਰਾਪਤ ਬਾਬੂ ਬਜਰੰਗੀ ਵਰਗੇ 'ਸੰਸਕਾਰੀ ਹਿੰਦੂ' ਬੇਕਸੂਰ ਮੁਸਲਮਾਨਾਂ ਨੂੰ ਬੇਕਿਰਕੀ ਨਾਲ ਕਤਲ ਕਰਨ ਅਤੇ ਮੁਸਲਮਾਨ ਔਰਤਾਂ ਦੇ ਢਿੱਡ ਪਾੜ ਕੇ ਭਰੂਣਾਂ ਨੂੰ ਤ੍ਰਿਸ਼ੂਲਾਂ ਉੱਪਰ ਟੰਗਣ ਦੀ ਬਹਾਦਰੀ ਮੀਡੀਆ ਦੇ ਕੈਮਰਿਆਂ ਅੱਗੇ ਬੇਖ਼ੌਫ਼ ਹੋ ਕੇ ਬਿਆਨ ਕਰਦੇ ਹਨ ਅਤੇ ਖ਼ੁਦ ਨੂੰ 'ਮਹਾਰਾਣਾ ਪ੍ਰਤਾਪ' ਸਮਝਦੇ ਹਨ। ਇਸ ਤੋਂ ਸਮਝਿਆ ਜਾ ਸਕਦਾ ਹੈ ਕਿ ਪ੍ਰਧਾਨ ਮੰਤਰੀ ਜਦੋਂ ਆਪਣੇ ਭਾਸ਼ਣ ਵਿਚ ਔਰਤਾਂ ਦੇ ਸਤਿਕਾਰ ਅਤੇ ਸ਼ਕਤੀਕਰਨ ਦੀ ਗੱਲ ਕਰਦਾ ਹੈ ਤਾਂ ਉਸ ਵਿੱਚੋਂ ਘੱਟਗਿਣਤੀ ਮੁਸਲਮਾਨ ਅਤੇ ਹੋਰ ਦੱਬੇ-ਕੁਚਲੇ ਹਿੱਸਿਆਂ ਦੀਆਂ ਔਰਤਾਂ ਅਤੇ ਹਿੰਦੂਤਵ ਦੀਆਂ ਆਲੋਚਕ ਔਰਤਾਂ ਦਾ ਮਾਣ-ਸਨਮਾਨ ਮਨਫ਼ੀ ਹੈ ਅਤੇ ਉਨ੍ਹਾਂ ਨੂੰ ਨਿਆਂ ਦੀ ਕੋਈ ਉਮੀਦ ਵੀ ਨਹੀਂ ਰੱਖਣੀ ਚਾਹੀਦੀ।

## ਸਫ਼ਾ 2 ਦੀ ਬਾਕੀ — ਆਓ, ਕਿਤਾਬਾਂ ਦੀਆਂ ਬਾਤਾਂ ਪਾਈਏ !...

ਵਿਸ਼ਿਆਂ ਨਾਲ ਸੰਬੰਧਤ ਕਿਤਾਬਾਂ ਦੇਖ ਬੜਾ ਚੰਗਾ-ਚੰਗਾ ਲੱਗਿਆ ਤੇ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਉਤੇ ਸਭ ਤੋਂ ਵੱਧ ਪ੍ਰਕਾਸ਼ਨਾਵਾਂ ਇਸੇ ਅਦਾਰੇ ਨੇ ਕੀਤੀਆਂ।

*******

ਅੱਜਕੱਲ੍ਹ ਇਸ ਟਰੱਸਟ ਦੇ ਡਾਇਰੈਕਟਰ ਕਰਨਲ ਯੁਵਰਾਜ ਮਲਿਕ ਹਨ। ਤਿੰਨ ਸਾਲਾਂ ਤੋਂ ਟਰੱਸਟ ਦੀਆਂ ਉਪਲੱਬਧੀਆਂ 'ਚ ਪੰਜਾਬੀ ਭਾਸ਼ਾ ਵਾਸਤੇ ਕੀਤੀਆਂ ਉਪਲੱਬਧੀਆਂ ਦੇਖ-ਸੁਣ ਕੇ ਪ੍ਰਸੰਨਤਾ ਮਹਿਸੂਸ ਹੋਈ ਹੈ, ਜਦ ਉਹ ਡਾਇਰੈਕਟਰ ਬਣੇ ਹਨ। ਪੰਜਾਬੀ ਸੈਕਸ਼ਨ ਦੀ ਇੰਚਾਰਜ ਡਾ. ਨਵਜੋਤ ਕੌਰ ਹੈ ਤੇ ਨਾਲ ਸਹਾਇਕ ਸੁਖਵਿੰਦਰ ਸਿੰਘ ਹੈ। ਸਾਹਿਤਕਾਰਾਂ ਦੀ ਰਾਜਧਾਨੀ ਕਹੇ ਜਾਂਦੇ ਬਰਨਾਲੇ ਦੀ ਡਾ. ਨਵਜੋਤ ਕੌਰ ਖੁਦ ਚੰਗਾ ਤੇ ਸਾਂਭਣਯੋਗ ਸਾਹਿਤ ਲੱਭ-ਲੱਭ ਕੇ ਛਾਪਣ ਵਿਚ ਰੁਚੀ ਰਖਦੀ ਹੈ। ਪਿਛਲੇ ਸਾਲ ਮੇਰੀ ਚੋਣਵੀਂ ਵਾਰਤਕ ਛਾਪ ਕੇ ਮਾਣ ਦਿੱਤਾ। ਨੈਸ਼ਨਲ ਬੁੱਕ ਟਰੱਸਟ ਆਫ ਇੰਡੀਆ ਵੱਲੋਂ ਪੰਜਾਬ 'ਚ ਵੱਖ-ਵੱਖ ਥਾਈਂ ਲਗਦੇ ਪੁਸਤਕ ਮੇਲਿਆਂ ਵਿੱਚ ਪਾਠਕਾਂ ਦੀਆਂ ਭੀੜਾਂ ਹੁੰਦੀਆਂ ਨੇ, ਪਰ ਇਸ ਦਾ ਮੈਨੂੰ ਪ੍ਰਤੱਖ ਪ੍ਰਮਾਣ ਖਾਲਸਾ ਕਾਲਜ ਅੰਮ੍ਰਿਤਸਰ ਸਾਹਿਬ ਵਿਖੇ ਲਗਾਏ ਪੁਸਤਕ ਮੇਲੇ ਵਿਚ ਦਿਸਿਆ ਸੀ, ਜਿਥੇ ਇਕ ਹਫਤੇ ਵਿਚ ਡੇਢ ਕਰੋੜ ਦੀਆਂ ਕਿਤਾਬਾਂ ਵਿਕੀਆਂ ਸਨ। ਟਰੱਸਟ ਭਾਰਤ ਭਰ ਵਿਚ ਪੁਸਤਕ ਮੇਲੇ ਹੀ ਨਹੀ ਲਾਉਂਦਾ ਤੇ ਸਿਰਫ ਕਿਤਾਬਾਂ ਹੀ ਨਹੀਂ ਛਾਪਦਾ, ਸਗੋਂ ਭਾਸ਼ਾਵਾਂ ਤੇ ਕਲਾਵਾਂ ਦੇ ਪ੍ਰਚਾਰ ਤੇ ਪ੍ਰਸਾਰ ਵਾਸਤੇ ਹੋਰ ਵੀ ਕਈ ਤਰ੍ਹਾਂ ਦੇ ਪ੍ਰੋਜੈਕਟ ਉਲੀਕਦਾ, ਵਿਉਂਤਦਾ ਰਹਿੰਦਾ ਹੈ। ਡਾਇਰੈਕਟਰ ਕਰਨਲ ਮਲਿਕ ਖੁਦ ਨੌਜਵਾਨ ਹੈ, ਜਗਿਆਸੂ ਹੈ ਤੇ ਚੇਤੰਨ ਅਫਸਰ ਹੈ। ਦਫਤਰੀ ਕੰਮ ਤੇ ਮਸਲੇ ਵਿਚ ਨਾ ਉਹ ਆਪ ਅਰਾਮ ਨਾਲ ਬਹਿੰਦਾ ਹੈ ਤੇ ਨਾ ਕਿਸੇ ਨੂੰ ਬਹਿਣ ਦਿੰਦਾ ਹੈ, ਹਰ ਸਮੇਂ ਸ਼ਬਦਾਂ ਨਾਲ ਖੇਡਦਾ ਰਹਿੰਦਾ ਹੈ ਤੇ ਹੋਰਨਾਂ ਨੂੰ ਖਿਡਾਉਂਦਾ ਰਹਿੰਦਾ ਹੈ। ਮੇਜ਼ ਉਤੇ ਪਈ ਫਾਈਲ ਨੂੰ ਬੋਝ ਮੰਨਦਾ ਹੈ ਮਲਿਕ। ਦੁਨੀਆਂ ਭਰ ਵਿੱਚ ਹੁੰਦੇ ਪੁਸਤਕ ਮੇਲਿਆਂ ਵਿੱਚ ਹਾਜ਼ਰ ਹੋਣਾ ਤੇ ਟਰੱਸਟ ਵੱਲੋਂ ਪ੍ਰਕਾਸ਼ਨਾ ਦਾ ਦਾਇਰਾ ਹੋਰ ਅੱਗੇ ਵਧਾਉਣ ਵਰਗੇ ਯਤਨ ਹਰ ਸਮੇਂ ਕਰਦਾ ਹੈ ਯੁਵਰਾਜ ਮਲਿਕ। ਉਨ੍ਹਾ ਦੇ ਡਾਇਰੈਕਟਰ ਬਣਨ ਬਾਅਦ ਭਾਰਤੀ ਭਾਸ਼ਾਵਾਂ ਦੀ ਪ੍ਰਫੁੱਲਤਾ ਲਈ ਕੁਝ ਸਕੀਮਾਂ ਬਣਾਈਆਂ ਗਈਆਂ ਤੇ ਪਿਛਲੇ ਸਾਲ ਤਿੰਨ ਯੁਵਾ ਲੇਖਕਾਂ ਨੂੰ 'ਯੁਵਾ ਮੈਟਰਸ਼ਿਪ ਯੋਜਨਾ' ਲਈ ਚੁਣਿਆ ਗਿਆ।

********

ਜਦ ਦੇਸ਼ ਆਜ਼ਾਦ ਹੋਇਆ ਤਾਂ 10 ਸਾਲ ਬਾਅਦ ਹੀ 1 ਅਗਸਤ 1957 ਵਿਚ ਇਸ ਨੈਸ਼ਨਲ ਬੁੱਕ ਟਰੱਸਟ ਦੀ ਸਥਾਪਨਾ ਹੋਈ। 24 ਜੁਲਾਈ 1985 ਨੂੰ ਰਾਜੀਵ-ਲੌਂਗੋਵਾਲ ਸਮਝੌਤੇ ਤਹਿਤ ਇਥੇ ਵਿਸ਼ੇਸ ਪੰਜਾਬੀ ਸੈੱਲ ਦੀ ਸਥਾਪਨਾ ਕੀਤੀ ਗਈ। ਪਹਿਲਾਂ ਇਸ ਦਾ ਦਫਤਰ ਗਰੀਨ ਪਾਰਕ ਵਿਖੇ ਹੁੰਦਾ ਸੀ ਤੇ ਫਿਰ ਫੁਲ-ਫਲੈਸ਼ ਰੂਪ ਵਿੱਚ ਆਪਣਾ ਵੱਡਾ ਦਫਤਰ, ਰਿਹਾਇਸ਼ੀ ਕਲੋਨੀ ਸਮੇਤ ਵਸੰਤ ਕੁੰਜ-5, ਨਹਿਰੂ ਭਵਨ ਵਿਚ ਬਣ ਗਿਆ। ਇਸ ਦੇ ਚੇਅਰਮੈਨ ਪ੍ਰੋਫੈਸਰ ਗੋਵਿੰਦ ਪ੍ਰਸ਼ਾਦ ਸ਼ਰਮਾ ਹਨ। ਪੰਜਾਬ ਵਿਚ ਲਗਦੇ ਪੁਸਤਕ ਮੇਲਿਆਂ ਵਿੱਚ ਟਰੱਸਟ ਦੀਆਂ ਬੱਸਾਂ ਭਰ ਕੇ ਜਾਂਦੀਆਂ ਨੇ ਤੇ ਪੁਸਤਕਾਂ ਦੀ ਪ੍ਰਦਰਸ਼ਨੀ ਲਾਉਂਦੀਆਂ ਨੇ। ਕਰਨਲ ਮਲਿਕ ਨੇ ਖੁਸ਼ੀ ਦੀ ਗੱਲ ਇਹ ਦੱਸੀ ਕਿ ਟਰੱਸਟ ਜਲਦੀ ਹੀ ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੇ ਪੰਜਾਬੀ ਭਵਨ ਲੁਧਿਆਣਾ ਵਿਖੇ ਆਪਣੀਆਂ ਪ੍ਰਕਾਸ਼ਨਾਵਾਂ ਪਾਠਕਾਂ ਤੱਕ ਪਹੁੰਚਾਉਣ ਲਈ ਪ੍ਰਬੰਧ ਕਰ ਰਿਹਾ ਹੈ, ਸਸਤੀਆਂ ਤੇ ਮਿਆਰੀ ਕਿਤਾਬਾਂ ਪੰਜਾਬ ਦੇ ਪਾਠਕਾਂ ਕੋਲ ਸੌਖੀਆਂ ਜਾਣ ਲੱਗਣਗੀਆਂ। ਇਹ ਯਤਨ ਬੜੀ ਦੇਰ ਪਹਿਲਾਂ ਦਾ ਹੋਣਾ ਚਾਹੀਦਾ ਸੀ, ਪਰ 'ਦੇਰ ਆਏ ਦਰੁਸਤ ਆਏ', ਹੁਣ ਵੀ ਹੋ ਜਾਏ ਤਾਂ ਵਧੀਆ ਹੈ।

## ਸਫ਼ਾ 3 ਦੀ ਬਾਕੀ — ਜੱਗ ਚਾਨਣੇ ਲਈ ਰੂਹਾਂ ਰੌਸ਼ਨ ਕਰਨ ਦਾ ਅਹਿਦ...

ਅਜਿਹੇ ਗੈਰ-ਕੁਦਰਤੀ ਬਿਰਤਾਂਤ ਅਤੇ ਉਸ ਦੇ ਸਿਰਜਣਹਾਰੇ ਇਹ ਹੜ੍ਹ ਵਿੱਚ ਰੁੜ੍ਹ ਜਾਣਗੇ। ਕਿਸਾਨੀ ਕਾਵਿ ਦੀ ਸਿਰਜਣ ਪ੍ਰਕਿਰਿਆ ਦੇ ਪਿਛੋਕੜ ਵਿੱਚ ਉਹਨਾਂ ਆਰਥਿਕ ਮੰਦਹਾਲੀ ਦੇ ਹਾਲਾਤ ਦੀ ਬਾਤ ਪਾਉਂਦੀ ਸੁਰਿੰਦਰ ਜ਼ਮੀਨ ਨਾਲ ਜੁੜੇ ਹੋਣ ਦਾ ਅਹਿਸਾਸ ਵੀ ਕਰਾਉਂਦੀ ਹੈ, ਲੰਮੇ ਅਰਸੇ ਤੋਂ ਹਕੂਮਤਾਂ ਕਿਸਾਨੀ ਧੰਦੇ ਨਾਲ ਜੁੜੇ ਲੋਕਾਂ ਦੀਆਂ ਮੁੱਢਲੀਆਂ ਲੋੜਾਂ ਨੂੰ ਦਰ-ਕਿਨਾਰ ਕਰਦਿਆਂ 'ਅੰਨਦਾਤਾ' ਦੇ ਲਕਬ ਨਾਲ ਫੋਕੀ ਵਡਿਆਈ ਦੇ ਜ਼ੁਮਲੇ ਪੇਸ਼ ਕਰਦੀਆਂ ਆ ਰਹੀਆਂ ਹਨ ਪਰ ਉਹਨਾ ਦੀ ਜ਼ਮੀਨੀ ਹਕੀਕਤ ਨਹੀਂ ਸਮਝ ਸਕੀਆਂ। ਇਹ ਅੰਦੋਲਨ ਕੇਵਲ ਤੇ ਕੇਵਲ ਤਿੰਨ ਕਾਲੇ ਕਾਨੂੰਨਾਂ ਦੇ ਆਉਣ ਨਾਲ ਹੀ ਨਹੀਂ ਭਖਿਆ ਸੀ, ਸਗੋਂ ਦਹਾਕਿਆਂ ਨੂੰ ਕਿਸਾਨੀ ਨਾਲ ਜੁੜੇ ਵਰਗ ਦੀ ਹੋ ਰਹੀ ਅਣਦੇਖੀ ਦਾ ਲਾਵਾ ਸੀ, ਜੋ ਇੱਕਦਮ ਫੁੱਟਦਾ ਹੈ ਅਤੇ ਪਹਿਲੀ ਵਾਰੀ ਇੱਕ ਸਹੀ ਦਿਸ਼ਾ ਅਤੇ ਸੇਧ ਵੱਲ ਤੁਰਦਾ ਹੈ। ਸੁਰਿੰਦਰ ਇਸ ਨੂੰ ਮਹਿਸੂਸ ਕਰਦੀ ਕਹਿੰਦੀ ਹੈ :

'ਏਥੇ ਮੇਰਾ ਜੀਅ ਨ੍ਹੀ ਲੱਗਦਾ ਰਾਜ ਹੈ ਪੌਣ ਕੁਪੱਤੀ ਦਾ
ਸਾਡੀ ਹਾੜ੍ਹੀ ਸਾਉਣੀ ਦਾ ਹੁਣ ਕੌਡੀ ਮੁੱਲ ਨ੍ਹੀ ਵੱਟੀ ਦਾ।'

ਇਸ ਕਿਸਾਨ ਅੰਦੋਲਨ ਨੇ ਜਿੱਥੇ ਸਮਾਜ ਨੂੰ ਲੜਨ ਦੀ ਇੱਕ ਨਵੀਂ ਦਿਸ਼ਾ ਦਿੱਤੀ ਹੈ, ਉੱਥੇ ਹੀ ਕਿਸਾਨੀ ਨਾਲ ਜੁੜੇ ਲੋਕਾਂ, ਪੰਜਾਬ ਦੀ ਜੁਆਨੀ ਬਾਰੇ ਸਿਰਜੇ ਜਾ ਰਹੇ ਭੁਲੇਖਿਆਂ ਦੇ ਬਿਰਤਾਂਤ ਹੀ ਰੱਦ ਕੀਤੇ ਹਨ, ਸਗੋਂ ਗਲੋਬਲ ਪੱਧਰ 'ਤੇ ਜੋ ਚੇਤਨਾ ਪੈਦਾ ਕੀਤੀ ਹੈ, ਉਸ ਨੇ ਸੰਸਾਰ ਭਰ ਦੇ ਚਿੰਤਕਾਂ ਨੂੰ ਮਜਬੂਰ ਕੀਤਾ ਹੈ ਕਿ ਉਹ ਇਸ ਅੰਦੋਲਨ ਨੂੰ ਸੰਸਾਰ ਪੱਧਰ 'ਤੇ ਹੋ ਚੁੱਕੇ ਅਤੇ ਹੋ ਰਹੇ ਅੰਦੋਲਨਾਂ ਦੇ ਪ੍ਰਸੰਗ ਵਿੱਚ ਵਿਚਾਰਨ। ਸੁਰਿੰਦਰ ਗੀਤ ਤੋਂ ਇਲਾਵਾ ਵੀ ਇਸ ਅੰਦੋਲਨ ਨੇ ਬਹੁਤ ਵੱਡੀ ਗਿਣਤੀ ਵਿੱਚ ਸ਼ਾਇਰਾ ਨੂੰ ਇਸ ਨੂੰ ਕਲਮਬੱਧ ਕਰਨ ਲਈ ਮਜਬੂਰ ਕੀਤਾ ਹੈ। ਪੰਜਾਬੀ ਕਾਵਿ ਦਾ ਇਹ ਦੌਰ ਵੀ ਗੌਰਵਮਈ ਰਹੇਗਾ। ਸੁਰਿੰਦਰ ਗੀਤ ਨੇ ਵੀ ਆਪਣਾ ਬਣਦਾ ਹਿੱਸਾ ਇਸ ਵਿੱਚ ਪਾਇਆ ਹੈ।

ਗ਼ਜ਼ਲ ਕਾਵਿ ਰੂਪ ਰਵਾਇਤੀ ਤੌਰ 'ਤੇ ਇੱਕ ਵੱਖਰੇ ਸੰਸਾਰ ਦੀ ਤਰਜਮਾਨੀ ਕਰਦਾ ਆ ਰਿਹਾ ਸੀ, ਪਰ ਪੰਜਾਬੀ ਵਿੱਚ ਗਜ਼ਲ ਲਿਖਣ ਵਾਲਿਆਂ ਨੇ ਇਸ ਕਾਵਿ ਨੂੰ ਰਵਾਇਤੀ ਬੰਦਿਸ਼ਾਂ ਵਿੱਚੋਂ ਬਾਹਰ ਲਿਆ ਕੇ ਸਮਾਜ ਦੇ ਸਮਕਾਲੀ ਸਰੋਕਾਰਾਂ ਦੇ ਮੇਚ ਦਾ ਕਰ ਲਿਆ ਹੈ, ਹੁਣ ਪੰਜਾਬੀ ਗਜ਼ਲ ਸਮਕਾਲੀ ਮਸਲਿਆਂ ਦੀ ਪੇਸ਼ਕਾਰੀ ਦੀ ਹਾਣੀ ਬਣ ਗਈ ਜਾਪਦੀ ਹੈ। ਸੁਰਿੰਦਰ ਗੀਤ ਦੀ ਗਜ਼ਲ ਹੋਰ ਸਮਕਾਲੀ ਗਜ਼ਲ ਕਹਿਣ ਵਾਲਿਆਂ ਦੀ ਕਤਾਰ ਵਿੱਚ ਰੱਖ ਕੇ ਹੀ ਸਮਝੀ ਜਾਣੀ ਚਾਹੀਦੀ ਹੈ।

## ਸਫ਼ਾ 3 ਦੀ ਬਾਕੀ — ਨਰੋਏ ਵਿਸ਼ਵਾਸਾਂ ਤੇ ਸੱਜਰੇ ਅਨੁਭਵ ਵਾਲੀ ਰਚਨਾ ...

ਬਾਹਰ ਕਰ ਦਿੱਤੀਆਂ ਸਨ, ਪਰ ਇਸ ਨਾਲ ਉਨ੍ਹਾਂ ਰਚਨਾਵਾਂ ਦੀ ਹਮਲਾਵਰ ਸ਼ਕਤੀ ਤਾਂ ਹੋਰ ਬੁਲੰਦ ਹੋਈ ਹੈ। ਇਸੇ ਵਿਚਾਰ ਨੂੰ ਕਵੀ ਇਉਂ ਅੱਗੇ ਤੋਰਦਾ ਹੈ-

"ਤੂੰ ਬੇਸ਼ੱਕ/ਕਿਸੇ ਇਮਤਿਹਾਨ ਵਿੱਚ ਨਹੀਂ ਆਉਂਦੀ/ਪਰ ਇਮਤਿਹਾਨ ਦੇ ਦਿਨਾਂ ਵਿੱਚ ਤੂੰ ਖੜ੍ਹਦੀ ਏਂ, ਸਾਡੇ ਮੋਢੇ ਨਾਲ ਮੋਢਾ ਜੋੜ ਕੇ/ਤੂੰ ਹਿੱਸਾ ਬਣਦੀ ਏਂ ਜ਼ਿੰਦਗੀ ਦੀ ਅਸਲ ਲੜਾਈ ਦਾ/ਜੋ ਲੜਾਈ ਏ ਹੋਂਦ ਦੀ/ਜੋ ਲੜਾਈ ਏ ਸਵੈ-ਅਭਿਮਾਨ ਦੀ/ਤੇ ਉਹ ਲੜਾਈ ਭਾਵੇਂ ਇੰਟਰਨੈੱਟ 'ਤੇ ਹੋਵੇ ਤੇ ਭਾਵੇਂ ਸੜਕ 'ਤੇ।"

....(ਕਵਿਤਾ ਪਿਆਰੀ ਕਵਿਤਾ)

ਬੇਸ਼ੱਕ ਸਾਡੇ ਗਰੰਥਾਂ ਵਿੱਚ ਮਾਤਾ ਦੀ ਮਹਿਮਾ ਦਾ ਬਹੁਤ ਬਖਾਨ ਹੈ, ਪਰ ਪਿਤਾ ਦੀ ਕਠੋਰ ਤਪ ਸਾਧਨਾ ਤੋਂ ਬਾਅਦ ਹੀ ਬੱਚੇ ਆਪਣੀਆਂ ਮੰਜ਼ਲਾਂ ਦੇ ਨਜ਼ਦੀਕ ਪੁੱਜਦੇ ਹਨ। ਇਹ ਠੀਕ ਹੀ ਹੈ ਕਿ ਮਾਂ ਕੋਮਲਤਾ ਦੀ ਮੂਰਤ ਹੈ ਅਤੇ ਪਿਤਾ ਅਕਸਰ ਸਖ਼ਤ ਲਹਿਜ਼ੇ ਵਿੱਚ ਪੇਸ਼ ਆਉਂਦਾ ਹੈ, ਪਰ ਉਹ ਬਾਹਰੋਂ ਜਿੰਨਾ ਕੁਰੱਖਤ ਨਜ਼ਰ ਆਉਂਦਾ ਹੈ, ਅੰਦਰੋਂ ਓਨਾ ਹੀ ਨਰਮ ਵੀ ਹੈ। ਕਵੀ ਪਿਤਾ ਦੀ ਘਾਲ ਕਮਾਈ ਨੂੰ ਇਉਂ ਸਿਜਦਾ ਕਰਦਾ ਹੈ-

"ਸਾਡੀ ਹਰ ਫੀਸ ਦੀ ਪਰਚੀ/ਆੜ੍ਹਤੀਏ ਦੀ ਵਹੀ 'ਤੇ/ਲੱਗਿਆ ਅੰਗੂਠਾ ਤੂੰ ਹੀ ਤਾਂ ਹੈਂ ਬਾਪੂ

"ਬਾਪੂ ਤੇਰਾ ਕਿਰਦਾਰ/ਸ਼ਬਦਾਂ ਵਿੱਚ ਬੰਨ੍ਹਣਾ/ਐਨਾ ਔਖਾ ਕਿਉਂ ਹੈ?

ਕਿਉਂ ਨਹੀਂ ਕਲਮਕਾਰਾਂ ਨੇ/ਤੇਰੇ 'ਤੇ ਗ੍ਰੰਥ ਲਿਖੇ/ਮਾਂ 'ਤੇ ਲਿਖੇ/ਮਾਂ ਬੇਸ਼ੱਕ ਅਹਿਸਾਸ ਹੈ/ਪਰ ਤੂੰ ਅਭਿਆਸ ਹੈਂ ਬਾਪੂ।"

.....(ਬਾਪੂ)

ਪੰਜਾਬ ਅਤੇ ਨਾਲ ਲੱਗਦੇ ਸਾਡੇ ਕੁਝ ਇਲਾਕਿਆਂ ਦੀਆਂ ਜੇਕਰ ਤਿੰਨ ਫੌਰੀ ਜਾਂ ਮੁੱਖ ਚਿੰਤਾਵਾਂ ਗਿਣਨ ਨੂੰ ਕਿਹਾ ਜਾਏ ਤਾਂ ਇਹ ਹਨ, ਅਪਰਾਧ, ਚਿੱਟਾ ਅਤੇ ਪਰਵਾਸ। ਸਾਡੇ ਬੱਚੇ ਹੁਣ ਦਸ ਜਮ੍ਹਾਂ ਦੋ ਦੀ ਪੜ੍ਹਾਈ ਪੂਰੀ ਕਰਕੇ, ਆਈਲੈਟਸ ਕੇਂਦਰਾਂ ਵਿੱਚ ਪੁੱਜ ਜਾਂਦੇ ਹਨ। ਉਨ੍ਹਾਂ ਵਿੱਚੋਂ ਕਿੰਨਿਆਂ ਨੇ ਮਾਹਰ ਇੰਜੀਨੀਅਰ, ਡਾਕਟਰ ਜਾਂ ਤਕਨੀਸ਼ੀਅਨ ਆਦਿ ਹੋਰ ਖੇਤਰਾਂ ਵਿੱਚ ਨਾਮਣਾ ਖੱਟਣਾ ਹੈ। ਜਠੌਲ ਚਿੰਤਤ ਹੈ, ਇਸ ਵਰਤਾਰੇ ਤੋਂ ਕਿ ਸਾਡੀ ਕਿੰਨੀ ਬੌਧਿਕ ਊਰਜਾ ਦੇਸ਼ ਤੋਂ ਬਾਹਰ ਜਾ ਰਹੀ ਹੈ। ਉਹ ਇਸ ਵਰਤਾਰੇ ਦਾ ਜੁਆਬ ਵੀ ਵਿਅੰਗ ਦੁਆਰਾ ਦਿੰਦਾ ਹੈ ਕਿ ਸਾਡੇ ਪਿਛਾਖੜੀ ਆਗੂਆਂ ਦੀ ਪੁਰਾਣ ਪੰਥੀ ਸੋਚ ਅਨੁਸਾਰ, ਸਾਨੂੰ ਨਵੀਆਂ ਖੋਜਾਂ ਦੀ ਲੋੜ ਹੀ ਨਹੀਂ, ਕਿਉਂਕਿ-

"ਜ਼ਿੰਦਗੀ ਦਾ ਇੱਕੋ-ਇੱਕ ਮਕਸਦ/ਘੱਟੋ-ਘੱਟ ਛੇ ਬੈਂਡ/ਸਾਨੂੰ ਲੋੜ ਨਹੀਂ

ਨਵੇਂ ਸਾਇੰਸਦਾਨਾਂ ਦੀ/ਸੋਧ ਲਈ ਰਿਸਰਚਾਂ ਦੀ/ਕਿਉਂਕਿ ਅਸੀਂ ਸਭ ਕੁਝ ਖੋਜ ਚੁੱਕੇ ਹਾਂ/ਪਹਿਲਾਂ ਹੀ ਸਭ ਕੁਝ/ਖੋਜ ਚੁੱਕੇ ਹਾਂ/ਸਭ ਕੁਝ ਦਰਜ ਹੈ ਸਾਡੇ/ਧਾਰਮਿਕ ਗ੍ਰੰਥਾਂ ਵਿੱਚ।" (ਘੱਟੋ-ਘੱਟ 6 ਬੈਂਡ)

"ਮਾਂ ਤੇ ਮੇਰੇ ਦਰਮਿਆਨ" ਕਵਿਤਾ ਵਿੱਚ ਕਵੀ ਪਿੰਡ ਰਹਿਣ ਵਾਲੀ ਔਸਤ ਔਰਤ ਜਿਹੀ ਮਾਂ ਤੋਂ ਇਹ ਤਵੱਕੋ ਕਰਦਾ ਹੈ ਕਿ ਉਹ ਆਪਣੇ ਆਲੇ-ਦੁਆਲੇ ਵਿੱਚ ਵਾਪਰਦੀਆਂ ਚੰਗੀਆਂ-ਮਾੜੀਆਂ, ਖੁਸ਼ੀਆਂ-ਗਮੀਆਂ ਵਾਲੀਆਂ ਜਾਂ ਪਰਵਾਰ ਬਾਰੇ ਕੀਤੀਆਂ ਲੋਕਾਂ ਦੀਆਂ ਟਿੱਪਣੀਆਂ ਦੀਆਂ ਗੱਲਾਂ ਨਾ ਕਰੇ ਅਤੇ ਸਿਰਫ਼ ਹੁਣ ਰੱਬ ਦਾ ਨਾਂਅ ਲਵੇ। ਸ਼ਾਇਦ ਕਵੀ ਇਹ ਤਵੱਕੋ ਕਰ ਬੈਠਾ ਸੀ ਕਿ ਮਾਂ ਸਮਕਾਲੀ ਕੌਮੀ ਤੇ ਕੌਮਾਂਤਰੀ ਘਟਨਾਵਾਂ ਦਾ ਵਿਸ਼ਲੇਸ਼ਣ ਆਪਣੀ ਗੱਲਬਾਤ ਵਿੱਚ ਪੇਸ਼ ਕਰੇ। ਜੇ ਉਸ ਨੇ ਬੋਲਣਾ ਹੀ ਹੈ ਤਾਂ ਪਰ ਛੇਤੀ ਹੀ ਉਸ ਨੂੰ ਗਿਆਨ ਹੁੰਦਾ ਹੈ ਕਿ ਮਾਂ ਪਾਸੋਂ ਉਸ ਦਾ ਆਪਣਾ ਸਿਰਜਿਆ ਸੰਸਾਰ ਖੋਹ ਕੇ ਉਹ ਉਸ ਨਾਲ ਭਾਰੀ ਜ਼ਿਆਦਤੀ ਕਰ ਰਿਹਾ ਹੈ। ਹੁਣ ਕਵੀ ਨੂੰ ਅਹਿਸਾਸ ਹੁੰਦਾ ਹੈ-

"ਜਿਹਨੇ ਕਦੇ ਸਕੂਲ ਦਾ ਮੂੰਹ ਨਹੀਂ ਤੱਕਿਆ/ਜਿਹਨੇ ਨਿਭਾਇਆ ਹੈ ਹਰ ਸਮਾਜਿਕ ਸਰੋਕਾਰ/ਜ਼ਿੰਦਗੀ ਦੇ ਪਿਛਲੇ ਲੱਗਭੱਗ ਸੱਤ ਦਹਾਕਿਆਂ ਤੋਂ/ਜੋ ਇਨ੍ਹਾਂ ਕਿੱਸੇ-ਕਹਾਣੀਆਂ ਦਾ ਹਿੱਸਾ ਰਹੀ ਏ/ਹਰ ਰਿਸ਼ਤਾ ਰਚਿਆ ਵਸਿਆ ਹੈ/ਉਹਦੀਆਂ ਗੱਲਾਂ 'ਚ, ਉਹਦੀਆਂ ਕਹਾਣੀਆਂ 'ਚ/ਉਹਦੇ ਤੋਂ ਖੋਹ ਕੇ ਇਨ੍ਹਾਂ/ਕਹਾਣੀਆਂ ਦਾ ਸਿਲਸਿਲਾ ਜ਼ੁਬਾਨ 'ਤੇ ਲਗਾ ਕੇ ਤਾਲਾ/ਹੱਥ 'ਚ ਫੜਾ ਕੇ ਮਾਲਾ/ਮੈਂ ਕੈਸਾ ਪੁੱਤਰ ਧਰਮ ਨਿਭਾਉਣਾ ਚਾਹੁੰਦਾ ਹਾਂ...." (ਮਾਂ ਤੇ ਮੇਰੇ ਦਰਮਿਆਨ)

ਇਸ ਤਰ੍ਹਾਂ ਉਹ ਆਪਣੀ ਅਖੌਤੀ ਸਿਆਣਪ ਤੋਂ ਰਿਸ਼ਤਿਆਂ ਦੇ ਨਿੱਘ ਨੂੰ ਬਚਾਈ ਰੱਖਦਾ ਹੈ। ਦੇਸ਼ ਦੀਆਂ ਸਮਕਾਲੀ ਚਿੰਤਾਵਾਂ ਪਰਯਾਵਰਣ, ਮੌਜੂਦਾ ਖੇਤੀ ਸੰਕਟ, ਵਧਦੇ ਸ਼ਹਿਰੀਕਰਨ ਕਾਰਨ ਪਿੰਡਾਂ ਦਾ ਉਜਾੜਾ, ਮਹਿੰਗਾਈ, ਬੇਕਾਬੂ ਹੋਇਆ ਭ੍ਰਿਸ਼ਟਾਚਾਰ, ਦਫ਼ਤਰੀ ਲਾਲ ਫੀਤਾਸ਼ਾਹੀ, ਭੇਡ ਮਾਨਸਿਕਤਾ, ਸੰਪ੍ਰਦਾਇਕ ਹਿੰਸਾ, ਕੂੜ ਬੋਲਣ ਦੀ ਆਜ਼ਾਦੀ, ਦੌਲਤ ਦੀ ਕਾਣੀ ਵੰਡ, ਵਧਦੀ ਗਰੀਬੀ, ਭਾਗਵਾਦ ਆਦਿ ਵੱਲ ਇਸ਼ਾਰਾ ਕਰਕੇ, ਆਪਣੀ ਕਵਿਤਾ ਦਾ ਘੇਰਾ ਵਸੀਹ ਕਰਦਾ ਹੈ। ਸ਼ਾਇਦ ਇਸੇ ਲਈ ਉਹ ਆਖਦਾ ਹੈ-

"ਤਰੀਕਾ ਲਿਖਣ ਦਾ ਕੁਝ ਇਸ ਤਰ੍ਹਾਂ ਬਣਾ ਲਿਆ ਜਾਏ।
ਡੁਬੋ ਕੇ ਸ਼ਹਿਦ ਵਿੱਚ ਜਿਸ ਤਰ੍ਹਾਂ, ਕਰੇਲਾ ਖਾ ਲਿਆ ਜਾਏ।"

(ਤਰੀਕਾ ਲਿਖਣ ਦਾ)

ਇਸ ਸੰਗ੍ਰਹਿ ਵਿੱਚ ਲੇਖਕ ਖੁੱਲ੍ਹੀਆਂ ਕਵਿਤਾਵਾਂ ਵੀ ਪੇਸ਼ ਕਰਦਾ ਹੈ ਅਤੇ ਛੰਦਬੱਧ ਵੀ। ਮੈਨੂੰ ਲੇਖਕ ਦੀ ਖੁੱਲ੍ਹੀ ਕਵਿਤਾ ਜ਼ਿਆਦਾ ਖਿੱਚ ਪਾਉਂਦੀ ਮਾਲੂਮ ਹੋ ਰਹੀ ਹੈ। ਮੈਂ ਚਾਹਾਂਗਾ ਕਿ ਸਾਡੇ ਕਵੀ ਦੀ ਰਚਨਾ ਵਿੱਚ ਪ੍ਰੋ. ਪੂਰਨ ਸਿੰਘ ਜਿਹੀ ਰਵਾਨੀ, ਵੇਗ, ਲੈਆਤਮਕਤਾ ਅਤੇ ਡਾ. ਦੀਵਾਨ ਸਿੰਘ ਕਾਲੇ ਪਾਣੀ ਦੀ ਕਵਿਤਾ ਜਿਹੀ ਗੰਭੀਰਤਾ ਆਵੇ। ਕਵਿਤਾ ਦੇ ਵਿਸ਼ਿਆਂ ਦੀ ਕਦੀ ਲੋੜ ਨਹੀਂ ਹੁੰਦੀ, ਉਹ ਸਾਡੇ ਚੌਗਿਰਦੇ ਵਿੱਚੋਂ ਹੀ ਮਿਲ ਜਾਂਦੇ ਹਨ। ਹਰ ਕਵੀ ਦੀ ਇੱਕ ਵਿਲੱਖਣ ਕਾਵਿ ਸ਼ੈਲੀ ਹੁੰਦੀ ਹੈ, ਜਿਸ ਨੂੰ ਸਿਰਜਣ ਨਾਲ ਹੀ ਕਵਿਤਾ ਦੀ ਪਹਿਚਾਣ ਸਥਾਪਤ ਹੁੰਦੀ ਹੈ। ਬੇਸ਼ੱਕ ਇਹ ਰਚਨਾਕਾਰ ਦਾ ਪਲੇਠਾ ਕਾਵਿ ਸੰਗ੍ਰਹਿ ਪਰ ਆਸ ਬੰਨ੍ਹਾਉਂਦਾ ਹੈ ਕਿ ਵਸਤੂ ਅਤੇ ਰੂਪ ਦੋਹਾਂ ਪੱਖਾਂ ਤੋਂ ਕਵੀ ਦੀ ਆਉਣ ਵਾਲੀ ਕਵਿਤਾ, ਨਵੀਆਂ ਬੁਲੰਦੀਆਂ ਨੂੰ ਛੋਹੇਗੀ।

***# ਸੰਪਰਕ : 99963-71716***

20-Nov-Sunday.qxd 11/19/2022 10:03 PM Page 2



ਆਤਮ ਸਨਮਾਨ

# ਪੇਰੀਆਰ ਤੇ ਆਤਮ ਸਨਮਾਨ ਅੰਦੋਲਨ

*"ਪੇਰੀਆਰ ਨਵੇਂ ਯੁੱਗ ਦਾ ਪ੍ਰੌਫੈਟ ਹੈ, ਦੱਖਣੀ ਏਸ਼ੀਆ ਦਾ ਉਹ ਸੁਕਰਾਤ ਹੈ, ਸਮਾਜਕ ਸੁਧਾਰ ਅੰਦੋਲਨ ਦਾ ਜਨਕ ਹੈ ਅਤੇ ਉਹ ਅਗਿਆਨਤਾ, ਅੰਧਵਿਸ਼ਵਾਸ, ਬੇਮਤਲਬ ਰੀਤੀ-ਰਿਵਾਜਾਂ ਅਤੇ ਬੇਮਤਲਬ ਵਿਹਾਰਾਂ ਦਾ ਕੱਟੜ ਦੁਸ਼ਮਣ ਸੀ।" -ਯੂਨੈਸਕੋ*

ਡਾ. ਕਰਮਜੀਤ ਸਿੰਘ

ਕਿਸੇ ਸਮਾਜ ਵਿਚ ਜਦੋਂ ਆਤਮ ਸਨਮਾਨ ਅੰਦੋਲਨ ਚਲਾਉਣ ਦੀ ਲੋੜ ਪਵੇ ਤਾਂ ਸਮਝਿਆ ਜਾ ਸਕਦਾ ਹੈ ਕਿ ਉਸ ਸਮਾਜ ਵਿਚ ਕਿਸੇ ਵਿਅਕਤੀ ਜਾਂ ਕਿਸੇ ਸਮੂਹ ਨੂੰ ਸਨਮਾਨ ਨਹੀਂ ਮਿਲ਼ ਰਿਹਾ ਜਾਂ ਦੂਸਰੇ ਸ਼ਬਦਾਂ ਵਿਚ ਉਸ ਦਾ ਅਪਮਾਨ ਕੀਤਾ ਜਾਂਦਾ ਹੈ। ਭਾਰਤ ਵਿਚ ਇਸ ਤਰ੍ਹਾਂ ਦੇ ਅਪਮਾਨ ਦਾ ਸਭ ਤੋਂ ਵੱਡਾ ਤੇ ਮੂਲ਼ ਕਾਰਨ ਜਾਤੀ ਪ੍ਰਥਾ ਰਹੀ ਹੈ ਅਤੇ ਹੁਣ ਵੀ ਹੈ। ਭਾਰਤ ਦਾ ਸੰਵਿਧਾਨ ਹਰੇਕ ਨੂੰ ਬਰਾਬਰੀ ਦਾ ਅਧਿਕਾਰ ਦਿੰਦਾ ਹੈ, ਪਰ ਸਮਾਜ ਵਿਚ ਸਦੀਆਂ ਤੋਂ ਚਲੇ ਆ ਰਹੇ ਸ਼ਾਸਤਰਾਂ ਦੇ ਨਿਯਮ ਇਸ ਬਰਾਬਰੀ ਦੇ ਰਾਹ ਵਿਚ ਸਭ ਤੋਂ ਵੱਡਾ ਅੜਿੱਕਾ ਹਨ। ਜਾਤ ਜਨਮ ਅਧਾਰਿਤਮ ਹੈ, ਇਸ ਲਈ ਮਨੁੱਖ ਦਾ ਰੁਤਬਾ ਕੋਈ ਵੀ ਹੋਵੇ, ਜੇ ਉਸ ਦੀ 'ਜਾਤ' ਨੀਵੀਂ ਹੈ ਤਾਂ ਉਹ ਕਿਸੇ ਸਨਮਾਨ ਦਾ ਅਧਿਕਾਰੀ ਨਹੀਂ। ਉਸ ਨੂੰ ਕਿਸੇ ਵੀ ਪੁਜਾਰੀ ਹੱਥੋਂ ਅਪਮਾਨਜਨਕ ਸਥਿਤੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

**ਬਾਬਾ ਸਾਹਿਬ ਡਾ. ਅੰਬੇਡਕਰ ਆਪਣੇ ਲੇਖ 'ਹਿੰਦੂ ਸਮਾਜ ਵਿਵਸਥਾ** : ਮੂਲ ਵਿਸ਼ੇਸ਼ਤਾਵਾਂ' ਵਿਚ ਲਿਖਦੇ ਹਨ, "ਕੀ ਹਿੰਦੂ ਸਮਾਜ ਵਿਵਸਥਾ ਵਿਚ ਬਰਾਬਰੀ ਨੂੰ ਕਿਸੇ ਤਰ੍ਹਾਂ ਦੀ ਮਾਨਤਾ ਦਿੱਤੀ ਗਈ ਹੈ? ਇਸ ਦਾ ਜਵਾਬ ਨਿਸਚਿਤ ਰੂਪ ਵਿਚ ਨਕਾਰਾਤਮਕ ਹੀ ਹੈ। ਸਾਰੇ ਮਨੁੱਖ ਜਨਮ ਤੋਂ ਹੀ ਸਮਾਨ ਹੁੰਦੇ ਹਨ, ਇਹ ਸਿਧਾਂਤ ਹਿੰਦੂ ਸਮਾਜ ਵਿਵਸਥਾ ਦੇ ਉਲਟ ਹੈ। ਅਧਿਆਤਮਕ ਪੱਧਰ 'ਤੇ ਇਸ ਸਿਧਾਂਤ ਨੂੰ ਗ਼ਲਤ ਮੰਨਿਆ ਜਾਂਦਾ ਹੈ। ਹਿੰਦੂ ਸਮਾਜ ਵਿਵਸਥਾ ਅਨੁਸਾਰ ਭਾਵੇਂ ਇਹ ਸੱਚ ਹੈ ਕਿ ਸਾਰੇ ਮਨੁੱਖ ਬ੍ਰਹਿਮੰਡ ਦੇ ਸਿਰਜਣਹਾਰੇ ਪ੍ਰਜਾਪਤੀ ਦੀ ਔਲਾਦ ਹਨ ਪ੍ਰੰਤੂ ਇਸ ਨਾਲ਼ ਉਹ ਬਰਾਬਰ ਨਹੀਂ ਹੋ ਜਾਂਦੇ। ਇਸ ਵਿਵਸਥਾ ਦਾ ਮੰਨਣਾ ਹੈ ਕਿ ਉਨ੍ਹਾਂ ਦੀ ਉਤਪਤੀ ਪ੍ਰਜਾਪਤੀ ਦੇ ਸਰੀਰ ਦੇ ਵਿਭਿੰਨ ਹਿੱਸਿਆਂ ਤੋਂ ਹੋਈ ਹੈ। ਬ੍ਰਾਹਮਣ ਦੀ ਉਤਪਤੀ ਮੂੰਹ ਤੋਂ, ਕਸ਼ਤਰੀ ਦੀ ਡੌਲ਼ਿਆਂ ਤੋਂ, ਵੈਸ਼ ਦੀ ਪੱਟਾਂ ਤੋਂ ਅਤੇ ਸ਼ੂਦਰਾਂ ਦੀ ਉਸ ਦੇ ਪੈਰਾਂ ਤੋਂ ਹੋਈ ਹੈ। ਸਰੀਰ ਦੇ ਇਨ੍ਹਾਂ ਅੰਗਾਂ ਦੀ ਉਪਯੋਗਤਾ ਅਸਮਾਨ ਹੈ, ਇਸ ਲਈ ਇਨ੍ਹਾਂ ਤੋਂ ਪੈਦਾ ਹੋਏ ਮਨੁੱਖ ਵੀ ਅਸਮਾਨ ਹੁੰਦੇ ਹਨ।" ਅਗਾਂਹ ਡਾ. ਅੰਬੇਡਕਰ ਨੇ ਬੜੀ ਮੌਲਿਕ ਸਥਾਪਨਾ ਦਿੱਤੀ ਹੈ ਕਿ ਇਸ ਸਭ ਦਾ ਅਧਾਰ "ਸ਼੍ਰੇਣੀਬੱਧ ਗ਼ੈਰ ਬਰਾਬਰੀ ਦਾ ਸਿਧਾਂਤ। ਚਾਰ ਵਰਗ ਕਿਸੇ ਬਰਾਬਰ ਧਰਾਤਲ ਉੱਪਰ ਟਿਕੇ ਹੋਏ ਨਹੀਂ ਕਿ ਉਹ ਵੱਖ ਹੋਣ ਦੇ ਬਾਵਜੂਦ ਬਰਾਬਰ ਹੋਣ। ਉਹ ਖੜ੍ਹੇਦਾਅ ਧਰਾਤਲ ਉੱਪਰ ਟਿਕੇ ਹੋਏ ਹਨ। ਉਹ ਵੱਖਰੇ ਹੀ ਨਹੀਂ, ਉਨ੍ਹਾਂ ਦੀ ਹੈਸੀਅਤ ਵੀ ਅਸਮਾਨ ਹੈ। ਇਕ ਹੀ ਕੰਮ ਦੂਸਰੇ ਤੋਂ ਵੱਧ। ਮਨੂੰ ਅਨੁਸਾਰ ਪਦ ਦੇ ਕ੍ਰਮ ਅਨੁਸਾਰ ਬ੍ਰਾਹਮਣ ਪਹਿਲੇ ਥਾਂ 'ਤੇ ਹੈ, ਕਸ਼ਤਰੀ ਉਸ ਤੋਂ ਹੇਠ ਹੈ। ਕਸ਼ਤਰੀ ਤੋਂ ਹੇਠ ਵੈਸ਼ ਹੈ, ਵੈਸ਼ ਤੋਂ ਹੇਠ ਸ਼ੂਦਰ ਅਤੇ ਸ਼ੂਦਰ ਤੋਂ ਹੇਠ ਅਤਿ ਸ਼ੂਦਰ ਜਾਂ ਅਛੂਤ ਆਉਂਦਾ ਹੈ। ਵਰਗਾਂ ਵਿਚ ਉੱਚਤਾ ਦਾ ਇਹ ਕ੍ਰਮ ਸਿਰਫ਼ ਪਰੰਪਰਾਗਤ ਨਹੀਂ ਹੈ। ਇਹ ਅਧਿਆਤਮਕ, ਨੈਤਿਕ ਅਤੇ ਕਾਨੂੰਨੀ ਹੈ।"

ਇਸੇ ਕਰਕੇ ਹੀ ਭਾਰਤ ਦੇ ਸੰਵਿਧਾਨ ਦੇ ਵਿਰੁੱਧ ਜਾ ਕੇ ਵੀ ਪੁਜਾਰੀ ਵਰਗ ਇਸ ਨੂੰ ਲਾਗੂ ਕਰਦਾ ਹੋਇਆ ਕਿਸੇ ਦਾ ਵੀ ਅਪਮਾਨ ਕਰ ਸਕਦਾ ਹੈ। ਇਥੇ ਅਸੀਂ ਮੰਦਰ ਪ੍ਰਵੇਸ਼ ਨੂੰ ਲੈ ਕੇ ਉੱਚ ਪਦਾਂ ਉੱਪਰ ਬੈਠੇ ਪ੍ਰਤਿਸ਼ਠ ਵਿਅਕਤੀਆਂ ਦੇ ਕੀਤੇ ਅਪਮਾਨ ਨੂੰ ਦ੍ਰਿਸ਼ਟੀਗੋਚਰ ਕਰ ਸਕਦੇ ਹਾਂ। ਦੇਸ਼ ਦਾ ਰਾਸ਼ਟਰਪਤੀ ਤਿੰਨ ਸੈਨਾਵਾਂ ਦਾ ਸੁਪਰੀਮ ਕਮਾਂਡਰ ਹੈ, ਪਰ ਜੇਕਰ ਉਹ ਦਲਿਤ ਹੈ ਤਾਂ ਉਪਰੋਕਤ ਅਨੁਸਾਰ ਘਟੀਆ ਜਾਤ ਦਾ ਹੀ ਮੰਨਿਆ ਜਾਵੇਗਾ, ਭਾਵੇਂ ਉਹ ਭਾਰਤ ਦਾ ਪਹਿਲਾ ਨਾਗਰਿਕ ਹੀ ਕਿਉਂ ਨਾ ਹੋਵੇ। ਕਾਇਮ ਮੁਕਾਮ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਅਤੇ ਉਸ ਦੀ ਪਤਨੀ ਨੂੰ ਜਗਨਨਾਥ ਮੰਦਰ ਦੇ ਅੰਦਰ ਦਾਖ਼ਲ ਨਹੀਂ ਹੋਣ ਦਿੱਤਾ ਗਿਆ ਅਤੇ ਇਕ ਖਾਸ ਦੂਰੀ ਤੋਂ ਹੀ ਦਰਸ਼ਨ ਕਰਵਾ ਕੇ ਮੋੜ ਦਿੱਤਾ ਗਿਆ, ਜਦਕਿ ਇਸ ਤੋਂ ਪਹਿਲੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੂੰ ਅਜਿਹੀ ਸਥਿਤੀ ਦਾ ਸਾਹਮਣਾ ਨਹੀਂ ਕਰਨਾ ਪਿਆ। ਕਾਰਨ ਦੋਨਾਂ ਮਹਾਨੁਭਵਾਂ ਦੀ ਜਾਤੀ ਵਿਚ ਪਿਆ ਦਿਖਾਈ ਦਿੰਦਾ ਹੈ। ਏ. ਕੇ. ਬਿਸਵਾਸ ਨੇ ਮੇਨਸਟ੍ਰੀਮ ਵਿਚ ਛਪੀ ਜੀਵਨੀ 2010 'ਚ ਸਨਸਨੀਖ਼ੇਜ਼ ਖੁਲਾਸਾ ਕੀਤਾ ਹੈ ਕਿ ਟੈਗੋਰ ਨੂੰ ਪਵਿੱਤਰ ਮੰਦਰਾਂ ਵਿਚ ਜਾਣ ਉੱਪਰ ਸਰਕਾਰੀ ਪਾਬੰਦੀ ਸੀ। ਭਾਰਤ ਦਾ ਅਖੀਰਲਾ ਵਾਇਸਰਾਏ ਲਾਰਡ ਮਾਊਂਟਬੇਟਨ ਡਾ. ਅੰਬੇਡਕਰ ਨੂੰ ਨਾਲ਼ ਲੈ ਕੇ ਪੁਰੀ ਗਏ ਤਾਂ ਵਾਇਸਰਾਏ ਦਾ ਤਾਂ ਸ਼ਾਹੀ ਸਨਮਾਨ ਕੀਤਾ ਗਿਆ, ਪਰ ਪੁਜਾਰੀਆਂ ਨੇ ਡਾ. ਅੰਬੇਡਕਰ ਨੂੰ ਜਗਨਨਾਥ ਮੰਦਰ ਵਿਚ ਪ੍ਰਵੇਸ਼ ਕਰਨ ਤੋਂ ਮਨ੍ਹਾਂ ਕਰ ਦਿੱਤਾ। ਜਗਜੀਵਨ ਰਾਮ ਤੇ ਭਾਰਤ ਦਾ ਉਪ ਪ੍ਰਧਾਨ ਮੰਤਰੀ ਅਤੇ ਭਾਰਤ ਦਾ ਡਿਫੈਂਸ ਮਨਿਸਟਰ ਵੀ ਰਿਹਾ, ਨੂੰ ਜਗਨਨਾਥ ਮੰਦਰ ਵਿਚ ਨਹੀਂ ਜਾਣ ਦਿੱਤਾ ਗਿਆ। ਡਿਫੈਂਸ ਮਨਿਸਟਰ ਦੇ ਤੌਰ 'ਤੇ ਜਦੋਂ ਜਗਜੀਵਨ ਰਾਮ ਨੇ 1978 ਵਿਚ ਵਾਰਾਨਸੀ ਵਿਚ ਸੰਪੂਰਣਾਨੰਦ ਦੇ ਬੁੱਤ ਨੂੰ ਲੋਕਅਰਪਣ ਕੀਤਾ ਤਾਂ ਉਸ ਦੇ ਜਾਣ ਤੋਂ ਬਾਅਦ ਉਸ ਦੇ ਬੁੱਤ ਦਾ ਬ੍ਰਾਹਮਣਾਂ ਨੇ ਸ਼ੁੱਧੀਕਰਨ ਕੀਤਾ। ਗੰਗਾ ਜਲ ਨਾਲ਼ ਕਿਉਂਕਿ ਇਸ ਨੂੰ ਦਲਿਤ ਦੇ ਅਪਵਿੱਤਰ ਹੱਥਾਂ ਨਾਲ ਛੋਹ ਦਿੱਤਾ ਸੀ। ਜੇਕਰ ਏਨੇ ਵੱਡੇ ਬੰਦਿਆਂ ਨੂੰ ਬ੍ਰਾਹਮਣ ਪੁਜਾਰੀ ਅਪਮਾਨਿਤ ਕਰ ਸਕਦਾ ਸੀ ਤਾਂ ਆਮ ਨਾਗਰਿਕਾਂ ਨਾਲ਼ ਉਹ ਕੀ ਵਿਹਾਰ ਕਰਦਾ ਹੈ, ਉਸ ਨਾਲ਼ ਇਤਿਹਾਸ ਦੇ ਪੰਨੇ ਭਰੇ ਪਏ ਹਨ। ਸੜਕਾਂ 'ਤੇ ਚੱਲਣ ਉੱਪਰ ਰੋਕ, ਪਿੱਛੇ ਝਾੜੂ ਬੰਨ੍ਹ ਕੇ ਤੁਰਨਾ, ਗਲ਼ ਵਿਚ ਥੁੱਕਣ ਲਈ ਕੁੱਜਾ ਬੰਨ੍ਹ ਕੇ ਰੱਖਣਾ, ਸਾਂਝੇ ਥਾਵਾਂ ਤੋਂ ਪਾਣੀ ਨਾ ਪੀਣ ਦੇਣਾ, ਸੰਸਕ੍ਰਿਤ ਪੜ੍ਹਨ ਦੀ ਮਨਾਹੀ। ਅਜਿਹੇ ਨਿਯਮਾਂ ਨੂੰ ਤੋੜਨ ਉੱਪਰ ਜੋ ਸਜ਼ਾਵਾਂ ਨਿਰਧਾਰਿਤ ਸਨ, ਉਹ ਪੜ੍ਹ-ਸੁਣ ਕੇ ਰੌਂਗਟੇ ਖੜ੍ਹੇ ਹੋ ਜਾਂਦੇ ਹਨ। ਸਿਮ੍ਰਤੀ ਗ੍ਰੰਥ ਅਜਿਹੀਆਂ ਸਜ਼ਾਵਾਂ ਨਾਲ਼ ਭਰੇ ਪਏ ਹਨ।



ਇੱਥੇ ਇਹ ਕਹਿਣ ਦੀ ਬਹੁਤੀ ਲੋੜ ਨਹੀਂ ਰਹਿ ਜਾਂਦੀ ਕਿ ਆਰਥਿਕ ਬਰਾਬਰੀ ਆਉਣ ਨਾਲ਼ ਜਾਤੀ ਦਾ ਕੋਹੜ ਖ਼ਤਮ ਹੋ ਜਾਵੇਗਾ, ਅਜਿਹਾ ਬੋਚਣ ਦੇ ਬਹੁਤੇ ਅਰਥ ਨਹੀਂ ਰਹਿ ਜਾਂਦੇ। ਇਨ੍ਹਾਂ ਸਥਿਤੀਆਂ ਵਿਚੋਂ ਹੀ ਪੇਰੀਆਰ ਦਾ ਆਤਮ-ਸਨਮਾਨ ਅੰਦੋਲਨ ਸਾਹਮਣੇ ਆਉਂਦਾ ਹੈ। ਏਰੋਡ ਵਿਚ ਪੂਰੀ ਮਾਰਕੀਟ ਦੇ ਮਾਲਕ ਹੋਣ ਦੇ ਬਾਵਜੂਦ ਪੁਜਾਰੀਆਂ ਦਾ ਉਨ੍ਹਾਂ ਪ੍ਰਤੀ ਵਿਹਾਰ ਕਦੇ ਵੀ ਸਨਮਾਨਜਨਕ ਨਹੀਂ ਰਿਹਾ। ਪੇਰੀਆਰ ਦੀ ਭਾਸ਼ਾ ਵੀ ਬਹੁਤ ਸਖ਼ਤ ਸੀ। ਜਦ ਪੇਰੀਆਰ ਨੂੰ ਪੁੱਛਿਆ ਗਿਆ ਕਿ ਉਹ ਅਜਿਹਾ ਰਵੱਈਆ ਕਿਉਂ ਅਪਣਾਉਂਦੇ ਹਨ ਤਾਂ ਉਨ੍ਹਾਂ ਦਾ ਕਹਿਣਾ ਸੀ ਕਿ ਪੋਲ਼ੇ ਸ਼ਬਦ ਸੁਣ ਕੇ ਉਹ ਮੁਸਕਰਾ ਕੇ ਤੁਰਦੇ ਬਣਦੇ ਹਨ, ਪਰ ਕਠੋਰ ਸ਼ਬਦ ਉਨ੍ਹਾਂ ਨੂੰ ਸੰਵਾਦ ਵਿਚ ਲਿਆਉਣ ਲਈ ਕਾਫ਼ੀ ਹੁੰਦੇ ਹਨ। ਪੇਰੀਆਰ ਦਾ ਮੰਨਣਾ ਸੀ ਕਿ ਜਾਤੀ ਵਿਵਸਥਾ ਤੁਹਾਨੂੰ ਦੋਗਲ਼ਾ (ਦੋਹਰੇ ਚਰਿੱਤਰ ਵਾਲ਼ਾ) ਬਣਾਉਂਦੀ ਹੈ, ਜਿਸ ਨੂੰ ਉਹ ਨਫ਼ਰਤ ਕਰਦੇ ਸਨ, ਕਿਉਂਕਿ ਜਾਤੀ ਵਿਚ ਜੋ ਇਕ ਲਈ ਚੰਗਾ ਹੈ, ਉਹ ਦੂਸਰੇ ਲਈ ਭੈੜਾ ਹੈ। ਜੋ ਇਕ ਜਾਤੀ ਕਰਦੀ ਹੈ ਦੂਸਰੀ ਨੂੰ ਉਹ ਕੁਝ ਕਰਨ ਦੀ ਮਨਾਹੀ ਹੈ। ਪੇਰੀਆਰ ਅਨੁਸਾਰ "ਕਹਿਣੀ ਤੇ ਕਥਨੀ ਦਾ ਅੰਤਰ ਸੁਧਾਰ ਰਾਹੀਂ ਹੀ ਨਹੀਂ, 'ਇਨਕਲਾਬ' ਰਾਹੀਂ ਹੀ ਯਥਾਰਥਕ ਰੂਪ ਗ੍ਰਹਿਣ ਕਰ ਸਕਦਾ ਹੈ।" ਪੇਰੀਆਰ ਕਦੇ ਵੀ 'ਮੈਂ' ਦੀ ਵਰਤੋਂ ਨਹੀਂ ਕਰਦੇ, ਸਗੋਂ ਅਸੀਂ ਸ਼ਬਦ ਵਰਤਦੇ ਹਨ।

'ਜਾਤ ਨੇ ਸਾਨੂੰ ਨੀਵੇਂ ਕੀਤਾ ਅਤੇ ਗਰੀਬ ਬਣਾਇਆ।' ਅਤੇ ਇਸ ਕਰਕੇ ਘਟੀਆਪੁਣੇ ਅਤੇ ਅਪਮਾਨ ਸਹਿਣਾ ਪੈਂਦਾ ਹੈ। ਪੇਰੀਆਰ ਹੇਠਲੀਆਂ ਜਾਤਾਂ ਨੂੰ ਗ਼ੈਰ-ਬ੍ਰਾਹਮਣ ਕਹਿੰਦੇ ਹਨ। ਪੇਰੀਆਰ ਬ੍ਰਾਹਮਣ ਗ੍ਰੰਥਾਂ ਦੀ ਅਸਲੀਅਤ ਵੀ ਸਾਰੀ ਉਮਰ ਉਜਾਗਰ ਕਰਦੇ ਰਹੇ ਹਨ। ਉਨ੍ਹਾਂ ਅਨੁਸਾਰ, "ਬ੍ਰਾਹਮਣ ਨੇ ਸਾਨੂੰ ਸ਼ੂਦਰ ਬਣਾਇਆ ਹੈ। (ਵੇਸਵਾਵਾਂ ਦੀ ਔਲਾਦ ਜਾਂ ਰਖੇਲਾਂ ਦੀ ਔਲਾਦ) ਇਹ ਕੰਮ ਉਨ੍ਹਾਂ ਸ਼ਾਸਤਰਾਂ (ਹਿੰਦੂ ਸਿਧਾਂਤਾਂ) ਅਤੇ ਪੁਰਾਣਾਂ (ਮਿੱਥਾਂ) ਦੀ ਮਦਦ ਨਾਲ਼ ਕੀਤਾ ਹੈ। ਅਸੀਂ ਹਿੰਦੂ ਧਰਮ ਅਪਣਾਇਆ, ਅਸੀਂ ਤਲਾਅ ਪੁਟਾਏ, ਮੰਦਰ ਬਣਾਏ, ਧਨ ਦਾਨ ਦਿੱਤਾ, ਪਰ ਐਸ਼ ਕੌਣ ਕਰ ਰਿਹਾ ਹੈ? ਸਿਰਫ਼ ਤੇ ਸਿਰਫ਼ ਬ੍ਰਾਹਮਣ।" ਉਨ੍ਹਾਂ ਅਨੁਸਾਰ ਗ੍ਰੰਥ ਸਵੈ-ਪ੍ਰਸੰਸਾ ਨਾਲ਼ ਭਰਪੂਰ ਹਨ। ਉਪਰੋਕਤ ਵੱਡਿਆਂ ਨਾਲ਼ ਹੋਏ ਅਪਮਾਨ ਬਾਅਦ ਰਾਸ਼ਟਰਪਤੀ ਜਾਂ ਨੇਤਾਵਾਂ ਵੱਲੋਂ ਪ੍ਰੋਟੈਸਟ ਦਰਜ ਕਰਵਾਏ ਗਏ। ਪ੍ਰੰਤੂ ਪੇਰੀਆਰ ਤਾਮਿਲਨਾਡੂ ਵਿਚ ਵਿਸ਼ੇਸ਼ ਵਿਅਕਤੀਆਂ ਨਾਲ਼ ਹੋਈਆਂ ਘਟਨਾਵਾਂ ਬਾਅਦ ਚੁੱਪ ਨਹੀਂ ਬੈਠਦੇ ਸਗੋਂ ਅਜਿਹੇ ਬੁੱਤਾਂ ਨੂੰ ਤੋੜਨ ਦਾ ਹੋਕਾ ਵੀ ਦੇ ਦਿੰਦੇ ਹਨ। ਉਨ੍ਹਾਂ ਅਨੁਸਾਰ, "ਜੇ ਬੁੱਤ ਲੋਕਾਂ ਦੇ ਸਪੱਰਸ਼ ਨਾਲ਼ ਭਿੱਟ ਜਾਂਦਾ ਹੈ ਤਾਂ ਅਜਿਹੇ ਈਸ਼ਵਰ ਦੀ ਕੋਈ ਲੋੜ ਨਹੀਂ। ਇਨ੍ਹਾਂ ਦੇ ਬੁੱਤ ਚੀਣਾ ਚੀਣਾ ਕਰਕੇ ਸੜਕਾਂ ਵਿਚ ਵਿਛਾਏ ਜਾਣੇ ਚਾਹੀਦੇ ਹਨ ਜਾਂ ਫਿਰ ਧੋਬੀ ਘਾਟ ਉੱਪਰ ਰੱਖ ਕੇ ਇਨ੍ਹਾਂ ਉੱਪਰ ਕੱਪੜੇ ਧੋਣੇ ਚਾਹੀਦੇ ਹਨ।" (ਕੁਲੈਕਟਡ ਵਰਕਸ ਆਫ਼ ਪੇਰੀਆਰ, ਈ. ਵੀ. ਆਰ. ਪੰਨਾ-141) ਸਮੁੱਚੇ ਤੌਰ 'ਤੇ ਪੇਰੀਆਰ ਅਨੁਸਾਰ ਜਾਤੀ ਪ੍ਰਬੰਧ ਇਕ ਕਾਇਮੀ (ਕਰੌਨਿਕ) ਬਿਮਾਰੀ ਹੈ, ਜਿਸ ਨੇ ਸਮਾਜ ਨੂੰ ਸਦੀਆਂ ਤੱਕ ਖਾਧਾ, ਕੁੱਤੇ ਵੱਢਣ ਦੀ ਦਵਾਈ ਜਾਂ ਖੁਜਲੀ ਦੀ ਦਵਾਈ ਇਸ ਕੈਂਸਰ ਨੂੰ ਦੂਰ ਨਹੀਂ ਕਰ ਸਕਦੀ, ਸਾਨੂੰ ਸਰੀਰ ਦਾ ਆਪ੍ਰੇਸ਼ਨ ਕਰਕੇ ਕੈਂਸਰ ਨਾਲ਼ ਪ੍ਰਭਾਵਿਤ ਹਿੱਸੇ ਨੂੰ ਬਾਹਰ ਕੱਢਣਾ ਹੋਵੇਗਾ। ਵੱਖ ਬਿਮਾਰੀ ਲਈ ਵੱਖ਼ਰਾ ਇਲਾਜ ਕਰਨਾ ਪਵੇਗਾ। ਹਿੰਦੂ ਕਾਨੂੰਨ ਅਨੁਸਾਰ ਅਸੀਂ 3000 ਸਾਲ ਤੋਂ ਸ਼ੂਦਰ ਹਾਂ। 3000 ਸਾਲਾਂ ਤੋਂ ਉੱਪਰ ਅਸੀਂ ਵੇਸਵਾਵਾਂ ਦੀ ਔਲਾਦ ਹਾਂ।" (ਪੰਨਾ-152)

ਜਦੋਂ ਵਾਈਕੋਮ ਵਿਚ ਮੰਦਰ ਦੁਆਲੇ ਦੀਆਂ ਗਲੀਆਂ 'ਚ ਜਾਣ ਦਾ ਅੰਦੋਲਨ ਚੱਲ ਰਿਹਾ ਸੀ ਤਾਂ ਇਕ ਥਾਂ ਪੇਰੀਆਰ ਨੇ ਇਸ ਅੰਦੋਲਨ ਵਿਚ ਪੰਜਾਬੀਆਂ ਦੇ ਰੋਲ ਦਾ ਜ਼ਿਕਰ ਕੀਤਾ ਹੈ, ਜਿਸ ਨੂੰ ਛੱਡਿਆ ਨਹੀਂ ਜਾ ਸਕਦਾ। ਇਸ ਅੰਦੋਲਨ ਦੀ ਖ਼ਬਰ ਪੰਜਾਬ ਪਹੁੰਚਦੀ ਹੈ ਤਾਂ ਸਵਾਮੀ ਸੀਰਤ ਨੰਦ ਨੇ ਪੰਜਾਬੀਆਂ ਨੂੰ ਅਪੀਲ ਕੀਤੀ। ਸੀਰਤ ਨੰਦ ਨੇ 30 ਲੋਕਾਂ ਦਾ ਜਥਾ ਵਾਈਕੋਮ ਭੇਜਿਆ। ਉਨ੍ਹਾਂ 2000 ਰੁਪਏ ਵੀ ਭੇਜੇ ਅਤੇ ਵਲੰਟੀਅਰਾਂ ਦੇ ਖਾਣੇ-ਪੀਣੇ ਦਾ ਖਰਚਾ ਚੁੱਕਣ ਦਾ ਐਲਾਨ ਵੀ ਕੀਤਾ। ਇਸਦੇ ਵਿਰੋਧ ਵਿਚ ਬ੍ਰਾਹਮਣਾਂ ਨੇ ਮਹਾਤਮਾ ਗਾਂਧੀ ਨੂੰ ਸ਼ਿਕਾਇਤ ਭੇਜੀ। ਉਨ੍ਹਾਂ ਦੋਸ਼ ਲਾਇਆ ਕਿ ਸਿੱਖ ਹਿੰਦੂਆਂ ਖਿਲਾਫ਼ ਜੰਗ ਛੇੜ ਰਹੇ ਹਨ। ਗਾਂਧੀ ਨੇ ਵਿਚਾਰ ਦਿੱਤੇ ਕਿ 'ਮੁਸਲਮਾਨ, ਈਸਾਈ, ਸਿੱਖ ਅਤੇ ਹੋਰ ਜੋ ਗ਼ੈਰ ਹਿੰਦੂ ਹਨ, ਉਨ੍ਹਾਂ ਨੂੰ ਅੰਦੋਲਨ ਵਿਚ ਹਿੱਸਾ ਨਹੀਂ ਲੈਣਾ ਚਾਹੀਦਾ।' ਗਾਂਧੀ ਦੀ ਅਪੀਲ 'ਤੇ ਮੁਸਲਮਾਨਾਂ, ਈਸਾਈਆਂ ਅਤੇ ਸਿੱਖਾਂ ਨੇ ਆਪਣੇ ਆਪ ਨੂੰ ਵਾਈਕੋਮ ਦੇ ਅੰਦੋਲਨ ਤੋਂ ਵੱਖ ਕਰ ਲਿਆ। ਬਾਅਦ ਵਿਚ ਜਦੋਂ ਸੀਰਤ ਨੰਦ ਵਾਈਕੋਮ ਗਿਆ ਤਾਂ ਉਸ ਨੇ ਪੇਰੀਆਰ ਨੂੰ ਆਰਥਿਕ ਮਦਦ ਦਾ ਭਰੋਸਾ ਦਿੱਤਾ। ਇੱਥੋਂ ਸਪੱਸ਼ਟ ਹੈ ਕਿ ਪੇਰੀਆਰ ਗਾਂਧੀ ਨਾਲ਼ ਕਿਹੋ ਜਿਹੇ ਰਿਸ਼ਤੇ ਰੱਖਦੇ ਸਨ। ਉਨ੍ਹਾਂ ਜਾਤੀ ਦੇ ਅਧਾਰ 'ਤੇ ਕੀਤੇ ਜਾਂਦੇ ਵਿਤਕਰੇ ਨਾਲ਼ ਕੋਈ ਸਮਝੌਤਾ ਨਹੀਂ ਕੀਤਾ ਅਤੇ ਸ਼ੂਦਰਾਂ ਅਤੇ ਅਛੂਤਾਂ ਦੇ ਆਤਮ ਸਨਮਾਨ ਦੀ ਲੜਾਈ ਲਈ ਕਾਂਗਰਸ ਨੂੰ ਵੀ ਤਿਆਗ ਦਿੱਤਾ। (ਪੰਨਾ-145)

ਆਤਮ ਸਨਮਾਨ ਦੀ ਲੜਾਈ ਲੜਦਿਆਂ ਪੇਰੀਆਰ ਨੇ ਆਪਣੀ ਸਾਰੀ ਧਨ-ਦੌਲਤ ਅਤੇ ਜਾਇਦਾਦ 'ਆਤਮ ਸਨਮਾਨ' (Self-Respect) ਦੇ ਨਾਂਅ ਲਾ ਦਿੱਤੀ ਅਤੇ ਦੱਸਿਆ ਕਿ ਉਹ ਤਾਂ ਖਾਣ-ਪੀਣ ਵੀ ਅੰਦੋਲਨ ਦੇ ਪੈਸਿਆਂ ਵਿੱਚੋਂ ਖਰਚ ਕਰਦੇ ਹਨ। ਕਾਲਜਾਂ ਅਤੇ ਹਸਪਤਾਲ਼ਾਂ ਨੂੰ ਦਿੱਤਾ ਜਾਂਦਾ ਦਾਨ ਵੀ ਲੋਕਾਂ ਦੇ ਪੈਸਿਆਂ ਵਿਚੋਂ ਜਾਂਦਾ ਹੈ। ਚੰਗੇ ਕੰਮਾਂ ਲਈ ਦਿੱਤਾ ਪੈਸਾ ਵੀ ਅੰਦੋਲਨ ਦਾ ਹੀ ਹੁੰਦਾ ਹੈ। ਪੇਰੀਆਰ ਕਾਰਲ ਮਾਰਕਸ ਦੇ 'ਦੁਨੀਆ ਦੇ ਮਜ਼ਦੂਰਾਂ ਨੂੰ ਇਕ ਹੋਣ' ਦੇ ਹੋਕੇ ਵਾਂਗ ਸਾਰੀ ਦੁਨੀਆ ਦੇ ਲੋਕਾਂ ਨੂੰ ਏਕੇ ਦਾ ਹੋਕਾ ਦਿੰਦਿਆਂ ਕਹਿੰਦੇ ਹਨ, "ਸਾਰੀ ਦੁਨੀਆ ਦੇ ਲੋਕਾਂ ਨੂੰ ਇਕੱਠੇ ਹੋ ਜਾਣਾ ਚਾਹੀਦਾ ਹੈ। ਉਨ੍ਹਾਂ ਦੀ ਅਜਿਹੀ ਹੋਂਦ ਹੋਣੀ ਚਾਹੀਦੀ ਹੈ ਜੋ ਦੂਸਰਿਆਂ ਲਈ ਖ਼ਤਰਾ ਨਾ ਬਣੇ। ਸ਼ਾਂਤਮਈ ਜ਼ਿੰਦਗੀ ਲਈ ਸਾਧਨ ਲੱਭੇ ਜਾਣੇ ਚਾਹੀਦੇ ਹਨ, ਜਿਨ੍ਹਾਂ ਵਿਚ ਵੈਰ-ਭਾਵ ਨਾ ਹੋਵੇ, ਧੋਖਾ, ਨਫ਼ਰਤ ਅਤੇ ਗ਼ਮ ਨਾ ਹੋਣ। ਇਹੀ ਮੇਰੀ ਇੱਛਾ ਹੈ।" ਪੇਰੀਆਰ ਦੇ ਵਿਚਾਰ ਗੁਰੂ ਰਵਿਦਾਸ ਦੇ 'ਬੇਗ਼ਮਪੁਰਾ' ਦੇ ਨੇੜੇ ਪੁੱਜ ਜਾਂਦੇ ਹਨ।

ਉਹ ਦੱਸਦੇ ਹਨ ਕਿ ਆਤਮ ਸਨਮਾਨ ਕਿਵੇਂ ਆ ਸਕਦਾ ਹੈ? "ਅਸੀਂ ਆਤਮ ਸਨਮਾਨ ਬਾਰੇ ਤਾਂ ਹੀ ਸੋਚ ਸਕਦੇ ਹਾਂ ਜਦੋਂ ਉੱਚੀ ਨੀਵੀਂ ਜਾਤ ਦੀ ਭਾਵਨਾ ਸਾਡੀ ਧਰਤੀ ਤੋਂ ਮਿਟ ਜਾਵੇ।" ਭਾਰਤ ਵਿਚ ਧਰਮ, ਰਾਜਨੀਤੀ, ਅਰਥ ਸ਼ਾਸਤਰ ਅਤੇ ਸਮਾਜਿਕ ਜ਼ਿੰਦਗੀ ਜਾਤੀ ਭੇਦ-ਭਾਵ ਉੱਪਰ ਅਧਾਰਿਤ ਹੈ, ਇਸ ਲਈ ਕੁੱਝ ਉੱਚੇ ਅਮੀਰੀ ਭੋਗਦੇ ਹਨ ਅਤੇ ਬਹੁਗਿਣਤੀ ਗਰੀਬੀ ਭੋਗਦੀ ਹੈ। ਲੋਕਾਂ ਨੇ ਸਵੈ ਸਨਮਾਨ ਦੀ ਭਾਵਨਾ ਨੂੰ ਗੁਆ ਲਿਆ ਹੈ। (ਪੰਨਾ-537) ਜੋ ਮਾਣ-ਸਨਮਾਨ ਦੀ ਚਿੰਤਾ ਨਹੀਂ ਕਰਦਾ, ਉਹ ਵੇਸਵਾ ਤੋਂ ਘੱਟ ਨਹੀਂ, ਭਾਵੇਂ ਉਹ ਕਿੰਨਾ ਵੀ ਪੜ੍ਹਿਆ-ਲਿਖਿਆ ਹੋਵੇ। ਅਜਿਹੇ ਵਿਅਕਤੀ ਦੀ ਸਿੱਖਿਆ, ਸਵੈਮਾਣ ਦੀ ਚਿੰਤਾ ਕਰਨ ਵਾਲ਼ਿਆਂ ਨੂੰ ਵੀ ਖ਼ਤਰੇ ਵਿਚ ਪਾ ਦਿੰਦੀ ਹੈ।

ਆਤਮ ਸਨਮਾਨ ਅੰਦੋਲਨ ਦਾ ਆਖ਼ਰੀ ਨਿਸ਼ਾਨਾ ਹੈ ਮਨੁੱਖ ਦੀਆਂ ਭਾਵਨਾਵਾਂ ਅਤੇ ਆਤਮ ਸਨਮਾਨ ਖ਼ਿਲਾਫ਼ ਹਰ ਉਸ ਚੀਜ਼ ਨੂੰ ਬਦਲਣਾ ਜੋ ਦੁਨੀਆ ਦੇ ਰਿਵਾਜਾਂ ਦੀ ਗ਼ੁਲਾਮ ਬਣਾਉਂਦੀ ਹੈ। ਧਾਰਮਿਕ ਕੱਟੜਤਾ, ਤਰਕ ਦੇ ਉਲਟ ਤੇ ਚੇਤਨਾ ਦੇ ਖ਼ਿਲਾਫ਼ ਅਤੇ ਸੱਚ ਦੇ ਤਜਰਬੇ ਖ਼ਿਲਾਫ਼ ਸਭ ਕੁਝ ਹੀ ਆਤਮ ਸਨਮਾਨ ਦੇ ਵਿਰੋਧ ਵਿਚ ਹੈ। ਠੀਕ ਜਾਂ ਗ਼ਲਤ ਦਾ (ਨਿਰਣਾ ਕਰਨਾ) ਕਾਰਜ ਦਾ ਕਾਰਨ ਜਾਨਣਾ, ਸਥਿਤੀਆਂ/ਚੀਜ਼ਾਂ ਦਾ ਵਿਸ਼ਲੇਸ਼ਣ ਕਰਨਾ, ਖੋਜ ਕਰਨਾ ਅਤੇ ਸੱਚਾਈਆਂ ਦਾ ਸਨਮਾਨ ਕਰਨਾ ਆਤਮ ਸਨਮਾਨ ਅੰਦੋਲਨ ਦਾ ਅਸਲ ਉਦੇਸ਼ ਹੈ। ਇੱਥੇ ਪੇਰੀਆਰ ਦੀ ਤਰਕਸ਼ੀਲ ਸ਼ਖ਼ਸੀਅਤ ਦੇ ਦਰਸ਼ਨ ਵੀ ਹੁੰਦੇ ਹਨ। ਇਹੋ ਆਤਮ ਸਨਮਾਨ ਆਜ਼ਾਦੀ ਦੀ ਭਾਵਨਾ ਨਾਲ਼ ਜੁੜਿਆ ਹੋਇਆ ਹੈ। ਆਤਮ ਸਨਮਾਨ ਅਤੇ ਆਜ਼ਾਦੀ ਇਕ-ਦੂਜੇ ਦੀਆਂ ਪੂਰਕ ਹਨ।

ਆਜ਼ਾਦੀ ਅੰਦੋਲਨ ਨੂੰ ਮੁਖ਼ਾਤਿਬ ਹੁੰਦਿਆਂ ਪੇਰੀਆਰ ਸਪੱਸ਼ਟ ਆਖਦੇ ਹਨ ਕਿ ਇਨ੍ਹਾਂ ਨੇ ਆਤਮ ਸਨਮਾਨ ਅਤੇ ਮਨੁੱਖੀ ਗੌਰਵ ਨੂੰ ਭੁਲਾ ਦਿੱਤਾ ਹੈ। ਇਸ ਨੂੰ ਉਹ ਬਕਵਾਸ ਊਲ-ਜਲੂਲ ਦਾ ਨਾਂਅ ਦਿੰਦੇ ਹਨ। ਉਨ੍ਹਾਂ ਅਨੁਸਾਰ ਆਤਮ ਸਨਮਾਨ ਦਾ ਆਦਰਸ਼ ਆਜ਼ਾਦੀ ਦੀ ਭਾਵਨਾ ਨੂੰ ਚਲਾਉਂਦਾ ਹੈ। ਆਤਮ ਸਨਮਾਨ ਵਿਚ ਆਜ਼ਾਦੀ ਹਰ ਥਾਂ ਮੌਜੂਦ ਹੈ। ਪੇਰੀਆਰ ਅਨੁਸਾਰ ਧਰਮਤ ਗਿਆਨ ਦਾ ਨਾਸ ਹੀ ਨਹੀਂ ਕਰਦਾ, ਸਗੋਂ ਆਤਮ ਸਨਮਾਨ ਨੂੰ ਵੀ ਖ਼ਤਰੇ ਵਿਚ ਪਾਉਂਦਾ ਹੈ। ਜੇਕਰ ਧਰਮ ਮਾਨਵਤਾ ਨੂੰ ਉੱਚੇ ਅਤੇ ਨੀਵੇਂ/ਨੀਚ ਵਿਚ ਵੰਡਦਾ ਹੈ, ਜੇ ਇਹ ਏਕਤਾ ਦੀ ਥਾਂ ਵੰਡੀਆਂ ਪਾਉਂਦਾ ਹੈ ਅਤੇ ਆਜ਼ਾਦੀ ਨੂੰ ਤਬਾਹ ਕਰਦਾ ਹੈ ਤਾਂ ਆਤਮ ਸਨਮਾਨ ਅੰਦੋਲਨ ਇਸ ਦੀ ਚੰਗੀ ਤਰ੍ਹਾਂ ਖ਼ਬਰ ਲਵੇਗਾ, ਪੇਰੀਆਰ ਦੀ ਇਹ ਦ੍ਰਿੜ੍ਹ ਧਾਰਨਾ ਸੀ। ਪੇਰੀਆਰ ਅਨੁਸਾਰ ਆਤਮ ਸਨਮਾਨ ਅੰਦੋਲਨ ਉਨ੍ਹਾਂ ਕਾਰਨਾਂ ਨੂੰ ਜਾਨਣ ਦਾ ਨਾਂਅ ਹੈ, ਜਿਨ੍ਹਾਂ ਕਾਰਨਾਂ ਕਰਕੇ ਸ਼ੂਦਰ ਨੂੰ ਹੇਠਲੇ ਦਰਜੇ 'ਤੇ ਧੱਕ ਦਿੱਤਾ ਗਿਆ ਹੈ ਅਤੇ ਇਨ੍ਹਾਂ ਨੂੰ ਅਪਮਾਨ ਦੀ ਸਥਿਤੀ ਵਿਚ ਕਿਸ ਨੇ ਪਹੁੰਚਾਇਆ?

ਪੇਰੀਆਰ ਆਪਣੇ ਲੜਨ ਲਈ ਆਪਣੇ ਵੇਲੇ ਦੀਆਂ ਪੰਜ ਬੁਰਾਈਆਂ ਨੂੰ ਰੇਖਾਂਕਿਤ ਕਰਦੇ ਹਨ। 1. ਰੱਬ ਦੀ ਸਿਰਜਣਾ 2. ਕਾਂਗਰਸ ਪਾਰਟੀ 3. ਗਾਂਧੀ 4. ਬ੍ਰਾਹਮਣ ਵੱਲੋਂ ਲਿਆਂਦੀ ਤਬਾਹੀ ਅਤੇ 5. ਧਰਮ ਦੀ ਬੁਰਾਈ। ਇਨ੍ਹਾਂ ਪੰਜਾਂ ਬੁਰਾਈਆਂ ਦਾ ਵਿਸਤ੍ਰਿਤ ਚਰਚਾ ਕਰਦਿਆਂ ਨਿਰਣਾ ਕਰਦੇ ਹਨ ਕਿ, "ਆਤਮ ਸਨਮਾਨ ਅੰਦੋਲਨ ਇਨ੍ਹਾਂ ਪੰਜਾਂ ਬੁਰਾਈਆਂ ਦੇ ਖ਼ਿਲਾਫ਼ ਹੈ। ਸੰਖੇਪ ਵਿਚ ਆਤਮ ਸਨਮਾਨ ਅੰਦੋਲਨ ਨੇ ਰੱਬ, ਧਰਮ, ਕਾਂਗਰਸ, ਗਾਂਧੀ ਅਤੇ ਬ੍ਰਾਹਮਣ ਖ਼ਿਲਾਫ਼ ਮੋਰਚਾ ਵਿੱਢਣ ਦੀ ਜ਼ਿੰਮੇਵਾਰੀ ਲਈ ਹੈ। ਇਹ ਪੰਜ ਤਾਕਤਾਂ ਘਾਤਕ ਵਿਚਾਰਾਂ ਦਾ ਸਮਰਥਨ ਕਰਦੀਆਂ ਹੋਈਆਂ ਸਾਨੂੰ ਆਪਣਾ ਸ਼ਿਕਾਰ ਬਣਾਉਂਦੀਆਂ ਹਨ। ਸਾਡੇ ਲੋਕ ਗ਼ੁਲਾਮ ਬਣਦੇ ਹਨ। ਇਨ੍ਹਾਂ ਤਾਕਤਾਂ ਨੂੰ ਨੇਸਤੋ ਨਾਬੂਦ ਕੀਤੇ ਬਿਨਾਂ ਅਸੀਂ ਆਪਣੇ ਲੋਕਾਂ ਲਈ ਵਧੀਆ ਸਥਿਤੀਆਂ ਨਹੀਂ ਸਿਰਜ ਸਕਦੇ। ਅਸੀਂ ਲੋਕਾਂ ਦਾ ਆਤਮ ਸਨਮਾਨ ਬਹਾਲ ਕਰਨਾ ਚਾਹੁੰਦੇ ਹਾਂ।" (ਪੰਨਾ-215)



ਪੇਰੀਆਰ ਵਾਰ-ਵਾਰ ਇਹ ਸਪੱਸ਼ਟ ਕਰਦੇ ਹਨ ਕਿ ਆਤਮ ਸਨਮਾਨ ਦਾ ਅੰਦੋਲਨ ਰਾਜਨੀਤਕ ਅੰਦੋਲਨ ਨਹੀਂ ਹੈ। ਇਹ ਸ਼ੁੱਧ ਸਮਾਜ ਸੁਧਾਰ ਦਾ ਅੰਦੋਲਨ ਹੈ। ਸਪੱਸ਼ਟ ਰੂਪ ਵਿਚ ਆਤਮ ਸਨਮਾਨ ਦਾ ਅਧਾਰ ਗੌਰਵ ਹੈ, ਜੋ ਅਪਮਾਨ ਦੇ ਭਾਵਾਂ ਨੂੰ ਖ਼ਤਮ ਕਰਨਾ ਚਾਹੁੰਦਾ ਹੈ। ਆਤਮ ਸਨਮਾਨ ਪੇਰੀਆਰ ਅਨੁਸਾਰ, 'ਮਨੁੱਖ ਦਾ ਜਨਮ ਸਿੱਧ ਅਧਿਕਾਰ ਹੈ', ਕਿਉਂਕਿ ਮਨੁੱਖ ਹੋਣ ਦਾ ਅਹਿਸਾਸ ਗੌਰਵ ਦੇ ਹੋਣ ਨਾਲ਼ ਜੁੜਿਆ ਹੋਇਆ ਹੈ। ਮਨੁੱਖ ਸ਼ਬਦ ਵਿਚ ਹੀ ਸ਼ਾਨ/ਗੌਰਵ ਭਾਵ ਜੁੜਿਆ ਹੋਇਆ ਹੈ। ਮਾਨਵੀ ਗੌਰਵ ਦੇ ਅਧਿਕਾਰ ਰਾਹੀਂ ਹੀ ਇਸ ਦੇ ਗੁਣ ਪ੍ਰਗਟ ਹੋ ਸਕਦੇ ਹਨ।

ਆਤਮ ਸਨਮਾਨ ਮਿਲਣ ਨਾਲ਼ ਹੀ ਮਨੁੱਖ ਨੂੰ ਆਪਣੀਆਂ ਹੀਣ ਭਾਵਨਾਵਾਂ ਤੋਂ ਛੁਟਕਾਰਾ ਮਿਲ਼ ਸਕਦਾ ਹੈ। ਇਸ ਭਾਵ ਨਾਲ਼ ਹੀ ਮਨੁੱਖ ਵਿਚ ਵਿਸ਼ਵਾਸ ਪੈਦਾ ਹੁੰਦਾ ਹੈ ਕਿ ਉਹ ਕਿਸੇ ਤੋਂ ਘੱਟ ਨਹੀਂ ਹੈ। ਮਨੁੱਖ ਵਿਚ ਵਿਸ਼ਵਾਸ ਅਤੇ ਆਤਮ ਸਨਮਾਨ ਪੈਦਾ ਕਰਨਾ ਹੀ ਪੇਰੀਆਰ ਦੇ ਅੰਦੋਲਨ ਦਾ ਮੂਲ਼ ਮਨੋਰਥ ਸੀ। ਜੇਕਰ ਲੋਕਾਂ ਵਿਚ ਵਾਕਿਆ ਹੀ ਆਤਮ ਸਨਮਾਨ ਦੀ ਭਾਵਨਾ ਆ ਜਾਵੇ ਤਾਂ ਇਹ ਆਪਣੇ ਆਪ ਰਾਜਨੀਤੀ, ਰਾਸ਼ਟਰਵਾਦ ਅਤੇ ਧਾਰਮਿਕਤਾ ਨੂੰ ਸਹੀ ਦਿਸ਼ਾ ਦੇ ਲਵੇਗਾ। ਨਿਰਾ ਕਾਨੂੰਨ ਆਤਮ ਸਨਮਾਨ ਲੈ ਆਵੇ ਜਾਂ ਸੁਧਾਰ ਕਰ ਦੇਵੇ, ਅਜਿਹਾ ਸੰਭਵ ਨਹੀਂ।

ਪੱਛਮ ਨਾਲ਼ ਤੁਲਨਾ ਕਰਦਿਆਂ ਪੇਰੀਆਰ ਨੇ ਆਰਥਿਕ ਸਨਮਾਨ ਤੋਂ ਵੱਧ ਹੋਰ ਸਨਮਾਨਾਂ ਨੂੰ ਵੀ ਸਾਹਮਣੇ ਰੱਖਿਆ ਹੈ। "ਪੱਛਮ ਵਿਚ ਆਤਮ ਸਨਮਾਨ ਸਿਰਫ਼ ਆਰਥਿਕ ਖੇਤਰ ਵਿਚ ਚਾਹੀਦਾ ਹੈ, ਪਰ ਸਾਨੂੰ ਇਸ ਦੀ ਲੋੜ ਧਰਮ, ਸਮਾਜ, ਸਿੱਖਿਆ, ਗਿਆਨ, ਖੋਜ ਕਲਾ, ਰਾਜਨੀਤੀ, ਆਰਥਿਕਤਾ ਅਤੇ ਹੋਰ ਕਈ ਖੇਤਰਾਂ ਵਿਚ ਵੀ ਲੋੜੀਂਦੀ ਹੈ। ਸਾਡੇ ਲੋਕਾਂ ਨੂੰ ਸਿਰਫ਼ ਸਿੱਖਿਆ ਦੀ ਹੀ ਲੋੜ ਨਹੀਂ ਹੈ, ਬਲਕਿ ਚੇਤਨਾ ਅਤੇ ਆਤਮ ਸਨਮਾਨ ਦੀ ਵੀ ਲੋੜ ਹੈ।" (ਪੰਨਾ-538)

ਪੇਰੀਆਰ ਨੇ ਆਤਮ ਸਨਮਾਨ ਦਾ ਸਿਧਾਂਤ ਹੀ ਨਹੀਂ ਪੜ੍ਹਿਆ, ਸਗੋਂ ਉਸ ਨੂੰ ਅਮਲੀ ਰੂਪ ਵੀ ਦਿੱਤਾ। ਉਨ੍ਹਾਂ ਨੇ ਨਵੇਂ ਤਰਕਸ਼ੀਲ ਵਿਆਹ ਸੰਸਥਾ ਦਾ ਆਰੰਭ ਕੀਤਾ, ਜਿਸ ਨੂੰ ਆਤਮ ਸਨਮਾਨ ਵਿਆਹ ਦਾ ਨਾਂਅ ਦਿੱਤਾ ਗਿਆ। ਇਸ ਵਿਆਹ ਵਿਚ ਸੋਚ-ਸਮਝ ਕੇ ਧਾਰਮਿਕ ਰੀਤਾਂ ਦਾ ਤਿਆਗ ਕੀਤਾ ਗਿਆ। ਜਿਵੇਂ ਇਸ ਵਿਆਹ ਵਿਚ ਬ੍ਰਾਹਮਣ ਵੱਲੋਂ ਸੰਸਕ੍ਰਿਤ ਸਲੋਕ ਉਚਾਰਣ ਦੀ ਮਨਾਹੀ ਕਰ ਦਿੱਤੀ ਗਈ। ਵਰ-ਵਧੂ ਇਕ-ਦੂਜੇ ਗਲ਼ ਵਿਚ ਮਾਲ਼ਾ ਪਾਉਣ ਸਮੇਂ ਮਲਿਆਲਮ ਮਾਤ ਭਾਸ਼ਾ ਵਿਚ ਵਿਆਹ ਨਿਭਾਉਣ ਦਾ ਅਹਿਦ ਲੈਂਦੇ ਸਨ। ਵਿਆਹ ਉੱਪਰ ਵਾਧੂ ਖਰਚੇ 'ਤੇ ਰੋਕ ਲਾਈ ਗਈ। ਇਸ ਤਰ੍ਹਾਂ ਪੇਰੀਆਰ ਨੇ ਵਿਆਹ ਸੰਸਥਾ ਨੂੰ ਧਰਮ ਨਿਰਪੱਖ ਰੂਪ ਦੇ ਦਿੱਤਾ। ਕਿਸੇ ਵੀ ਧਰਮ ਦਾ ਜੋੜਾ ਇਕ-ਦੂਜੇ ਦੇ ਹਾਰ ਪਾ ਕੇ, ਅਹਿਦ ਕਰਕੇ ਜੀਵਨ ਸਾਥੀ ਬਣ ਸਕਦਾ ਸੀ। ਅੰਤਰਜਾਤੀ ਵਿਆਹ ਨੂੰ ਵੀ ਉਤਸ਼ਾਹਿਤ ਕੀਤਾ ਗਿਆ। ਅਜਿਹੇ ਵਿਆਹ ਨੂੰ ਕਾਨੂੰਨੀ ਮਾਨਤਾ ਪ੍ਰਾਪਤ ਨਹੀਂ ਸੀ, ਪਰ ਅੰਨਾ ਦੁਰਾਈ ਜਦੋਂ ਚੀਫ਼ ਮਨਿਸਟਰ ਬਣਿਆ ਤਾਂ ਉਸ ਨੇ ਆਤਮ-ਸਨਮਾਨ ਵਿਆਹ ਲਈ ਕਾਨੂੰਨ ਬਣਾਇਆ। ਇਸ ਨੂੰ ਹਿੰਦੂ ਮੈਰਿਜ (ਤਾਮਿਲ਼ਨਾਡੂ ਅਮੈਂਡਮੈਂਡ ਐਕਟ-1967) ਕਿਹਾ ਜਾਂਦਾ ਹੈ। ਇਸ ਰਾਹੀਂ ਇਸ ਤੋਂ ਪਹਿਲਾਂ ਹੋਏ ਆਤਮ-ਸਨਮਾਨ ਵਿਆਹਾਂ ਨੂੰ ਵੀ ਵੈਧਤਾ ਮਿਲ਼ ਗਈ।

ਆਤਮ ਸਨਮਾਨ ਦੀ ਪਹਿਲੀ ਕਾਨਫਰੰਸ 1929 ਵਿਚ ਪੇਰੀਆਰ ਨੇ ਸੁਝਾਅ ਦਿੱਤਾ ਕਿ ਕੁੜੀਆਂ ਦਾ ਵਿਆਹ 16 ਸਾਲ ਜਾਂ ਉਸ ਤੋਂ ਉੱਪਰ ਦੀ ਉਮਰ ਵਿਚ ਹੋਣਾ ਚਾਹੀਦਾ ਹੈ। 1930 ਵਿਚ ਵਿਧਵਾ ਵਿਆਹ ਲਈ ਪੇਰੀਆਰ ਨੇ 'ਸ਼ਾਰਦਾ ਕਾਨੂੰਨ' ਦਾ ਸੁਝਾਅ ਦਿੱਤਾ। ਇਸ ਵਿਚ ਆਈਆਂ ਅੜਚਨਾਂ ਨੂੰ 1978 ਵਿਚ ਕਾਨੂੰਨੀ ਰੂਪ ਦਿੱਤਾ ਗਿਆ। ਤਲਾਕ ਦੇ ਕਾਨੂੰਨ ਬਾਰੇ ਰੈਜ਼ੂਲੇਸ਼ਨ ਵੀ ਪਹਿਲੀ ਆਤਮ ਸਨਮਾਨ ਕਾਨਫਰੰਸ ਵਿਚ ਹੀ ਪਾਸ ਕਰਵਾਇਆ ਗਿਆ। ਇਸੇ ਕਾਨਫਰੰਸ ਵਿਚ ਔਰਤ ਨੂੰ ਜਾਇਦਾਦ ਦੇਣ ਦੇ ਅਧਿਕਾਰ ਦਾ ਰੈਜ਼ੂਲੇਸ਼ਨ ਪਾਇਆ ਗਿਆ। ਕੇ. ਕਰੁਣਾਨਿਧੀ ਦੀ ਚੀਫ਼ ਮਨਿਸਟਰਸ਼ਿਪ ਵਿਚ ਸਰਕਾਰ ਨੇ 1989 ਵਿਚ ਔਰਤ ਦੇ ਪਰਵਾਰ ਵਿਚ ਜਾਇਦਾਦ ਦੇ ਅਧਿਕਾਰ ਨੂੰ ਸਵੀਕਾਰ ਕੀਤਾ ਅਤੇ ਕਾਨੂੰਨੀ ਰੂਪ ਦਿੱਤਾ। ਸਾਲ 2005 ਵਿਚ ਇਸਨੂੰ ਰਾਸ਼ਟਰੀ ਕਾਨੂੰਨ ਦਾ ਦਰਜਾ ਮਿਲ਼ਿਆ।

ਇਉਂ ਅਸੀਂ ਵੇਖਦੇ ਹਾਂ ਕਿ ਪੇਰੀਆਰ ਦਾ ਤਾਮਿਲਨਾਡੂ ਵਿਚ ਆਤਮ ਸਨਮਾਨ ਅੰਦੋਲਨ ਇਕ ਤਰ੍ਹਾਂ ਨਾਲ਼ ਦਲਿਤਾਂ ਅਤੇ ਔਰਤਾਂ ਦੇ ਉੱਥਾਨ ਦਾ ਅੰਦੋਲਨ ਬਣ ਜਾਂਦਾ ਹੈ। ਮੰਦਰਾਂ ਵਿਚ ਪ੍ਰਵੇਸ਼ ਅਤੇ ਹੋਰ ਅਨੇਕਾਂ ਪੱਖ ਇਸ ਅੰਦੋਲਨ ਨਾਲ਼ ਜੁੜੇ ਹੋਏ ਹਨ। ਅੱਜ ਤੱਕ ਪੇਰੀਆਰ ਦਾ ਪ੍ਰਭਾਵ ਤਾਮਿਲਨਾਡੂ ਵਿਚ ਹੀ ਨਹੀਂ, ਸਾਰੇ ਭਾਰਤ ਵਿਚ ਮਹਿਸੂਸ ਕੀਤਾ ਜਾ ਸਕਦਾ ਹੈ। ਸੰਪ੍ਰਦਾਇਕ ਤੱਤ ਅੱਜ ਵੀ ਪੇਰੀਆਰ ਦੇ ਬੁੱਤਾਂ ਨੂੰ ਤੋੜ ਕੇ ਉਨ੍ਹਾਂ ਪ੍ਰਤੀ ਨਫ਼ਰਤ ਦਾ ਇਜ਼ਹਾਰ ਕਰਦੇ ਹਨ, ਪਰ ਦਲਿਤਾਂ ਲਈ ਪੇਰੀਆਰ ਦਾ ਵੱਖਰਾ ਮਹੱਤਵ ਹੈ। ਯੂਨੈਸਕੋ ਨੇ 1970 ਵਿਚ ਪੇਰੀਆਰ ਨੂੰ ਇਕ ਸਨਮਾਨ ਪੱਤਰ ਦੇ ਕੇ ਸਨਮਾਨਿਆ, ਜਿਸ ਦੇ ਸ਼ਬਦ ਹਨ, "ਪੇਰੀਆਰ ਨਵੇਂ ਯੁੱਗ ਦਾ ਪ੍ਰੌਫੈਟ ਹੈ, ਦੱਖਣੀ ਏਸ਼ੀਆ ਦਾ ਉਹ ਮੁਕਰਾਤ ਹੈ, ਸਮਾਜਿਕ ਸੁਧਾਰ ਅੰਦੋਲਨ ਦਾ ਜਨਕ ਹੈ ਅਤੇ ਉਹ ਅਗਿਆਨਤਾ, ਅੰਧਵਿਸ਼ਵਾਸ, ਬੇਮਤਲਬ ਰੀਤੀ-ਰਿਵਾਜਾਂ ਅਤੇ ਬੇਮਤਲਬ ਵਿਹਾਰਾਂ ਦਾ ਕੱਟੜ ਦੁਸ਼ਮਣ ਸੀ।" ਯੂਨੈਸਕੋ ਦੇ ਇਹ ਸ਼ਬਦ ਕਿਸੇ ਤਰ੍ਹਾਂ ਦੀ ਅਤਿਕਥਨੀ ਨਹੀਂ, ਸਗੋਂ ਪੇਰੀਆਰ ਦੇ ਕੀਤੇ ਕੰਮਾਂ ਨੂੰ ਮਾਨਤਾ ਦਿੰਦੇ ਹਨ।

## ਬਾਲ ਕੋਨਾ



ਅਰਨਮ ਸਿੰਘ, ਪੰਜਵੀਂ, ਲਿਟਲ ਫਲਾਵਰ ਸੀਨੀ. ਸੈਕੰ. ਸਕੂਲ, ਦੀਨਾਨਗਰ

### ਸੋਨੇ ਦੇ ਪਿੰਜਰੇ ਵਿੱਚ ਇੱਕ ਹੋਰ ਦਿਨ

ਹਰ ਰੋਜ਼ ਸਵੇਰੇ ਉੱਠ ਕੇ ਸੋਨੇ ਦਾ ਪਿੰਜਰਾ, ਜਿਸ ਵਿੱਚ ਮੈਂ ਕੈਦ ਹਾਂ, ਦੇਖਣ ਨੂੰ ਮਿਲਦਾ ਹੈ। ਮੇਰਾ ਮਾਲਕ ਬੜੇ ਸੋਹਣੇ ਜਿਹੇ ਭਾਂਡੇ ਵਿੱਚ ਮੈਨੂੰ ਸਵਾਦਿਸ਼ਟ ਖਾਣਾ ਖਾਣ ਨੂੰ ਦਿੰਦਾ। ਹਰ ਕੋਈ ਇਹੋ ਜਹੀ ਜ਼ਿੰਦਗੀ ਨੂੰ ਲੋਚਦਾ ਹੈ, ਪਰ ਮੇਰਾ ਮਨ ਉਦਾਸ ਹੁੰਦਾ ਜਦੋਂ ਮੈਂ ਬਰਾਂਡੇ ਵਿੱਚ ਬੈਠਾ ਆਪਣੇ ਸਾਥੀਆਂ ਦੀਆਂ ਅਵਾਜ਼ਾਂ ਸੁਣਦਾ ਅਤੇ ਦੂਜੇ ਜਾਨਵਰਾਂ ਦੀਆਂ ਡਾਰਾਂ ਨੂੰ ਉੱਪਰੋਂ ਲੰਘਦਾ ਵੇਖਦਾ। ਮੇਰਾ ਮਨ ਕਰਦਾ ਕਿ ਕਾਸ਼ ਮੈਂ ਵੀ ਆਜ਼ਾਦ ਹੋਵਾਂ ਇਹਨਾਂ ਵਾਂਗ ਖੁੱਲ੍ਹੀਆਂ ਫਿਜ਼ਾਵਾਂ ਵਿੱਚ ਉੱਡਾਂ, ਪਰ ਮੇਰਾ ਦਰਦੇ ਹਾਲ ਨਾ ਹੀ ਮੇਰਾ ਮਾਲਕ ਸੁਣਦਾ ਹੈ, ਨਾ ਕੋਈ ਹੋਰ ਆਉਣ-ਜਾਣ ਵਾਲਾ ਇਨਸਾਨ, ਇੰਜ ਲੱਗਦਾ ਕਿ ਜਿਵੇਂ ਮਨੁੱਖ ਖ਼ੁਦਗਰਜ਼ ਹੋ ਗਿਆ ਹੈ, ਪਰ ਮੇਰੀ ਆਜ਼ਾਦੀ ਦੀ ਉਮੀਦ ਉਦੋਂ ਟੁੱਟੀ, ਜਦੋਂ ਮੈਂ ਆਪਣੇ ਮਾਲਕ ਦੀ ਜ਼ਿੰਦਗੀ ਸਮਝਣੀ ਸ਼ੁਰੂ ਕੀਤੀ, ਉਦੋਂ ਪਤਾ ਲੱਗਾ ਕਿ ਇਹ ਤਾਂ ਆਪ ਹੀ ਮੋਹ ਮਾਇਆ ਦੀਆਂ ਜ਼ੰਜੀਰਾਂ ਵਿੱਚ ਜਕੜਿਆ ਹੋਇਆ ਹੈ। ਹਰ ਕਿਸੇ ਦਾ ਕੋਈ ਨਾ ਕੋਈ ਮਨੁੱਖੀ ਰੂਪ ਵਿੱਚ ਆਕਾ ਹੈ, ਜਦਕਿ ਉਸ ਸਿਰਜਣਹਾਰ ਨੂੰ ਸਭ ਭੁੱਲੇ ਬੈਠੇ ਹਨ, ਜੋ ਸਾਰੀ ਕਾਇਨਾਤ ਦਾ ਹੁਕਮਰਾਨ ਹੈ। ਜੇ ਕੋਈ ਆਜ਼ਾਦ ਹੋਣ ਦੀ ਸੋਚਦਾ ਹੈ ਤਾਂ ਉਸ ਦੀ ਸੋਚ ਨੂੰ ਕੁਚਲ ਦਿੱਤਾ ਜਾਂਦਾ ਹੈ। ਉਸ ਦਿਨ ਤੋਂ ਮੇਰੀ ਰਿਹਾਈ ਦੀ ਉਮੀਦ ਟੁੱਟੀ ਤੇ ਇਹ ਸਮਝ ਆਈ, ਜਿਨ੍ਹਾਂ ਨੇ ਮੈਨੂੰ ਪਿੰਜਰੇ ਵਿੱਚ ਪਾਇਆ ਹੈ। ਉਹ ਮੇਰੇ ਤੋਂ ਵੀ ਵੱਡੇ ਪਿੰਜਰੇ ਵਿੱਚ ਕੈਦ ਹਨ। ਰੱਬ ਨੂੰ ਅਰਦਾਸ ਕਰਦਾ ਹਾਂ ਕਿ ਦੁਨੀਆ ਨੂੰ ਸੁਮੱਤ ਬਖ਼ਸ਼ੇ ਤਾਂ ਜੋ ਇਹ ਆਜ਼ਾਦ ਸੋਚ ਦੇ ਮਾਲਕ ਬਣਨ ਤਾਂ ਹੀ ਸ਼੍ਰਿਸਟੀ ਦਾ ਉਧਾਰ ਹੋ ਸਕੇਗਾ।


**— ਅਭੀਰਾਜ ਸਿੰਘ ਗੋਦਾਰਾ**

### ਚਿੜੀ ਤੇ ਕਾਂ

ਪੁਰਾਣੇ ਸਮੇਂ ਦੀ ਗੱਲ ਹੈ। ਇੱਕ ਦਰੱਖਤ 'ਤੇ ਇੱਕ ਕਾਂ ਅਤੇ ਚਿੜੀ ਆਪਣੇ-ਆਪਣੇ ਆਲ੍ਹਣਿਆਂ ਵਿੱਚ ਆਰਾਮ ਨਾਲ ਰਹਿੰਦੇ ਸਨ, ਪਰ ਉਹ ਕਦੇ ਇੱਕ-ਦੂਜੇ ਨੂੰ ਬੁਲਾਉਂਦੇ ਨਹੀਂ ਸੀ। ਗਰਮੀਆਂ ਦਾ ਮੌਸਮ ਆ ਗਿਆ ਸੀ। ਸਾਰੇ ਪਾਸੇ ਗਰਮੀ ਕਰਕੇ ਪੰਛੀ-ਪਰਿੰਦੇ ਪ੍ਰੇਸ਼ਾਨ ਰਹਿਣ ਲੱਗ ਪਏ। ਦੁਪਹਿਰ ਦਾ ਸਮਾਂ ਸੀ। ਕਾਂ ਅਤੇ ਚਿੜੀ ਦੋਵੇਂ ਭੋਜਨ ਅਤੇ ਪਾਣੀ ਦੀ ਭਾਲ ਵਿੱਚ ਜੰਗਲ ਵੱਲ ਦੂਰ ਚਲੇ ਗਏ ਸਨ। ਪਿੱਛੋਂ ਇੱਕ ਜ਼ਹਿਰੀਲਾ ਸੱਪ ਉਨ੍ਹਾਂ ਦੇ ਆਲ੍ਹਣਿਆਂ ਵਾਲ਼ੇ ਦਰੱਖਤ 'ਤੇ ਚੜ੍ਹਨ ਲੱਗ ਪਿਆ। ਇੰਨੇ ਨੂੰ ਇੱਕ ਬਾਜ਼ ਦੀ ਨਜ਼ਰ ਉਸ ਸੱਪ ਵੱਲ ਚਲੀ ਗਈ। ਉਸ ਨੇ ਤੁਰੰਤ ਉਸ ਜ਼ਹਿਰੀਲੇ ਸੱਪ ਨੂੰ ਝਪਟਾ ਮਾਰਿਆ ਤੇ ਸੱਪ ਰੁੱਖ ਤੋਂ ਹੇਠਾਂ ਡਿੱਗ ਗਿਆ ਅਤੇ ਬਾਜ਼ ਨੂੰ ਦੇਖ ਕੇ ਤੁਰੰਤ ਘਬਰਾ ਗਿਆ। ਬਾਜ ਸੱਪ ਨੂੰ ਪਕੜਨ ਹੀ ਲੱਗਾ ਸੀ ਕਿ ਇੰਨੇ ਨੂੰ ਸੱਪ ਰੁੱਖ ਕੋਲ ਬਣੀ ਹੋਈ ਬਰਮੀ ਵਾਲੀ ਥਾਂ ਵਿੱਚ ਛੁਪ ਗਿਆ। ਕੁਝ ਦੇਰ ਬਾਅਦ ਚਿੜੀ ਅਤੇ ਕਾਂ ਵੀ ਜੰਗਲ ਵੱਲ ਤੋਂ ਵਾਪਸ ਆਪਣੇ ਆਲ੍ਹਣਿਆਂ ਵੱਲ ਆ ਗਏ। ਉੱਥੇ ਮਚੀ ਹਫੜਾ-ਤਫੜੀ ਤੇ ਇਕੱਠੇ ਹੋਏ ਪੰਛੀਆਂ ਨੂੰ ਦੇਖ ਕੇ ਉਹ ਦੋਵੇਂ ਘਬਰਾ ਗਏ। ਐਨੇ ਨੂੰ ਬਾਜ਼ ਨੇ ਕਾਂ ਅਤੇ ਚਿੜੀ ਕੋਲ ਆ ਕੇ ਦੋਵਾਂ ਨੂੰ ਸਾਰੀ ਗੱਲ ਦੱਸੀ। ਉੱਥੇ ਇਕੱਠੇ ਹੋਏ ਪੰਛੀਆਂ ਨੇ ਚਿੜੀ ਅਤੇ ਕਾਂ ਨੂੰ ਦੱਸਿਆ ਕਿ ਦੂਸਰੇ ਦਰੱਖਤ 'ਤੇ ਰਹਿੰਦਾ ਬਾਜ਼ ਅੱਜ ਸੱਪ ਨੂੰ ਤੁਹਾਡੇ ਆਲ੍ਹਣਿਆਂ ਵੱਲ ਜਾਣ ਤੋਂ ਨਾ ਰੋਕਦਾ ਤਾਂ ਪਤਾ ਨਹੀਂ ਕੀ ਹੋ ਜਾਣਾ ਸੀ। ਚਿੜੀ ਅਤੇ ਕਾਂ ਨੇ ਆਪਣੇ-ਆਪਣੇ ਆਲ੍ਹਣਿਆਂ ਵੱਲ ਨਜ਼ਰ ਘੁਮਾਈ ਅਤੇ ਆਪਣੇ ਬੱਚਿਆਂ ਨੂੰ ਸਹੀ-ਸਲਾਮਤ ਦੇਖ ਕੇ ਖ਼ੁਸ਼ ਹੋਏ। ਦੋਵਾਂ ਦੇ ਬੱਚੇ ਅੱਜ ਬਾਜ਼ ਦੀ ਹੁਸ਼ਿਆਰੀ ਤੇ ਬਹਾਦਰੀ ਕਰਕੇ ਸੁਰੱਖਿਅਤ ਆਪਣੇ-ਆਪਣੇ ਆਲ੍ਹਣਿਆਂ ਵਿੱਚ ਸਹੀ-ਸਲਾਮਤ ਸਨ। ਕਾਂ ਤੇ ਚਿੜੀ ਨੇ ਆਪਣੇ ਗੁਆਂਢੀ ਬਾਜ਼ ਦਾ ਬਹੁਤ ਧੰਨਵਾਦ ਕੀਤਾ ਤੇ ਕਿਹਾ ਕਿ ਅਸੀਂ ਦੋਵੇਂ ਤੁਹਾਡੇ ਸ਼ੁਕਰਗੁਜ਼ਾਰ ਹਾਂ। ਬਾਜ ਨੇ ਕਿਹਾ ਕਿ ਅਜਿਹੀ ਕੋਈ ਗੱਲ ਨਹੀਂ, ਮੈਂ ਤਾਂ ਇੱਕ ਚੰਗੇ ਗੁਆਂਢੀ ਹੋਣ ਦਾ ਆਪਣਾ ਫਰਜ਼ ਨਿਭਾਇਆ ਹੈ। ਅਸੀਂ ਭਵਿੱਖ ਵਿੱਚ ਰਲ਼-ਮਿਲ਼ ਕੇ ਅਤੇ ਪ੍ਰੇਮ-ਭਾਵਨਾ ਨਾਲ਼ ਰਹਾਂਗੇ ਅਤੇ ਆਪਣੇ ਦੁੱਖ-ਸੁੱਖ ਆਪਸ ਵਿੱਚ ਸਾਂਝੇ ਕਰਦੇ ਰਹਾਂਗੇ। ਚਿੜੀ ਅਤੇ ਕਾਂ ਦੋਵੇਂ ਬਹੁਤ ਖ਼ੁਸ਼ ਹੋਏ ਕਿ ਉਨ੍ਹਾਂ ਨੂੰ ਬਾਜ਼ ਜਿਹਾ ਚੰਗਾ ਗੁਆਂਢੀ ਨਸੀਬ ਹੋਇਆ। ਸਾਰੇ ਪੰਛੀ ਆਪਣੇ-ਆਪਣੇ ਆਲ੍ਹਣਿਆਂ ਵੱਲ ਚਲੇ ਗਏ।

**ਸਿੱਖਿਆ** : ਪਿਆਰੇ ਬੱਚਿਓ! ਇਸ ਕਹਾਣੀ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਸਮਾਜ ਵਿੱਚ ਇੱਕ ਚੰਗੇ ਅਤੇ ਮਿਲਣਸਾਰ ਗੁਆਂਢੀ ਬਣ ਕੇ ਰਹਿਣਾ ਚਾਹੀਦਾ ਹੈ ਅਤੇ ਔਖੇ ਸਮੇਂ ਇੱਕ-ਦੂਜੇ ਦੀ ਤੁਰੰਤ ਮਦਦ ਕਰ ਦੇਣੀ ਚਾਹੀਦੀ ਹੈ, ਤਦ ਹੀ ਅਸੀਂ ਚੰਗੇ ਗੁਆਂਢੀ ਬਣ ਸਕਦੇ ਹਾਂ।

**— ਮੈਡਮ ਰਜਨੀ ਧਰਮਾਣੀ**



### ਬਾਲ ਮਿੰਨੀ ਕਹਾਣੀ

#### ਜੰਗਲ 'ਚ ਸ਼ੇਰ

ਇੱਕ ਵਾਰ ਦੀ ਗੱਲ ਹੈ। ਇੱਕ ਜੰਗਲ ਸੀ। ਜੰਗਲ ਵਿੱਚ ਇੱਕ ਸ਼ੇਰ ਰਹਿੰਦਾ ਸੀ। ਉਹ ਬਹੁਤ ਚਲਾਕ ਸੀ। ਇੱਕ ਦਿਨ ਉਹ ਬੂਟੇ ਥੱਲੇ ਬੈਠਿਆ ਸੀ। ਸ਼ੇਰ ਨੂੰ ਬਹੁਤ ਭੁੱਖ ਲੱਗੀ। ਓਧਰੋਂ ਇੱਕ ਲੂੰਬੜੀ ਆਈ। ਸ਼ੇਰ ਨੇ ਸੋਚਿਆ ਕਿ ਮੈਂ ਲੂੰਬੜੀ ਨੂੰ ਖਾ ਲਵਾਂ। ਉਸ ਨੇ ਲੂੰਬੜੀ ਦਾ ਸ਼ਿਕਾਰ ਕੀਤਾ। ਉਸ ਨੇ ਲੂੰਬੜੀ ਨੂੰ ਮਾਰ ਦਿੱਤਾ। ਸ਼ੇਰ ਨੇ ਲੂੰਬੜੀ ਨੂੰ ਖਾ ਲਿਆ।

ਸਿੱਖਿਆ : ਸਾਨੂੰ ਜਾਨਵਰਾਂ ਤੋਂ ਦੂਰ ਰਹਿਣਾ ਚਾਹੀਦਾ ਹੈ।

**- ਰਵਨੀਤ ਕੌਰ,**
**ਜਮਾਤ ਤੀਸਰੀ, ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ,ਗੰਭੀਰਪੁਰ।**

### ਜਾਦੂਗਰਨੀ

ਇੱਕ ਪਿੰਡ ਵਿੱਚ ਇੱਕ ਜਾਦੂਗਰਨੀ ਰਹਿੰਦੀ ਸੀ। ਉਹ ਜਾਦੂਗਰਨੀ ਬਹੁਤ ਚੰਗੀ ਸੀ। ਜਾਦੂਗਰਨੀ ਇਮਾਨਦਾਰ ਸੀ। ਉਹ ਸਾਰਿਆਂ ਦੀ ਮਦਦ ਕਰਦੀ ਸੀ। ਇੱਕ ਵਾਰ ਉਸ ਕੋਲ ਇੱਕ ਗ਼ਰੀਬ ਆਦਮੀ ਆਇਆ। ਉਸ ਨੇ ਜਾਦੂਗਰਨੀ ਤੋਂ ਰੋਟੀ ਮੰਗੀ। ਉਸ ਨੇ ਕਿਹਾ ਕਿ ਮੈਂ ਗਰੀਬ ਹਾਂ। ਮੇਰੀ ਮਦਦ ਕਰੋ। ਜਾਦੂਗਰਨੀ ਨੂੰ ਉਸ 'ਤੇ ਤਰਸ ਆ ਗਿਆ। ਉਸ ਨੇ ਗ਼ਰੀਬ ਆਦਮੀ ਨੂੰ ਰੋਟੀ ਦਿੱਤੀ। ਜਾਦੂਗਰਨੀ ਨੇ ਉਸ ਨੂੰ ਪੈਸੇ ਵੀ ਦਿੱਤੇ। ਉਹ ਖ਼ੁਸ਼ੀ-ਖ਼ੁਸ਼ੀ ਆਪਣੇ ਘਰ ਚਲਾ ਗਿਆ। ਜਦੋਂ ਉਹ ਗਰੀਬ ਆਦਮੀ ਅਮੀਰ ਬਣਿਆ ਤਾਂ ਉਸ ਦੇ ਗੁਆਂਢੀ ਉਸ ਨਾਲ ਜਲਣ ਲੱਗ ਪਏ। ਉਹ ਉਸ ਨਾਲ ਈਰਖਾ ਕਰਨ ਲੱਗ ਪਏ। ਇਹ ਦੇਖ ਕੇ ਇੱਕ ਅਮੀਰ ਆਦਮੀ ਨੇ ਆਪਣਾ ਭੇਸ ਬਦਲਿਆ। ਉਸ ਅਮੀਰ ਆਦਮੀ ਨੇ ਆਪਣੇ ਕੱਪੜੇ ਫਾੜ ਲਏ ਅਤੇ ਜਾਦੂਗਰਨੀ ਕੋਲ਼ ਚਲਾ ਗਿਆ। ਉਹ ਕਹਿਣ ਲੱਗਾ ਕਿ ਮੈਂ ਗਰੀਬ ਹਾਂ। ਤੁਸੀਂ ਮੇਰੀ ਵੀ ਮਦਦ ਕਰੋ। ਜਾਦੂਗਰਨੀ ਨੂੰ ਪਤਾ ਲੱਗ ਗਿਆ ਕਿ ਇਹ ਗ਼ਰੀਬ ਨਹੀਂ ਹੈ। ਉਸ ਨੇ ਕਿਹਾ ਕਿ ਤੇਰੇ ਪੈਸੇ ਧਨ-ਦੌਲਤ ਤੇਰੇ ਘਰੇ ਪਹੁੰਚ ਗਿਆ ਹੈ। ਜਾ ਕੇ ਦੇਖ ਲਓ। ਜਦੋਂ ਅਮੀਰ ਵਿਅਕਤੀ ਆਪਣੇ ਘਰ ਪਹੁੰਚਿਆ ਤਾਂ ਉਸ ਦਾ ਧਨ-ਦੌਲਤ ਸਭ ਗਾਇਬ ਹੋ ਚੁੱਕਾ ਸੀ। ਹੁਣ ਉਹ ਬਹੁਤ ਬੁਰੀ ਤਰ੍ਹਾਂ ਪਛਤਾਅ ਰਿਹਾ ਸੀ। ਉਸ ਨੇ ਲਾਲਚ ਵਿੱਚ ਆ ਕੇ ਆਪਣਾ ਧਨ ਵੀ ਗੁਆ ਲਿਆ। ਹੁਣ ਉਹ ਗਰੀਬ ਬਣ ਗਿਆ।

**ਸਿੱਖਿਆ** : ਇਸ ਕਹਾਣੀ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਲਾਲਚ ਨਹੀਂ ਕਰਨਾ ਚਾਹੀਦਾ।

**— ਅੰਜਲੀ**